Published in Punjabi & English

Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-9, ਅੰਕ-5, ਮਈ 2019 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300


## ਮਈ ਦਿਵਸ : ਮਜ਼ਦੂਰ ਸ਼ਹਾਦਤ ਦਾ ਇਤਿਹਾਸ


ਨਰਭਿੰਦਰ
93544-30211


ਲਗਭਗ ਡੇਢ ਕੁ ਸੌ ਸਾਲ ਪਹਿਲਾਂ ਸਨਅਤੀ ਪੂੰਜੀਵਾਦ ਕਿੰਨਾ ਬੇਰਹਿਮ ਹੋਵੇਗਾ ਜਿਹੜਾ ਮਨੁੱਖਾਂ ਤੋਂ 18-18 ਘੰਟੇ ਕੰਮ ਲੈਂਦਾ ਸੀ ਅਤੇ ਢਿੱਡ ਭਰਨ ਲਈ ਰੋਟੀ ਵੀ ਨਹੀਂ ਸੀ ਦਿੰਦਾ। ਖੁੱਲ੍ਹੇ ਪੂੰਜੀਵਾਦ ਦੇ ਇਸ ਦੌਰ ਵਿਚ ਹੀ ਅਜਿਹੇ ਨਿਰਦਈ ਅਤੇ ਮਾਨਵਘਾਤੀ ਪ੍ਰਬੰਧ ਨੂੰ ਨਾ ਸਿਰਫ਼ ਗਹਿਰਾਈ 'ਚ ਪੜਤਾਲਿਆ ਗਿਆ ਸਗੋਂ ਇਸ ਵਿਰੁੱਧ ਨਿਰਣਾਇਕ ਸੰਘਰਸ਼ ਵੀ ਵਿੱਢੇ ਗਏ ਅਤੇ ਇਸ ਦਾ ਸਿਧਾਂਤਕ ਬਦਲ ਭਾਵ ਸਮੁੱਚੀ ਮਾਨਵਜਾਤੀ ਲਈ ਚੰਗੇਰੀ ਤੇ ਤੰਦਰੁਸਤੀ ਵਾਲੇ ਸਮਾਜ ਸਿਰਜਨ ਦਾ ਸੰਕਲਪ ਵੀ ਸਾਹਮਣੇ ਆਇਆ। ਇਸੇ ਦੌਰ 'ਚ ਮਜ਼ਦੂਰਾਂ ਵਲੋਂ ਜਿਹੜੇ ਸੰਘਰਸ਼ ਚਲ ਰਹੇ ਸਨ ਅਤੇ ਜਿਨ੍ਹਾਂ ਨੂੰ ਯੂਰਪ ਤੋਂ ਲੈ ਕੇ ਨਵਵਿਕਸਤ ਅਮਰੀਕਾ ਤੱਕ ਪਸਰਿਆ ਦੇਖਿਆ ਜਾ ਸਕਦਾ ਹੈ ਵਿਚ, ਹੋਰਾਂ ਮੰਗਾਂ ਤੋਂ ਇਲਾਵਾ ਜਿਹੜੀ ਕੇਂਦਰੀ ਮੰਗ ਉਭਰੀ ਉਹ ਸੀ ਅੱਠ ਘੰਟੇ ਕੰਮ ਦੇ ਦਿਨ ਦੀ ਮੰਗ। ਇਸ ਦੌਰ 'ਚ ਮਜ਼ਦੂਰ ਸਨਅਤਾਂ ਵਿਚ ਸੂਰਜ ਚੜ੍ਹਨ ਸਾਰ ਕੰਮ ਕਰਨ ਲੱਗ ਜਾਂਦੇ ਸਨ ਅਤੇ ਦੇਰ ਰਾਤ ਗੁਲਾਮਾਂ ਵਾਂਗੂ ਕੰਮ ਕਰਦੇ ਰਹਿੰਦੇ ਸਨ। ਅਮਰੀਕਾ 'ਚ 12 ਤੋਂ 18 ਘੰਟੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਨਾਲ ਨਾਲ ਔਰਤਾਂ ਅਤੇ ਬੱਚਿਆਂ ਨੂੰ ਵੀ ਇੰਨੇ ਹੀ ਘੰਟੇ ਕੰਮ ਕਰਨਾ ਪੈਂਦਾ ਸੀ। ਅਜਿਹੀ ਹਾਲਤ ਵਿਚ ਖਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੋਣ ਦੇ ਨਾਲ ਸਮੇਂ ਤੋਂ




ਪਹਿਲਾਂ ਹੀ ਆਪਣੀ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਜਾਂਦੇ ਸਨ।

"ਅੱਠ ਘੰਟੇ ਕੰਮ" ਦੀ ਮੰਗ ਨੂੰ ਅਮਰੀਕਾ ਵਿਚ ਬਹੁਤ ਜਬਰਦਸਤ ਹੁਲਾਰਾ ਮਿਲਿਆ ਅਤੇ 1877 ਤੋਂ ਲੈ ਕੇ 1886 ਤੱਕ ਦੇ ਵਰ੍ਹੇ ਮਜ਼ਦੂਰਾਂ ਦੇ ਜਾਗ੍ਰਿਤ ਤੇ ਸੰਘਰਸ਼ਤ ਹੋਣ ਵਾਲੇ ਵਰ੍ਹਿਆਂ ਦੇ ਤੌਰ 'ਤੇ ਹੀ ਪਹਿਚਾਏ ਜਾਂਦੇ ਸਨ। ਇਨ੍ਹਾਂ ਦਸਾਂ ਸਾਲਾਂ ਦੇ ਮਜ਼ਦੂਰ ਸੰਘਰਸ਼ਾਂ ਦਾ ਸਿੱਟਾ ਹੀ ਸੀ ਕਿ 1886 'ਚ ਜਦੋਂ 8 ਘੰਟੇ ਕੰਮ ਦੇ ਦਿਨ ਨੂੰ ਦੇਸ਼ ਭਰ ਵਿਚ ਇਕਜੁਟ ਹੋ ਕੇ ਮਨਾਉਣ ਦਾ ਸੱਦਾ ਦਿੱਤਾ ਤਾਂ ਅਮਰੀਕਾ ਦੇ ਹਰ ਸਨਅਤੀ ਖੇਤਰ ਵਿਚ ਆਵਾਮ ਨੇ ਇਹਨੂੰ ਭਰਪੂਰ ਹੁੰਗਾਰਾ ਦਿੱਤਾ। 1886 ਤੱਕ 'ਅੱਠ ਘੰਟੇ ਕੰਮ ਦੀਆਂ ਕਮੇਟੀਆਂ' ਦਾ ਪੂਰਾ ਤਾਣਾ ਬਾਣਾ ਉਸਰ ਚੁੱਕਾ ਸੀ। ਅਮਰੀਕਾ ਵਿਚੋਂ ਵੀ ਸ਼ਿਕਾਗੋ ਸ਼ਹਿਰ ਦਾ ਮਜ਼ਦੂਰ ਅੰਦੋਲਨ ਜਾਂ ਕਹੋ 'ਅੱਠ ਘੰਟੇ ਕੰਮ' ਉਤੇ ਮਜ਼ਦੂਰ ਲਾਮਬੰਦੀ ਨਾ ਸਿਰਫ਼ ਬੇਹੱਦ ਵਿਆਪਕ ਸੀ ਸਗੋਂ ਇਕ ਤਾਕਤਵਰ ਲਹਿਰ ਦੇ ਰੂਪ ਵਿਚ ਵੀ ਵਿਕਸਤ ਹੋ ਚੁੱਕੀ ਸੀ ਅਤੇ ਇਕ ਮਈ ਨੂੰ ਉਸ ਦਿਨ ਵਜੋਂ ਚੁਣ ਲਿਆ ਗਿਆ ਜਦੋਂ ਸਾਰੇ ਮਜ਼ਦੂਰ ਆਪਣੇ ਸੰਦ ਰੱਖ ਕੇ ਸੜਕਾਂ ਉਤੇ ਉਤਰਨਗੇ ਅਤੇ ਅੱਠ ਘੰਟੇ ਕੰਮ ਦੇ ਦਿਨ ਦੀ ਮੰਗ ਦੇ ਨਾਅਰੇ ਨੂੰ ਗਲੀ ਗਲੀ 'ਚ ਗੁੰਜਾਉਂਦਿਆਂ ਮਾਰਚ ਕਰਨਗੇ। ਯਾਦ ਰਹੇ 1877 'ਚ ਵੈਸਟ ਵਰਜਨੀਆ ਸੂਬੇ ਦੇ ਮਾਰਟਿਨਸਬਰਗ ਵਿਚ ਜਿਸ ਪਹਿਲੀ ਰੇਲਵੇ ਮਜ਼ਦੂਰਾਂ ਦੀ ਹੜਤਾਲ ਨੂੰ ਪੁਲਿਸ ਤੇ ਕਪਟੀ ਹੱਥ ਕੰਢਿਆਂ ਨਾਲ ਦਬਾਅ ਦਿੱਤਾ ਗਿਆ ਸੀ ਉਸ ਤੋਂ ਪੂਰੇ 10 ਸਾਲ ਪਿਛੋਂ ਅਮਰੀਕੀ ਮਜ਼ਦੂਰਾਂ ਦਾ ਅੰਦੋਲਨ ਆਪਣੇ ਸੰਘਰਸ਼ਮਈ ਜੋਬਨ ਉਤੇ ਪਹੁੰਚ ਚੁੱਕਾ ਸੀ।

ਇਕ ਮਈ 1886 ਨੂੰ ਪੂਰੇ ਅਮਰੀਕਾ ਦੇ ਲੱਖਾਂ ਮਜ਼ਦੂਰਾਂ ਨੇ ਇਕੋ ਵੇਲੇ ਹੜਤਾਲ ਸ਼ੁਰੂ ਕੀਤੀ ਸੀ। ਇਸ 'ਚ 11000 ਫੈਕਟਰੀਆਂ ਦੇ ਲਗਭਗ ਤਿੰਨ ਲੱਖ ਅੱਸੀ ਹਜ਼ਾਰ (3.80000) ਮਜ਼ਦੂਰ ਸ਼ਾਮਲ ਹਨ। ਸ਼ਿਕਾਗੋ ਸ਼ਹਿਰ ਦੇ ਆਲੇ ਦੁਆਲੇ ਸਮੁੱਚੀ ਰੇਲ ਆਵਾਜਾਈ ਵੀ ਠੱਪ ਹੋ ਗਈ। ਸਮੁੱਚੇ ਕਾਰਖਾਨੇ ਤੋਂ ਲੈ ਕੇ ਵਰਕਸ਼ਾਪਾਂ ਤੱਕ ਬੰਦ ਹੋ ਗਈਆਂ। ਸ਼ਹਿਰ ਦੀ ਮੁੱਖ ਸੜਕ ਮਿਸ਼ੀਗਨ ਐਵੀਨਿਊ ਉਤੇ ਅਲਬਰਟ ਪਾਰਗਨਜ਼ ਦੀ ਅਗਵਾਈ 'ਚ ਇਕ ਸ਼ਾਨਦਾਰ ਜਲੂਸ ਨਿਕਲਿਆ। ਮਜ਼ਦੂਰਾਂ ਦੀ ਇਸ ਇਕਜੁਟਤਾ ਅਤੇ ਮਜਬੂਤ ਤਾਕਤ ਵੇਖ ਕੇ ਪੂੰਜੀਪਤੀਆਂ ਤੇ ਹਾਕਮਾਂ ਦੇ ਦਿਲੀਂ ਹੌਲ ਪੈਣੇ ਹੀ ਸਨ। ਉਹ ਉਨ੍ਹਾਂ ਦੇ ਮਜ਼ਬੂਤ ਇਰਾਦੇ ਤੋਂ ਐਨੇ ਭੈ-ਭੀਤ ਸਨ ਕਿ ਉਨ੍ਹਾਂ 'ਤੇ ਹਮਲਾ ਕਰਕੇ ਸਬਕ ਸਿਖਾਉਣ ਦੀ ਤਾਕ ਵਿਚ ਸਨ। ਸਮੁੱਚਾ ਮੀਡੀਆ ਸਾਰੇ ਅਖ਼ਬਾਰ 'ਇਸ ਵੱਧ ਰਹੇ 'ਲਾਲ ਖਤਰੇ' ਦੀ ਬੂ-ਦੁਹਾਈ ਪਾ ਰਹੇ ਸਨ। ਇਹ ਮਾਹੌਲ ਪਹਿਲੀ ਮਈ ਤੋਂ ਪਹਿਲਾਂ ਹੀ ਵਿਕਸਤ ਹੋ ਚੁੱਕਾ ਸੀ ਅਤੇ ਪਹਿਲੀ ਮਈ ਨੂੰ ਪੁਲਿਸ ਦੇ ਨਾਲ ਨਾਲ ਪੂੰਜੀਪਤੀਆਂ ਨੇ ਆਪਣੀ ਨਿੱਜੀ ਗੁੰਡਾ ਫੌਜ ਨੂੰ ਵੀ ਬੁਲਾ ਰੱਖਿਆ ਸੀ। ਇਹ ਮੁੰਡੇ 'ਪਿੰਕਰਟਨ' ਨਾਮੀ ਏਜੰਸੀ ਦੀ ਨਿੱਜੀ ਪ੍ਰਾਈਵੇਟ ਫੌਜ ਸੀ ਜਿਹੜੇ ਹਥਿਆਰਾਂ ਨਾਲ ਲੈਸ ਸਨ। ਉਨ੍ਹਾਂ ਨੇ 'ਐਮਰਜੈਂਸੀ ਵਰਗੀਆਂ' ਹਾਲਤਾਂ ਦਾ ਐਲਾਨ ਕਰ ਦਿੱਤਾ ਸੀ ਅਤੇ ਮਜ਼ਦੂਰਾਂ ਵਲੋਂ


(ਬਾਕੀ ਸਫ਼ਾ 5 'ਤੇ)



CONGRATULATIONS
TEAM OVER 450 REALTORS
HomeLife Silvercity
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096

Call for your home BUYING & SELLING needs
BALJINDER SANGHA
REALTOR®
(CERTIFIED CONDOMINIUM SPECIALIST)
* All our buyer get 2 years purchase Guarantee.
* Buy or Sell home with one year home warranty.
* Reasonable Commission
Call for more information
urban
403-680-3212
baljindersangha@urban-realty.ca

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Car Loans
SAVE UPTO 30%
- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
Call us for FREE Insurance Quote
Paramjit Plaha
554.4444
paramjit@paramjit.ca
paramjit.ca
215-2323 32 Ave NE Calgary AB T2E 6Z3

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com


Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-7



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਮੁੰਡਾ ਜਾਂ ਕੁੜੀ ਜੰਮਣ ਤੇ ਮਾਪਿਆਂ ਦੀ ਇਹੀ ਇੱਛਾ ਹੁੰਦੀ ਹੈ ਕਿ ਉਹ ਵਿਆਹ ਕਰਾਉਣ। ਜੇ ਮਾਪਿਆਂ ਦੀ ਮਰਜ਼ੀ ਤੋਂ ਬਿਨਾ ਉਹ ਆਪ ਹੀ ਇੱਧਰ ਉੱਧਰ ਵਰ ਲੱਭਣ ਦਾ ਯਤਨ ਕਰਨ ਤਾਂ ਮਾਪਿਆਂ ਦਾ ਸਾਰਾ ਸਮਾਜ ਉਹਨਾਂ ਨੂੰ ਕੋਸਦਾ ਹੈ- ਚੀਨੀ ਰਸਮ ਰਿਵਾਜ਼।

ਆਪਣੀਆਂ ਮੇਢੀਆਂ ਵਿੱਚ ਸੁਵਾਇਕ ਹੱਥ ਫੇਰਦੀ ਸਪਰਿੰਗ ਮੂਨ "ਸੁਰਖ ਸਜਿਆ ਕਮਰਾ" ਨਾਂ ਦੀ ਕਿਤਾਬ ਪੜ੍ਹ ਰਹੀ ਸੀ, ਜਿਸ ਵਿੱਚ 'ਬਲੈਕ ਜੈਡ' ਆਪਣੇ ਖ਼ੁਸ਼ੀ ਹੀਣ ਪਿਆਰ ਨੂੰ ਤਿਆਗ ਦਿੰਦੀ ਹੈ, ਅਚਾਨਕ ਬਾਹਰੋਂ ਆਵਾਜ਼ ਪੈਂਦੀ ਹੈ। "ਛੇਤੀ ਕਰ ਦਰਵਾਜ਼ਾ ਖੋਲ੍ਹ" "ਫਾਸਟੋ, ਬਾਅਦ ਵਿੱਚ ਆਵੀਂ, ਮੈਂ ਪੜ੍ਹਦੀਆਂ" "ਮੈਨੂੰ ਬੜੇ ਕੰਮ ਨੇ ਬਛੇਰੀਏ, ਖੋਲ੍ਹ ਦੇ ਨਹੀਂ ਤਾਂ ਮੈਂ..." ਪੁਰਾਣੀ ਨੌਕਰ ਫਾਸਟੋ ਬੜੀ ਚੁਸਤ ਸੀ। ਉਸਨੂੰ ਪਤਾ ਸੀ ਕਦੋਂ ਦਬਕੇ ਮਾਰਨੇ ਨੇ, ਹੁਕਮ ਚਲਾਉਣਾ, ਚਲਾਕੀ ਖੇਡਣੀ, ਬਹਿਸ ਕਰਨੀ ਆ ਜਾਂ ਸਿੱਧਾ ਕੰਨੋ ਫੜ ਕੇ ਕੰਮ ਕੱਢਣਾ। ਸਪਰਿੰਗ ਮੂਨ ਨੇ ਕਿਤਾਬ ਪਾਸੇ ਰੱਖ ਕੇ ਦਰਵਾਜ਼ਾ ਖੋਲ੍ਹ ਦਿੱਤਾ। ਫਾਸਟੋ ਤੇਜ਼ ਬੁੱਲੇ ਵਾਂਗ ਅੰਦਰ ਆ ਵੜੀ। ਉਸ ਦੇ ਹੱਥ ਵਿੱਚ ਠੰਡੇ ਪਾਣੀ ਦਾ ਕੌਲਾ ਸੀ ਜਿਸ ਵਿੱਚ ਉਹ ਵਾਲ਼ ਬਨਾਉਣ ਦੀ ਸਮੱਗਰੀ ਤੇਜ਼ ਤੇਜ਼ ਘੋਲ ਰਹੀ ਸੀ। ਜੇਬਾਂ ਵਿੱਚ ਕੰਘੀਆਂ ਬਰੁੱਸ਼ ਅਤੇ ਸੂਈਆਂ, ਕਲਿੱਪ ਆਦਿ ਸਨ।

"ਫਾਸਟੋ ਤੈਨੂੰ ਤਾਂ ਪਤਾ ਈ ਆ, ਮੈਂ ਆਪਦੇ ਵਾਲ਼ ਆਪ ਈ ਗੁੰਦਦੀ ਆਂ।" "ਅੱਜ ਨੀ ਬਹੇਲੇ, ਛੇਤੀ ਕਰ ਬੈਠ ਜਾ ਤੇਰੀ ਮਾਂ ਨੇ ਭੇਜਿਆ ਮੈਨੂੰ ਤੇਰੀਆਂ ਮੇਢੀਆਂ ਗੁੰਦਣ ਲਈ" ਅੱਜ ਦਾ ਦਿਨ ਤਾਂ ਸਪਰਿੰਗ ਮੂਨ ਨੇ ਕਦੇ ਸੋਚਿਆ ਹੀ ਨਹੀਂ ਸੀ। ਹੁਣ ਸਾਰਿਆਂ ਨੂੰ ਚਾਨਣ ਹੋਜੂ, ਕਿ ਸਪਰਿੰਗ ਮੂਨ ਜਵਾਨ ਔਰਤ ਹੈ ਅਤੇ ਇੱਕ ਦਿਨ ਉਸਨੇ ਵਿਆਹੀ ਜਾਣਾ ਹੈ ਅਤੇ ਸੁਸਰਾਲ ਤੁਰ ਜਾਣਾ ਹੈ। ਉਹ ਟਿਕ ਕੇ ਸ਼ੀਸੇ ਸਾਹਮਣੇ ਸਟੂਲ 'ਤੇ ਬੈਠ ਗਈ। ਬੜੀ

ਤੇਜ਼ੀ ਨਾਲ ਫਾਸਟੋ ਆਪਣੇ ਕੰਮ ਲੱਗ ਗਈ। ਕੰਮ ਖ਼ਤਮ ਹੋਣ ਵਾਲਾ ਸੀ ਤਾਂ ਸਪਰਿੰਗ ਮੂਨ ਫਿਰ ਬੋਲ ਪਈ "ਫਾਸਟੋ ਹੁਣ ਅੱਜ ਤੋਂ ਬਾਅਦ ਮੈਨੂੰ ਬਛੇਰੀ ਬਹੇਲ ਵੀ ਨਾ ਆਖਿਆ ਕਰੀਂ ਮੈਨੂੰ ਜਵਾਨ ਮਿਸਟਰੈਸ ਆਖਿਆ ਕਰੀਂ" "ਅੱਛਾ ਇਹ ਗੱਲ ਆ, ਆਖਦੀ ਫਾਸਟੋ ਨੇ ਕੰਘੀ ਜ਼ੋਰ ਨਾਲ ਵਾਲਾਂ ਵਿੱਚ ਮਾਰੀ ਸਪਰਿੰਗ ਮੂਨ ਨੇ ਸ਼ੀਸੇ ਵਿੱਚੋਂ ਉਸ ਵੱਲ ਦੇਖ ਕੇ ਤਰਲੇ ਨਾਲ ਆਖਿਆ, ਅੜੀਏ ਇਉਂ ਨਾ ਕਰ"

"ਠੀਕ ਹੈ ਅੱਜ ਤੋਂ ਤੂੰ ਜਵਾਨ ਮਿਸਟਰੈਸ ਹੋਈ। ਹੁਣ ਥੋੜਾ ਐਧਰ ਘੁੰਮ ਤਾਂ ਕਿ ਮੈਂ ਦੇਖਾ ਕਿ ਸਾਰਾ ਕੰਮ ਸਹੀ ਹੋਇਆ" ਫਾਸਟੋ ਨੇ ਸਪਰਿੰਗ ਮੂਨ ਦੇ ਲੰਬੇ ਵਾਲਾਂ ਨੂੰ ਪਿੱਛੇ ਸੁੱਟ ਕੇ ਸਿਰ ਦੇ ਵਿਚਾਲੇ ਸਿੱਧੀ ਚੀਰਵੀਂ ਕੱਢੀ ਅਤੇ ਗੁੱਤ ਗੁੰਦੀ, ਗੋਲ ਕਰਕੇ, ਖੱਬੇ ਜਲੇਬੀ ਬਣਾ ਦਿੱਤੀ। ਜਦੋਂ ਸ਼ੀਸੇ ਵਿੱਚ ਉਸਨੇ ਆਪਣਾ ਕੀਤਾ ਕੰਮ ਨਿਹਾਰਿਆ ਤਾ ਮੁਸਕਰਾਉਂਦੀ ਬੋਲੀ "ਮਾੜਾ ਨੀ, ਮਾੜਾ ਨੀ, ਜਵਾਨ ਮਿੱਸ ਜਦੋਂ ਤੂੰ ਅਰਾਮ ਨਾਲ ਬੈਠੀ ਰਵੇਂ ਤਾਂ ਬੜੀ ਸੋਹਣੀ ਜੱਚਦੀਏਂ ਛੇਤੀ ਕਰ ਤੇਰੀ ਮਾਂ ਅਤੇ ਰਾਜ ਮਾਂ ਤੈਨੂ ਉਡੀਕ ਰਹੀਆ ਹਨ"। ਫਾਸਟੋ ਨੇ ਸੰਦਲੀ ਲੱਕੜ ਦੀ ਪੇਟੀ ਖੋਲ੍ਹੀ ਅਤੇ ਸਪਰਿੰਗ ਮੂਨ ਵਾਸਤੇ ਨਵੇਂ ਕੱਪੜੇ ਕੱਢ ਕੇ ਆਖਿਆ "ਆ ਛੇਤੀ ਕੱਪੜੇ ਪਾ" "ਫਾਸਟੋ ਕੱਪੜੇ ਮੈ ਆਪੇ ਪਾਊਂ, ਤੂੰ ਬਾਹਰ ਉਡੀਕ" ਕੱਪੜੇ ਪਾ ਕੇ ਸਪਰਿੰਗ ਮੂਨ ਨੇ ਝੂਮ ਕੇ ਕਮਰੇ ਵਿੱਚ ਗੇੜਾ ਕੱਢਿਆ ਅਤੇ ਆਪਣਾ ਸਹੁੱਪਣ ਵਾਚਿਆ ਅਤੇ ਖੱਬੀ ਢਾਕ ਤੇ ਹੱਥ ਰੱਖ ਕੇ ਬੋਲੀ "ਚੰਗ ਰਾਜ ਘਰਾਣੇ ਦੀ ਇਹ ਜਵਾਨ ਕੁੜੀ ਕੋਈ ਵਾਹਲੀ ਸੋਹਣੀ ਨਹੀਂ ਅਤੇ ਨਾ ਇਸਨੂੰ ਬਹੁਤੀ ਵਡਿਆਈ ਦੀ ਲੋੜ ਆ।" ਫਾਸਟੋ ਨੇ ਦਰਵਾਜ਼ਾ ਵੀ ਖੋਲ੍ਹ ਦਿੱਤਾ ਤੇ ਆਖਿਆ "ਇਹ ਕੁੜੀ ਸਾਰਿਆ ਤੋਂ ਸੁਸਤ ਵੀ ਆ ---- ਆਜਾ ਛੇਤੀ, ਆਜਾ ਮੇਰੇ ਮਗਰ"। ਫਾਸਟੋ ਬੜੀ ਤੇਜ਼ ਤੁਰ ਰਹੀ ਸੀ "ਫਾਸਟੋ ਹੌਲੀ ਤੁਰ ਅਜੇ ਖਾਣੇ ਦਾ ਟਾਈਮ ਨਹੀ ਹੋਇਆ ਛੋਲਿਆਂ ਦੇ ਭੜੋਲੇ"। ਫਾਸਟੋ ਨੇ ਮੋੜਵਾ ਵਾਰ ਕੀਤਾ "ਯੂ ਖਾਨਦਾਨ ਦੀ ਇਸ ਧੀ ਨੂੰ ਤੇਰੇ ਮਿੱਠੇ ਬੋਲਾਂ ਦੀ ਕੋਈ ਲੋੜ ਨਹੀ"। ਸਪਰਿੰਗ ਮੂਨ ਨੂੰ ਪਤਾ ਸੀ ਕਿ ਫਾਸਟੋ ਉਸਦੀ ਪੱਕੀ ਸਹੇਲੀ ਹੈ ਅਤੇ ਉਹ ਕਿਸੇ ਕੋਲ ਕਦੇ ਵੀ ਉਸਦੀ ਚੁਗਲੀ ਨਹੀਂ ਕਰਦੀ।

ਰਾਜ ਮਾਂ ਦੇ ਕੁਆਟਰ ਕੋਲ ਪਹੁੰਚ ਕੇ ਸਪਰਿੰਗ ਮੂਨ ਨੇ ਫਾਸਟੋ ਨੂੰ ਮੋੜ ਦਿੱਤਾ ਅਤੇ ਗੇਟ ਖੋਲ੍ਹ ਕੇ ਆਪਣੀ ਜਾਮਣੀ ਰੇਸ਼ਮੀ ਸਕਰਟ ਅਤੇ ਹਲਕੇ ਜ਼ਰਦ ਰੰਗ ਦੀ ਕਮੀਜ਼ ਦੀਆਂ ਬਾਹਵਾ ਠੀਕ ਕਰਦੀ ਅੰਦਰ ਲੰਘ ਗਈ। ਉਹ ਦਿਲ ਵਿੱਚ ਸੋਚਦੀ ਸੀ ਅੱਜ ਦਾ ਦਿਨ ਵੀ ਹੋਰਨਾ ਦਿਨਾਂ ਵਰਗਾ ਹੋਵੇਗਾ ਅਤੇ ਲੰਘ ਜਾਵੇਗਾ। ਗੈਲਰੀ ਵਿੱਚੋਂ ਹੁੰਦੀ ਹੋਈ ਉਹ ਬੌਣੇ ਸਾਈਪਰੱਸ ਦੇ ਬੂਟਿਆਂ ਵਾਲੇ ਗੇਟ ਕੋਲ ਪਹੁੰਚੀ ਇਹ ਰਾਜ ਮਾਂ ਦਾ ਬਸੇਰਾ ਸੀ। ਅੰਦਰ ਸਿਰਫ ਰਾਜ ਮਾਂ ਅਤੇ ਮਾਂ ਹੀ ਸੀ ਜੋ ਕਢਾਈ ਵਿੱਚ ਲੱਗੀ ਸੀ। ਹੈਂ, ਵਿਆਹ ਦੇ ਵਿਚੋਲੇ ਕਿੱਥੇ ਆ ਉਸਨੇ ਸੋਚਿਆ "ਦਾਦੀ ਮਾਂ ਸੁਭ ਸਵੇਰ, ਮਾਂ ਸੁਭ ਸਵੇਰ" ਉ ਤੂੰ ਐਨਾ ਚਿਰ ਦੀ ਕਿੱਥੇ ਸੀ", ਮਾਂ ਨੇ ਸਵਾਲ ਕੀਤਾ। ਮੇਰੇ ਵਾਲ਼...ਬੜੇ ਸੋਹਣੇ ਫਬਦੇ ਆ" ਬੁੱਢੀ ਰਾਜ ਮਾਂ ਨੇ ਛੋਟੀ ਨੂੰ ਆਖਿਆ। ਮਾਂ ਨੇ ਕਸੀਦਾਕਾਰੀ ਛੱਡ ਕੇ ਭਰ ਨਜ਼ਰ ਸਪਰਿੰਗ ਮੂਨ ਨੂੰ ਜਾਂਚਿਆ, "ਆਹ, ਆਹ ਬੜੀ ਸੋਹਣੀ ਲੱਗਦੀਆ ਅਤੇ ਸਲੀਕੇ ਵਾਲੀ ਵੀ" ਉਸੇ ਵੇਲੇ ਰਾਜ ਮਾਂ ਨੇ ਇਸ਼ਾਰੇ ਨਾਲ ਉਸਨੂੰ ਅਸਲੀ ਮੁੱਦਾ ਚੇਤੇ ਕਰਵਾਇਆ "ਸਪਰਿੰਗ ਮੂਨ ਸਾਡੇ ਨੇੜੇ ਹੋ ਕੇ ਬੈਠ ਜਾ, ਅੱਜ ਰਾਜ ਮਾਂ ਨੇ ਤੇ ਮੈਂ ਤੇਰੇ ਨਾਲ ਜ਼ਰੂਰੀ ਗੱਲ ਕਰਨੀ ਆ" ਉਹੀਂ ਮੇਰੇ ਨਾਲ?" ਬੋਲਦੀ ਸਪਰਿੰਗ ਮੂਨ ਸਟੂਲ ਲੈ ਕੇ ਉਹਨਾਂ ਕੋਲ ਬੈਠ ਗਈ।

"ਮੇਰੀ ਧੀਏ ਅੱਜ ਤੈਨੂੰ ਜ਼ਨਾਨ ਖਾਨੇ ਦੇ ਵੱਡੇ ਹਾਲ ਵਿੱਚ ਸਾਡੇ ਨਾਲ ਚਾਹ ਪੀਣ ਦਾ ਸੱਦਾ ਹੈ।" "ਕਿਉਂ ਚਾਹ ਤਾਂ ਆਪਾਂ ਰੋਜ਼ ਪੀ ਨੇ ਆਂ" "ਤੈਨੂੰ ਬੱਸ ਕਿਉਂ, ਕੀ ਕਰਨਾ ਆਉਂਦਾ। ਕਿਉਂ ਨਾ ਪੁੱਛ ਅੱਜ ਤੈਂ ਚਾਹ ਪੀਣ ਆਉਣਾ, ਅੱਜ ਸਵੇਰੇ, "ਅੱਜ ਸਵੇਰੇ?" ਉਹਾਂ ਹੁਣੇ ਥੋੜੀ ਦੇਰ ਵਿੱਚ" ਉਪਰ ਵੱਡਾ ਤਾਇਆ ਤਾਂ ਮੈਨੂੰ ਪੜਨ ਵਾਸਤੇ ਉਡੀਕਦਾ" "ਚੁੱਪ ਕਰ ਅੱਜ ਚਾਹ ਤੇ ਆਉਣਾ" 'ਸੱਤ ਬਚਨ ਮਾਂ" "ਤੇ ਹੋਰ ਸੁਣ ਠੀਕ ਵਰਤਾ ਕਰੀਂ, ਬੁਲਾਏ ਬਿਨਾਂ ਬੋਲੀ ਨਾਂ, ਵਿੱਚੋਂ ਖਿਸਕੀ ਨਾਂ ਅਤੇ ਸੁਪਨਿਆਂ ਵਿੱਚ ਗੁਆਚੀਂ ਨਾਂ" ਮੈਂ ਸ਼ਾਮ ਵੇਲੇ ਤਾਂ ਜਾ ਸਕੂੰ ਪੜ੍ਹਨ" ਸੁਣ ਕੇ ਉਸਦੀ ਮਾਂ ਦਾ ਪਾਰਾ ਚੜ੍ਹ ਗਿਆ। "ਪਾਠ, ਪਾਠ ਸਾਰਾ ਦਿਨ ਪੜ੍ਹਾਈ, ਜੇ ਤੇਰੇ ਵਰਗਾ ਕਿਤਾਬੀ ਕੀੜ੍ਹਾ ਮੇਰੇ ਇੱਕ ਹੋਰ ਜੰਮ ਪੈਂਦਾ..." ਸੁਣ ਕੇ ਸਪਰਿੰਗ ਮੂਨ ਕੰਬ ਗਈ। ਚੁੱਪ ਹੋ ਕੇ ਨੀਵੀਂ ਪਾ ਲਈ। ਇਸ ਤਰ੍ਹਾਂ ਦੇ ਤਾਹਨੇ ਉਸਨੇ ਮਾ ਕੋਲੋਂ ਬੜੀ ਵਾਰ ਸੁਣੇ ਸਨ। ਉਹ ਤਾਂ ਸੋਚਦੀ ਸੀ ਕਿ ਅੱਜ ਦਿਨ ਵੱਖਰਾ ਹੋਵੇਗਾ ਉਹ ਬਲੈਕ ਜੇਡ ਦੇ ਸੁਪਨਿਆਂ ਵਿੱਚ ਗੁਆਚ ਗਈ..... ਜਿਸ ਦਿਨ ਪਹਿਲੀ ਵਾਰ ਬਲੈਕ ਜੇਡ ਪਾਓ ਜੂ ਨੂੰ ਮਿਲੀ ਸੀ...ਪਾਓ ਜੂ ਦੇ ਗਲ ਵਿੱਚ ਚਿੜੀ ਦੇ ਆਂਡੇ ਜਿੱਡਾ ਹੀਰਾ ਪਾਇਆ ਸੀ ਉਹ ਪਹੁ ਫੁਟਾਲੇ ਦੀ ਗੁਲਾਬੀ ਰੌਸ਼ਨੀ ਵਾਂਗ ਚਮਕਦਾ ਸੀ ਜਿਸਤੇ ਉਕਰਿਆ ਸੀ।

**"ਮੈਨੂੰ ਭੁੱਲੀ ਨਾ,ਮੈਨੂੰ ਭੁੱਲੀ ਨਾ"**
**ਮੇਰੀਏ ਜਿੰਦੇ, ਮੇਰੀਏ ਜਿੰਦੇ"**
**ਬਲੈਕ ਜੇਡ ਨੇ ਉਸਨੂੰ ਆਪਦਾ ਸੋਨੇ ਦਾ ਤਵੀਤ ਦਿਖਾਇਆ ਜਿਸਤੇ ਲਿਖਿਆ ਸੀ**
**"ਮੈਨੂੰ ਨਾਂਹ ਨਾ ਕਰੀਂ, ਮੈਨੂੰ ਛੱਡੀ ਨਾ**
**ਸੋਹਣਿਆਂ ਜਵਾਨਾਂ, ਸੋਹਣਿਆਂ ਜਵਾਨਾਂ"**
**ਅਤੇ**
**"ਹੈ ਨਾ ਸਾਡੇ ਸ਼ਬਦ ਇੱਕ ਦੂਜੇ ਦੇ ਪੂਰਕ।"**

"ਸਪਰਿੰਗ ਮੂਨ ਤੈਨੂੰ ਸੁਣਦਾ, ਆਪਣੀ ਪੜਾਈ ਬਾਰੇ ਕੁਈਂ ਨਾ" "ਸੱਤ ਬਚਨ ਮਾਂ" "ਸਿਆਣਿਆਂ ਆਖਿਆ, ਚੁੱਪ ਹੀ ਔਰਤ ਦਾ ਵੱਡਾ ਗਹਿਣਾ" ਉਹਾਂ ਮਾਂ"

ਰਾਜ ਮਾਂ ਚੁੱਪ ਚਾਪ ਮਾਂ ਧੀ ਦੀ ਨੋਕ ਝੋਕ ਸੁਣਦੀ ਰਹੀ। ਉਸਨੇ ਇਸ਼ਾਰੇ ਨਾਲ ਸਪਰਿੰਗ ਮੂਨ ਨੂੰ ਆਪਣੇ ਕੋਲ ਸੱਦਿਆ "ਅੱਜ ਤੂੰ ਸਾਡੇ ਮਹਿਮਾਨ ਤੇ ਵਧੀਆ ਪ੍ਰਭਾਵ ਪਾਉਣਾ। ਪਾਨ ਤੀ ਤੀ ਤੈਨੂੰ ਦੇਖਣ ਆ ਰਹੀ ਆ। ਅੱਜ ਦੀ ਚਾਹ ਖ਼ਾਸ ਆ" ਸੁਣ ਕੇ ਸਪਰਿੰਗ ਮੂਨ ਖਿੜ ਉੱਠੀ ਅਤੇ ਮੁਸਕਰਾ ਪਈ, ਤਾਂ ਉਸਨੇ ਠੀਕ ਸੋਚਿਆ ਸੀ। ਅੱਜ ਤੋਂ ਉਸਦੀ ਅਸਲੀ ਜ਼ਿੰਦਗੀ ਸ਼ੁਰੂ ਹੋਵੇਗੀ। "ਹੁਣ ਜੇ ਤੈਨੂੰ ਗੱਲ ਸਮਝ ਆ ਗਈ ਆ ਤਾਂ ਚੱਲ ਅਸੀਂ ਸਾਰੇ ਚਾਹ ਵਾਸਤੇ ਚੱਲੀਏ"

ਚਾਹ ਦਾ ਸਾਰਾ ਸਮਾਂ ਖ਼ਾਨਦਾਨ ਦੀਆਂ ਸਾਰੀਆਂ ਜ਼ਨਾਨੀਆਂ ਪਾਨ ਤੀ ਤੀ ਨਾਲ ਗੱਲਾਂ ਕਰਦੀਆਂ ਰਹੀਆਂ ਪਰ ਕਿਸੇ ਨੇ ਵੀ ਅਸਲ ਮੁੱਦੇ ਦੀ ਭਾਫ਼ ਨਾ ਕੱਢੀ। ਪਾਨ ਤੀ




ਤੀ ਬੜੀ ਖ਼ੁਸ਼ ਸੀ। ਉਹ ਦਿਲ਼ ਵਿੱਚ ਸੋਚਦੀ; ਜੇ ਮੁੰਡਾ ਵੀ ਮੰਨ ਜਾਵੇ। ਔਰਤਾਂ ਉੱਠ ਖੜੀਆਂ ਚਾਹ ਪਾਰਟੀ ਖ਼ਤਮ ਸੀ। ਸਾਰਿਆਂ ਨੇ ਪਾਨ ਤੀ ਤੀ ਨੂੰ ਵਿਦਾ ਆਖੀ। ਪਾਨ ਤੀ ਤੀ ਜਿੱਤ ਦੇ ਅੰਦਾਜ਼ ਵਿੱਚ ਬੋਲੀ "ਆਪਾਂ ਛੇਤੀ ਫਿਰ ਮਿਲਾਂਗੇ"। ਸਪਰਿੰਗ ਮੂਨ ਨੇ ਸੋਚਿਆ ਕਿ ਪਾਨ ਤੀ ਤੀ ਤਾਂ ਐਨੀ ਖ਼ੁਸ਼ ਸੀ ਜਿਵੇਂ ਫੇਰੀ ਵਾਲੇ ਨੇ ਇੱਕੋ ਵਾਰ ਵਿੱਚ ਹੀ ਆਪਦਾ ਸਾਰਾ ਮਾਲ਼ ਵੇਚ ਦਿੱਤਾ ਹੋਵੇ। "ਹਾਂ ਹਾਂ ਫਿਰ ਮਿਲਾਂਗੇ" ਸਾਰੀਆਂ ਨੇ ਪਾਨ ਤੀ ਤੀ ਨੂੰ ਆਖਿਆ ਛੇਤੀ ਨਾਲ ਸਪਰਿੰਗ ਮੂਨ ਨੌਕਰਾਂ ਦੇ ਕੁਆਟਰਾਂ ਵਿੱਚ ਜਾ ਵੜੀ। ਉਸਦੇ ਸੁਪਨਿਆਂ ਵਿੱਚ ਉਸਦੇ ਮੰਗੇਤਰ ਦੇ ਸੈਂਕੜੇ ਨਾਉਂ ਅਤੇ ਸ਼ਕਲਾਂ ਤੈਰ ਰਹੀਆਂ ਸਨ ਇੱਕ ਆਉਂਦੀ ਇੱਕ ਜਾਂਦੀ। ਉਹ ਆਪਣੀ ਪਸੰਦ ਮੁਤਾਬਕ ਸਭ ਤੋਂ ਵਧੀਆ ਦੀ ਚੋਣ ਕਰਦੀ। ਪਰ ਜਾਣਦੀ ਸੀ ਕਿ ਵਿਆਹ ਤਾਂ ਖ਼ਾਨਦਾਨੀ ਮਾਮਲਾ ਹੈ ਜਿਸ ਵਿੱਚ ਕੋਈ ਚੋਣ ਨਹੀਂ। ਖ਼ਾਨਦਾਨ ਦੀਆਂ ਔਰਤਾਂ ਤਾਂ ਤਿਆਰੀਆਂ ਵਿੱਚ ਜੁੱਟ ਗਈਆਂ ਸਨ।

ਉ ਕੀ ਕਰੂੰ, ਜੇ ਮੰਗੇਤਰ ਦਾ ਮੂੰਹ ਮਾਤਾ ਦੇ ਦਾਗ਼ਾਂ ਦਾ ਭਰਿਆ ਹੋਇਆ ; ਜੇ ਉਸਦੀਆਂ ਲੱਤਾਂ ਛਿਟੀਆਂ ਵਰਗੀਆਂ ਹੋਈਆਂ। ਨੌਕਰਾਂ ਦੇ ਕੁਆਟਰਾਂ ਵਿੱਚ ਫਾਸਟੋ ਦੇਹਲੀਆਂ ਵਿੱਚ ਬੈਠੀ ਘਰਵਾਲੇ ਦੀ ਮੈਲੀ ਪੈਂਟ ਧੋ ਰਹੀ ਸੀ।

"ਫਾਸਟੋ...ਆਖਦੀ ਸਪਰਿੰਗ ਮੂਨ ਉਸਦੇ ਕੋਲ ਕੱਚੇ ਫ਼ਰਸ਼ ਤੇ ਗੋਡਿਆਂ ਭਾਰ ਬੈਠ ਗਈ। "ਹਾਇ ਤੇਰੇ ਨਵੇਂ ਕੱਪੜੇ" "ਕੋਈ ਫਰਕ ਨੀ ਪੈਂਦਾ....ਫਾਸਟੋ ਮੈਂ ਤੇਰੇ ਨਾਲ ਗੱਲ ਕਰ ਸਕਦੀ ਆਂ।" "ਹੁਣੇ?" "ਹਾਂ ਮਿੰਨਤ ਨਾਲ" ਸੁਣ ਕੇ ਫਾਸਟੋ ਨੇ ਕੁੜੀ ਦੇ ਮੱਥੇ ਤੇ ਹੱਥ ਫੇਰਿਆ "ਤੈਨੂੰ ਬੁਖਾਰ ਤਾਂ ਨੀ? ਤੂੰ ਬੀਮਾਰ ਤਾਂ ਨੀ? ਗੱਲ ਆਪਦੇ ਕਮਰੇ 'ਚ ਕਰਨੀ ਆਂ ਜਾਂ ਮੇਰੇ 'ਚ?"

"ਤੇਰੇ ਕਮਰੇ ਵਿੱਚ"

ਫਾਸਟੋ ਦਾ ਕਮਰਾ ਬਿਲਕੁੱਲ ਉਸੇ ਤਰਾਂ ਸੀ ਜਿਵੇਂ ਨਿੱਕੀ ਹੁੰਦੀ ਵੇਲੇ...ਸਪਰਿੰਗ ਮੂਨ ਅਤੇ ਉਸਦੀ ਦਾਸੀ ਪਲੱਮ ਬਲਾਜ਼ਮ ਮਾਂ ਤੋਂ ਬਚਣ ਵਾਸਤੇ ਇੱਥੇ ਆ ਕੇ ਲੁੱਕ ਜਾਂਦੀਆਂ ਸਨ ਤਾਂ ਕਿ ਕਸੀਦਾ-ਕਢਾਈ ਵਾਸਤੇ ਨਾ ਜਾਣਾ ਪਵੇ। ਪਲੱਮ ਬਲਾਜ਼ਮ ਦੀ ਦੁਖਦਾਈ ਮੌਤ ਤੋਂ ਬਾਅਦ ਵੀ ਸਪਰਿੰਗ ਮੂਨ ਇੱਥੇ ਆ ਜਾਂਦੀ ਅਤੇ ਕੰਮਾਂ ਵਿੱਚ ਹੱਥ ਵਟਾਉਂਦੀ। ਇਉਂ ਉਸਨੂੰ ਲੱਗਦਾ ਕਿ ਫਾਸਟੋ ਨੇ ਪਲੱਮ ਬਲਾਜ਼ਮ ਦੀ ਡਿਊਟੀ ਸਾਂਭ ਲਈ ਹੈ ਇਸੇ ਕਰਕੇ ਉਸਨੇ ਨਵੀਂ ਦਾਸੀ ਲੈਣ ਤੋਂ ਨਾਹ ਕਰ ਦਿੱਤੀ ਸੀ। ਇਹ ਗੱਲ ਬਿਨਾਂ ਆਖਿਆਂ ਦੋਵੇਂ ਸਮਝਦੀਆਂ ਸਨ। ਅੱਜ ਸਪਰਿੰਗ ਮੂਨ ਫਾਸਟੋ ਦੇ ਨਾਲ ਜੁੜ ਕੇ ਬੈਠ ਗਈ। "ਮੇਰੀਏ ਸਹੇਲੀਏ ਮੇਰੀਏ ਹਮ-ਜਾਤੇ, ਮੈਨੂੰ ਸੱਚੋ-ਸੱਚ ਦੱਸ ਪਾਨ ਤੀ ਤੀ ਦੇ ਮੁੰਡੇ ਬਾਰੇ , ਖ਼ਾਨਦਾਨ ਬਾਰੇ" ਕਹਿੰਦੀ ਨੇ, ਫਾਸਟੋ ਦਾ ਹੱਥ ਘੁੱਟ ਲਿਆ। "ਹਾਏ, ਹਾਏ ਉਹ ਤੇਰੇ ਮੇਚ ਦਾ ਵਰ ਕਿੱਥੇ" ਕਹਿੰਦੀ ਫਾਸਟੋ ਰੋਣ ਹਾਕੀ ਹੋ ਗਈ। ਬਾਹਰ ਵੀ ਝਾਕੀ, ਕੋਈ ਸੁਣਦਾ ਨਾ ਹੋਵੇ "ਜੇ ਤੂੰ ਮੇਰੀ ਰਾਏ ਹੀ ਪੁੱਛੀ ਆ ਤਾਂ ਵਿਆਹ ਨਾਲੋਂ ਤਾਂ ਤੂੰ ਸਾਧਣੀ ਹੋ ਜਾ, ਸਿਰ ਮੁੰਨਾ ਦੇ, ਤੇ ਮਾਲਾ ਪਾ ਲੈ" "ਫਾਸਟੋ ਤੂੰ ਸੱਚ ਆਖਦੀ ਏਂ ਮੇਰੀਏ ਸਹੇਲੀਏ" "ਸੱਚੋ ਸੱਚ ਭੈਣ ਮੇਰੀਏ, ਪਾਨ ਤੀ ਤੀ ਤਾਂ ਡਾਇਣ ਏ ਪੂਰੀ ਡਾਇਣ ਤੇਰਾ ਵਸੇਬਾ ਨੀ ਹੋਣਾ ਉਸ ਘਰ। ਪਾਨ ਤੀ ਤੀ ਤਾਂ ਘਮੰਡੀ ਔਰਤ ਏ ਅੱਖੜ ਏ। ਉਹ ਤਾਂ ਆਪਣੇ ਖ਼ਾਨਦਾਨ ਨਾਲ ਜੋੜਕੇ ਆਪ ਦੀ ਅਮੀਰੀ ਲਿਸਕਾਉਣੀ ਚਾਹੁੰਦੀ ਹੈ। ਮੁੰਡਾ ਉਸਦਾ ਸ਼ਰਾਬ ਖਾਨਿਆਂ ਦਾ ਜੁਆਰੀ ਆ, ਮੇਰੇ ਪਿੰਡ ਦੀ ਔਰਤ ਉਸਦੇ ਘਰ ਦੀ ਰਸੋਈ ਵਿੱਚ ਕੰਮ ਕਰਦੀ ਆ। ਉਸਤੋਂ ਪਤਾ ਲੱਗਦਾ ਮੈਨੂੰ ਸੱਭ"

"ਫਾਸਟੋ ਭੈਣ, ਮੈਨੂੰ ਬਚਾ। ਵੱਡੇ ਤਾਏ ਨਾਲ ਗੱਲ ਕਰ। ਜੇ ਮੈਂ ਕੀਤੀ ਤਾਂ ਉਹ ਸਮਝੂ ਮੈਂ ਬੇਸ਼ਰਮ ਆਂ। ਆਖ ਮੈਨੂੰ ਇਸ ਖੂਹ ਵਿੱਚ ਧੱਕਾ ਨਾ ਦੇਵੇ।"

"ਸਪਰਿੰਗ ਮੂਨ ਇਉਂ ਨੀ, ਉਹ ਬਾਹਰੋਂ ਪੜ੍ਹ ਕੇ ਆਇਆ। ਉਸਨੇ ਖੁਲਾ ਸਮਾਜ ਦੇਖਿਆ ਹੋਇਆ। ਗੱਲ ਅੱਗੇ ਵੱਧਣ ਤੋਂ ਪਹਿਲਾਂ ਹੀ ਉਸਨੂੰ ਸੱਚ ਆਖ ਦੇ।"

ਬੋਲਡ ਟੇਲੈਂਟ ਬੈਠਾ ਸਪਰਿੰਗ ਮੂਨ ਦੀ ਲਿਖੀ ਕਵਿਤਾ ਦਰੁੱਸਤ ਕਰ ਰਿਹਾ ਸੀ।

**"ਚੇਤੰਨ ਹੋ ਕੇ ਮੈਂ ਦਲੇਰ**
**ਦੁਨੀਆਂ ਨਾਲ ਰਲ ਗਈ।**
**ਆਪਣਾ ਚੌਗਿਰਦਾ ਵਿਸਾਰ ਕੇ**
**ਹੀ ਮੈਨੂੰ ਬ੍ਰਹਿਮੰਡਲ ਦਾ ਅਹਿਸਾਸ ਹੋਇਆ**
**ਅਤੇ ਆਪਣੇ ਘੋੜੇ ਦੀ**
**ਚਾਲ ਟਾਪ ਸੁਣਾਈ ਦਿੱਤੀ"।**

ਉਸਨੇ ਸੋਚਿਆ ਚੰਗਾ ਯਤਨ ਕੀਤਾ ਹੈ। ਉਸਨੇ ਸੋਚਿਆ ਹੀ ਨਹੀਂ ਸੀ ਕਿ ਤਿੰਨਾ ਸਾਲਾਂ ਦੀ ਪੜਾਈ ਨਾਲ ਸਪਰਿੰਗ ਮੂਨ ਇੰਨੀ ਪ੍ਰੌਢ਼ ਹੋ ਜਾਵੇਗੀ ਅਜੇ ਉਹ ਸਿਰਫ਼ ਸੋਲਾਂ ਸਾਲਾਂ ਦੀ ਹੀ ਤਾਂ ਹੈ। ਉਸਨੂੰ ਵਿਦਵਾਨ ਹੁੰਦੀ ਦੇਖ ਉਹ ਬੜਾ ਖ਼ੁਸ਼ ਹੁੰਦਾ ਸੀ।

"ਵੱਡੇ ਅੰਕਲ" ਸੁਣ ਕੇ ਉਹ ਚੌਂਕਿਆ। ਕੁੱਝ ਚਿਰ ਉਹ ਬੋਲ ਨਾ ਸਕਿਆ ਅਤੇ ਸਪਰਿੰਗ ਮੂਨ ਨੂੰ ਨਿਹਾਰਦਾ ਰਿਹਾ। ਸਪਰਿੰਗ ਮੂਨ ਦੇ ਅੱਜ ਕੱਪੜੇ ਰੋਜ਼ ਦੀ ਤਰਾਂ ਨਹੀਂ ਸਨ।

"ਵੱਡੇ ਅੰਕਲ, ਤੂੰ ਮੇਰੇ ਵੱਲ ਇਉਂ ਕਿਉਂ ਦੇਖਦਾਂ" "ਹੈਂ" ਹੈਰਾਨ ਹੋਏ ਨੇ ਉਸਨੇ ਕਿਤਾਬਾਂ ਇੱਕ ਪਾਸੇ ਖਿਸਕਾ ਦਿੱਤੀਆਂ ਅਤੇ ਸਪਰਿੰਗ ਮੂਨ ਨੂੰ ਅੰਦਰ ਆਉਣ ਵਾਸਤੇ ਆਖਿਆ।

"ਹਾਂ ਦੱਸ ਕੀ ਗੱਲ ਆ"

"ਮੈਨੂੰ ਸਮਝ ਨਹੀਂ ਆਉਂਦੀ ਤੇਰੇ ਨਾਲ ਗੱਲ ਕਿਵੇਂ ਕਰਾਂ"

"ਮੇਰੀ ਮਾਂ ਨੂੰ ਮੇਰੇ ਬਾਰੇ ਗੱਲਾਂ ਕਰਦੀ ਨੂੰ ਤੂੰ ਸੁਣਿਆ ਹੋਊ"

"ਉਹ ਦਿਹਾੜੀ ਭਰ ਤੇਰੇ ਪੜਨ ਤੇ ਇਤਰਾਜ਼ ਕਰਦੀ ਰਹਿੰਦੀ ਆ"

"ਗੱਲ ਹੋਰ ਆ" ਝਿਜਕ ਨਾਲ ਸਪਰਿੰਗ ਮੂਨ ਬੋਲੀ "ਉਹ ਮੇਰਾ ਵਿਆਹ ਕਰਨਾ ਚਾਹੁੰਦੀ ਆ"

ਬੋਲਡ ਟੇਲੈਂਟ ਨੂੰ ਅਹਿਸਾਸ ਹੋਇਆ ਕਿ ਇਉਂ ਤਾਂ ਇੱਕ ਦਿਨ ਹੋਣਾ ਈ ਸੀ। ਪਰ ਸੋਚਦਾ ਸੀ ਕਿ ਅਜੇ ਹੋਰ ਇਸੇ ਤਰਾਂ ਲੰਘਦਾ ਰਹੇਗਾ। "ਤੇ ਤੂੰ ਇਸ ਗੱਲ ਤੇ ਨਰਾਜ਼ ਕਿਉਂ ਏਂ? ਆਖਰਕਾਰ ਵਿਆਹ ਤਾਂ ਸਭ ਦਾ ਹੋਣਾ ਹੈ।"

"ਤੇਰਾ ਨੀ ਹੋਇਆ ਅਜੇ ਤੱਕ ਅੰਕਲ"

"ਹੋ ਜਾਣਾ ਸੀ ਜੇ ਮੇਰੀ ਮੰਗੇਤਰ ਕੁੜੀ ਮਰਦੀ ਨਾ, ਜੇ ਰਾਜ ਮਾਂ ਦੀ ਚਲਦੀ ਤਾਂ ਅੱਜ ਤੱਕ ਤਿੰਨ ਵਾਰ ਵਿਆਹਿਆ ਜਾਣਾ ਸੀ, ਚਲੋ ਅਜੇ ਵੀ ਜੋ ਹੈ ਠੀਕ ਹੀ ਹੈ।"

"ਵੱਡੇ ਅੰਕਲ ਧਿਆਨ ਨਾਲ ਸੁਣ --- ਮੈਂ ਇਥੇ ਵਿਆਹ ਨਹੀਂ ਕਰਵਾਉਣਾ ਚਾਹੁੰਦੀ। ਪਾਨ ਤੀ ਤੀ ਦਾ ਮੁੰਡਾ ਤਾਂ ਡਰੱਗੀ ਆ।"

ਬੋਲਡ ਟੇਲੈਂਟ ਉੱਠ ਖੜ੍ਹਾ ਹੋਇਆ ਉਸਨੇ ਕਿਤਾਬਾਂ ਸਪਰਿੰਗ ਮੂਨ ਨੂੰ ਫੜਾਉਂਦੇ ਨੇ ਆਖਿਆ "ਤੂੰ ਐਥੇ ਬੈਠ ਤੇ ਕੀਤੀਆਂ ਦਰੁੱਸਤੀਆਂ ਪੜ। ਮੈਂ ਜਨਾਨੀਆਂ ਨਾਲ ਗੱਲ ਕਰਦਾਂ"

ਰਾਜ ਮਾਂ ਆਪਣੇ ਘਰ ਹੀ ਸੀ। ਜਦੋਂ ਉਹ ਅੰਦਰ ਗਿਆ ਰਾਜ ਮਾਂ ਨੂੰ ਲੱਗਿਆ ਕਿ ਉਸਦੇ ਮਨ ਤੇ ਕੋਈ ਬੋਝ ਹੈ ਅਤੇ ਉਸ ਨੇ ਦਾਸੀਆਂ ਨੂੰ ਚਾਹ ਬਹਾਨੇ ਬਾਹਰ ਕੱਢ ਦਿੱਤਾ।

"ਮੈਂ ਸੁਣਿਆ ਸਪਰਿੰਗ ਮੂਨ ਦਾ ਵਿਆਹ ਕਰਨੈ"

"ਸ਼ੁਕਰ ਐ ਜੇ ਤੂੰ ਸੁਣਿਆ। ਖਾਨਦਾਨੀ ਕੰਮਾਂ ਵੱਲ ਤੇਰਾ ਧਿਆਨ ਕਿੱਥੇ?"

"ਮੈਂ ਜੋ ਪਾਨ ਤੀ ਤੀ ਦੇ ਮੁੰਡੇ ਬਾਰੇ ਸੁਣਿਆ... ਕੀ ਉਹ ਸੱਚ ਹੈ? ਉਹ ਮੁੰਡਾ ਤੇਰੀ ਪੋਤੀ ਦੇ ਲਾਇਕ ਨਹੀਂ ਹੈ"

"ਪੁੱਤਰ ਤੈਨੂੰ ਪਤਾ ਸਪਰਿੰਗ ਮੂਨ ਦੀ ਵਿਆਹ ਦੀ ਉਮਰ ਆ"

"ਉਹ ਸਿਰਫ਼ ਸੋਲਾਂ ਸਾਲਾਂ ਦੀ ਆ"

"ਮੈਂ ਪੰਦਰਾਂ ਦੀ ਸੀ ਜਦੋਂ ਵਿਆਹੀ ਇਸ ਘਰ ਆਈ ਸੀ"

"ਭਾਵੇਂ ਕੁੱਝ ਵੀ ਹੋਵੇ, ਇਹ ਵਰ ਸਪਰਿੰਗ ਮੂਨ ਦੇ ਬਰਾਬਰ ਦਾ ਨੀ" ਉਸ ਨੇ ਕਰੜੀ ਅਵਾਜ਼ 'ਚ ਆਖਿਆ।

"ਤੈਨੂੰ ਇਸ ਮਾਮਲੇ ਦੀ ਕੀ ਖਬਰ ਸਾਰ" ਮਾਂ ਨੇ ਹੋਰ ਨਰਾਜ਼ ਹੁੰਦੀ ਨੇ ਝਿੜਕਿਆ।

"ਮਾਂ ਮੈਂ ਆਪ ਮੁੰਡੇ ਨੂੰ ਜੂਏਖਾਨਿਆਂ ਨੇੜੇ ਦੇਖਿਆ। ਮਾਂ ਮੈਂ ਸਪਰਿੰਗ ਮੂਨ ਨੂੰ ਪੜ੍ਹਾਇਆ। ਉਹ ਦੂਜੀਆਂ ਸੁਹਣੀਆਂ ਕੁੜੀਆਂ ਵਰਗੀ ਕੁੜੀ ਨੀ"

"ਜੇ ਤੈਨੂੰ ਐਨਾ ਈ ਖਿਆਲ ਆ ਉਸਦਾ ਤਾਂ ਤੂੰ ਹੀ ਉਸ ਲਈ ਵਰ ਲੱਭ" ਉਸ ਨੂੰ ਲੱਗਿਆ ਜਿਵੇਂ ਮਾਂ ਤੇ ਉਸਦੀ ਗੱਲ ਦਾ ਕਾਫ਼ੀ ਅਸਰ ਹੋਇਆ ਸੀ।

"ਮੈਂ, ਮੈਂ ਇਉਂ ਨੀ ਕਰ ਸਕਦਾ"

"ਹਾਂ ਹਾਂ ਤੈਨੂੰ ਕਰਨਾ ਪੈਣਾ ਅਤੇ ਛੇਤੀ ਕਰਨਾ ਪੈਣਾ, ਤੈਨੂੰ ਪਤਾ ਉਸ ਦੀ ਮਾਂ ਬੜੀ ਕਾਹਲੀ ਕਰਦੀ ਆ। ਤੇ ਉਸਨੇ ਆਪਣੀ ਪੁਗਾਉਣੀ ਆ ਅਤੇ ਉਹ ਪਾਨ ਤੀ ਤੀ ਖਾਨਦਾਨ ਦੀ ਬੜੀ ਤਰੀਫ਼ ਕਰਦੀ ਆ।" ਸਿਰ ਝੁਕਾ ਕੇ ਉਹ ਉੱਠ ਖੜਾ ਹੋਇਆ।

ਅਗਲੇ ਕੁਝ ਹਫਤੇ ਉਹ ਸਪਰਿੰਗ ਟੇਲੈਂਟ ਨਾਲ ਰਲ ਕੇ ਸੂ ਕੂ ਦੇ ਮੰਨੇ ਪ੍ਰਮੰਨੇ ਖਾਨਦਾਨਾਂ ਨੂੰ ਮੁੰਡਿਆਂ ਸਮੇਤ ਕਿਸੇ ਨਾ ਕਿਸੇ ਪਾਰਟੀ ਦੇ ਬਹਾਨੇ ਘਰ ਸਦ ਕੇ ਵਰ ਦੀ ਤਲਾਸ਼ ਕਰਦੇ ਰਹੇ। ਸਪਰਿੰਗ ਮੂਨ ਦਾ ਪਿਉ ਤਾਂ ਛੇਤੀ ਹੀ ਥੱਕ ਗਿਆ। ਘਰ ਵਾਲੀ ਤੋਂ ਵੀ ਡਰਦਾ ਸੀ ਮਤੇ ਕੋਈ ਐਸਾ ਫ਼ੈਸਲਾ ਕਰ ਬੈਠੇ ਜੋ ਉਸ ਨੂੰ ਜਾਂ ਸਪਰਿੰਗ ਮੂਨ ਨੂੰ ਮੰਜ਼ੂਰ ਨਾ ਹੋਵੇ। ਬਾਅਦ ਵਿੱਚ ਬੋਲਡ ਟੇਲੈਂਟ ਇੱਕਲਾ ਹੀ ਜਤਨ ਕਰਦਾ ਰਿਹਾ। ਉਸ ਨੇ ਸੰਘਰਸ਼ ਕਰ ਰਹੀਆਂ ਸੁਸਾਇਟੀਆਂ ਵਿੱਚੋਂ ਵੀ ਤਲਾਸ਼ ਕੀਤੀ। ਗੱਲਾਂ ਸੁਣ ਕੇ ਵਿਚੋਲੇ ਵੀ ਆਉਣ ਲੱਗੇ। ਅੱਕ ਕੇ ਉਸਨੇ ਮਾਮਲਾ ਫਾਸਟੋ ਨੂੰ ਸੌਂਪ ਦਿੱਤਾ। ਫਾਸਟੋ ਵੀ ਕੋਈ ਨਾ ਕੋਈ ਊਣ ਊਝ ਲਾ ਮੋੜ ਦਿੰਦੀ ਸੀ।

ਹਰ ਸਵੇਰ ਜਦੋਂ ਉਹ ਮਾਂ ਨੂੰ ਨਮਸਕਾਰ ਕਰਨ ਹਾਜ਼ਰ ਹੁੰਦਾ, ਮਾਂ ਜਰੂਰ ਪੁੱਛਦੀ, ਕੀ ਬਣਿਆ? ਜਿਸਦਾ ਉਸ ਕੋਲ ਕੋਈ ਜਵਾਬ ਨਹੀਂ ਸੀ।

ਆਖਰਕਾਰ ਉਸਦਾ ਪੁਰਾਣਾ ਸਕੂਲੀ ਦੋਸਤ ਮਜਿਸਟ੍ਰੇਟ ਤੰਗ ਆਇਆ। ਬੋਲਡ ਟੇਲੈਂਟ ਨੇ ਸੋਚਿਆ ਕਿ ਚਲੋ ਇਸ ਦੇ ਆਉਣ ਨਾਲ ਸੰਘਰਸ਼ ਸੁਸਾਇਟੀ, ਜਿਸ ਵਿੱਚ ਉਹ ਕੰਮ ਕਰਦਾ ਸੀ, ਲਈ ਲਾਭਕਾਰੀ ਹੋਵੇਗਾ। ਦਾਰੂ ਪਿਆਲਾ ਸਾਂਝਾ ਕਰਨ ਤੋਂ ਬਾਅਦ ਤੰਗ ਬੋਲਿਆ "ਪੁਰਾਣੇ ਮਿੱਤਰ ਅੱਜ ਮੈਂ ਪਾਨ ਤੀ ਤੀ ਪਰਿਵਾਰ ਵੱਲੋਂ ਰੁੱਕਾ ਲੈ ਕੇ ਆਇਆਂ, ਇਸ ਵਿੱਚ ਪਾਨ ਮੁੰਡੇ ਦੀ ਜਨਮ ਪੱਤਰੀ ਵੀ ਹੈ। ਮੈਂ ਮਾਨ ਮਹਿਸੂਸ ਕਰਾਂਗਾ ਜੇ ਮੈਂ ਭਤੀਜੀ ਦਾ ਰੁੱਕਾ ਵੀ ਪਾਨ ਪਰਿਵਾਰ ਵੱਲ ਲੈ ਜਾਵਾਂ।"

ਹੁਣ ਬੋਲਡ ਟੇਲੈਂਟ ਨੂੰ ਪਤਾ ਚਲ ਗਿਆ ਕਿ ਸਪਰਿੰਗ ਮੂਨ ਦੀ ਮਾਂ ਵੀ ਆਪਣੀ ਚਾਲ ਚੱਲ ਰਹੀ ਸੀ ਅਤੇ ਹੁਣ ਇਸ ਗੱਲ ਨੂੰ ਮੋੜਨਾ ਔਖਾ ਸੀ।

ਇਉਂ ਸੰਧੂਰੀ ਰੁੱਕਿਆਂ ਦਾ ਵਟਾਂਦਰਾ ਹੋ ਗਿਆ। ਪਾਨ ਤੀ ਤੀ ਦੀ ਫੇਰੀ ਤੋਂ ਬਾਅਦ ਸਪਰਿੰਗ ਮੂਨ ਉਦਾਸ ਅਤੇ ਚੁੱਪ ਹੋ ਗਈ। ਪੜ੍ਹਨਾ ਵੀ ਛੁੱਟ ਗਿਆ। ਉਸ ਮੂਹਰੇ ਰਾਜ ਮਾਂ ਅਤੇ ਬੋਲਡ ਟੇਲੈਂਟ ਵੀ ਸੁੰਨ ਹੋ ਜਾਂਦੇ ਸਨ। ਉਹਨਾਂ ਨੂੰ ਅਹਿਸਾਸ ਸੀ ਕਿ ਉਹ ਸਪਰਿੰਗ ਮੂਨ ਨਾਲ ਇਨਸਾਫ ਨਹੀਂ ਕਰ ਸਕੇ। ਰੁੱਕਾ ਤਿੰਨ ਦਿਨਾਂ ਦੇ ਰਸ਼ਮੀ ਸਮੇਂ ਵਾਸਤੇ ਖਾਨਦਾਨੀ ਦੇਵਤਿਆਂ ਦੇ ਚਰਨਾਂ ਵਿੱਚ ਰੱਖ ਦਿੱਤਾ ਗਿਆ। ਇਸ ਦੇ ਨਾਲ ਹੀ ਪਾਨ ਖਾਨਦਾਨ ਵੱਲੋਂ ਭੇਜੀਆਂ ਫ਼ਲਾਂ ਦੀਆਂ ਟੋਕਰੀਆਂ ਵੀ। ਫ਼ਲਾਂ ਵਿੱਚ ਸਭ ਤੋਂ ਉੱਪਰ ਇਕ ਦੁਰਲਭ ਸੁਨਹਿਰੀ ਨਾਖ਼ ਵੀ ਸੀ। ਜੇ ਤਿੰਨਾਂ ਦਿਨਾਂ ਵਿੱਚ ਕੋਈ ਬਦਸ਼ਗਨੀ ਨਾ ਹੋਈ, ਤਾਂ ਦੇਵਤਿਆਂ ਦੀ ਸਹਿਮਤੀ ਮੰਨੀ ਜਾਵੇਗੀ। ਅਖੀਰਲੀ ਰਾਤ ਸੀ। ਬੋਲਡ ਟੇਲੈਂਟ ਬੜਾ ਬੇਚੈਨ ਸੀ। ਉਹ ਸੌਂ ਨਾ ਸਕਿਆ। ਸੋਚਦਾ ਸੀ ਕਿ ਕੋਈ ਕ੍ਰਿਸ਼ਮਾ ਹੀ ਸਪਰਿੰਗ ਮੂਨ ਨੂੰ ਬਚਾ ਸਕਦਾ ਹੈ। ਉਹ ਸਾਰੀ ਰਾਤ ਮਹਿਲਾਂ ਦੇ ਬਾਗ਼ਾਂ ਵਿੱਚ ਭੌਂਦਾ ਰਿਹਾ। ਅਚਾਨਕ ਸਪਰਿੰਗ ਮੂਨ ਦੇ ਕਮਰੇ ਦੀ ਖੁੱਲੀ ਖਿੜਕੀ ਕੋਲ ਪਹੁੰਚ ਗਿਆ। ਕੰਨ ਲਾ ਕੇ ਸੁਣਿਆ, ਉਹ ਸੁੱਤੀ ਨਹੀਂ ਸੀ। ਹੌਕੇ ਲੈ ਕੇ ਰੋ ਰਹੀ ਸੀ। ਉਹ ਬੜਾ ਦੁੱਖੀ ਹੋਇਆ ਕਿਵੇਂ ਹੋਵੇ ਦੋਸਤੀ ਵੀ ਬਚ ਜਾਵੇ, ਵਿਆਹ ਵੀ ਟਲ਼ ਜਾਵੇ ਤੇ ਉਸਦੀ ਕੀਤੀ ਦੀ ਭਣਕ ਵੀ ਨਾ ਪਵੇ। ਉਹ ਸੁੱਤੇ ਸਿਧ ਦੇਵਤਿਆਂ ਕੋਲ ਚਲਾ

ਗਿਆ। ਸਵੇਰ ਹੋ ਰਹੀ ਸੀ। ਅੱਗੇ ਸੰਧੂਰੀ ਰੁੱਕੇ ਤੇ ਫ਼ਲਾਂ ਦੀਆਂ ਟੋਕਰੀਆਂ ਪਈਆਂ ਹੋਈਆਂ ਸਨ। "ਜੇ ਦੇਵਤੇ ਮੂੰਹੋਂ ਬੋਲ ਸਕਦੇ। ਪਿਤਾਮਾ ਹੀ ਜੇ ਬੋਲ ਪੈਂਦਾ। ਜਿਹੜਾ ਪੋਤੀ ਸਪਰਿੰਗ ਮੂਨ ਨੂੰ ਬੜਾ ਪਿਆਰ ਕਰਦਾ ਸੀ। ਕਾਫ਼ੀ ਦੇਰ ਉਹ ਉੱਥੇ ਖੜਾ ਰਿਹਾ। ਅਸਮਾਨ ਵਿੱਚ ਚਾਨਣ ਪਸਰ ਰਿਹਾ ਸੀ। ਅਚਾਨਕ ਉਹ ਹੱਸਿਆ ਦੇਵਤੇ ਅਜੇ ਜਿਊਂਦੇ ਨੇ ਤੇ ਫ਼ਲਾਂ ਦੀ ਟੋਕਰੀ ਤੱਕ ਜਾ ਪਹੁੰਚਿਆ।

ਵਾਪਸ ਆਪਣੇ ਕਮਰੇ ਵਿੱਚ ਦੜ ਗਿਆ। ਥੋੜ੍ਹੀ ਦੇਰ ਬਾਅਦ ਉਸਨੇ ਜਨਾਨੀਆਂ ਦੀ ਘੁਸਰ-ਮੁਸਰ ਹੁੰਦੀ ਸੁਣੀ

ਸਭ ਤੋਂ ਉੱਚੀ ਅਵਾਜ਼ ਰਾਜ ਮਾਂ ਦੀ ਸੀ 'ਹੇ ਦੇਵਤਿਉ, 'ਹੇ ਦੇਵਤਿਉ, "ਫਰੈਗਰੈਂਟ ਸਨੋ ਨੇ ਘਬਰਾ ਕੇ ਪੁਛਿਆ ਉਮਾਂ ਕੀ ਹੋਇਆ" ਬਾਕੀ ਸਾਰੀਆਂ ਵੀ ਹੈਰਾਨ ਸਨ। ਰਾਜ ਮਾਂ ਜਦੋਂ ਬੋਲੀ ਚੁੱਪ ਪਸਰ ਗਈ। "ਦੇਖੋ ਦੇਖੋ ਸੁਨਹਿਰੀ ਨਾਖ਼ ਦੇਵਤਿਆਂ ਨੇ ਵਗਾਹ ਮਾਰੀ, ਉਹਨਾਂ ਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ। ਪਾਨ ਅਤੇ ਚੰਗ ਖ਼ਾਨਦਾਨ ਦਾ ਮੇਲ ਨਹੀਂ ਹੋ ਸਕਦਾ। ਸਾਰੀਆਂ ਜਨਾਨੀਆਂ ਨੇ ਹਾਂ ਵਿੱਚ ਸਿਰ ਹਿਲਾਏ। ਸਪਰਿੰਗ ਮੂਨ ਦੀ ਮਾਂ ਹੀ ਦੁਚਿੱਤੀ 'ਚ ਸੀ। ਕੀ ਆਖੇ? "ਰਾਜ ਮਾਂ ਇਹ ਤਾਂ ਕੋਈ ਬਦਸ਼ਗਨੀ ਨੀ, ਕਿ ਪਾਨ ਖ਼ਾਨਦਾਨ ਦਾ ਰਿਸ਼ਤਾ ਮੋੜਿਆ ਜਾਵੇ। ਰਾਜ ਮਾਂ ਨੇ ਨਾਖ਼ ਚੁੱਕ ਕੇ ਉਸਦੇ ਨੱਕ ਅੱਗੇ ਕੀਤੀ। ਉਤਾਂ ਦੱਸ ਇਹ ਕੀ ਆ" "ਨਾਖ਼ ਜਿਹੜੀ ਪਾਨ ਤੀ ਤੀ ਨੇ ਘੱਲੀ" "ਰੁੜੀ ਨਾਖ਼ ਦਾ ਕੀ ਸੰਦੇਸ਼ਾ" "ਇਹ ਐਂਵੇ ਵੀ ਰੁੜ ਸਕਦੀ ਆ" "ਹਾਂ ਰੁੜ ਸਕਦੀ ਆ। ਇਸਦਾ ਸੰਕੇਤ ਹੈ ਵਿਛੋੜਾ" "ਵਿਛੋੜੇ ਦਾ ਸੰਕੇਤ ਕੁੱਲ ਦੇਵਤਿਆਂ ਦੀ ਨਾਂਹ ਹੈ, ਰਿਸ਼ਤੇ ਬਾਰੇ। ਹੁਣ ਤੂੰ ਦੱਸ ਕੀ ਆਖੇਂਗੀ।" ਫਰੈਗਰੇਂਟ ਸਨੋ ਸੁਣ ਕੇ ਚੁੱਪ ਹੋ ਗਈ ਅਤੇ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ। ਬੁੱਢੀ ਨੇ ਫਾਸਟੋ ਨੂੰ ਆਵਾਜ਼ ਮਾਰੀ ਫਾਸਟੋ ਜਾ ਵਿਚੋਲੇ ਨੂੰ ਬੁਲਾ ਕੇ ਲਿਆ, ਤਾਂ ਕਿ ਅਸੀਂ ਉਸਨੂੰ ਦੱਸ ਦੇਈਏ। ਫਾਸਟੋ ਇੱਕ ਦਮ ਦੌੜ ਗਈ ਤੇ ਜਾਂਦੀ ਜਾਂਦੀ ਬਾਗੋ-ਬਾਗ ਸੀ। ਬੋਲਡ ਟੇਲੈਂਟ ਪਰਦੇ ਪਿੱਛੇ ਖੜਾ ਸਾਰਾ ਡਰਾਮਾ ਦੇਖ ਰਿਹਾ ਸੀ ਅਤੇ ਆਪਣੀ ਜਿੱਤ ਤੇ ਖ਼ੁਸ਼ ਹੁੰਦਾ ਬਾਹਰ ਨਿਕਲ ਗਿਆ। ਉਹ ਸੋਚ ਰਿਹਾ ਸੀ ਕਿ ਟਰਿੱਕ ਦੂਜੀ ਵਾਰ ਨੀ ਚਲ ਸਕਦਾ ਅਤੇ ਹੁਣ ਛੇਤੀ ਤੋਂ ਛੇਤੀ ਅਗਲੀ ਕਾਰਵਾਈ ਕਰਨ ਦੀ ਲੋੜ ਹੈ।

ਉਸੇ ਵੇਲੇ ਉਹ ਲਾਇਬ੍ਰੇਰੀ ਵਿੱਚ ਚਲਾ ਗਿਆ। ਪਹਿਲਾਂ ਤੋਂ ਹੀ ਆਈ ਚਿੱਠੀਆਂ ਦੀ ਛਾਂਟਾ ਛਾਂਟੀ ਕਰਨ ਲੱਗ ਪਿਆ। ਕਾਫ਼ੀ ਚੰਗੇ ਰਿਸ਼ਤਿਆ ਬਾਰੇ ਚਿੱਠੀਆਂ ਸਨ। ਪੜ੍ਹੇ ਲਿਖੇ ਘਰਾਣਿਆਂ ਦੇ ਮੁੰਡੇ, ਉਸਦੇ ਮਿੱਤਰਾਂ ਦੀਆਂ ਚਿੱਠੀਆਂ, ਜਿਹੜੇ ਉਸਦੇ ਵਾਂਗ ਹੀ ਚੀਨ ਦੀ ਬੰਦ-ਖਲਾਸੀ ਲਈ ਜੂਝ ਰਹੇ ਸਨ ਅਤੇ ਗੁਪਤ ਜਥੇਬੰਦੀਆਂ ਵਿੱਚ ਕੰਮ ਕਰ ਰਹੇ ਸਨ। ਉਸਨੇ ਘੜੀ ਵੱਲ ਦੇਖਿਆ। ਘੰਟੇ ਬਾਅਦ ਖ਼ਾਨਦਾਨ ਨੇ ਸ਼ਾਮ ਦੇ ਖਾਣੇ ਤੇ ਇਕੱਠੇ ਹੋਣਾ ਸੀ। ਉਹ ਪਸੰਦੀਦਾ ਰਿਸ਼ਤਾ ਮਨਜ਼ੂਰੀ ਵਾਸਤੇ ਪੇਸ਼ ਕਰ ਸਕਦਾ ਹੈ। ਇੱਕ ਚਿੱਠੀ ਪੀਕਿੰਗ ਤੋਂ ਗਲੈਡ ਪਰਾਮਿਜ਼ ਦੀ ਸੀ। ਬੋਲਡ ਟੇਲੈਂਟ ਨਾਲ ਉਹ ਵੀ ਅਮਰੀਕਾ ਵਿੱਚ ਪੜ੍ਹਿਆ ਸੀ। ਪਿਉ ਦੇ ਬੀਮਾਰ ਰਹਿਣ ਕਰਕੇ ਉਹ ਇਕੱਲੀ ਮਾਂ ਦੇ ਸਾਥ ਵਾਸਤੇ ਵਾਪਸ ਆ ਗਿਆ ਸੀ। ਉਸਨੇ ਇੱਕ ਚੀਨ ਦੇ ਸੁਧਾਰ ਲਈ ਕੰਮ ਕਰਦੀ ਜਥੇਬੰਦੀ ਵਿੱਚ ਅਨੁਵਾਦਕ ਦੀ ਨੌਕਰੀ ਕਰ ਲਈ ਸੀ। ਉਸਨੇ ਲਿਖਿਆ ਸੀ ਕਿ ਜਥੇਬੰਦੀ ਸ਼ਹਿਨਸ਼ਾਹ ਚੀਨ ਤੇ ਦਬਾ ਪਾ ਰਹੀ ਹੈ, ਕਿ ਚੀਨ ਪੱਖੀ ਨੀਤੀਆਂ ਲਾਗੂ ਕਰੀਆਂ ਜਾਣ। ਉਸਨੇ ਇਹ ਵੀ ਲਿਖਿਆ ਸੀ ਕਿ ਦੱਖਣ ਵਿੱਚ ਜੂਝ ਰਹੇ ਇਨਕਲਾਬੀਆਂ ਨੂੰ ਵੀ ਇਹ ਸੁਭ ਸੂਚਨਾ ਘੱਲ ਦਿਓ। ਉਸਨੂੰ ਰਿਸ਼ਤਾ ਲੱਭ ਗਿਆ। "ਸਪਰਿੰਗ ਮੂਨ ਅਤੇ ਗੇਲੈਡ ਪਰਾਮਿਜ਼"। ਗੇਲੈਡ ਪਰਾਮਿਜ਼ ਦਾ ਪਿਉ ਹਾਨਲਿਨ ਘਰਾਣੇ ਦਾ ਵਿਦਵਾਨ ਸੀ। ਘਰਾਣਾ ਅਜੇ ਵੀ ਦੌਲਤ ਨਾਲੋਂ ਦਾਨਸ਼ਵਰੀ ਨੂੰ ਜ਼ਿਆਦਾ ਤਰਜ਼ੀਹ ਦਿੰਦਾ ਸੀ। ਘਰਾਣੇ ਦੀ ਪਿਤਾਮਾ ਨਾਲ ਬੜੀ ਨੇੜਤਾ ਸੀ। ਉਹਨਾਂ ਨੇ ਮਿਲ ਕੇ "ਤੁੰਗ ਵਨ ਦੁਭਾਸੀਆ ਕਾਲਜ ਖੋਲਿਆ ਸੀ। ਬੋਲਡ ਟੇਲੈਂਟ ਨੇ ਸੋਚਿਆ, ਰਾਜ ਮਾਂ ਇਹ ਰਿਸ਼ਤਾ ਜ਼ਰੂਰ ਮੰਨਜ਼ੂਰ ਕਰੇਗੀ।

ਹੁਣ ਉਸਨੂੰ ਕਮਰੇ ਵਿੱਚ ਰੁਕਣਾ ਔਖਾ ਲੱਗਿਆ। ਉਹ ਬਾਹਰ ਜਾਣ ਲੱਗਿਆ ਰੁੱਕ ਗਿਆ ਅਤੇ ਕੋਸ਼ਿਸ ਕਰਨ ਲੱਗਿਆ ਕਿ ਹਾਨਲਿਨ ਪਰਿਵਾਰ ਨੂੰ ਚਿੱਠੀ ਲਿਖੇ ਪਰ ਉਸਨੂੰ ਸ਼ਬਦ ਨਹੀ ਸਨ ਔੜ ਰਹੇ। ਤਦੋਂ ਉਸਨੇ ਦਰਵਾਜ਼ੇ ਤੇ ਖੜਕਾਰ ਸੁਣੀ "ਵੱਡੇ ਅੰਕਲ ਕੀ ਮੈਂ ਅੰਦਰ ਆ ਸਕਦੀ ਆਂ" ਸਪਰਿੰਗ ਮੂਨ ਸੀ। "ਵੱਡੇ ਅੰਕਲ ਤੂੰ ਮੈਨੂੰ ਬਚਾ ਲਿਆ" "ਉਹ ਕਿਵੇਂ ਦੱਸ ਤਾਂ" "ਅੰਕਲ ਟੈਲੀਗਰਾਫ਼ ਨਾਲ, ਅੰਕਲ ਤੂੰ ਤਾਂ ਕੁੱਲ ਦੇਵਤਿਆਂ ਤੱਕ ਟੈਲੀਗਰਾਫ਼ ਵਿਛਾ ਦਿੱਤੀ ਮੇਰੇ ਵੱਲੋਂ ਤੈਨੂੰ ਇਹ ਤੋਹਫ਼ਾ" ਕਹਿੰਦੀ ਨੇ ਇੱਕ ਬੇਸ਼ਕੀਮਤੀ ਚਮਕਦੀ ਨਾਖ਼ ਉਸਨੂੰ ਪੇਸ਼ ਕੀਤੀ। ਉਸਨੂੰ ਯਾਦ ਆਇਆ ਕਿ ਇਹ ਉਸਦੀ ਅਲਮਾਰੀ ਵਿੱਚ ਹੁੰਦੀ ਸੀ। "ਤੇਰਾ ਤੋਹਫ਼ਾ ਸਾਰਿਆਂ ਤੋਂ ਵੱਖਰਾ, ਮੈਂ ਇਸਨੂੰ ਜ਼ਿੰਦਗੀ ਭਰ ਸਾਂਭ ਕੇ ਰੱਖਾਂਗਾ, ਸਪਰਿੰਗ ਮੂਨ"। ਮਹੀਨੇ ਦੇ ਵਿੱਚ ਵਿੱਚ ਰਿਸ਼ਤੇ ਦੇ ਸੰਧੂਰੀ ਰੁੱਕੇ ਭੇਜ ਦਿੱਤੇ ਗਏ। ਫਰੈਗਰੈਟ ਸਨੋ ਅਤੇ ਰਾਜ ਮਾਂ ਨੇ ਸਪਰਿੰਗ ਮੂਨ ਨੂੰ ਬੁਲਾਇਆ ਅਤੇ ਰਿਸ਼ਤੇ ਦੀ ਖ਼ਬਰ ਦਿੱਤੀ। ਵਿਚੋਲਾ ਤਾਂ ਭਾਵੇਂ ਬੋਲਡ ਟੇਲੈਟ ਹੀ ਸੀ ਪਰ ਉਹ ਪਰਦੇ ਪਿੱਛੇ ਹੀ ਰਹਿਣਾ ਚਾਹੁੰਦਾ ਸੀ। ਰਾਜ ਮਾਂ ਨੇ ਐਲਾਨ ਕੀਤਾ "ਮੇਰੀ ਪੋਤਰੀ ਸਪਰਿੰਗ ਮੂਨ ਦਾ ਰਿਸ਼ਤਾ ਵੱਡੇ ਅੰਕਲ ਨੇ ਕੀਤਾ ਹੈ। ਤੂੰ ਹੁਣ ਪੀਕਿੰਗ ਦੇ ਵੂ ਖ਼ਾਨਦਾਨ ਵਿੱਚੋਂ ਹਾਨਲਿਨ ਪਰਿਵਾਰ ਦੀ ਮੈਂਬਰ ਹੋਵੇਂਗੀ"।

ਰਿਵਾਜ਼ ਅਨੁਸਾਰ ਸਪਰਿੰਗ ਮੂਨ ਉੱਚੀ ਉੱਚੀ ਰੋਣ ਲੱਗ ਪਈ "ਰਾਜ ਮਾਂ, ਕ੍ਰਿਪਾ ਕਰਕੇ ਮੈਨੂੰ ਦੂਰ ਨਾ ਭੇਜੋ ਮੈਂ ਸੂ ਕੂ ਰਹਿਣਾ ਹੀ ਮੰਗਦੀ ਹਾਂ। ਐਡੀ ਦੂਰ ਮੈਨੂੰ ਰਾਜਧਾਨੀ ਵਿੱਚ ਨਾ ਤੋਰੋ"। ਅੱਜ ਤੱਕ ਕਿਸੇ ਨੂੰ ਵੀ ਆਸ ਨਹੀਂ ਸੀ ਕਿ ਸਪਰਿੰਗ ਮੂਨ ਵੀ ਵਧੀਆ ਨਾਟਕ ਕਰ ਸਕਦੀ ਹੈ। ਰੋਂਦੀ ਰੋਂਦੀ ਉਹ ਪੱਲੇ ਵਿਚੋਂ ਝਾਕ ਕੇ ਦੇਖਦੀ ਸੀ ਕਿ ਸਰੋਤਿਆਂ ਤੇ ਕੀ ਅਸਰ ਹੋ ਰਿਹਾ ਹੈ। ਸਾਰੀਆਂ ਜਨਾਨੀਆਂ ਨੂੰ ਤਸੱਲੀ ਸੀ ਕਿ ਸਪਰਿੰਗ ਮੂਨ ਦਾ ਵਤੀਰਾ ਠੀਕ ਹੈ।

ਜੋਤਸ਼ੀ ਸੱਦਿਆ ਗਿਆ। ਉਸਨੇ ਵਿਆਹ ਦੇ ਦੋ ਦਿਨ ਕੱਢੇ 20 ਜੂਨ ਛੇ ਹਫਤਿਆਂ ਬਾਅਦ, ਜਾਂ 20 ਦਸੰਬਰ ਅੱਠ ਮਹੀਨਿਆਂ ਬਾਅਦ। ਦਸੰਬਰ ਵਿੱਚ, ਕਿਉਕਿ ਪੀਕਿੰਗ ਦਾ ਰਸਤਾ ਬਰਫ਼ਬਾਰੀ ਕਾਰਨ ਬੰਦ ਹੋ ਜਾਂਦਾ ਹੈ। ਇਸ ਕਰਕੇ 20 ਜੂਨ ਵਿਆਹ ਦਾ ਦਿਨ ਮਿਥਿਆ ਗਿਆ। ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਫਾਸਟੋ ਆਪਣੇ ਘਰਵਾਲੇ ਓਲਡ ਹਾਕ ਦੀ ਬਾਂਹ ਫੜੀ ਆ ਹਾਜ਼ਰ ਹੋਈ ਕਿ ਉਹ ਵਿਆਂਹਦੜ ਦੀ ਦਾਸੀ ਵਜੋਂ ਸੇਵਾ ਵਾਸਤੇ ਉਸਦੇ ਨਾਲ ਪੀਕਿੰਗ ਜਾਵੇਗੀ। ਰਾਜ ਮਾਂ ਨੇ ਵੱਡੇ ਇਨਾਮ ਨਾਲ ਉਸਨੂੰ ਖ਼ੁਸ਼ ਕਰ ਦਿੱਤਾ। ਇਨਾਮ ਵੱਡੀ ਰਾਸ਼ੀ ਅਤੇ ਸੋਨੇ ਦਾ ਵੱਡਾ ਬਰੋਚ ਸੀ।

ਸਪਰਿੰਗ ਮੂਨ ਦੀ ਮਾਂ, ਵਿਆਹ ਦੀਆਂ ਤਿਆਰੀਆਂ ਦੀ ਨਿਗਰਾਨ ਬਣ ਗਈ। ਖ਼ਾਨਦਾਨ ਦੇ ਮਹਿਲਾਂ ਵਿੱਚ ਆਇਆ ਹਰ ਫੇਰੀ ਵਾਲਾ, ਸਾਰਾ ਸਮਾਨ ਜਨਾਨੀਆਂ ਨੂੰ ਵੇਚ ਜਾਂਦਾ ਸੀ। ਉਸਦੀ ਮਾਂ ਆਖਦੀ, ਵਿਆਹ ਦਾ ਜਲੂਸ ਪੀਕਿੰਗ ਨੂੰ ਚਕਾਚੌਂਦ ਕਰਨ ਵਾਲਾ ਹੋਣਾ ਚਾਹੀਦਾ ਹੈ। ਲੋਕ ਖੜ-ਖੜ ਦੇਖਣ। ਦਰਜ਼ੀ ਆ ਗਏ, ਪੇਂਟਰ ਆ ਗਏ। 24 ਚਮੜੇ ਦੇ ਵੱਡੇ ਟਰੰਕ ਦਾਜ ਵਾਸਤੇ ਤਿਆਰ ਹੋਣ ਲੱਗੇ। ਸਪਰਿੰਗ ਮੂਨ ਵੀ ਚਾਂਈ-ਚਾਂਈ ਹਰ ਪਾਸੇ, ਹਰ ਗੱਲ ਵਿੱਚ, ਧਿਆਨ ਦੇ ਰਹੀ ਸੀ।

ਸਾਰਾ ਰਾਜ ਮਹਿਲ ਵਿਆਹ ਤੋਂ 10 ਦਿਨ ਪਹਿਲਾਂ ਹੀ ਦੁਲਹਨ ਦੀ ਤਰਾਂ ਸਜਾ ਦਿੱਤਾ ਗਿਆ। ਕਿਉਂਕਿ ਕੁਆਰੀ ਵਾਸਤੇ ਭੋਜ ਦਾ ਦਿਨ ਸੀ। ਮਹਿਲਾਂ ਦੇ ਚਾਰ-ਚੁਫੇਰੇ ਫਾਇਰ ਵਰਕਸ ਕੀਤੇ ਗਏ। ਸਭ ਸ਼ਹਿਰੀਆਂ ਨੂੰ ਦਾਹਵਤਾਂ ਹੋ ਰਹੀਆਂ ਸੀ। ਬੈਂਡ ਵਾਜਿਆ ਵਿੱਚ ਸ਼ਹਿਨਾਈਆਂ ਗੂੰਝ ਰਹੀਆਂ ਸਨ। ਖੇਡਾਂ ਵਾਲੇ ਕਲਾਬਾਜ਼ੀਆਂ ਦਾ ਪ੍ਰਦਰਸ਼ਨ ਕਰ ਰਹੇ ਸਨ। ਦਾਹਵਤ ਮੇਜ਼ ਸਾਈਪਰੱਸ ਬਾਗ਼ ਵਿੱਚ ਲੱਗੇ ਸਨ। ਬੋਲਡ ਟੇਲੈਂਟ ਮਹਿਮਾਨ ਨਿਵਾਜ਼ੀਆਂ ਦੀ ਨਿਗਰਾਨੀ ਕਰ ਰਿਹਾ ਸੀ, ਉਹ ਸਭ ਨੂੰ 'ਜੀ ਆਇਆ' ਆਖ ਰਿਹਾ ਸੀ। "ਮੇਰਾ ਇਹ ਜਾਮ ਚੰਗ ਖ਼ਾਨਦਾਨ ਦੀ ਬੱਚੀ ਦੀ ਸੁੱਖ ਸ਼ਾਤੀਂ ਦੀ ਕਾਮਨਾ ਹੈ"। ਸਪਰਿੰਗ ਮੂਨ ਇੱਕ ਮੇਜ਼ ਤੋਂ ਦੂਜੇ ਮੇਜ਼ ਤੇ ਸਭ ਵੱਲ ਜਾ ਰਹੀ ਸੀ। ਲੋਕ ਪਿਆਲੇ ਹਵਾ ਵਿੱਚ ਲਹਿਰਾਉਂਦੇ ਦੁਆਵਾਂ ਦੇ ਰਹੇ ਸਨ। ਸਪਰਿੰਗ ਮੂਨ ਵੀ ਪਿਆਲਾ ਚੁੱਕਦੀ ਬੁੱਲਾਂ ਨੂੰ ਲਾ ਕੇ, ਕਰਿੰਦਿਆਂ ਨੂੰ ਫੜਾ ਦਿੰਦੀ। ਉਸ ਨੂੰ ਪਤਾ ਸੀ ਕਿ ਅੱਜ ਸ਼ਰਾਬੀ ਹੋਣਾ ਸ਼ੋਭਾ ਨਹੀਂ ਦਿੰਦਾ। ਰਾਜ ਘਰਾਣਿਆਂ ਦੀਆਂ ਸਾਰੀਆਂ ਔਰਤਾਂ ਸਪਰਿੰਗ ਮੂਨ ਦੀ ਖ਼ੁਸ਼ੀ ਲਈ ਜਾਮ ਪੀ ਰਹੀਆਂ ਸਨ। ਉਸਦੇ ਸਾਰੇ ਚਚੇਰ ਮਸੇਰ ਭੈਣ-ਭਰਾ ਜਾਮ ਉੱਛਲਾ ਰਹੇ ਸਨ। ਜਦੋਂ ਸਪਰਿੰਗ ਮੂਨ ਬੋਲਡ ਟੇਲੈਟ ਨੇੜੇ ਪਹੁੰਚੀ ਤਾਂ ਬੋਲਡ ਟੇਲੈਟ ਨੂੰ ਸਪਰਿੰਗ ਮੂਨ ਦੀ ਪਸੰਦੀਦਾ ਕਵੀ ਲੀਪੋ ਦੀ ਕਵਿਤਾ ਯਾਦ ਆ ਗਈ। ਜਿਸ ਵਿੱਚ ਉਸਨੇ ਲਿਖਿਆ ਸੀ ...."ਹਰ ਰਾਤ ਮੈਂ ਆਪਣਾ ਬਿਸਤਰਾ ਅੱਧਾ ਖਾਲੀ ਰੱਖਦਾਂ ਅਤੇ ਸੋਚਦਾਂ ਕਿ ਉਸਦੀ ਆਤਮਾ ਵਾਪਸ ਮੇਰੇ ਕੋਲ ਆਵੇਗੀ।" "ਵੱਡੇ ਅੰਕਲ ਅੱਜ ਤੂੰ ਗੰਭੀਰ ਜਾਪਦਾ। ਕੀ ਤੂੰ ਸੋਚਦਾ ਕਿ ਤੇਰੀ ਕਮਲੀ, ਭਤੀਜੀ ਵੂ ਖਾਨਦਾਨ ਲਈ ਵੀ ਆਫਤ ਹੋਵੇਗੀ।" ਉਸਨੇ ਕੋਈ ਜਵਾਬ ਨਾ ਦਿੱਤਾ ਸਗੋਂ ਆਪਣਾ ਜਾਮ ਚੁੱਕ ਕੇ ਆਖਿਆ ਉਇਹ ਜਾਮ ਮੇਰਾ, ਤੇਰੀ ਖ਼ੁਸ਼ੀ ਦੇ ਨਾਂ, ਮੇਰੇ ਛੋਟੇ ਭਰਾ ਦੀ ਬੱਚੀਏ" "ਮੇਰਾ ਇਹ ਜਾਮ ਤੇਰੀ ਖ਼ੁਸ਼ੀ ਵਾਸਤੇ ਵੱਡੇ ਅੰਕਲ।"

ਫੀਸਟ ਖਤਮ ਹੋਣ ਤੋਂ ਬਾਅਦ ਜਦੋਂ ਸਾਰੇ ਮਹਿਮਾਨ ਵਿਦਾ ਹੋ ਗਏ ਅਤੇ ਬਚਿਆ ਭੋਜਨ ਭਿਖਾਰੀਆਂ ਨੂੰ ਵੰਡ ਦਿੱਤਾ ਗਿਆ ਤਾਂ ਬੋਲਡ ਟੇਲੈਟ ਆਪਣੇ ਕਮਰੇ ਵਿੱਚ ਆ ਗਿਆ। ਉਸਨੇ ਲੈਂਪ ਜਗਾਇਆ। ਕਲਮਦਾਨ ਦੀ ਦਵਾਤ ਵਿੱਚ ਪਾਣੀ ਪਾਇਆ ਅਤੇ ਇਨਕਲਾਬੀ ਭਰਾ ਨੋਬਲ ਟੇਲੈਟ ਨੂੰ ਜਿਹੜਾ ਕੈਂਟਨ ਦੇ ਮੋਰਚੇ ਤੇ ਸੀ, ਖਤ ਲਿਖਣ ਲੱਗਿਆ "ਅੱਜ ਕੁਆਰੀ ਦੇ ਭੋਜ ਸਮੇਂ ਸਾਰਾ ਸੂ ਕੂ ਸ਼ਹਿਰ ਸਾਡੇ ਵਿਹੜੇ ਆਇਆ। ਸਭ ਨੇ ਤੈਨੂੰ ਯਾਦ ਕੀਤਾ। ਸਭ ਨੇ ਤੇਰੇ ਲਈ ਦੁਆਵਾਂ ਮੰਗੀਆਂ। ਭਰਾ ਤੂੰ ਮੇਰਾ ਵਿਚੋਲਾ ਬਣ ਅਤੇ ਸੂਈ ਵਪਾਰੀ ਨੂੰ ਆਖ ਕਿ ਉਸਦੀ ਬੇਟੀ ਗੋਲਡਨ ਵਰਚਿਊ ਮੇਰੇ ਨਾਲ ਵਿਆਹ ਕਰਵਾ ਲਵੇ ਅਤੇ ਮੇਰੇ ਵੱਸ ਜਾਵੇ।"

# ਮਈ ਦਿਵਸ : ਮਜ਼ਦੂਰ ਸ਼ਹਾਦਤ ਦਾ ਇਤਿਹਾਸ

(ਸ਼ਫ਼ਾ 1 ਦੀ ਬਾਕੀ)

ਪੈਦਾ ਕੀਤੀ ਇਸ 'ਖਤਰਨਾਕ ਹਾਲਤ' ਸਬੰਧੀ ਲਗਾਤਾਰ ਮੀਟਿੰਗਾਂ ਤੇ ਵਿਚਾਰ ਚਰਚਾ ਚਲ ਰਹੀ ਸੀ ਕਿ ਇਹਨੂੰ ਕਿਵੇਂ ਦਬਾਇਆ ਜਾ ਸਕੇ।

ਤਿੰਨ ਮਈ ਨੂੰ ਸ਼ਹਿਰ ਦੇ ਹਾਲਤ ਹੋਰ ਵੀ ਤਣਾਅਪੂਰਨ ਉਦੋਂ ਹੋ ਗਏ ਜਦੋਂ ਮੈਕਾਰਮਿਕ ਹਾਰਵੈਸਟਿੰਗ ਮਸ਼ੀਨ ਕੰਪਨੀ ਦੇ ਮਜ਼ਦੂਰਾਂ ਨੇ ਆਪਣੇ ਸੰਘਰਸ਼ ਨੂੰ ਅੱਗੇ ਵਧਾਇਆ। ਮਜ਼ਦੂਰਾਂ ਨੇ ਜਦੋਂ ਰੋਸ ਸਭਾ ਸ਼ੁਰੂ ਕੀਤੀ ਤਾਂ ਨਿੱਹਥੇ ਮਜ਼ਦੂਰਾਂ ਉਤੇ ਗੋਲੀਆਂ ਚਲਾਈਆਂਗਈਆਂ। ਚਾਰ ਮਜ਼ਦੂਰ ਮਾਰੇ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਦੂਸਰੇ ਦਿਨ ਵੀ ਮਜ਼ਦੂਰ ਗਰੁੱਪਾਂ ਉਤੇ ਹਮਲੇ ਜਾਰੀ ਰਹੇ। ਇਸ ਭਿਆਨਕ ਜ਼ਬਰ ਤਸ਼ੱਦਦ ਦੇ ਵਿਰੁੱਧ ਚਾਰ ਮਈ ਦੀ ਸ਼ਾਮ ਨੂੰ ਸ਼ਹਿਰ ਦੇ ਮੁੱਖ ਬਜ਼ਾਰ ਹੇ ਮਾਰਕੀਟ ਸਕਵੇਅਰ ਵਿਚ ਇਕ ਵੱਡੀ ਕਨਵੈਨਸ਼ਨ ਰੱਖੀ ਗਈ ਅਤੇ ਸ਼ਹਿਰ ਦੇ ਮੇਅਰ ਤੋਂ ਇਹਦੀ ਇਜ਼ਾਜਤ ਵੀ ਲੈ ਲਈ ਗਈ।

ਮਜ਼ਦੂਰਾਂ 'ਚ ਅਥਾਹ ਗੁੱਸਾ ਤੇਰੋਸ ਸੀ ਅਤੇ ਸ਼ਾਮੀਂ ਹੀ ਮਜ਼ਦੂਰ ਕਾਫ਼ਲੇ ਬੰਨ੍ਹ ਕੇ ਸਬੰਧਤ ਜਗ੍ਹਾ ਉਤੇ ਜੁੜਨੇ ਸ਼ੁਰੂ ਹੋ ਗਏ। ਰਾਤ ਦੇ ਅੱਠ ਵਜੇ ਰਾਤ ਸ਼ੁਰੂ ਹੋਈ ਇਸ ਰੈਲੀ 'ਚ ਲਗਭਗ 3000 ਤੋਂ ਉਤੇ ਮਜ਼ਦੂਰ ਇਕੱਠੇ ਹੋਏ ਜਿਸ ਨੂੰ ਮਜ਼ਦੂਰ ਆਗੂ ਪਾਰਸ਼ਨ ਅਤੇ ਸਪਾਈਸ ਨੇ ਸੰਬੋਧਨ ਕੀਤਾ। ਉਨ੍ਹਾਂ ਮਜ਼ਦੂਰਾਂ ਨੂੰ ਕਿਹਾ ਕਿ ਉਹ ਇਕਜੁਟ ਅਤੇ ਜਥੇਬੰਦ ਹੋ ਕੇ ਪੁਲਿਸ ਤਸ਼ੱਦਦ ਦਾ ਮੁਕਾਬਲਾ ਕਰਨ। ਤੀਸਰਾ ਮਜ਼ਦੂਰ ਆਗੂ ਸੈਮੂਅਲ ਫੀਲਡੇਨ ਜਦੋਂ ਬੋਲਣ ਲਈ ਖੜ੍ਹਾ ਹੋਇਆ ਤਾਂ ਰਾਤ ਦੇ ਦਸ ਵਜ ਚੁੱਕੇ ਸਨ ਅਤੇ ਬੂੰਦਾ ਬਾਂਦੀ ਸ਼ੁਰੂ ਹੋ ਗਈ ਸੀ। ਇਸ ਮੌਕੇ ਸਪਾਈਸ ਅਤੇ ਪਾਰਸਨ ਆਪਣੇ ਪਰਿਵਾਰਾਂ ਸਮੇਤ ਉਥੇ ਜਾ ਚੁੱਕੇ ਸਨ। ਭੀੜ ਵੀ ਘੱਟ ਗਈ ਸੀ। ਰੈਲੀ ਲਗਭਗ ਖਿੰਡਣ ਵਾਲੀ ਹੀ ਸੀ ਤਾਂ ਐਨ ਉਸ ਸਮੇਂ ਬਦਨਾਮ ਕੈਪਟਨ ਬਾਨਫੀਲਡ ਦੀ ਅਗਵਾਈ ਹੇਠ ਪੁਲਿਸ ਦੀ ਧਾੜ ਦਨਦਨਾਉਂਦੀ ਹੋਈ ਰੈਲੀ ਵਾਲੀ ਥਾਂ ਉਤੇ ਪਹੁੰਚ ਗਈ ਅਤੇ ਰੈਲੀ ਵਿਚ ਸ਼ਾਮਲ ਲੋਕਾਂ ਨੂੰ ਫੌਰਨ ਖਿੰਡ ਜਾਣ ਦਾ ਹੁਕਮ ਦਿੱਤਾ। ਸੈਮੂਅਲ ਨੇ ਪੁਲਿਸ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਇਹ ਰੈਲੀ ਸ਼ਾਂਤੀਪੂਰਨ ਹੈ ਕਿ ਕਿਸੇ ਨੇ ਰੈਲੀ ਵਿਚ ਬੰਬ ਸੁੱਟ ਦਿੱਤਾ। ਇਹ ਵਿਸ਼ਵਾਸ ਪਾਇਆ ਜਾਂਦਾ ਸੀ ਕਿ ਬੰਬ ਚਲਾਵੁਣ ਵਾਲਾ ਪੁਲਿਸ ਦਾ ਜਾਂ ਪੂੰਜੀਪਤੀਆਂ ਦਾ ਜ਼ਰਖਰੀਦ ਗੁੰਡਾ ਜਾਂ ਭਾੜੇ ਦਾ ਟੱਟੂ ਹੀ ਸੀ। ਇਕ ਪੁਲਿਸ ਸਿਪਾਹੀ ਮਾਰਿਆ ਗਿਆ ਅਤੇ ਪੰਜ ਜ਼ਖ਼ਮੀ ਹੋਏ। ਇਸ ਪਿਛੋਂ ਪੁਲਿਸ ਨੇ ਸਾਰੇ ਚੌਂਕ ਨੂੰ ਘੇਰ ਲਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਹਨੇ ਵੀ ਭੱਜਣ ਦੀ ਕੋਸ਼ਿਸ਼ ਕੀਤੀ ਉਸ ਉਤੇ ਗੋਲੀਆਂ ਚਲਾਈਆਂ ਅਤੇ ਡਾਂਗਾਂ ਦਾ ਮੀਂਹ ਵਰ੍ਹਾ ਦਿੱਤਾ। ਇਸ ਜਬਰ ਤਸ਼ੱਦਦ ਵਿਚ ਛੇ ਮਜ਼ਦੂਰ ਮਾਰੇ ਗਏ ਅਤੇ 200 ਦੇ ਕਰੀਬ ਮਜ਼ਦੂਰ ਜ਼ਖ਼ਮੀ ਹੋ ਗਏ। ਆਪਣੇ ਖ਼ੂਨ ਰੱਤੇ ਕੱਪੜੇ ਲਾਹ ਕੇ ਮਜ਼ਦੂਰਾਂ ਨੇ ਡੰਡਾ ਬਣਾ ਲਿਆ। ਖ਼ੂਨ ਨਾਲ ਰੱਤਿਆ ਲਾਲ ਡੰਡਾ।

ਇਸ ਘਟਨਾ ਤੋਂ ਪਿਛੋਂ ਸਮੁੱਚਾ ਸ਼ਿਕਾਗੋ ਸ਼ਹਿਰ ਪੁਲਿਸ ਕਹਿਰ ਦਾ ਨਿਸ਼ਾਨਾ ਬਣਿਆ, ਮਜ਼ਦੂਰ ਬਸਤੀਆਂ, ਮਜ਼ਦੂਰ ਯੂਨੀਅਨਾਂ ਦੇ ਦਫ਼ਤਰ, ਛਾਪੇਖਾਨੇ ਆਦਿ ਪੁਲਿਸ ਜ਼ਬਰ ਦਾ ਨਿਸ਼ਾਨਾ ਬਣੇ। ਸੈਂਕੜੇ ਬੇਗੁਨਾਹ ਮਜ਼ਦੂਰਾਂ ਨੂੰ ਕੁੱਟਿਆ ਮਾਰਿਆ ਗਿਆ। ਹਜ਼ਾਰਾਂ ਗ੍ਰਿਫ਼ਤਾਰ ਕਰ ਲਏ ਗਏ। ਅੱਠ ਮਜ਼ਦੂਰ ਆਗੂਆਂ-ਅਲਬਰਟ ਪਾਰਸ਼ਨ, ਅਗਸਤ ਸਪਾਈਸ, ਜਾਰਜ ਏਂਜਲ, ਐਡਲਨ ਫਿਸਰ, ਸੈਮੂਅਲ ਫੀਲਡਮੈਨ, ਮਾਈਕਲ ਸਵਾਬ, ਲੂਈਸ ਲਿੰਗਜ ਅਤੇ ਆਸਕਰ ਲੰਬੇ ਉਤੇ ਫਰਜ਼ੀ ਤੇ ਝੂਠਾ ਮੁੱਕਦਮਾ ਦਰਜ ਕਰਕੇ ਕੇਸ ਚਲਾ ਕੇ ਉਨ੍ਹਾਂ ਨੂੰ ਕਤਲ ਦਾ ਦੋਸ਼ੀ ਕਰਾਰ ਦਿੱਤਾ ਗਿਆ। ਇਨ੍ਹਾਂ ਵਿਚੋਂ ਸਿਰਫ਼ ਇਕ ਹੀ ਸੈਮੂਅਲ ਫੀਲਡਮੈਨ ਹੀ ਬੰਬ ਚੱਲਣ ਸਮੇਂ ਘਟਨਾ ਸਥਾਨ ਉਤੇ ਮੌਜੂਦ ਸੀ। ਜਦੋਂ ਮੁਕੱਦਮਾ ਸ਼ੁਰੂ ਹੋਇਆ ਤਾਂ ਸਿਰਫ਼ ਸੱਤ ਆਗੂ ਹੀ ਕਟਹਿਰੇ ਵਿਚ ਸਨ। ਡੇਢ ਮਹੀਨੇ ਤੋਂ ਫਰਾਰ ਅਲਬਰਟ ਪਾਰਸਨ ਮਜ਼ਦੂਰਾਂ ਦੇ ਹੱਕ ਵਿਚ ਖ਼ੁਦ ਅਦਾਲਤ ਵਿਚ ਆਇਆ ਅਤੇ ਜੱਜ ਨੂੰ ਕਿਹਾ ਕਿ "ਮੈਂ ਆਪਣੇ ਬੇਕਸੂਰ ਸਾਥੀਆਂ ਦੇ ਨਾਲ ਕਟਹਿਰੇ ਵਿਚ ਖੜ੍ਹਾ ਹੋਣ ਲਈ ਆਇਆ ਹਾਂ।"

ਇਸ ਮੁਕੱਦਮੇ ਦੇ ਲੰਬੇ ਨਾਟਕ ਤੋਂ ਪਿਛੋਂ ਆਖਰ 20 ਅਗਸਤ 1887 ਨੂੰ ਸ਼ਿਕਾਗੋ ਦੀ ਅਦਾਲਤ ਨੇ ਸੱਤ ਮਜ਼ਦੂਰ ਆਗੂਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ ਨੱਬੇ ਨੂੰ ਪੰਦਰਾਂ ਸਾਲ ਦੀ ਬਾਮਸ਼ਕਤ ਜੇਲ੍ਹ ਦੀ ਸਜ਼ਾ ਸੁਣਾਈ। ਸਪਾਈਸ ਨੇ ਅਦਾਲਤ ਵਿਚ ਗੜਕਵੀਂ ਆਵਾਜ਼ 'ਚ ਕਿਹਾ, "ਜੇ ਤੁਸੀਂ ਸੋਚਦੇ ਹੋ ਕਿ ਸਾਨੂੰ ਫਾਂਸੀ ਉਤੇ ਲਟਕਾ ਤੁਸੀਂ ਮਜ਼ਦੂਰ ਅੰਦੋਲਨ ਨੂੰ, ਗਰੀਬੀ ਅਤੇ ਬਦਹਾਲੀ ਵਿਚ ਹੱਡਭੰਨਵੀਂ ਮਿਹਨਤ ਕਰਨ ਵਾਲੇ ਲੱਖਾਂ ਲੋਕਾਂ ਦੇ ਅੰਦੋਲਨ ਨੂੰ ਕੁਚਲ ਦਿਓਗੇ, ਜੇ ਇਹੋ ਤੁਹਾਡੀ ਰਾਏ ਤਾਂ ਖ਼ੁਸ਼ੀ ਨਾਲ ਸਾਨੂੰ ਫਾਂਸੀ ਦੇ ਦਿਓ। ਪਰ ਯਾਦ ਰੱਖਿਓ ਅੱਜ ਤੁਸੀਂ ਜਿਸ ਚਿੰਗਿਆੜੀ ਨੂੰ ਕੁਚਲ ਰਹੇ ਹੋ, ਇਹ ਐਧਰ ਉਧਰ, ਤੁਹਾਡੇ ਪਿਛੇ ਤੁਹਾਡੇ ਸਾਹਮਣੇ, ਹਰ ਪਾਸੇ ਇਹ ਦੀਆਂ ਲਪਟਾਂ ਭੜਕ ਉਠਣਗੀਆਂ। ਇਹ ਜੰਗਲ ਦੀ ਅੱਗ ਹੈ। ਤੁਸੀਂ ਇਸ ਨੂੰ ਕਦੇ ਵੀ ਨਹੀਂ ਬੁਝਾ ਸਕੋਗੇ।"

ਸਮੁੱਚੇ ਅਮਰੀਕਾ ਸਮੇਤ ਯੂਰਪ ਤੇ ਦੁਨੀਆਂ ਦੇ ਦੇਸ਼ਾਂ ਵਿਚ ਜਿਥੇ ਜਿਥੇ ਉਨ੍ਹੀਂ ਦਿਨੀਂ ਇਸ ਕਰੂਰ ਫੈਸਲੇ ਦੀ ਖ਼ਬਰ ਪਹੁੰਚੀ ਮਜ਼ਦੂਰਾਂ ਦਾ ਗੁੱਸਾ ਭੜਕ ਉਠਿਆ ਇਸ ਰੋਸ ਲਹਿਰ ਦਾ ਹੀ ਸਿੱਟਾ ਸੀ ਕਿ ਫੀਲਡੈਨ ਅਤੇ ਸਵਾਬ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਗਈ। 10 ਨਵੰਬਰ 1887 ਨੂੰ ਸਭ ਤੋਂ ਛੋਟੀ ਉਮਰ ਦੇ ਆਗੂ ਲੂਈਸ ਲਿੰਗਜ ਨੇ ਜੇਲ੍ਹ ਦੀ ਫਾਸ਼ੀ ਕੋਠੜੀ ਵਿਚ ਆਤਮ ਹੱਤਿਆ ਕਰ ਲਈ।

11 ਨਵੰਬਰ 1887 ਮਜ਼ਦੂਰ ਵਰਗ ਦੇ ਇਤਿਹਾਸ ਵਿਚ ਕਾਲਾ ਦਿਨ ਸੀ। ਇਹਨੂੰ ਕਾਲਾ ਸ਼ੁੱਕਰਵਾਰ ਵੀ ਕਿਹਾ ਜਾਂਦਾ ਹੈ। ਪਾਰਸਨਜ਼, ਸਪਾਈਸ, ਏਜੰਲ ਤੇ ਫਿਸ਼ਰ ਨੂੰ ਸ਼ਿਕਾਗੋ ਦੀ ਕੁਕ ਕਾਊਂਟੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

ਇਸ ਘਟਨਾ ਮੌਕੇ ਮੌਜੂਦ ਇਕ ਪੱਤਰਕਾਰ ਨੇ ਇਸ ਨੂੰ ਆਪਣੇ ਸ਼ਬਦਾਂ ਵਿਚ ਇਉਂ ਬਿਆਨਿਆ ਸੀ, ਜੋ ਉਹਨੇ ਅੱਖੀਂ ਦੇਖਿਆ, "ਚਾਰੇ ਮਜ਼ਦੂਰ ਆਗੂ ਇਨਕਲਾਬੀ ਗੀਤ ਗਾਉਂਦੇ ਫਾਂਸੀ ਦੇ ਤਖ਼ਤੇ ਤੱਕ ਪਹੁੰਚੇ ਅਤੇ ਸ਼ਾਨ ਨਾਲ ਆਪਣੀ ਆਪਣੀ ਥਾਂ ਉਤੇ ਖੜ੍ਹੇ ਹੋ ਗਏ। ਫਾਂਸੀ ਦੇ ਰੱਸੇ ਉਨ੍ਹਾਂ ਦੀਆਂ ਧੌਣਾਂ ਵਿਚ ਪਾ ਦਿੱਤੇ ਗਏ। ਸਪਾਈਸ ਦਾ ਫੰਦਾ ਜ਼ਿਆਦਾ ਮੁਸਕਰਾਉਂਦਿਆਂ ਹੋਇਆਂ ਧੰਨਵਾਦ ਕੀਤਾ। ਫਿਰ ਸਪਾਈਸ ਨੇ ਨਿਡਰ ਆਵਾਜ਼ 'ਚ ਕਿਹਾ, "ਇਕ ਸਮਾਂ ਆਊਗਾ ਜਦੋਂ ਸਾਡੀ ਖਾਮੋਸ਼ੀ ਉਨ੍ਹਾਂ ਆਵਾਜ਼ਾਂ ਨਾਲੋਂ ਜ਼ਿਆਦਾ ਤਾਕਤਵਰ ਹੋਵੇਗੀ ਜਿਹਨੂੰ ਤੁਸੀਂ ਅੱਜ ਦਬਾਅ ਕੇ ਸੁੱਟ ਰਹੇ ਹੋ।" ਫਿਰ ਪਾਰਸਨ ਨੇ ਬੋਲਣਾ ਸ਼ੁਰੂ ਕੀਤਾ। "ਮੇਰੀ ਗੱਲ ਸੁਣੋ ਅਮਰੀਕਾ ਦੇ ਲੋਕੋ! ਮੇਰੀ ਗੱਲ ਸੁਣ ਲਓ, ਲੋਕਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕੇਗਾ", ਐਨ ਉਸੇ ਸਮੇਂ ਤਖ਼ਤਾ ਖਿੱਚ ਲਿਆ ਗਿਆ।

13 ਨਵੰਬਰ 87 ਨੂੰ ਸ਼ਿਕਾਗੋ ਸ਼ਹਿਰ ਵਿਚ ਚਹੁੰਆਂ ਮਜ਼ਦੂਰ ਆਗੂਆਂ ਦੀ ਸੁਣ ਯਾਤਰਾ ਇਕ ਰੈਲੀ ਵਿਚ ਬਦਲ ਗਈ। ਲਗਭਗ 5 ਲੱਖ ਤੋਂ ਵਧੇਰੇ ਲੋਕ ਇਨ੍ਹਾਂ ਨਾਇਕਾਂ ਨੂੰ ਆਖਰੀ ਸਲਾਮ ਦੇਣ ਦੇ ਲਈ ਸੜਕਾਂ ਉਤੇ ਨਿਕਲ ਆਏ।

ਜਬਰ ਅਤੇ ਸਮੁੱਚੇ ਹਕੂਮਤੀ ਹੱਥਕੰਡਿਆਂ ਦੇ ਬਾਵਜੂਦ ਅਤੇ ਮਜ਼ਦੂਰਾਂ ਨੂੰ ਖ਼ੂਨ ਦੇ ਸਮੁੰਦਰ ਵਿਚ ਡੁਬੋ ਦੇਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਜ਼ਦੂਰ ਅੰਦੋਲਨਾਂ ਦਾ ਸਿਲਸਿਲਾ ਲਗਾਤਾਰ ਅੱਗੇ ਵਧਦਾ ਗਿਆ। ਦੁਨੀਆ ਵਿਚ ਅਲੱਗ-ਅਲੱਗ ਦੇਸ਼ਾਂ ਵਿਚ ਅੱਠ ਘੰਟੇ ਦੇ ਕੰਮ ਦੇ ਦਿਨਾਂ ਦੀ ਮੰਗ ਨੂੰ ਲੈ ਕੇ ਅੰਦੋਲਨ ਹੁੰਦੇ ਰਹੇ ਜਿਸ 'ਚ ਨਾਅਰਾ ਸੀ-ਅੱਠ ਘੰਟੇ ਕੰਮ, ਅੱਠ ਘੰਟੇ ਆਰਾਮ ਅੱਠ ਘੰਟੇ ਮਨੋਰੰਜਨ। ਭਾਰਤ ਵਿਚ 1862 ਵਿਚ ਮਜ਼ਦੂਰਾਂ ਨੇ ਇਸ ਮੰਗ ਨੂੰ ਲੈ ਕੇ ਕੰਮ ਬੰਦ ਕੀਤਾ ਸੀ। ਪਰ ਪਹਿਲੀ ਵੇਰ ਇਸ ਦੀ ਸ਼ੁਰੂਆਤ ਅਮਰੀਕਾ ਦੇ ਮਜ਼ਦੂਰਾਂ ਦੇ ਨਹੀ ਕੀਤੀ ਸੀ।

ਤਿੰਨ ਸਾਲ ਪਿਛੋਂ 1889 ਵਿਚ ਮਜ਼ਦੂਰ ਅੰਦੋਲਨ ਦੇ ਆਗੂਆਂ ਨੇ ਇਸ ਦਿਨ ਨੂੰ ਕੌਮਾਤਰੀ ਮਜ਼ਦੂਰ ਦਿਨ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ। ਉਦੋਂ ਤੋਂ ਪਹਿਲੀ ਮਈ ਮਜ਼ਦੂਰ ਸੰਘਰਸ਼ਾਂ ਦੇ ਪ੍ਰਤੀਕ ਦੇ ਰੂਪ ਵਿਚ ਮਨਾਉਣ ਦੀ ਰਵਾਇਤ ਸ਼ੁਰੂ ਹੋਈ ਸੀ। ਇਸ ਦਿਨ ਮਜ਼ਦੂਰ ਆਪਣੀ ਇਕਜੁਟਤਾ ਅਤੇ ਪੂੰਜੀਵਾਦ ਤੋਂ ਮੁਕਤ ਇਕ ਚੰਗੇਰੇ ਬਰਾਬਰੀ ਵਾਲੇ ਸਮਾਜ ਸਿਰਜਨ ਦਾ ਅਹਿਦ ਕਰਦੇ ਹਨ ਅਤੇ ਇਸ ਤੋਂ ਪ੍ਰੇਰਣਾ ਲੈਂਦੇ ਹਨ।

1890 ਵਿਚ ਪਹਿਲੀ ਵੇਰ ਦੁਨੀਆਂ ਭਰ ਦੇ ਵੱਖ-ਵੱਖ ਸ਼ਹਿਰਾਂ ਵਿਚ ਇਕ ਮਈ ਦਾ ਇਕ ਮਜ਼ਦੂਰਾਂ ਨੇ ਮਨਾਇਆ ਅਤੇ ਫਿਰ 1891 ਨੂੰ ਪਹਿਲੀ ਮਈ ਦਾ ਇਕ 8 ਘੰਟੇ ਦੇ ਕੰਮ ਦਾ ਨਾਲ-ਨਾਲ ਕੰਮਾਂ ਵਿਚ ਅਮਨ ਦੀ ਗਾਰੰਟੀ ਦੇ ਦਿਨ ਵਜੋਂ ਵੀ ਮਨਾਇਆ ਗਿਆ।

ਯਾਦ ਰਹੇ 1892 ਵਿਚ ਗਵਰਨਰ ਜੌਹਨ ਪੀਟਰ ਨੂੰ 6000 ਦਸਤਖ਼ਤਾਂ ਵਾਲੀ ਇਕ ਪਟੀਸ਼ਨ ਮਿਲੀ ਸੀ ਜਿਸ 'ਚ ਨੀਧ ਫਿਲਡੇਨ, ਮਾਈਕਲ ਆਦਿ ਦੀ ਸਜ਼ਾ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਸ ਮੁਕੱਦਮੇ ਦੀ ਫਿਰ ਜਾਂਚ ਪੜਤਾਲ ਹੋਈ ਅਤੇ ਲੰਮੇ ਸਮੇਂ ਦੀ ਜਾਂਚ ਪਿਛੋਂ 26 ਜੂਨ 1893 ਨੂੰ ਫਾਂਸੀ ਚਾੜ੍ਹੇ ਚਹੁੰ ਆਗੂਆਂ ਨੂੰ ਨਿਰਦੋਸ਼ ਸਾਬਤ ਕੀਤਾ ਅਤੇ ਨਾਲ ਹੀ ਦੂਸਰੇ ਆਗੂਆਂ ਨੂੰ ਹਰ ਪੱਖੋਂ ਨਿਰਦੋਸ਼ ਪਾਇਆ ਗਿਆ।

ਵਿਸ਼ਵ ਮਜ਼ਦੂਰ ਲਹਿਰ ਦੀ ਤਾਕਤ ਨੇ 8 ਘੰਟੇ ਕੰਮ ਦੇ ਦਿਨ ਦੀ ਮੰਗ ਨੂੰ ਨਾ ਸਿਰਫ਼ ਮਨਵਾ ਵੀ ਲਿਆ ਸਗੋਂ ਅਕਤੂਬਰ 1917 ਵਿਚ ਪਹਿਲੇ ਮਜ਼ਦੂਰ ਰਾਜ ਦੀ ਸਿਰਜਨਾ ਕਰਕੇ ਪੂੰਜੀਵਾਦੀ ਲੁੱਟ ਤੇ ਜ਼ਬਰ ਦੇ ਮੁਕਾਬਲੇ ਇਕ ਬਿਹਤਰੀਨ ਮਜ਼ਦੂਰ ਹਿੱਦੂ ਰਾਜ ਦੀ ਰਚਨਾ ਵੀ ਕੀਤੀ।

ਅੱਜ ਡੇਢ ਸੌ ਸਾਲ ਦੇ ਮਜ਼ਦੂਰ ਜਮਾਤ ਦੇ ਲਾਮਿਸਾਲ ਸਫ਼ਰ ਤੋਂ ਪਿਛੋਂ ਪੂੰਜੀ ਆਪਣੇ ਵੱਧ ਜਾਬਰ ਦੈਂਤ ਦੇ ਰੂਪ ਵਿਚ ਸਾਡੇ ਸਾਹਮਣੇ ਚੈਲਿੰਜ ਬਣੀ ਖੜ੍ਹੀ ਹੈ। ਮੌਜੂਦਾ ਕਾਰਪੋਰੇਟੀ ਪੂੰਜੀ ਜਿਹਨੇ ਪੂੰਜੀ ਦੇ ਇਕੱਤਰੀਕਰਨ ਤੇ ਮੁਨਾਫ਼ੇ ਦੀਆਂ ਉਹ ਸਾਰੀਆਂ ਹੱਦਾਂ ਉਲੰਘ ਸੁੱਟੀਆਂ ਹਨ ਅਤੇ ਇਕ ਵਿਸ਼ਵੀ ਵਿਨਾਸ਼ਮਈ ਚਿਹਰਾ ਲੈ ਕੇ ਖੜ੍ਹੀ ਹੈ। ਵਿਰੁੱਧ ਮਜ਼ਦੂਰ ਜਮਾਤ ਦੀ ਇਕ ਲੰਬੀ ਤੇ ਸਿਰੜੀ ਲੜਾਈ ਦਾ ਕਾਰਜ ਖੜ੍ਹਾ ਹੈ। ਅਜੋਕੀ ਕਾਰਪੋਰੇਟੀ ਪੂੰਜੀ ਡੇਢ ਸੌ ਸਾਲ ਪਿਛੋਂ ਫੇਰ ਮਜ਼ਦੂਰਾਂ ਤੋਂ 12 ਤੋਂ 18 ਘੰਟੇ ਕੰਮ ਕਰਵਾਉਣ ਲਈ ਮਜ਼ਬੂਰ ਕਰ ਰਹੀ ਹੈ ਅਤੇ ਇਕ ਗੈਰ ਮਾਨਵੀ ਸੰਸਾਰ ਦੀ ਰਚਨਾ ਕਰਨ ਉਤੇ ਤੁਲੀ ਹੋਈ ਹੈ।

133 ਸਾਲ ਪਹਿਲਾਂ ਸ਼ਿਕਾਗੋ ਸ਼ਹਿਰ ਦੇ ਮਜ਼ਦੂਰਾਂ ਦੀ ਇਕਜੁਟਤਾ ਸਿਰੜ ਤੇ ਦਲੇਰੀ ਅਤੇ ਆਪਾ ਵਾਰੂ ਕੁਰਬਾਨੀ ਸਾਡੇ ਅਜੋਕੇ ਮਜ਼ਦੂਰਾਂ ਸੰਘਰਸ਼ਾਂ ਲਈ ਅੱਜ ਵੀ ਪ੍ਰੇਰਣਾਦਾਇਕ ਹੈ। ਜਿਵੇਂ ਸ਼ਿਕਾਗੋ ਦੇ ਮਜ਼ਦੂਰ ਆਗੂਆਂ ਨੇ ਆਪਣੀ ਵਿਚਾਰਧਾਰਕ ਪ੍ਰਪੱਕਤਾ ਦਾ ਇਜ਼ਹਾਰ ਕਰਦਿਆਂ ਪੂੰਜੀ ਅਤੇ ਪੂੰਜੀ ਦੀ ਰਾਖੀ ਕਰਨ ਵਾਲੇ ਅਦਾਰਿਆਂ ਤੇ ਅਦਾਲਤਾਂ ਨੂੰ ਬੇਪਰਦ ਕੀਤਾ ਅਤੇ ਲਲਕਾਰਿਆ ਅੱਜ ਦੇ ਮਜ਼ਦੂਰ ਆਗੂਆਂ ਨੂੰ ਉਹੋ ਜਿਹੀ ਵਿਚਾਰਧਾਰਕ ਪ੍ਰਪੱਕਤਾ ਅਤੇ ਬੌਧਿਕ ਨਿਡਰਤਾ ਨਾਲ ਲੈਸ ਹੋਣਾ ਪਵੇਗਾ ਤਾਂ ਕਿ ਮੌਜੂਦਾ ਮਜ਼ਦੂਰ ਵਰਗ ਦੀ ਮੁਕਤੀ ਦੀ ਲੜਾਈ ਨੂੰ ਹੋਰ ਅੱਗੇ ਲਿਜਾਇਆ ਜਾ ਸਕੇ। ਇਹੋ ਪਹਿਲੀ ਮਈ ਦੇ ਮਜ਼ਦੂਰਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸਾਕਾ ਜਲ੍ਹਿਆਂਵਾਲਾ ਸ਼ਤਾਬਦੀ ਮੌਕੇ

# ਸਾਮਰਾਜ ਖਿਲਾਫ਼ ਸੰਗਰਾਮ ਤੇਜ਼ ਕਰਨ ਦਾ ਸੱਦਾ





**ਅੰਮ੍ਰਿਤਸਰ/ਬਲਜਿੰਦਰ ਸਿੰਘ**

ਜਲ੍ਹਿਆਂਵਾਲਾ ਸਾਕੇ ਦੀ ਸ਼ਤਾਬਦੀ ਮੌਕੇ ਅੰਮ੍ਰਿਤਸਰ ਪੁੱਜੇ ਹਜ਼ਾਰਾਂ ਲੋਕਾਂ ਨੇ ਸਾਮਰਾਜੀ ਚੋਰ-ਗੁਲਾਮੀ ਤੋਂ ਮੁਲਕ ਦੀ ਮੁਕਤੀ ਲਈ ਸੰਗਰਾਮ ਤੇਜ਼ ਕਰਨ ਦਾ ਅਹਿਦ ਕਰਕੇ ਸਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ। ਪੰਜਾਬ ਦੀਆਂ ਉੱਘੀਆਂ ਜਨਤਕ ਸਖਸ਼ੀਅਤਾਂ 'ਤੇ ਅਧਾਰਿਤ ਜਲ੍ਹਿਆਂਵਾਲਾ ਸ਼ਤਾਬਦੀ ਸਮਾਗਮ ਕਮੇਟੀ, ਪੰਜਾਬ ਦੇ ਸੱਦੇ 'ਤੇ ਅੱਜ ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਹਜਾਰਾਂ ਲੋਕਾਂ ਨੇ ਪਹਿਲਾਂ ਰਣਜੀਤ ਐਵਿਨਿਊ 'ਚ ਕਾਨਫਰੰਸ ਕੀਤੀ ਤੇ ਫਿਰ 4 ਕਿ. ਮੀ. ਲੰਮੇ ਮਾਰਚ ਮਗਰੋਂ ਜਲ੍ਹਿਆਂਵਾਲਾ ਬਾਗ ਪੁੱਜ ਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਵਿਸ਼ਾਲ ਇਕੱਤਰਤਾ 'ਚ ਕਿਰਤੀ ਕਿਸਾਨਾਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨ-ਵਿਦਿਆਰਥੀਆਂ ਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਤੋਂ ਇਲਾਵਾ ਇਹਨਾਂ ਤਬਕਿਆਂ ਦੀਆਂ ਔਰਤਾਂ ਵੀ ਭਰਵੀਂ ਗਿਣਤੀ 'ਚ ਹਾਜ਼ਰ ਸਨ। ਇਹ ਵਿਸ਼ਾਲ ਇੱਕਠ ਪੰਜਾਬ ਭਰ 'ਚ ਮਹੀਨਾ ਲੰਮੀ ਚੱਲੀ ਜਨਤਕ ਮੁਹਿੰਮ ਦਾ ਸਿਖਰ ਸੀ ਜਿਸ ਦੌਰਾਨ ਪੰਜਾਬ ਦੇ ਸਭਨਾਂ ਖੇਤਰਾਂ 'ਚ ਸਮਾਗਮ ਦਾ ਸੰਦੇਸ਼ ਪ੍ਰਚਾਰਿਆ ਗਿਆ ਸੀ। ਇਸ ਕਮੇਟੀ ਵੱਲੋਂ ਲੱਖਾਂ ਦੀ ਗਿਣਤੀ 'ਚ ਹੱਥ ਪਰਚਾ ਤੇ ਪੋਸਟਰ ਜਾਰੀ ਕੀਤਾ ਗਿਆ ਸੀ ।

ਕਮੇਟੀ ਦੀ ਤਰਫੋਂ ਸੰਬੋਧਨ ਕਰਨ ਵਾਲੇ ਬੁਲਾਰਿਆਂ 'ਚ ਕੰਵਲਜੀਤ ਖੰਨਾ, ਝੰਡਾ ਸਿੰਘ ਜੇਠੂਕੇ, ਮਨਜੀਤ ਧਨੇਰ, ਜਗਮੇਲ ਸਿੰਘ, ਡਾ. ਪਰਮਿੰਦਰ, ਨਵਸ਼ਰਨ, ਬਲਦੇਵ ਸੜਕਨਾਮਾ. ਕੰਵਲਪ੍ਰੀਤ ਸਿੰਘ ਪੰਨੂ ਤੇ ਹਰਜਿੰਦਰ ਟਾਂਡਾ ਸ਼ਾਮਲ ਸਨ। ਅਮੋਲਕ ਸਿੰਘ ਦੀ ਮੰਚ ਸੰਚਾਲਨਾ 'ਚ ਹੋਏ ਸਮਾਗਮ 'ਚ ਬੁਲਾਰਿਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਕੌਮੀ ਸ਼ਹੀਦਾਂ ਦੇ ਸਾਮਰਾਜੀ ਗੁਲਾਮੀ ਤੋਂ ਮੁਕਤੀ ਦੇ ਅਧੂਰੇ ਕਾਰਜ ਲਈ ਆਪਣੇ ਸੰਘਰਸ਼ਾਂ ਨੂੰ ਤੇਜ ਕਰਨ ਅਤੇ ਸਾਮਰਾਜੀਆਂ ਤੇ ਉਹਨਾਂ ਦੇ ਦੇਸੀ ਦਲਾਲ ਹਾਕਮਾਂ ਖਿਲਾਫ ਸੇਧਤ ਕਰਨ। ਉਹਨਾਂ ਕਿਹਾ ਕਿ ਜਲ੍ਹਿਆਂਵਾਲਾ ਸਾਕਾ ਅੰਗਰੇਜ਼ੀ ਸਾਮਰਾਜ ਦੇ ਸਾਡੀ ਕੌਮ 'ਤੇ ਢਾਹੇ ਕਹਿਰ ਦਾ ਸਿਖਰਲਾ ਕਾਂਡ ਤਾਂ ਹੈ ਹੀ, ਪਰ ਨਾਲ ਹੀ ਇਹ ਸਾਡੇ ਲੋਕਾਂ ਵੱਲੋਂ ਸਾਮਰਾਜ ਖਿਲਾਫ ਬੇਖੌਫ ਜੂਝਣ ਦਾ ਚਿੰਨ੍ਹ ਵੀ ਹੈ। ਜਲ੍ਹਿਆਂਵਾਲੇ ਸਾਕੇ ਦੇ ਦੌਰ 'ਚ ਇਹ ਅਜਿਹਾ ਲੋਕ ਉਭਾਰ ਸੀ ਜਿਸਨੇ ਸਾਮਰਾਜੀਆਂ ਨੂੰ ਕੰਬਣੀ ਛੇੜ ਦਿੱਤੀ ਸੀ। ਅਜਿਹੀ ਲੋਕ ਨਾਬਰੀ ਨੂੰ ਕੁਚਲਣ ਲਈ ਹੀ ਅੰਗਰੇਜ ਹਾਕਮਾਂ ਨੇ ਇਹ ਕਤਲੇਆਮ ਰਚਿਆ ਸੀ, ਪਰ ਇਹ ਕਾਂਡ ਸਾਡੇ ਕੌਮੀ ਮੁਕਤੀ ਸੰਗਰਾਮ ਨੂੰ ਹੋਰ ਤੇਜ ਕਰਨ ਵਾਲਾ ਹੋ ਨਿਬੜਿਆ ਸੀ। ਅੱਜ 100 ਵਰ੍ਹੇ ਬਾਅਦ ਸ਼ਤਾਬਦੀ ਮਨਾਉਣ ਵੇਲੇ ਹਾਲਾਤ ਉਹਨਾਂ ਵੇਲਿਆਂ ਦੇ ਅੰਗਰੇਜੀ ਰਾਜ ਨਾਲੋਂ ਵੱਖਰੇ ਨਹੀਂ ਹਨ। ਅੱਜ ਮੁਲਕ 'ਤੇ ਸਾਮਰਾਜੀਆਂ ਤੇ ਉਹਨਾਂ ਦੇ ਦਲਾਲਾਂ ਦਾ ਰਾਜ ਹੈ। ਇਹ ਰਾਜ ਹਰ ਪੰਜਾਂ ਸਾਲਾਂ ਬਾਅਦ ਵੋਟਾਂ ਦਾ ਡਰਾਮਾ ਰਚ ਕੇ, ਜਮਹੂਰੀਅਤ ਦਾ ਦਿਖਾਵਾ ਕਰਦਾ ਹੈ ਜਦ ਕਿ ਲੋਕਾਂ ਦੀ ਰਜ਼ਾ ਨੂੰ ਕੁਚਲਣ ਲਈ ਉਵੇਂ ਹੀ ਕਾਲੇ ਕਾਨੂੰਨ ਹਨ। ਉਵੇਂ ਹੀ ਹੱਕੀ ਲੋਕ ਸੰਘਰਸ਼ਾਂ 'ਤੇ ਪਾਬੰਦੀਆਂ ਹਨ। ਬੀਤੇ ਤਿੰਨ ਦਹਾਕਿਆਂ ਤੋਂ ਮੁਲਕ ਦੇ ਦਲਾਲ ਹਾਕਮਾਂ ਨੇ ਲੋਕਾਂ 'ਤੇ ਸਾਮਰਾਜੀ ਸੰਸਾਰੀਕਰਨ ਦਾ ਹੱਲਾ ਪੂਰੇ ਵੇਗ ਨਾਲ ਵਿੱਢਿਆ ਹੋਇਆ ਹੈ ਜਿਸ ਤਹਿਤ ਸਾਮਰਾਜੀ ਬਹੁਕੌਮੀ ਕੰਪਨੀਆਂ ਦੀ ਮੁਲਕ ਦੇ ਹਰ ਖੇਤਰ 'ਤੇ ਜਕੜ ਹੋਰ ਮਜ਼ਬੂਤ ਹੁੰਦੀ ਜਾ ਰਹੀ ਹੈ। ਹਾਕਮਾਂ ਦੀ ਹਰ ਵੰਨਗੀ ਨੇ ਏਸੇ ਹਮਲੇ ਨੂੰ ਅੱਗੇ ਵਧਾਇਆ ਹੈ ਤੇ ਅੰਗਰੇਜਾਂ ਤੋਂ ਵਿਰਸੇ 'ਚ ਲਈ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲੇ ਹਨ। ਇੱਕ ਹੱਥ ਲੋਕਾਂ 'ਤੇ ਨਵੀਆਂ ਆਰਥਿਕ ਨੀਤੀਆਂ ਦਾ ਧਾਵਾ ਬੋਲਿਆ ਹੈ ਤੇ ਦੂਜੇ ਹੱਥ ਲੋਕਾਂ 'ਤੇ ਫਿਰਕਾਪ੍ਰਸਤੀ ਦਾ ਹੱਲਾ ਕੀਤਾ ਹੈ। ਵੱਖ ਵੱਖ ਧਰਮਾਂ-ਜਾਤਾਂ 'ਚ ਪਾਟਕਾਂ ਨੂੰ ਹਵਾ ਦਿੱਤੀ ਹੈ। ਹੁਣ ਲੋਕਾਂ 'ਤੇ ਅਖੌਤੀ ਆਰਥਿਕ ਸੁਧਾਰ ਮੜ੍ਹਨ ਲਈ ਫਿਰਕੂ-ਫਾਸ਼ੀ ਹਮਲੇ 'ਚ ਭਾਜਪਾ ਦੀ ਕੇਂਦਰੀ ਹਕੂਮਤ ਸਭ ਤੋਂ ਮੂਹਰੇ ਹੈ। ਜਿਸਨੇ ਹਾਕਮ ਜਮਾਤਾਂ ਦੇ ਲੁਟੇਰੇ ਰਾਜ ਦੇ ਹਰ ਤਰ੍ਹਾਂ ਭੁਲੇਖਾ-ਪਾਊ ਪਰਦਿਆਂ ਦੀ ਪ੍ਰਵਾਹ ਕੀਤੇ ਬਿਨਾਂ, ਲੋਕਾਂ ਦੀ ਹਰ ਪੱਖੋਂ ਜੁਬਾਨਬੰਦੀ ਦਾ ਅਮਲ ਅੱਗੇ ਵਧਾਇਆ ਹੈ। ਮੁਸਲਮਾਨ ਧਾਰਮਿਕ ਘੱਟ ਗਿਣਤੀ ਤੇ ਦਲਿਤ ਹਿੱਸੇ ਵਿਸ਼ੇਸ਼ ਕਰਕੇ ਇਸਦੇ ਹਮਲੇ ਹੇਠ ਰਹੇ ਹਨ। ਹੁਣ ਵੋਟਾਂ ਦੀ ਫਸਲ ਕੱਟਣ ਲਈ ਅਤੇ ਦਬਾਈ ਹੋਈ ਕਸ਼ਮੀਰੀ ਕੌਮੀਅਤ ਦੇ ਹੱਕੀ ਸੰਘਰਸ਼ ਨੂੰ ਕੁਚਲਣ ਲਈ ਫਿਰਕੂ ਰਾਸ਼ਟਰਵਾਦ ਦਾ ਹੱਲਾ ਲੋਕਾਂ 'ਤੇ ਬੋਲਿਆ ਗਿਆ ਹੈ। ਪਾਕਿਸਤਾਨ ਖਿਲਾਫ, ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਖਿਲਾਫ ਤੇ ਕਸ਼ਮੀਰੀ ਲੋਕਾਂ ਖਿਲਾਫ ਮੁਲਕ 'ਚ ਅੰਨ੍ਹੀਂ ਦੇਸ਼ ਭਗਤੀ ਨੂੰ ਹਵਾ ਦੇ ਕੇ ਕਈ ਸ਼ਿਕਾਰ ਖੇਡਣ ਦਾ ਯਤਨ ਕੀਤਾ ਗਿਆ ਹੈ। ਜੰਗੀ ਜਨੂੰਨ ਦਾ ਮਹੌਲ ਸਿਰਜ ਕੇ, ਮੁਲਕ ਦੇ ਆਦਿਵਾਸੀ ਖੇਤਰਾਂ 'ਚ, ਕਸ਼ਮੀਰ ਤੇ ਉੱਤਰ-ਪੂਰਬ ਦੇ ਰਾਜਾਂ 'ਚ ਫੌਜੀ ਕਾਰਵਾਈਆਂ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸ ਤੋਂ ਵੀ ਅੱਗੇ, ਅਮਰੀਕੀ ਸਾਮਰਾਜ ਦੀਆਂ ਨਿਹੱਕੀਆਂ ਜੰਗਾਂ ਲਈ ਹੋਰਨਾਂ ਧਰਤੀਆਂ 'ਤੇ ਭਾਰਤੀ ਫੌਜਾਂ ਭੇਜਣ ਦੀ ਵਾਜਬੀਅਤ ਬਣਾਉਣੀ ਹੈ। ਉਹਨਾਂ ਕਿਹਾ ਕਿ ਭਾਰਤੀ ਹਾਕਮਾਂ ਦੀ ਸਾਮਰਾਜੀ ਚਾਕਰੀ ਵਾਲੀ ਇਸ ਫਿਰਕੂ ਤੇ ਅੰਨ੍ਹੀਂ ਦੇਸ਼ ਭਗਤੀ ਨੂੰ ਰੱਦ ਕਰਦਿਆਂ ਅੱਜ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਵੱਲੋਂ ਦਰਸਾਈ ਸਾਮਰਾਜ ਵਿਰੋਧੀ ਖਰੀ ਦੇਸ਼ ਭਗਤੀ ਨੂੰ ਬੁਲੰਦ ਕਰਨਾ ਚਾਹੀਦਾ ਹੈ। ਅੱਜ ਭਾਰਤੀ ਹਾਕਮਾਂ ਦੇ ਸਾਮਰਾਜੀ ਸੰਸਾਰੀਕਰਨ ਦੇ ਧਾਵੇ ਖਿਲਾਫ ਡਟਣਾ, ਕਾਲੇ ਕਾਨੂੰਨਾਂ ਖਿਲਾਫ ਡਟਣਾ, ਕਿਰਤੀ ਕਿਸਾਨਾਂ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਦੇ ਹੱਕਾਂ ਲਈ ਡਟਣਾ ਤੇ ਮੁਲਕ 'ਚੋਂ ਸਾਮਰਾਜੀਆਂ ਤੇ ਉਹਨਾਂ ਦੇ ਦਲਾਲਾਂ (ਵੱਡੇ ਸਰਮਾਏਦਾਰਾਂ ਤੇ ਭੋਂ-ਸਰਦਾਰਾਂ) ਦੇ ਲੁਟੇਰੇ ਰਾਜ ਖਿਲਾਫ ਜੂਝਣਾ ਹੀ ਸੱਚੀ ਦੇਸ਼ ਭਗਤੀ ਹੈ। ਅੱਜ ਦੇ ਮੰਚ ਤੋਂ ਇਹ ਸੰਦੇਸ਼ ਵੀ ਦਿੱਤਾ ਗਿਆ ਕਿ ਮੁਲਕ ਦੇ ਹਾਕਮਾਂ ਵੱਲੋਂ ਵੋਟਾਂ ਦੀ ਖੇਡ ਰਾਹੀਂ ਲੋਕਾਂ ਦੀ ਆਪਸੀ ਸਾਂਝ ਤੇ ਭਾਈਚਾਰਕ ਮਾਹੌਲ ਨੂੰ ਚੀਰਾ ਦਿੱਤਾ ਜਾ ਰਿਹਾ ਹੈ ਤੇ ਲੋਕਾਂ ਦੇ ਹਕੀਕੀ ਮੁੱਦਿਆਂ ਨੂੰ ਰੋਲ ਕੇ, ਨਕਲੀ ਤੇ ਭਰਮਾਊ ਕਿਸਮ ਦੇ ਮਸਲਿਆਂ ਨੂੰ ਉਭਾਰਿਆ ਜਾ ਰਿਹਾ ਹੈ। ਇਸ ਖੇਡ ਤੋਂ ਸੁਚੇਤ ਹੁੰਦਿਆਂ ਲੋਕਾਂ ਨੂੰ ਆਪਣੇ ਹੱਕੀ ਮਸਲਿਆਂ ਨੂੰ ਉਭਾਰਦੇ ਹੋਏ, ਰਾਜ ਭਾਗ 'ਚ ਬੁਨਿਆਦੀ ਤਬਦੀਲੀ ਲਈ ਸੰਘਰਸ਼ਾਂ ਦਾ ਝੰਡਾ ਉੱਚਾ ਕਰਨਾ ਚਾਹੀਦਾ ਹੈ।

ਕਮੇਟੀ ਮੈਂਬਰਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਰੋਜ਼ਮਰ੍ਹਾ ਦੇ ਤਬਕਾਤੀ ਸੰਘਰਸ਼ਾਂ ਨੂੰ ਅਖੌਤੀ ਆਰਥਕ ਸੁਧਾਰਾਂ ਨੂੰ ਵਾਪਸ ਲੈਣ, ਜ਼ਮੀਨ ਤੇ ਰੁਜ਼ਗਾਰ ਦਾ ਬੁਨਿਆਦੀ ਹੱਕ ਲੈਣ, ਸ਼ਾਹੂਕਾਰਾ ਕਾਰੋਬਾਰਾਂ ਦਾ ਖਾਤਮਾ ਕਰਨ, ਵੱਡੀਆਂ ਕੰਪਨੀਆਂ ਦੇ ਮੁਨਾਫਿਆਂ 'ਤੇ ਰੋਕ ਲਾਉਣ, ਉਹਨਾਂ ਦਾ ਸਰਮਾਇਆ ਜਬਤ ਕਰਨ, ਸਾਮਰਾਜੀਆਂ ਨਾਲ ਕੀਤੀਆਂ ਸੰਧੀਆਂ ਰੱਦ ਕਰਨ ਆਦਿ ਦੀਆਂ ਅਹਿਮ ਮੰਗਾਂ ਤੱਕ ਲੈ ਕੇ ਜਾਣ ਤੇ ਇਸਨੂੰ ਰਾਜ-ਭਾਗ ਦੀ ਤਬਦੀਲੀ ਦੇ ਸੰਘਰਸ਼ 'ਚ ਪਲਟਣ ਦੀ ਦਿਸ਼ਾ ਅਖਤਿਆਰ ਕਰਨ। ਇਹੀ ਜਲ੍ਹਿਆਂਵਾਲੇ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਬਣਦੀ ਹੈ। ਸਮਾਗਮ ਕਮੇਟੀ ਨੇ ਐਲਾਨ ਕੀਤਾ ਕਿ ਪੂਰਾ ਵਰਾ ਸ਼ਤਾਬਦੀ ਮੁਹਿੰਮ ਸੰਭਵ ਸ਼ਕਲਾਂ ਰਾਹੀਂ ਰੱਖੀ ਜਾਰੀ ਰੱਖੀ ਜਾਵੇਗੀ ਤੇ ਇਸ ਸੁਨੇਹੇ ਨੂੰ ਪ੍ਰਚਾਰਿਆ ਜਾਂਦਾ ਰਹੇਗਾ।

ਸਮਾਗਮ ਦੀ ਸ਼ੁਰੂਆਤ 'ਚ ਇਨਕਲਾਬੀ ਗੀਤਾਂ ਦੀ ਲੜੀ ਚੱਲੀ ਜਿਸ ਵਿਚ ਸਰਬਜੀਤ ਮੋੜ, ਗਗਨ ਆਜਾਦ, ਅਜਮੇਰ ਅਕਲੀਆ, ਅੰਮ੍ਰਿਤਪਾਲ ਬੰਗੇ ਵੱਲੋਂ ਦਰਜਨ ਭਰ ਗੀਤ ਪੇਸ਼ ਕੀਤੇ ਗਏ ਅਤੇ 2 ਮਿੰਟ ਦੇ ਮੌਨ ਮਗਰੋਂ ਨਾਅਰਿਆਂ ਦੀ ਗੂੰਜ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਮਾਗਮ ਦਾ ਸਿਖਰ ਮਜ਼ਦੂਰਾਂ ਦੇ ਕੌਮਾਂਤਰੀ ਗੀਤ "ਲਹਿਰਾਂ ਬਣ ਉੱਠੋ ਭੁੱਖਾਂ ਦੇ ਲਤਾੜਿਓ" ਨਾਲ ਹੋਇਆ ਜਿਸ ਨੂੰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾਂ 'ਚ 'ਮੰਚ ਰੰਗ ਮੰਚ ਅੰਮ੍ਰਿਤਸਰ' ਦੇ ਕਲਾਕਾਰਾਂ ਵੱਲੋਂ ਭਰਭੂਰ ਕਲਾ ਰੰਗ 'ਚ ਪੇਸ਼ ਕੀਤਾ ਗਿਆ ਜੋ ਇਸ ਅੱਜ ਦੇ ਇੱਕਠ ਦੇ ਐਲਾਨਨਾਮੇ ਵਾਂਗ ਹੋ ਨਿਬੜਿਆ।

ਅੱਜ ਦੇ ਇਕੱਠ 'ਚ ਕੁੱਝ ਅਹਿਮ ਮਤੇ ਵੀ ਪਾਸ ਕੀਤੇ ਗਏ ਜੋ ਕਮੇਟੀ ਦੀ ਤਰਫੋਂ ਨਰਾਇਣ ਦੱਤ ਨੇ ਪੜ੍ਹੇ। ਇਹਨਾਂ 'ਚ ਅਖੌਤੀ ਆਰਥਿਕ ਸੁਧਾਰਾਂ ਨੂੰ ਵਾਪਸ ਲੈਣ, ਕਸ਼ਮੀਰੀ ਲੋਕਾਂ 'ਤੇ ਜਬਰ ਬੰਦ ਕਰਨ, ਉਥੋਂ ਫੌਜਾਂ ਵਾਪਸ ਬਲਾਉਣ ਤੇ ਅਫਸਪਾ ਹਟਾਉਣ, ਜੇ ਕੇ ਐਲ ਐਫ 'ਤੇ ਲਾਈ ਪਾਬੰਦੀ ਹਟਾਉਣ ਤੇ ਸਵੈ-ਨਿਰਣੇ ਦਾ ਹੱਕ ਦੇਣ ਦੀ ਮੰਗ ਕੀਤੀ ਗਈ। ਸਾਰੇ ਜਾਬਰ ਕਾਲੇ ਕਾਨੂੰਨ ਰੱਦ ਕਰਨ, ਉਹਨਾਂ ਕਾਲੇ ਕਾਨੂੰਨਾਂ ਤਹਿਤ ਗ੍ਰਿਫਤਾਰ ਕੀਤੇ ਬੁੱਧੀਜੀਵੀਆਂ ਨੂੰ ਫੌਰੀ ਰਿਹਾ ਕਰਨ , ਆਦਿਵਾਸੀ ਖੇਤਰਾਂ ਤੇ ਉੱਤਰ-ਪੂਰਬ ਦੇ ਰਾਜਾਂ 'ਚੋਂ ਫੌਜਾਂ ਵਾਪਸ ਬਲਾਉਣ, ਅਮਰੀਕਾ ਤੇ ਹੋਰਨਾਂ ਸਾਮਰਾਜੀ ਮੁਲਕਾਂ ਨਾਲ ਕੀਤੀਆਂ ਫੌਜੀ ਸੰਧੀਆਂ ਰੱਦ ਕਰਨ, ਅੰਨ੍ਹਾਂ ਕੌਮੀ ਤੇ ਫਿਰਕੂ ਜਨੂੰਨ ਭੜਕਾਉਣਾ ਬੰਦ ਕਰਨ, ਅੰਗਰੇਜੀ ਰਾਜ ਦੀਆਂ ਫੌਜੀ ਜਿੱਤਾਂ ਦੇ ਦਿਹਾੜੇ ਮਨਾਉਣੇ ਬੰਦ ਕਰਨ ਤੇ ਭਾਰਤੀ ਫੌਜਾਂ ਦੀਆਂ ਅੰਗਰੇਜਾਂ ਖਿਲਾਫ ਬਗਾਵਤਾਂ ਦੇ ਦਿਹਾੜੇ ਮਨਾਉਣੇ ਸ਼ੁਰੂ ਕਰਨ ਤੇ ਜਲ੍ਹਿਆਂਵਾਲਾ ਬਾਗ ਨੂੰ ਸੈਰਗਾਹ 'ਚ ਤਬਦੀਲ ਕਰਕੇ, ਉਸਦੀ ਸੰਗਰਾਮੀ ਵਿਰਾਸਤ ਵਜੋਂ ਦਿੱਖ ਮੇਸਣੀ ਬੰਦ ਕਰਨ ਦੀ ਮੰਗ ਕੀਤੀ ਗਈ। ਕਮੇਟੀ ਮੈਂਬਰ ਤੇ ਉੱਘੇ ਕਹਾਣੀਕਾਰ ਵਰਿਆਮ ਸੰਧੂ ਵੱਲੋਂ ਕੇਨੈਡਾ ਤੋਂ ਭੇਜਿਆ ਮੰਚ ਤੋਂ ਸਾਂਝਾ ਕੀਤਾ ਗਿਆ।

ਅੱਜ ਦੇ ਇੱਕਠ 'ਚ ਕਮੇਟੀ ਮੈਂਬਰਾਂ ਤੋਂ ਇਲਾਵਾ ਜੇ.ਐਨ.ਯੂ. ਦਿੱਲੀ ਤੋਂ ਪ੍ਰੋ. ਅਤਲ ਸੂਦ, ਹਿਰਦੇਪਾਲ , ਡਾ. ਸ਼ਿਆਮ ਸੁੰਦਰ ਦੀਪਤੀ, ਪ੍ਰੋ. ਸ਼ਰਨਜੀਤ ਢਿੱਲੋਂ, ਦੀਪ ਦਵਿੰਦਰ ਸਿੰਘ, ਸੁਮੀਤ ਸਿੰਘ, ਰਾਮ ਸਵਰਨ ਲੱਖੇਵਾਲੀ, ਰਜੀਵ ਕੁਮਾਰ ਦਿੱਲੀ, ਪ੍ਰੋ. ਅਮਨਦੀਪ ਕੌਰ, ਮੰਬਈ ਤੋਂ ਹਰਸ਼ ਠਾਕੁਰ ਸਮੇਤ ਕਈ ਸਖਸ਼ੀਅਤਾਂ ਹਾਜ਼ਰ ਸਨ। ਇੱਕਠ 'ਚ ਸ਼ਾਮਲ ਲੋਕਾਂ ਵੱਲੋਂ ਆਪਣੇ ਹੱਥਾਂ 'ਚ ਨਾਅਰਿਆਂ ਦਰਜਨਾਂ ਨਾਅਰੇ ਉੱਕਰੇ ਹੋਏ ਸਨ। ਅੱਜ ਦੇ ਇੱਕਠ 'ਚ ਮਜ਼ਦੂਰਾਂ, ਕਿਸਾਨਾਂ, ਨੌਜਵਾਨ-ਵਿਦਿਆਰਥੀ ਤੇ ਹੋਰਨਾਂ ਤਬਕਿਆਂ ਦੀਆਂ ਲੋਕ ਜਥੇਬੰਦੀਆਂ ਵੀ ਸਾਮਲ ਸਨ। ਇਹਨਾਂ ਦੇ ਆਗੂਆਂ 'ਚ ਜੋਰਾ ਸਿੰਘ ਨਸਰਾਲੀ, ਜੋਗਿੰਦਰ ਸਿੰਘ ਉਗਰਾਹਾਂ, ਰਾਮ ਸਿੰਘ ਮਟਰੌੜਾ, ਰਜਿੰਦਰ ਸਿੰਘ, ਹੁਸ਼ਿਆਰ ਸਿੰਘ, ਜਗਰੂਪ ਸਿੰਘ, ਗੁਰਵਿੰਦਰ ਸਿੰਘ, ਪ੍ਰਮੋਦ ਕੁਮਾਰ, ਜੀ. ਐਸ ਜੌਹਰੀ, ਮਹਿੰਦਰ ਸਿੰਘ ਵੇਈਂ ਪੂਈ, ਡਾ. ਸੁਖਵੰਤ ਸਿੰਘ, ਮੰਗਤ ਰਾਮ, ਸ੍ਰੀਮਤੀ ਪੂਨਮ ਸ਼ਰਮਾ, ਕਾ. ਫੂਲ ਸਿੰਘ, ਡਾ. ਸੁਰਜੀਤ ਸਿੰਘ , ਕੁਲਦੀਪ ਸਿੰਘ ਬੁਢੇਵਾਲ ਤੋਂ ਬਿਨਾਂ ਲੋਕ-ਪੱਖੀ ਸਾਹਿਤਕ ਸਭਿਆਚਾਰਕ ਖੇਤਰ ਦੀਆਂ ਦਰਜਨਾਂ ਸਖਸ਼ੀਅਤਾਂ ਵੀ ਹਾਜ਼ਰ ਸਨ।

BRAMPTON ACTION COALITION

Bramptonians Demand Their Fair Share: University and Health-Care!

UNIVERSITY

- Brampton is the 2nd fastest growing and 9th largest city in Canada (pop. 593, 838) yet it does not have a local university for its residents
- After years of struggle, Bramptonians won a $90 million funding commitment from the provincial government (Liberals) for a university
- The present provincial government (Doug Ford's PC) cancelled the funding in 2018

**We demand that the provincial government immediately reinstate the cancelled $90 million funding for a university in Brampton and provide adequate future funding!**

HEALTH CARE

- Brampton's ratio of hospital beds to people is roughly 1 bed per 1000 people (Ontario's average is 2.3)
- Brampton receives half of the provincial average for funding for hospital services ($625 vs $1,236 per capita)
- More than 4,000 patients were treated in hallways between April 2016-April 2017 at Brampton Civic Hospital

**We demand the provincial government immediately build another publicly-funded hospital in Bampton and increase per capita funding!**

Please join us for a Town Hall meeting:
Sunday, May 26, 2019 from 2-5 pm
Brampton Soccer Centre

For more information, contact Brampton Action Coalition at:
(416) 728-5686, (416) 881-7202, (416) 930-5676, (647) 700-8259, or (416) 817-7142

# ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦੇ ਸਬੰਧ 'ਚ ਵੈਨਕੂਵਰ ਤੇ ਸਰ੍ਹੀ ਦੀਆਂ ਸਰਗਰਮੀਆਂ




**ਸਰੀ/ਪਰਮਿੰਦਰ ਸਵੈਚ**

1. 13 ਅਪਰੈਲ, 2019 ਨੂੰ ਵੈਨਕੂਵਰ ਵਿੱਚ ਖਾਲਸੇ ਦਾ ਜਨਮ ਦਿਨ ਤੇ ਵਿਸਾਖੀ ਦਾ ਤਿਉਹਾਰ ਮਨਾਇਆ ਗਿਆ। ਮੌਸਮ ਦੇ ਖਰਾਬ ਹੋਣ ਦੇ ਬਾਵਜੂਦ ਵੀ ਲੋਕਾਂ ਦੀ ਬਹੁਤ ਸਾਰੀ ਸ਼ਮੂਲੀਅਤ ਰਹੀ। ਇਸ ਸਮੇਂ ਈਸਟ ਇੰਡੀਅਨ ਡੀਫੈਂਸ ਕਮੇਟੀ ਜੋ ਇੱਕ ਲੋਕ ਪੱਖੀ ਜਨਤਕ ਜਥੇਬੰਦੀ ਹੈ, ਉਸ ਵਲੋਂ ਜਲਿਆਂਵਾਲੇ ਬਾਗ਼ ਦੇ ਸਾਕੇ ਦੀ ਸ਼ਤਾਬਦੀ ਨੂੰ ਮੁੱਖ ਰੱਖ ਕੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਜਿੱਥੇ ਲੋਕਾਂ ਦੇ ਖਾਣ ਪੀਣ ਦੇ ਸਟਾਲਾਂ ਦਾ ਅਨੰਦ ਮਾਣਿਆ ਉੱਥੇ ਇਹਨਾਂ ਵਲੋਂ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨਾਲ ਸਬੰਧਤ ਸੰਖੇਪ ਇਤਿਹਾਸਕ ਤੱਥਾਂ ਨੂੰ ਫੋਟੋਆਂ ਰਾਹੀਂ ਤੇ ਪੰਜਾਬੀ ਭਾਸ਼ਾ ਵਿੱਚ ਤਖ਼ਤੀਆਂ ਤੇ ਲਿਖ ਕੇ ਪ੍ਰਦਰਸ਼ਨੀ ਲਾਈ ਗਈ ਸੀ ਜਿਸਨੂੰ ਪੜ੍ਹ ਕੇ ਲੋਕ ਇਸ ਦੁਖਾਂਤ ਤੋਂ ਜਾਣੂ ਹੋ ਰਹੇ ਸਨ ਅਤੇ ਆਪਣੇ ਸੁਝਾਅ ਦੇ ਰਹੇ ਸਨ। ਸਾਰਾ ਦਿਨ ਇਹ ਇਤਿਹਾਸਕ ਵਡਮੁੱਲੀ ਜਾਣਕਾਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਉਹਨਾਂ ਦੇ ਅਧੂਰੇ ਸੁਫਨਿਆਂ ਤੇ ਵਿਚਾਰ ਕਰਨ ਦਾ ਸੁਨੇਹਾ ਸੀ। ਇਸ ਮੌਕੇ 'ਸਰੋਕਾਰਾਂ ਦੀ ਅਵਾਜ਼' ਨਾਮੀ ਪੰਜਾਬੀ ਪੇਪਰ ਜਿਸ ਵਿੱਚ ਬਹੁਤ ਸਾਰੀ ਹੋਰ ਭਰਪੂਰ ਜਾਣਕਾਰੀ ਹੁੰਦੀ ਉੱਥੇ ਇਸ ਵਾਰ ਇਸ ਵਿੱਚ ਜਲ੍ਹਿਆਂਵਾਲੇ ਬਾਗ਼ ਨਾਲ ਸਬੰਧਤ ਬਹੁਤ ਸਾਰੇ ਆਰਟੀਕਲ ਸਨ ਜੋ ਲੋਕਾਂ ਨੂੰ ਵੰਡੇ ਗਏ। ਈ. ਆਈ. ਡੀ. ਸੀ. ਦੇ 21 ਅਪਰੈਲ ਨੂੰ ਰੱਖੇ ਪ੍ਰੋਗਰਾਮ ਦੇ ਲੀਫਲੈੱਟ ਵੀ ਵੰਡੇ ਗਏ। ਇਸ ਨਗਰ ਕੀਰਤਨ ਸਮੇਂ 'ਮਹਿਕ ਪੰਜਾਬ ਦੀ' ਟੀ. ਵੀ. ਸ਼ੋਅ ਦੇ ਕਮਲਜੀਤ ਥਿੰਦ ਵਲੋਂ ਪ੍ਰਦਰਸ਼ਨੀ ਦੇ ਤੌਰ 'ਤੇ ਜਲ੍ਹਿਆਂਵਾਲੇ ਬਾਗ਼ ਦਾ ਫਲੋਟ ਵੀ ਕੱਢਿਆ ਗਿਆ ਸੀ।

2. 13 ਅਪਰੈਲ, 2019 ਨੂੰ ਹੀ ਸ਼ਾਮ ਨੂੰ ਕਮਲਜੀਤ ਥਿੰਦ ਵਲੋਂ ਸਰ੍ਹੀ ਦੇ ਹਾਲੈਂਡ ਪਾਰਕ ਵਿੱਚ ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਦੀ ਯਾਦ ਵਿੱਚ ਕੈਂਡਲ ਵਿਜ਼ਲ ਰੱਖਿਆ ਗਿਆ ਸੀ ਜਿਸ ਵਿੱਚ ਬੁਲਾਰਿਆਂ ਨੇ ਜਿੱਥੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਉੱਥੇ ਭਾਰਤ ਦੇ ਅੱਜ ਦੇ ਹਲਾਤਾਂ ਤੇ ਵੀ ਨਜ਼ਰਸਾਨੀ ਕੀਤੀ ਗਈ। ਰੈਡੀਕਲ ਦੇਸੀ ਦੇ ਸੰਪਾਦਕ ਤੇ ਰੇਡਿਓ ਹੋਸਟ ਗੁਰਪ੍ਰੀਤ ਸਿੰਘ ਨੇ ਸਟੇਜ ਦੀ ਕਾਰਵਾਈ ਸੰਭਾਲੀ ਤੇ ਜੀ ਆਇਆਂ ਨੂੰ ਕਿਹਾ ਤੇ ਸੰਖੇਪ ਜਾਣਕਾਰੀ ਦਿੱਤੀ। ਪਾਕਿਸਤਾਨੀ ਕਮਿਊਨਿਟੀ ਵਲੋਂ ਸ਼ਹਿਯਾਦ ਨੇ ਆਪਣੇ ਵਿਚਾਰ ਪੇਸ਼ ਕੀਤੇ। ਰਚਨਾ ਸਿੰਘ ਐਮ. ਐਲ. ਏ. ਦੱਸਿਆ ਕਿ ਬੀ. ਸੀ. ਦੀ ਵਿਧਾਨ ਸਭਾ ਵਿੱਚ ਬ੍ਰਿਟਿਸ਼ ਸਰਕਾਰ ਵਲੋਂ ਹੋਏ ਜਲ੍ਹਿਆਂਵਾਲੇ ਬਾਗ਼ ਦੇ ਕਤਲੇਆਮ ਨੂੰ ਯਾਦ ਕੀਤਾ ਗਿਆ। ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਪਰਮਿੰਦਰ ਸਵੈਚ ਨੇ ਵਿਚਾਰ ਸਾਂਝੇ ਕੀਤੇ। ਹੋਰ ਵੀ ਕਈ ਜਥੇਬੰਦੀਆਂ ਦੇ ਕਾਰਕੁੰਨ ਮੌਜੂਦ ਸਨ ਉਹਨਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਕਾਫੀ ਠੰਢ ਹੋਣ ਦੇ ਬਾਵਜੂਦ ਵੀ ਇਹ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਲੋਕਾਂ ਨੇ ਸ਼ਹੀਦਾਂ ਨੂੰ ਯਾਦ ਕੀਤਾ।




3. 20 ਅਪਰੈਲ, 2019 ਨੂੰ ਖਾਲਸੇ ਦੇ ਜਨਮ ਦੇ ਸਬੰਧ ਵਿੱਚ ਸਰ੍ਹੀ ਵਿੱਚ ਨਗਰ ਕੀਰਤਨ ਕੀਤਾ ਗਿਆ ਜਿਸ ਵਿੱਚ ਕਿਹਾ ਜਾਂਦਾ ਹੈ ਕਿ 6 ਲੱਖ ਦੇ ਕਰੀਬ ਲੋਕ ਪਹੁੰਚੇ ਹੋਏ ਸਨ। ਇਸ ਵਿੱਚ ਵੀ ਈਸਟ ਇੰਡੀਅਨ ਡਿਫੈਂਸ ਕਮੇਟੀ ਵਲੋਂ ਨਿਵੇਕਲੀ ਤੇ ਵਿਲੱਖਣਤਾ ਭਰਪੂਰ ਪ੍ਰਦਰਸ਼ਨੀ ਲਾ ਕੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਲੋਕਾਂ ਦੀ ਮੰਗ ਅਨੁਸਾਰ ਜਿੱਥੇ ਪਹਿਲਾਂ ਪੰਜਾਬੀ ਵਿੱਚ ਲਿਖਿਆ ਗਿਆ ਸੀ ਉੱਥੇ ਇੱਥੋਂ ਦੇ ਬੱਚਿਆਂ ਨੂੰ ਸਾਡੇ ਅਮੀਰ ਇਤਿਹਾਸ ਨਾਲ ਜੋੜਨ ਲਈ ਅੰਗਰੇਜ਼ੀ ਵਿੱਚ ਵੀ ਤਖ਼ਤੀਆਂ ਤੇ ਲਿਖਿਆ ਗਿਆ ਸੀ ਜਿਸਨੂੰ ਸਾਰੇ ਲੋਕ ਪੜ੍ਹ-ਪੜ੍ਹ ਕੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਬਾਰੇ ਜਾਣ ਰਹੇ ਸਨ। ਇਸ ਸਮੇਂ ਹਰ ਇੱਕ ਨੂੰ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦੇਣ ਲਈ ਮੰਚ ਮੁਹੱਈਆ ਕੀਤਾ ਗਿਆ ਸੀ। ਪਰਮਿੰਦਰ ਸਵੈਚ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦਿਆਂ ਸਟੇਜ ਸੰਭਾਲੀ। ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ ਨੇ ਵਿਸਥਾਰ ਵਿੱਚ ਜਿੱਥੇ ਜਲ੍ਹਿਆਂਵਾਲੇ ਦੀ ਘਟਨਾ ਤੇ ਚਾਨਣਾ ਪਾਇਆ ਉੱਥੇ ਭਾਰਤ ਦੇ ਅੱਜ ਦੇ ਹਲਾਤਾਂ ਨੂੰ ਵੀ ਵਿਸਥਾਰ ਨਾਲ ਦੱਸਿਆ। ਗੁਰਦਵਾਰਾ ਦਸ਼ਮੇਸ਼ ਦਰਬਾਰ ਜੋ ਇਸ ਨਗਰ ਕੀਰਤਨ ਦਾ ਪ੍ਰਬੰਧ ਕਰਦਾ ਹੈ ਉਹਨਾਂ ਦੇ ਬੁਲਾਰੇ ਗਿਆਨ ਸਿੰਘ ਗਿੱਲ ਨੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੱਤੀ ਤੇ ਈ. ਆਈ. ਡੀ. ਸੀ. ਜੋ ਲੋਕ ਹਿਤਾਂ ਲਈ ਕੰਮ ਕਰ ਰਹੀ ਜਥੇਬੰਦੀ ਹੈ ਬਾਰੇ ਵੀ ਗੱਲ ਕੀਤੀ। ਬੀ. ਸੀ. ਦੀਆਂ ਪੰਜਾਬੀ ਭਾਈਚਾਰੇ ਦੀਆਂ ਦੋ ਐਮ. ਐਲ. ਏ. ਰਚਨਾ ਸਿੰਘ ਤੇ ਜਿੰਨੀ ਸਿੰਮਜ਼ ਨੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਉਹ ਲੋਕ ਹਿਤਾਂ ਦੀ ਅਵਾਜ਼ ਬੀ. ਸੀ. ਵਿਧਾਨ ਸਭਾ ਵਿੱਚ ਉਠਾਉਂਦੀਆਂ ਰਹਿਣਗੀਆਂ। ਕੰਜਰਵੇਟਿਵ ਪਾਰਟੀ ਦੇ ਨੁਮਾਇੰਦੇ ਹਰਪ੍ਰੀਤ ਸਿੰਘ ਤੇ ਮਾਰਖਮ ਏਰੀਏ ਦੇ ਐਮ. ਪੀ. ਬੌਬ ਸਰਾਏ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਹ ਵਾਅਦਾ ਵੀ ਕੀਤਾ ਕਿ ਅਗਰ ਉਹ ਸੱਤ੍ਹਾ ਵਿੱਚ ਆਉਂਦੇ ਹਨ ਤਾਂ ਉਹ ਸ਼ਹੀਦ ਮੇਵਾ ਸਿੰਘ ਬਾਰੇ ਜੋ 10000 ਤੋਂ ਉੱਪਰ ਦਸਤਖਤਾਂ ਵਾਲੀ ਪਟੀਸ਼ਨ ਪਾਈ ਗਈ ਹੈ ਜਿਸ ਵਿੱਚ ਸ਼ਹੀਦ ਮੇਵਾ ਸਿੰਘ ਨੂੰ ਕੈਨੇਡੀਅਨ ਕੌਮੀ ਸ਼ਹੀਦ ਦਾ ਦਰਜਾ ਦਿਵਾਉਣ ਦੀ ਮੰਗ ਹੈ ਬਾਰੇ ਜ਼ਰੂਰ ਪੈਰ੍ਹਵੀ ਕਰਨਗੇ। ਇਸ ਤੋਂ ਇਲਾਵਾ ਕਵੀ ਬਲਬੀਰ ਸਿੰਘ ਸੰਘਾ, ਸੰਤੋਖ ਸਿੰਘ ਢੇਸੀ, ਸੁਰਿੰਦਰ ਸਿੰਘ ਕਾਮਰੇਡ, ਲਖਬੀਰ ਖੁਣਖੁਣ, ਗੁਰਬਖ਼ਸ਼ ਸਿੰਘ ਸੰਘੇੜਾ, ਕ੍ਰਿਪਾਲ ਸਿੰਘ ਬੈਂਸ, ਰੇਡਿਓ ਹੋਸਟ ਮਨਜੀਤ ਕੌਰ ਕੰਗ ਨੇ ਵੀ ਸ਼ਰਧਾਂਜ਼ਲੀਆਂ ਦਿੱਤੀਆਂ। ਨੌਜਵਾਨ ਸ਼ਿਵਪ੍ਰੀਤ ਸਿੰਘ ਨੇ ਇੱਕ ਗੀਤ ਗਾ ਕੇ ਸ਼ਹੀਦਾਂ ਨੂੰ ਯਾਦ ਕੀਤਾ। 'ਸਰੋਕਾਰਾਂ ਦੀ ਅਵਾਜ਼' ਪੇਪਰ ਅਤੇ ਲੀਫਲੈੱਟ ਲੋਕਾਂ ਵਿੱਚ ਵਲੰਟੀਅਰਾਂ ਵਲੋਂ ਵੰਡੇ ਗਏ। ਸਾਰਾ ਦਿਨ ਇਹ ਕਾਰਵਾਈ ਚਲਦੀ ਰਹੀ।




## ਟੀਵੀ ਚੈਨਲ ਵਾਲੇ ਨੂੰ ਮੁਸਲਿਮ ਔਰਤ ਦੀਆ ਖਰੀਆਂ ਖਰੀਆਂ

**ਕੁਲਦੀਪ ਬੋਪਾਰਾਏ**

ਮੁਸਲਿਮ ਵੱਸੋਂ ਵਾਲੇ ਅਲੀਗੜ੍ਹ ਸ਼ਹਿਰ ਦੇ ਬਜ਼ਾਰ 'ਚ ਇਕ ਟੀਵੀ ਚੈਨਲ ਵਾਲਾ ਬੁਰਕਾ ਪਹਿਨੀ ਮੁਸਲਿਮ ਔਰਤਾਂ ਕੋਲੇ ਜਾਨਣਾ ਚਾਹੁੰਦਾ ਕਿ ਤੁਸੀ ਵੋਟ ਕਿਹਨੂੰ ਪੌਣੀ ਹੈ ਪਰ ਉਹ ਕੁਝ ਕਹਿਣ ਤੋਂ ਬਚਦੀਆਂ ਹਨ ਫਿਰ ਪੁੱਛਣ ਦੀ ਕੋਸ਼ਿਸ਼ ਕਰਦਾ ਕਿ ਮੋਦੀ ਨੇ ਤਲਾਕ ਦੀ ਸਮੱਸਿਆ ਨੂੰ ਤੁਹਾਡੇ ਪੱਖ 'ਚ ਕਰ ਦਿੱਤਾ ਹੈ। ਹੁਣ ਤੁਸੀਂ ਉਸ ਦੇ ਹੱਕ 'ਚ ਭੁਗਤੋਗੀਆਂ ਜਾ ਖਿਲਾਫ? ਜਦੋ ਉਹ ਪੁੱਛਣੋ ਨਾ ਹਟਿਆ ਤਾਂ ਇਕ ਔਰਤ ਨੇ ਮੂੰਹ ਤੋਂ ਪਰਦਾ ਪਰੇ ਕਰਕੇ ਉਤਲੀ ਸੁਰ 'ਚ ਬੋਲਣਾ ਸ਼ੁਰੂ ਕਰ ਦਿੱਤਾ "ਹਰਾਮਜ਼ਾਦਿਆ" ਕਦੇ ਉਹ ਕੁੱਤਾ ਸਾਨੂੰ ਪਾਕਿਸਤਾਨ ਚਲੇ ਜਾਣ ਲ਼ਈ ਕਹਿੰਦਾ ਤੇ ਕਦੇ ਸਾਡੇ ਖਾਣ- ਪੀਣ-ਪਹਿਨਣ ਦਾ ਮਖੌਲ ਉਡਾਉਂਦਾ, ਸਾਡੀਆਂ ਮਸੀਤਾਂ, ਮਸਜਿਦਾਂ ਨੂੰ ਆਪਦੇ ਗੁੰਡੇ, ਛੋਕਰਿਆਂ ਕੋਲੋਂ ਢਵਾਉਂਦਾ ਹਰ ਰੋਜ਼ ਤਰ੍ਹਾਂ-ਤਰ੍ਹਾਂ ਦੇ ਬਕਵਾਸ ਕਰ ਕਰ ਸਾਨੂੰ ਲਗਾਤਾਰ ਜ਼ਲੀਲ ਕਰ ਰਿਹਾ ਹੈ, ਸਾਡਾ ਬਾਹਰ ਨਿਕਲਣਾ ਭਾਰੀ ਕੀਤਾ ਪਿਆ ਏਸ ਕੁੱਤੇ ਦੇ ਬਦਮਾਸ਼ਾਂ ਨੇ। ਲੋਕਾਂ ਦੇ ਇਲਾਜ ਵੇਲੇ ਹਸਪਤਾਲਾਂ 'ਚ ਡਾਕਟਰ, ਦਵਾਅ ਨਹੀਂ, ਪੀਣ ਵਾਲਾ ਸਾਫ ਪਾਣੀ ਨਹੀਂ ਇਹ ਤੇਰਾ ਮੋਦੀ 'ਗਾਈਆ ਨੂੰ ਪੱਖਿਆਂ, ਏਅਰਕੰਡੀਸ਼ਨਾਂ ਨਾਲ ਹਵਾ ਮਰਵਾ ਰਿਹਾ, ਹਰ ਵੋਟਾਂ ਵੇਲੇ ਮੰਦਰ ਬਣਾਉਣ ਦਾ ਰੌਲਾ ਪਾਉਣ ਲੱਗ ਪੈਂਦੇ ਤੁਹਾਡੇ ਟੀਵੀ ਤੇ ਬਣਾ ਲਵੋ ਇਕ ਵੇਰਾਂ ਜਿੰਨੇ ਮੰਦਰ ਬਣਾਉਣੇ ਪਰ ਸਾਨੂੰ ਲਾ-ਲਾ ਕੇ ਭੌਂਕਣਾ ਤਾਂ ਬੰਦ ਕਰ ਦਿਓ ਕੁੱਤਿਓ। ਬੜੇ ਸੋਹਣੇ ਸਾਡੇ ਨਿਆਣੇ ਆਂਢ ਗਵਾਂਢ ਦੇ ਹਿੰਦੂਆਂ ਦੇ ਨਿਆਣਿਆਂ ਨਾਲ ਕੱਠੇ ਤੁਰੇਂ ਫਿਰਦੇ ਸੀ ਪਰ ਤੁਹਾਡੇ ਕੁੱਤੇ ਟੀਵੀ ਨੇ ਪਾਕਿਸਤਾਨ--ਕਰ ਕੇ ਆਪਸ 'ਚ ਬੋਲਣੋ ਘਟਾਅ ਦਿੱਤੇ। ਅਸੀਂ ਪਾਕਿਸਤਾਨ ਕਿਉਂ ਜਾਈਏ। ਅਸੀਂ ਇੰਡੀਅਨ ਹਾਂ। ਤੁਸੀਂ ਦਫਾ ਹੋਵੇ ਕਿਸੇ ਪਾਸੇ। ਉਸ ਔਰਤ ਨਾਲ ਅਜੇ ਹੋਰ ਔਰਤਾਂ ਜੁੜਦੀਆਂ ਜਾ ਰਹੀਆਂ ਸਨ ਪਰ ਟੀਵੀ ਵਾਲਾ ਫਿੱਕਾ ਜਿਹਾ ਮੂੰਹ ਲੈ ਕੇ ਚੱਲਦਾ ਬਣਿਆ।



# ਬਰੈਂਪਟਨ ਵਿੱਚ ਨਾਟਕ 'ਬੀਬੀ ਸਹਿਬਾ' ਦੀ ਹੋਈ ਸ਼ਾਨਦਾਰ ਪੇਸ਼ਕਾਰੀ









ਟੋਰਾਂਟੋ (ਮੀਡੀਆ ਬਿਊਰੋ)- ਬੀਤੇ ਐਤਵਾਰ ਪੰਜਾਬੀ ਦੇ ਬਹੁ-ਚਰਚਿਤ ਨਾਟਕ 'ਬੀਬੀ ਸਾਹਿਬਾ' ਦੀ ਪੇਸ਼ਕਾਰੀ ਬਰੈਂਪਟਨ ਦੇ ਸੀਰਿਲ ਕਲਾਰਕ ਹਾਲ ਦੇ ਥੀਏਟਰ ਵਿੱਚ ਹੋਈ। ਹੈਰੀਟੇਜ਼ ਆਰਟਸ ਐਂਡ ਥੀਏਟਰ ਸੋਸਾਇਟੀ ਆਫ਼ ਯੂਨਾਈਟਡ ਪ੍ਰੋਡਕਸ਼ਨਜ਼ (ਹੈਟਸ-ਅੱਪ) ਵੱਲੋਂ ਕਰਵਾਏ ਵਿਸ਼ਵ ਰੰਗਮੰਚ ਨੂੰ ਸਮਰਪਿਤ ਆਪਣੇ ਸਾਲਾਨਾ ਸਮਾਗਮ 'ਵਰਲਡ ਥੀਏਟਰ ਡੇਅ ਸੈਲੀਬਰੇਸ਼ਨਜ਼-2019' ਵਿੱਚ ਸੁਖਜੀਤ ਦੀ ਕਹਾਣੀ 'ਤੇ ਅਧਾਰਿਤ ਗੁਰਿੰਦਰ ਮਕਨਾ ਦੁਆਰਾ ਲਿਖੇ ਤੇ ਹੀਰਾ ਰੰਧਾਵਾ ਦੁਆਰਾ ਨਿਰਦੇਸ਼ਤ ਨਾਟਕ 'ਬੀਬੀ ਸਾਹਿਬਾ' ਨਾਲ ਲੋਕ ਇੰਨੇ ਇੱਕਮਿਕ ਹੋ ਗਏ ਕਿ ਉਹਨਾਂ ਦੀਆਂ ਅੱਖਾਂ ਨਮ ਸਨ ਤੇ ਹੱਥ ਤਾੜੀਆਂ ਮਾਰਦੇ ਸਨ। ਨਾਟਕ ਦੀ ਕਹਾਣੀ ਪੰਜਾਬ ਦੇ ਕੁਝ ਤਥਾਕਥਿਤ ਡੇਰਿਆਂ ਵਿੱਚ ਕੁੜੀਆਂ ਦੇ ਹੁੰਦੇ ਸਰੀਰਕ ਤੇ ਮਾਨਸਿਕ ਸੋਸ਼ਣ ਜਿਹੇ ਨਾਜ਼ੁਕ ਮੁੱਦੇ ਨਾਲ ਸੰਬੰਧਿਤ ਸੀ। ਇਸ ਨਾਟਕ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੀ ਐਕਟਰਸ ਸੁਵਿਧਾ ਦੁੱਗਲ ਦੀ ਕਲਾਕਾਰੀ ਇੰਨੀ ਕਮਾਲ ਦੀ ਸੀ ਕਿ ਲੋਕਾਂ ਨੇ ਨਾਟਕ ਦੇ ਅੰਤ ਤੇ ਖੜ੍ਹੇ ਹੋ ਕੇ ਤਾੜੀਆਂ ਦੀ ਬੁਛਾੜ ਨਾਲ ਕਲਾਕਾਰਾਂ ਨੂੰ ਅੱਖਾਂ 'ਤੇ ਵਿਛਾ ਲਿਆ। ਸੁਵਿਧਾ ਦੁੱਗਲ ਪੰਜਾਬ ਵਿੱਚ ਜਿਥੇ ਰੰਗਮੰਚ ਤੇ ਫਿਲਮਾਂ ਕਰ ਰਹੀ ਹੈ ਉਥੇ ਟੀ ਵੀ ਸ਼ੋਅ ਵੀ ਹੋਸਟ ਕਰਦੀ ਹੈ। ਪੰਜਾਬੀ ਰੰਗਮੰਚ ਤੇ ਫਿਲਮੀ ਹਸਤੀ ਨਾਟਕ ਦੇ ਲੇਖਕ ਗੁਰਿੰਦਰ ਮਕਨਾ ਦੁਆਰਾ ਨਿਭਾਇਆਸੈਹਬ ਜੀ ਅਤੇ ਜਗਵਿੰਦਰ ਪ੍ਰਤਾਪ ਸਿੰਘ ਦੁਆਰਾ ਨਿਭਾਇਆ 'ਸੁਮੀਤ'ਦਾ ਕਿਰਦਾਰ ਲੋਕਾਂ ਦੇ ਧੁਰ ਤੱਕ ਲਹਿ ਗਿਆ। ਯਾਦ ਰਹੇ ਕਿ ਗੁਰਿੰਦਰ ਮਕਨਾ ਜਿਥੇ ਪਿਛਲੇ ਤਿੰਨ ਦਹਾਕਿਆਂ ਤੋਂ ਰੰਗਮੰਚ ਕਰ ਰਹੇ ਹਨ ਉਥੇ 30 ਤੋਂ ਵੱਧ ਪੰਜਾਬੀ ਤੇ ਹਿੰਦੀ ਫਿਲਮਾਂ ਵਿੱਚ ਵੀ ਆਪਣੀ ਕਲਾ ਦੇ ਜੌਹਰ ਵਿਖਾ ਚੁੱਕੇ ਹਨ। ਨਾਟਕ ਪਿਛੇ ਮਿਊਜ਼ਿਕ ਦੀ ਸੇਵਾ ਕੁਲਵਿੰਦਰ ਖ਼ਹਿਰਾ ਨੇ ਨਿਭਾਈ ਜਦਕਿ ਨਾਟਕ ਨੂੰ ਲਾਈਟਸ ਦੇ ਵੱਖ-ਵੱਖ ਪ੍ਰਭਾਵਾਂ ਨਾਲ ਜਗਵਿੰਦਰ ਜੱਜ ਨੇ ਸ਼ਿੰਗਾਰਿਆ। ਇਸ ਮੌਕੇ ਵਿਸ਼ਵ ਰੰਗਮੰਚ ਸੁਨੇਹਾ ਜਾਰੀ ਕਰਨ ਦੇ ਨਾਲ ਨਾਲ ਇਸ ਵਰ੍ਹੇ ਦਾ ਸਾਲਾਨਾ ਗੁਰਸ਼ਰਨ ਸਿੰਘ ਯਾਦਗਾਰੀ ਸਨਮਾਨ ਪੰਜਾਬੀ ਰੰਗਮੰਚ ਖ਼ੇਤਰ ਵਿੱਚ ਜ਼ਿਕਰਯੋਗ ਕੰਮ ਕਰਨ ਵਾਲੇ ਰੰਗਕਰਮੀਆਂ ਸੁਰਿੰਦਰ ਸ਼ਰਮਾ ਤੇ ਹਰਕੇਸ਼ ਚੌਧਰੀ ਨੂੰ ਦਿੱਤਾ ਗਿਆ ਜਿਸ ਨੂੰ ਉਹਨਾਂ ਦੀ ਤਰਫੋਂ ਪੰਜਾਬ ਤੋਂ ਪਹੁੰਚੇ ਰੰਗਕਰਮੀ ਹਰਵਿੰਦਰ ਦੀਵਾਨਾ ਨੇ ਹਾਸਲ ਕੀਤਾ। ਇਸ ਮੌਕੇ ਭਾਈਚਾਰੇ ਦੀ ਉਘੀ ਸ਼ਖ਼ਸੀਅਤ ਇੰਦਰਜੀਤ ਸਿੰਘ ਬੱਲ ਹੋਰਾਂ ਨੇ ਬੋਲਦਿਆਂ ਕਿਹਾ ਕਿ ਅਜਿਹੀ ਪੇਸ਼ਕਾਰੀ ਬਹੁਤ ਲੰਬੇ ਸਮੇਂ ਬਾਅਦ ਉਹਨਾਂ ਨੂੰ ਵੇਖਣ ਨੂੰ ਮਿਲੀ ਹੈ ਜਿਸ ਲਈ ਉਹ ਹੈਟਸ-ਅੱਪਸੰਸਥਾ ਦੇ ਧੰਨਵਾਦੀ ਹਨ। ਉਹਨਾਂ ਆਸ ਪ੍ਰਗਟ ਕੀਤੀ ਕਿ 'ਹੈਟਸ-ਅੱਪ'ਵਾਲੇ ਭਵਿੱਖ ਵਿੱਚ ਵੀ ਅਜਿਹੀਆਂ ਪੇਸ਼ਕਾਰੀਆਂ ਕੈਨੇਡਾ ਵਿੱਚ ਪੇਸ਼ ਕਰਦੇ ਰਹਿਣਗੇ। ਉਹਨਾਂ ਇਸ ਮਕਸਦ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਐਲਾਨ ਵੀ ਕੀਤਾ। ਇਸ ਮੌਕੇ ਨਾਟਕ ਨੂੰ ਸਹਿਯੋਗ ਕਰਨ ਵਾਲੇ ਸਪਾਂਸਰਾਂ ਤੇ ਮੀਡੀਏ ਦੇ ਨਾਲ-ਨਾਲ ਦਰਸ਼ਕਾਂ ਦਾ ਧੰਨਵਾਦ ਵੀ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਪੂਰਾ ਸ਼ੋਅ ਸੋਲਡ ਆਊਟ ਹੋਣ ਕਰਕੇ ਦਰਸ਼ਕਾਂ ਦੇ ਮੁੜ ਜਾਣ ਲਈ ਮੁਆਫੀ ਵੀ ਮੰਗੀ ਗਈ ਤੇ ਨਾਲ ਹੀ ਬੇਨਤੀ ਕੀਤੀ ਗਈ ਕਿ ਭਵਿੱਖ ਵਿੱਚ ਅਜਿਹੇ ਨਾਟਕ ਦੀ ਪੇਸ਼ਕਾਰੀਆਂ ਲਈ ਆਪਣੀਆਂ ਟਿਕਟਾਂ ਪਹਿਲਾਂ ਹੀ ਰਾਖਵੀਆਂ ਕਰ ਲਿਆ ਕਰਨ।







ਤਰਕਸ਼ੀਲ ਸੁਸਾਇਟੀ ਓਨਟਾਰੀਓ ਵਲੋਂ ਹੈਮਿਲਟਨ ਕੈਨੇਡਾ 'ਚ ਕਰਵਾਏ ਜਲ੍ਹਿਆਂਵਾਲਾ ਕਾਂਡ ਦੀ ਸ਼ਤਾਬਦੀ ਸਮਾਰੋਹ ਦੀਆਂ ਝਲਕੀਆਂ










ਪ੍ਰੋਗਰੈਸਿਵ ਕੈਨੇਡੀਅਨ ਅਲਾਇੰਸ ਵੱਲੋਂ

# 'ਜਲ੍ਹਿਆਂਵਾਲਾ ਬਾਗ ਕਾਂਡ' ਸ਼ਤਾਬਦੀ ਸਮਾਰੋਹ 'ਚ ਸਾਮਰਾਜ ਖਿਲਾਫ ਜੱਦੋਜਿਹਦ ਦਾ ਅਹਿਦ















**ਬਰੈਂਪਟਨ/ਡਾ: ਹਰਦੀਪ**

13 ਅਪ੍ਰੈਲ 1919 ਦੇ 'ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਕਾਂਡ' ਦੇ ਦੇਸ਼ ਭਗਤ ਸ਼ਹੀਦਾਂ ਨੂੰ ਇਨਕਲਾਬੀ ਸ਼ਰਧਾਂਜਲੀ ਦੇਣ ਲਈ ਪ੍ਰੋਗਰੈਸਿਵ ਕੈਨੇਡੀਅਨ ਅਲਾਇੰਸ ਵੱਲੋਂ ਇਸ ਘਟਨਾ ਦਾ ਸ਼ਤਾਬਦੀ ਸਮਾਰੋਹ 14 ਅਪ੍ਰੈਲ ਐਤਵਾਰ ਨੂੰ ਉਂਟਾਰੀਓ ਦੇ ਬਰੈਂਪਟਨ ਸ਼ਹਿਰ ਵਿੱਚ ਕੀਤਾ ਗਿਆ। ਇਸ ਪ੍ਰੋਗਰਾਮ ਦੀ ਵਿਲੱਖਣਤਾ ਇਹ ਸੀ ਕਿ ਭਾਰਤੀ ਮੂਲ ਤੋਂ ਇਲਾਵਾ ਵੱਖ ਵੱਖ ਪਿਛੋਕੜ ਦੇਸ਼ਾਂ ਦੇ ਲੋਕਾਂ ਨੇ ਸ਼ਮੂਲੀਅਤ ਕਰਕੇ ਸਾਮਰਾਜੀ ਲੁੱਟ ਖਿਲਾਫ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ । ਅਲਗ ਅਲਗ ਦੇਸ਼ਾਂ ਦੇ ਮੂਲ ਵਾਲੇ ਕੈਨੇਡਿਅਨਾਂ ਨੇ ਭਾਰਤੀ ਬਸਤੀਵਾਦੀ ਸਮੇਂ ਦੌਰਾਨ ਬ੍ਰਿਟਿਸ਼ ਸਾਮਰਾਜ ਦੁਆਰਾ ਕੀਤੇ ਗਏ ਇਸ ਅਣਮਨੁੱਖੀ ਕਾਂਡ ਦੇ ਸ਼ਹੀਦਾਂ ਨੂੰ ਯਾਦ ਕੀਤਾ । ਇਸ ਪ੍ਰੋਗਰਾਮ ਵਿੱਚ ਬੁਲਾਰਿਆਂ ਦੱਸਿਆ ਕਿ ਸੰਸਾਰ ਪੱਧਰ ਤੇ ਸਾਮਰਾਜ ਲੁੱਟ ਅੱਜ ਵੀ ਜਾਰੀ ਹੈ ਜਿਸ ਖਿਲਾਫ ਜੱਦੋਜਿਹਦ ਜਾਰੀ ਰੱਖਣ ਦੀ ਜਰੂਰਤ ਹੈ ।



ਮੰਚ ਸੰਚਾਲਨਾ ਬੰਗਲਾਦੇਸ਼ੀ ਮੂਲ ਦੇ ਖੈਨੇਡਿਨ ਕਾਮਰੇਡ ਮਹਿਬੂਬ ਆਲਮ ਨੇ ਕੀਤੀ । ਮੁੱਖ ਬੁਲਾਰਿਆਂ ਵਿੱਚ ਪ੍ਰਸਿੱਧ ਪੰਜਾਬੀ ਲ਼ੇਖਕ ਪ੍ਰੋ: ਵਰਿਆਮ ਸੰਧੂ, ਪ੍ਰ: ਅਪ੍ਰਨਾ ਸੁੰਦਰ ਅਤੇ ਫਿਲਿਪ ਫਰਨਾਂਡੇਜ਼ , ਸਵਪਨ ਵਿਸ਼ਵਾਸ ਸਨ । ਵੱਖੋ ਵੱਖਰੇ ਬੁਲਾਰਿਆਂ ਨੇ ਦਸਿਆ ਕਿ ਭਾਰਤੀ ਆਜਾਦੀ ਸੰਗਰਾਮ ਵਿੱਚ ਵਗੈਰ ਕਿਸੇ ਸਾਰੇ ਧਰਮਾਂ ਦੇ ਸ਼ਹੀਦਾਂ ਵੱਲੋਂ ਆਪਣੀਆਂ ਜਾਨਾਂ ਦੀ ਆਹੂਤੀ ਦਿੱਤੀ ਗਈ ਸੀ । ਇਸ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਭਾਰਤੀ ਲੋਕ ਸਾਰੇ ਧਰਮਾਂ ਦੇ ਸਨ । 13 ਅਪ੍ਰੈਲ 1919 ਦੀ ਇੱਕਤਰਤਾ ਅਮ੍ਰਿਤਸਰ ਸ਼ਹਿਰ ਦੇ ਵਿੱਚ ਡਾ: ਸਤਪਾਲ ਅਤੇ ਸੈਫਿਉਦੀਨ ਕਿਚਲੂ ਦੀ ਜੋੜੀ ਦੀ ਅਗਵਾਈ ਵਿੱਚ ਅੰਗਰੇਜੀ ਹਕੂਮਤ ਖਿਲਾਫ ਵਿੱਢੇ ਸੰਘਰਸ਼ ਦੀ ਕੜ੍ਹੀ ਸੀ ਜੋ ਕਈ ਦਿਨਾਂ ਤੋਂ ਚਲ ਰਿਹਾ ਸੀ । ਡਾ: ਸਤਪਾਲ ਅਤੇ ਸੈਫਿਉਦੀਨ ਕਿਚਲੂ ਦੀ ਜੋੜੀ ਦੀ ਅਗਵਾਈ ਵਿੱਚ ਇੱਕ ਅਪ੍ਰੈਲ ਵਾਲੇ ਰਾਮਨਵਮੀ ਤਿਉਹਾਰ ਦੇ ਜਲੂਸ ਦਾ ਆਯੋਜਨ ਸਾਂਝਾ ਤੌਰ ਤੇ ਕੀਤਾ ਗਿਆ ਸੀ ਜਿਸ ਵਿੱਚ ਸਿਰਫ ਹਿੰਦੂ ਹੀ ਨਹੀਂ ਸਗੋਂ ਸਿੱਖ, ਮੁਸਲਮਾਨਾਂ ਨੇ ਵੀ ਸ਼ਾਮਿਲ ਹੋਏ । ਸਾਰੇ ਧਰਮਾਂ ਦੇ ਭਾਰਤੀਆਂ ਵੱਲੋਂ ਇੱਕੋ ਘੜ੍ਹੇ ਦੀ ਛਬੀਲ ਵਾਲਾ ਪਾਣੀ ਵਰਤਾਉਂਦੇ ਅਤੇ ਪੀਂਦੇ ਦੇਖ, ਅੰਗਰੇਜ ਹਕੂਮਤ ਦੀ ਨੀਂਦ ਉਡ ਗਈ । ਨਤੀਜੇ ਵੱਲੋਂ ਡਾ: ਸਤਪਾਲ ਅਤੇ ਸੈਫਿਉਦੀਨ ਕਿਚਲੂ ਨੂੰ ਗ੍ਰਿਫਤਾਰ ਕਰਕੇ ਧਰਮਸ਼ਾਲਾ ਭੇਜ ਦਿੱਤਾ ਗਿਆ ਅਤੇ ਜਨਰਲ ਡਾਇਰ ਨੇ ਸ਼ਹਿਰ ਅੰਦਰ ਦਫਾ 144 ਲਗਾ ਕੇ ਚਾਰ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ ਦੀ ਪਾਬੰਦੀ ਅਤੇ ਗੋਲੀ ਦੇ ਹੁਕਮ ਦੀ ਮੁਨਾਦੀ ਕਰਵਾ ਦਿੱਤੀ । ਪਰ ਲੋਕ ਉਸਦੇ ਹੁਕਮਾਂ ਦੀ ਪਰਵਾਹ ਨਾ ਕਰਦੇ ਹੋਏ ਵਿਸਾਖੀ ਦੇ ਤਿਉਹਾਰ ਮੇਲੇ ਤੇ ਲੋਕ ਫਿਰ 15 ਤੋਂ ਵੀਹ ਹਜ਼ਾਰ ਦੀ ਗਿਣਤੀ ਵਿੱਚ ਇਕੱਠੇ ਹੋਏ ਜਿਸ ਵਿੱਚ ਫਿਰ ਹਰ ਧਰਮ ਦੇ ਲੋਕ, ਬੱਚੇ ਬੱਢੇ ਵੀ ਸ਼ਾਮਲ ਸਨ ਅਤੇ ਇੱਕਮੁੱਠ ਪ੍ਰਗਟਾਵਾ ਕਰਦੇ ਹੋਏ ਸਿਆਸੀ ਤਕਰੀਰਾਂ ਕਰਨ ਲੱਗੇ । ਇਸੇ ਗੱਲ ਤੋਂ ਘਬਰਾਏ ਜਨਰਲ ਡਾਇਰ ਦੀ ਅਗਵਾਈ ਵਿੱਚ ਅੰਗਰੇਜੀ ਫੌਜੀ ਟੁਕੜੀ ਦੁਆਰਾ ਬਗੈਰ ਕਿਸੇ ਵਾਰਨਿੰਗ ਤੋਂ ਸਿੱਧੀਆਂ ਗੋਲੀਆਂ ਚਲਾ ਕਿ ਨਿਹੱਥੇ ਲੋਕਾਂ ਨੂੰ ਸ਼ਹੀਦ ਕਰ ਦਿੱਤਾ । ਇਸ ਅਣਮਨੁੱਖੀ ਘਟਨਾ ਨੇ ਹੀ ਭਾਰਤੀ ਆਜਾਦੀ ਸੰਗਰਾਮ ਨੂੰ ਹੋਰ ਤੇਜ ਕਰ ਦਿੱਤਾ ਅਤੇ ਅੰਗਰੇਜੀ ਸਾਮਰਾਜ ਦੀ ਪੁੱਠੀ ਗਿਣਤੀ ਸ਼ੁਰੂ ਕਰਕੇ ਪੂਰੇ 27 ਸਾਲਾਂ ਬਾਅਦ ਇਸ ਸਾਮਰਾਜੀ ਹਕੂਮਤ ਨੂੰ ਚਲਦਾ ਕੀਤਾ । ਇਸ ਬਾਗ ਵਿੱਚ ਡੁੱਲ੍ਹੇ ਲਹੂ ਦੀ ਮਿੱਟੀ ਤੋਂ ਹੀ ਸ਼ਹੀਦ ਉਧਮ ਸਿੰਘ, ਭਗਤ ਸਿੰਘ, ਸੁਖਦੇਵ ਆਦਿ ਵਰਗੇ ਪੈਦਾ ਕੀਤੇ ਜੋ ਝੱਖੜ ਬਣਕੇ ਆਏ ਅਤੇ ਅੰਗਰੇਜੀ ਸਾਮਰਾਜ ਨੂੰ ਜੜ੍ਹੋਂ ਉਖਾੜ ਗਏ । ਇਸ ਵਿਰਾਸਤ ਦੇ ਲੋਕਾਂ ਵਿੱਚ ਅੱਜ ਵੀ ਇਸੇ ਸਾਂਝੇ ਭਾਈਚਾਰੇ ਵਾਲੇ ਭਾਰਤੀ ਸਮਾਜ ਦੀ ਕਲਪਨਾ ਹੈ ਜਿਸ ਵਿੱਚ ਅੱਜ ਦੇ ਸਾਮਰਾਜੀ ਲੋੱਟ ਤੋਂ ਮਿਹਨਤਕਸ਼ ਜਮਾਤ ਦੀ ਮੁਕਤੀ ਹੋ ਸਕੇ । ਪ੍ਰ: ਵਰਿਆਮ ਸੰਧੂ ਨੇ ਕਿਹਾ ਕਿ ਭਾਰਤ ਅਤੇ ਸੰਸਾਰ ਪੱਧਰ ਤੇ ਸਾਮਰਾਜੀ ਲੁੱਟ ਦਾ ਤਾਂਡਵ ਅਜੇ ਵੀ ਜਾਰੀ ਹੈ ਇਸ ਕਰਕੇ ਇਹ ਜੰਗ ਅਜੇ ਖਤਮ ਨਹੀਂ ਹੋਈ । ਕਮਿਉਨਿਸਟ ਪਾਰਟੀ ਕੈਨੇਡਾ ( ਐਮ ਐਲ) ਦੇ ਕਾਮਰੇਡ ਫਿਲਿਪ ਫਰਨਾਡੇਜ਼ ਨੇ ਖੈਨੇਡਾ ਅੰਦਰ ਸਾਮਰਾਜੀ ਜੋਟੀਦਾਰਾਂ ਦੇ ਲੋਕ ਵਿਰੋਧੀ ਮਨਸ਼ਿਆਂ ਨੂੰ ਨੱਥ ਪਾਉਣ ਲਈ ਇਸ ਸਾਲ ਅਕਤੂਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਸਬਕ ਸਿਖਾਉਣ ਦਾ ਸੱਦਾ ਦਿੱਤਾ ।

ਨੌਜਵਾਨ ਪ੍ਰਵਜੋਤ ਕੌਰ ਨੇ ਬੁਲਾਰਿਆਂ ਦੇ ਭਾਸ਼ਨਾਂ ਦਾ ਇੰਗਿਲਿਸ਼ ਅਨੁਵਾਦਿਤ ਭਾਸ਼ਨ ਭਾਵ ਪੂਰਣ ਅੰਦਾਜ਼ ਵਿੱਚ ਦਿੱਤਾ । ਨੌਜਵਾਨ ਨਵਜੀਵਨ ਨੇ ਪਾਵਰ ਪੁਆਇੰਟ ਪਰੈਜੈਂਟੇਸ਼ਨ ਰਾਹੀ ਜ੍ਹਲਿਆਂ ਵਾਲੇ ਬਾਗ ਕਾਂਡ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ । ਇਕਬਾਲ ਬਰਾੜ, ਮੀਤਾ ਖੰਨਾ ਅਤੇਅਮਰਜੀਤ ਕੌਰ ਪੰਛੀ ਨੇ ਆਪਣੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ । ਇਸ ਪ੍ਰੋਗਰਾਮ ਹਾਲ ਦੀ ਤਿਆਰੀ, ਖਾਣਪੀਣ ਦਾ ਪ੍ਰਬੰਧ ਕਾਮਰੇਡ ਜਕੀਆ ਸ਼ਮਸ਼ਾਦ, ਨੇਪਾਲੀ ਕੈਨੇਡਿਅਨ ਕਾਮਰੇਡ ਗੋਵਿੰਦਾ ਸ਼ਿਵਾਕੋਟੀ, ਸਰਬਜੀਤ ਕੌਰ ਗਦਰੀ, ਅਮਿਤ ਵਾਸਨ ਆਦਿ ਨੇ ਕੀਤਾ । ਅਲਾਇੰਸ ਦੇ ਕੋਆਰਡੀਨੇਟਰ ਕਾਮਰੇਡ ਸ਼ਮਸ਼ਾਦ ਅਤੇ ਕਾਮਰੇਡ ਹਰਪ੍ਰਮਿੰਦਰ ਗਦਰੀ ਨੇ ਪ੍ਰੋਗਰਾਮ ਵਿੱਚ ਹਾਜ਼ਰ ਸਭ ਦਾ ਧੰਨਵਾਦ ਕੀਤਾ । ਕੈਨੇਡਿਅਨ ਪੇਪਰ ਉਸਰੋਕਾਰਾਂ ਦੀ ਅਵਾਜ਼" ਦੇ ਸਬ-ਐਡੀਟਰ ਡਾ: ਹਰਦੀਪ ਅਟਵਾਲ, ਕੈਨੇਡਿਅਨ ਔਰਤ ਦਿਸ਼ਾਂ ਸੰਸਥਾਂ ਦੇ ਚੇਅਰ-ਪਰਸਨ ਕਾਮਰੇਡ ਕੰਵਲਜੀਤ ਢਿੱਲੋਂ ਅਤੇ ਕਮਲ ਨੱਤ ਵੀ ਇਸ ਪ੍ਰੋਗਰਾਮ ਵਿੱਚ ਹਾਜ਼ਰ ਸਨ ।










ਕਾਮਰੇਡ ਗੁਰਮੇਲ ਬਰਗਾੜੀ
416 845 7534

# ਸੁਰੱਖਿਆ ਸੈਨਾਵਾਂ ਦੇ ਜਵਾਨਾਂ ਦੀ ਬਲੀ ਦੇ ਕੇ, ਚੋਣਾਂ ਜਿੱਤਣ ਦੀਆਂ ਕੋਝੀਆਂ ਚਾਲਾਂ

1947 ਵਿਚ ਮਹਾਨ ਭਾਰਤ ਦੇਸ ਨੂੰ ਬਦੇਸੀ ਹਾਕਮਾਂ ਨੇ ਟੋਟਿਆਂ ਵਿਚ ਵੰਡ ਕੇ ਸਾਨੂੰ ਖ਼ੂਨੀ ਅਜਾਦੀ ਦਿੱਤੀ, ਦੇਸ ਨੂੰ ਧਰਮ ਦੇ ਅਧਾਰ ਤੇ ਤਿੰਨ ਟੋਟਿਆਂ ਵਿਚ ਵੰਡ ਦਿੱਤਾ ਗਿਆ। 1 ਭਾਰਤ, ਪਾਕਿਸਤਾਨ ਪਛਮੀ ਤੇ ਪੂਰਬੀ, ਤੇ ਦੋ ਰਿਆਸਤਾਂ, ਜੰਮੂ-ਕਸ਼ਮੀਰ ਤੇ ਹੈਦਰਾਬਾਦ ਨੂੰ ਵੀ ਅਜਾਦ ਘੋਸ਼ਤ ਕਰ ਦਿੱਤਾ ਗਿਆ। ਇਹ ਚਾਲ ਬਰਤਾਨਵੀ ਸਾਮਰਾਜੀ ਹਾਕਮਾਂ ਦੀ ਸੀ ਜੋ ਕਿ ਧਰਮ ਦੇ ਅਧਾਰ ਤੇ ਕੀਤੀ ਗਈ। ਜਿਸ ਵਿਚ ਹਿੰਦੂ ਮੁਸਲਮ ਅਬਾਦੀ ਦਾ ਤਬਾਦਲਾ ਕੀਤਾ ਗਿਆ, ਜਿਸ ਵਿਚ 10 ਲੱਖ ਤੋਂ ਵੱਧ ਬੇਦੋਸੇ ਲੋਕਾਂ ਦੀਆਂ ਜਾਨਾਂ ਗਈਆਂ। ਇਕ ਸਾਲ ਲਈ ਦੇਸ ਦੀਆਂ ਸੁਰਖਿਆ ਸੈਨਾਵਾਂ ਤੇ ਅੰਗਰੇਜ ਹਾਕਮਾਂ ਦਾ ਕੰਟਰੌਲ ਸੀ, ਜਿਨ੍ਹਾਂ ਨੇ ਵੱਡ-ਟੁੱਕ ਨੂੰ ਰੋਕਣ ਲਈ ਲਈ ਠੀਕ ਕੰਟਰੋਲ ਨਾ ਕੀਤਾ, ਲੋਕ ਮਰਦੇ ਰਹੇ ਤੇ ਅੰਗਰੇਜ ਹਾਕਮ ਤਮਾਸ਼ਾ ਵਿਖਦੇ ਰਹੇ। ਦੱਸ ਕ੍ਰੋੜ ਤੋਂ ਵੱਧ ਅਬਾਦੀ ਦਾ ਤਬਾਦਲਾ ਪਾਕਿਸਤਾਨ ਤੇ ਹਿੰਦੁਸਤਾਨ ਵਿਚ ਹੋਇਆ। 1948 ਵਿਚ ਅਜਾਦ ਕਸ਼ਮੀਰ ਨੂੰ ਅਪਣੇ ਵਿਚ ਮਿਲਾਉਣ ਲਈ ਪਾਕਿਸਤਾਨ ਨੇ ਕਸ਼ਮੀਰ ਵਿਚ ਅਪਣੀ ਫੌਜ ਭੇਜ ਕੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਜੋ ਕਿ 1947 ਵਾਲੇ ਸਮਝੋਤੈ ਦੀ ਉਲੰਘਣਾ ਸੀ। ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੇ ਭਾਰਤ ਤੋਂ ਮਦਦ ਮੰਗੀ, ਇਕ ਸਮਝੌਤਾ ਕਰਕੇ ਭਾਰਤ ਨੇ ਮਦਦ ਦੇਣੀ ਮੰਨ ਲਈ। ਸਾਡੀਆਂ ਫੌਜਾਂ ਨੇ ਕਸ਼ਮੀਰ ਪਹੁੰਚ ਕੇ ਪਾਕਿਸਤਾਨੀ ਫੌਜ ਨੂੰ ਰੋਕਿਆ ਤੇ ਪਿਛੇ ਧਕਣਾ ਸ਼ੁਰੂ ਕੀਤਾ ਪਾਕਿਸਤਾਨੀ ਫੌਜ ਨੂੰ ਹਰ ਮੋਰਚੇ ਤੇ ਹਾਰ ਹੁੰਦੀ ਵੇਖ ਕੇ, ਪਾਕਿਸਤਾਨ ਨੇ ਯੂ. ਐਨ. ਓ. ਨੂੰ ਜੰਗ ਬੰਦੀ ਕਰਵਾਉਣ ਦੀ ਬੇਨਤੀ ਕੀਤੀ। ਯੂ,ਐਨ,ਓ, ਨੇ ਸਾਡੀ ਸਰਕਾਰ ਨੂੰ ਜੰਗ-ਬੰਦੀ ਲਾਗੂ ਕਰਨ ਲਈ ਤੇ ਮਸਲਾ ਗੱਲਬਾਤ ਨਾਲ ਹੱਲ ਕਰਵਾ ਦੇਣ ਦਾ ਭਰੋਸਾ ਦੇ ਦਿਤਾ। ਨਹਿਰੂ ਜਿ ਨੇ ਸਾਡੇ ਜਰਨੈਲਾਂ ਨਾਲ ਜੰਗ-ਬੰਦੀ ਬਾਰੇ ਸਲਾਹ ਕੀਤੀ। ਉਨ੍ਹਾਂ ਨਹਿਰੂ ਜੀ ਤੋਂ 48 ਘੰਟੇ ਜੰਗ ਬੰਦ ਨਾ ਕਰਨ ਦੀ ਮੰਗ ਕੀਤੀ, ਜਿਸ ਨਾਲ ਸਾਰਾ ਕਸ਼ਮੀਰ ਖਾਲੀ ਕਰਵਾ ਲੈਣਾ ਸੀ,ਪਰ ਨਹਿਰੂ ਜੀ ਨਾਂ ਮੰਨੇ ਤੇ ਗੋਲੀ ਬੰਦੀ ਕਰਵਾ ਦਿਤੀ। ਸਾਡੇ ਸੈਂਕੜੇ ਜਵਾਨਾਂ ਦੀ ਸ਼ਹੀਦੀ ਦਾ ਪੂਰਾ ਮੁਲ ਨਾ ਪਿਆ ਤੀਜਾ ਹਿੰਸਾ ਕਸ਼ਮੀਰ ਅੱਜ ਵੀ ਪਾਕਿਸਤਾਨ ਦੇ ਕਬਜੇ ਵਿਚ ਹੈ, ਜੋ ਭਾਰਤੀ ਤੇ ਪਾਕਿਸਤਾਨੀ ਲੀਡਰਾਂ ਦੀ ਰਾਜਨੀਤਕ ਖ਼ੁਰਾਕ ਬਣਿਆ ਹੋਇਆ ਹੈ। ਪੰਜ ਸਾਲ ਕਾਂਗਰਸ ਨੇ ਅੰਗ੍ਰੇਜਾਂ ਦੇ ਬਣੇ ਸੰਵਿਧਾਨ ਨਾਲ ਰਾਜ ਕੀਤਾ, 1952 ਵਿਚ ਭਾਰਤੀ ਸੰਵਿਧਾਨ ਲਾਗੂ ਕਰਕੇ ਦੇਸ ਵਿਚ ਪਹਿਲੀਆਂ ਲੋਕ-ਸਭਾ ਤੇ ਵਿਧਾਨ-ਸਭਾਵਾਂ ਦੀਆਂ ਚੋਣਾਂ ਕਰਵਾਈਆਂ ਗਇਆਂ। ਕਾਂਗਰਸ ਨੂੰ ਸਾਰੇ ਦੇਸ ਅੰਦਰ ਭਾਰੀ ਬਹੁ ਸੰਮਤੀ ਨਾਲ ਜਿੱਤ ਹਾਂਸਲ ਹੋਈ, ਇਹਨਾਂ ਚੋਣਾਂ ਵਿਚ ਕਮਿਉਨਿਸਟ ਪਾਰਟੀ ਦੀ ਕਾਰਗੁਜਾਰੀ ਵੀ ਸ਼ਾਨਦਾਰ ਰਹੀ, ਸਾਰੇ ਦੇਸ ਅੰਦਰ ਵਿਧਾਨ ਸਭਾਵਾਂ ਅਤੇ ਲੋਕ-ਸਭਾ ਵਿਚ ਸ਼ਾਨਦਾਰ ਜਿੱਤਾਂ ਪਰਾਪਤ ਕੀਤੀਆਂ। ਵਿਰੋਧੀ ਧਿਰ ਦਾ ਰੋਲ ਵੀ ਕਮਿਉਨਿਸਟ ਪਾਰਟੀ ਹੀ ਨਿਭਾਉਂਦੀ ਰਹੀ। ਕਮਿਉਨਿਸਟ ਪਾਰਟੀ ਨੇ ਹੀ ਕਿਸਾਨ-ਸਭਾ ਦਾ ਦਬਾ ਬਣਾ ਕੇ ਕਾਂਗਰਸ ਤੋਂ ਜਗੀਰਦਾਰੀ ਤੋੜਣ ਲਈ ਜਮੀਨ ਹੱਦਬੰਦੀ ਦਾ 30 ਸਟੈਂਡਰਡ ਏਕੜ ਦਾ ਕਨੂੰਨ ਲੋਕ-ਸਭਾ ਵਿਚ ਪਾਸ ਕਰਵਾਇਆ। ਜਿਸ ਨਾਲ ਜਗੀਰਦਾਰਾ ਦੇ ਮੁਜਾਰੇ ਜਮੀਨਾਂ ਦੇ ਮਾਲਕ ਬਣ ਗਏ, ਇਸ ਕਾਰਵਾਈ ਨਾਲ ਸਾਰੇ ਦੇਸ ਵਿਚ ਖੇਤ ਮਜਦੂਰ ਕਮਿਉਨਿਸਟ ਪਾਰਟੀ ਨਾਲ ਜੁੜ ਗਏ। ਅਗਲੀਆਂ ਦੇਸ਼-ਵਿਆਪੀ ਆਮ ਚੋਣਾਂ 1957 ਵਿਚ ਹੋਈਆਂ, ਇਹਨਾਂ ਚੋਣਾਂ ਵਿਚ ਕਮਿਉਨਿਸਟ ਪਾਰਟੀ ਨੂੰ ਭਾਰੀ ਸਫਲਤਾ ਮਿਲੀ, ਪਾਰਟੀ ਲੋਕ-ਸਭਾ ਵਿਚ ਮੁੱਖ ਵਿਰੋਧੀ ਧਿਰ ਬਣ ਗਈ ਅਤੇ ਬੰਗਾਲ ਤੇ ਕੈਰਲਾ ਵਿਚ ਕਾਂਗਰਸ ਨੂੰ ਹਰਾ ਕੇ ਸਰਕਾਰਾਂ ਬਣਾ ਲਈਆਂ। ਨਹਿਰੂ ਸਰਕਾਰ ਨੇ ਕਮਿਉਨਿਸਟਾਂ ਦੀ ਜਿੱਤ ਤੋਂ ਘਬਰਾ ਕੇ ਧਾਰਾ357 ਦੀ ਵਰਤੋਂ ਕਰਕੇ ਦੋਵੇਂ ਸਰਕਾਰਾਂ ਤੋੜ ਦਿੱਤੀਆਂ ਤੇ ਕੇਰਲਾ ਤੇ ਬੰਗਾਲ ਵਿਚ ਗਵਰਨਰੀ ਰਾਜ ਕਰ ਦਿੱਤਾ, ਸਾਰੇ ਦੇਸ ਵਿਚ ਇਸ ਕਾਰਵਾਈ ਤੇ ਭਾਰੀ ਰੋਸ ਮੁਜਾਹਰੇ ਹੋਏ, ਜਿਸ ਨਾਲ ਲੋਕਾਂ ਵਿਚ ਪਾਰਟੀ ਦੀ ਲੋਕ ਹਿਮਾਇਤ ਹਰ ਵੱਧ ਗਈ।

ਰਾਸ਼ਟਰਪਤੀ ਰਾਜ ਦੀ ਮਿਆਦ ਪੁਗਣ ਤੇ ਕੈਰਲਾ ਤੇ ਬੰਗਾਲ ਵਿਚ ਫਿਰ ਤੋਂ ਚੋਣਾਂ ਕਰਵਾਈਆਂ ਗਈਆਂ, ਦੋਵਾਂ ਰਾਜਾਂ ਵਿਚ ਫਿਰ ਕਮਿਉਨਿਸਟ ਪਾਰਟੀ ਨੇ ਪਹਿਲਾਂ ਤੋਂ ਵੀ ਵੱਧ ਵੋਟਾਂ ਲੈਕੇ ਜਿੱਤ ਪਰਾਪਤ ਕੀਤੀ। ਦੋਵਾਂ ਰਾਜਾਂ ਵਿਚ ਫਿਰ ਤੋਂ ਸਰਕਾਰਾਂ ਕਮਿਉਨਿਸਟ ਪਾਰਟੀ ਦੀਆਂ ਬਣ ਗਈਆਂ। ਇਸ ਨਾਲ ਕਾਂਗਰਸ ਸਰਕਾਰ ਦੇਸ਼ ਵਿਚ ਵੱਧ ਰਹੀ ਕਮਿਉਨਿਸਟਾਂ ਦੀ ਲੋਕ ਹਮਾਇਤ ਤੋਂ ਭੈ ਭੀਤ ਹੋ ਗਈ। ਉਸ ਨੂੰ 1962 ਦੀਆਂ ਦੇਸ ਵਿਆਪੀ ਚੋਣਾਂ ਵਿਚ ਹਾਰ ਦਾ ਡਰ ਸਾਫ ਦਿਸ ਰਿਹਾ ਸੀ। ਰੂਸ ਵਿਚ 1917 ਦਾ ਕਮਿਉਨਿਸਟ ਇਨਕਲਾਬ ਅਤੇ ਉਸ ਤੋਂ ਬਾਅਦ 1948 ਵਿਚ ਚੀਨੀ ਕਮਿਉਸਟ ਇਨਕਲਾਬ ਨੇ ਸਾਰੀ ਦੁਨੀਆਂ ਦੀਆਂ ਸਾਮਰਾਜੀ ਤਾਕਤਾਂ ਨੂੰ ਕੰਬਣੀ ਛੇੜੀ ਹੋਈ ਸੀ। ਸਾਡੇ ਪਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਜੀ ਨੇ ਦੇਸ ਅਜਾਦ ਹੋਣ ਤੇ ਚੀਨ ਨਾਲ ਮਿਤ੍ਰਤਾ ਦਾ ਹੱਥ ਵਧਾਇਆ, ਅਗੋਂ ਚੀਨ ਨੇ ਵੀ ਮਿੱਤਰਤਾ ਲਈ ਦਿਲੋਂ ਹੁੰਗਾਰਾ ਭਰਿਆ। ਦੋਵਾਂ ਦੇਸਾਂ ਦੇ ਪਰਧਾਂਨ ਮੰਤਰੀਆਂ ਨੇ ਇਕ ਦੂਜੇ ਦੇ ਦੇਸ ਦਾ ਦੌਰਾ ਕੀਤਾਂ। ਚਾਇਨਾਂ ਵਿਚ ਗਏ ਸਾਡੇ ਪ੍ਰਧਾਨ ਮੰਤਰੀ ਨਹਿਰੂ ਜੀ ਦਾ ਚੀਨ ਸਰਕਾਰ ਨੇ ਦਿਲ ਖੋਲ ਕੇ ਸਵਾਗਤ ਕੀਤਾ। ਨਹਿਰੂ ਜੀ ਦੇ ਸਦੇ ਤੇ ਚੀਨੀ ਪ੍ਰਧਾਨ ਮੰਤਰੀ, ਚੂ ਐਨ ਲਾਈ, ਭਾਰਤ ਆਏ ਸਾਡੀ ਸਰਕਾਰ ਨੇ ਵੀ ਭਰਵਾਂ ਸੁਆਗਤ ਕੀਤਾ, ਹਿੰਦੀ ਚੀਨੀ ਭਾਈ ਭਾਈ ਦੇ ਨਾਅਰੇ ਲਗੇ। ਦੋਹਾਂ ਦੇਸਾਂ ਵਿਚ ਮਿਤਰਤਾ ਦਾ ਮਹੌਲ ਪੈਦਾ ਹੋ ਗਿਆ, ਤੇ ਦੇਸ ਵਿਚ ਵੀ ਕਾਂਗਰਸ ਅਤੇ ਕਮਿਉਨਿਸਟ ਪਾਰਟੀ ਦੇ ਸਬੰਧ ਖ਼ੁਸ਼ਗਵਾਰ ਹੋ ਗਏ ਸਨ। ਪਰ ਬੰਗਾਲ ਅਤੇ ਕੈਰਲਾ ਦੀਆਂ ਵਿਧਾਨ ਸਭਾਵਾਂ ਵਿਚ ਹੋਈ ਜਿੱਤ ਤੋਂ ਅਗੇ 1962 ਦੀਆਂ ਚੋਣਾਂ ਜਿੱਤਣ ਲਈ ਅਤੇ ਕਮਿਉਨਿਸਟਾਂ ਦੀ ਤਾਕਤ ਨੂੰ ਅਗੇ ਵਧਣ ਤੋਂ ਰੋਕਣ ਲਈ, ਚੀਨੀ



ਮਿਤਰਤਾ ਨੂੰ ਬਰੇਕ ਲਾਉਣ ਦੀ ਵਿਉਂਤ ਭਾਰਤ ਸਰਕਾਰ ਨੇ ਤਿਆਰ ਕਰ ਲਈ। ਦੋਵਾਂ ਦੇਸ਼ਾਂ ਦੀ ਹਿੰਦ-ਚੀਨ ਸਰਹੱਦ ਦਾ ਨਕਸ਼ਾ ਜੋ ਅੰਗਰੇਜ ਅਫਸਰਾਂ ਦਾ ਤਿਆਰ ਕੀਤਾ ਹੋਇਆ ਸੀ, ਕਿਉਂਕੇ ਭਾਰਤ ਵਿਚ ਤਾਂ ਸਰਕਾਰ ਹੀ ਅੰਗਰੇਜਾਂ ਦੀ ਸੀ, ਤੇ ਚੀਨੀ ਹਾਕਮ ਚਿਆਂਗ ਕਾਈ ਸ਼ੇਕ ਅੰਗ੍ਰੇਜਾਂ ਦਾ ਪਿਠੂ ਸੀ। ਅੰਗਰੇਜ ਅਫਸਰਾਂ ਨੇ ਹਿੰਦ ਚੀਨ ਬਾਰਡਰ ਦੋਹਾਂ ਦੇਸਾਂ ਵਿਚ ਵਿਵਾਦ ਪੂਰਨ ਦਿਖਾਈਆ ਹੋਇਆ ਸੀ, ਚੀਨ ਵਾਲੇ ਨਕਸ਼ੇ ਅਤੇ ਭਾਰਤ ਦੇ ਨਕਸ਼ੇ ਵਿਚ ਕਾਫੀ ਏਰੀਆ, ਝਗੜੇ ਵਾਲਾ ਬਣਿਆ ਪਿਆ ਸੀ। ਉਸ ਨੂੰ ਠੀਕ ਕਰਨ ਦੀਆਂ ਵਿਉਂਤਾਂ ਵੀ ਬਣ ਰਹੀਆਂ ਸਨ। ਮਸਲਾ ਸੁਲਝਾਉਣ ਲਈ ਦੋਵਾਂ ਦੇਸਾਂ ਵਲੋਂ ਗੱਲ-ਬਾਤ ਦਾ ਰਾਹ ਅਖਤਿਆਰ ਕੀਤਾ ਗਿਆ, ਚੀਨੀ ਪ੍ਰਧਾਨ ਮੰਤਰੀ ਚੂ, ਐਂਨ, ਲਾਈਗੱਲ-ਬਾਤ ਲਈ ਭਾਰਤ ਆਇਆ, ਕਈ ਮੀਟਿੰਗਾਂ ਹੋਈਆਂ ਪਰ ਗੱਲ-ਬਾਤ ਕਿਸੇ ਸਿਰੇ ਨਾ ਲਗੀ। ਭਾਰਤ ਸਰਕਾਰ ਅੰਗ੍ਰੇਜਾਂ ਵਲੋਂ ਤਿਆਰ ਕੀਤੇ ਭਾਰਤੀ ਨਕਸ਼ੇ ਤੇ ਅੜੀ ਹੋਈ ਸੀ, ਕੋਈ ਸਮਝੋਤੇ ਵਾਲਾ

ਪਬਲਿਕ ਲੈਕਚਰ






ਜਲ੍ਹਿਆਂਵਾਲਾ ਬਾਗ ਸਾਕੇ ਦੇ ਸੌ ਸਾਲ ਅਤੇ ਮੌਜੂਦਾ ਹਾਲਾਤ

ਡਾ. ਨਵਸ਼ਰਨ ਸਿੰਘ

ਸ਼ਨੀਵਾਰ, 4 ਮਈ 2019 ਦੁਪਹਿਰ, ਸਮਾਂ 2.00 ਤੋਂ 4.30
ਸਿਟੀ ਸੈਂਟਰ ਲਾਇਬ੍ਰੇਰੀ, 10350, ਯੂਨੀਵਰਸਿਟੀ ਡਰਾਇਵ, ਸਰੀ, ਬੀਸੀ
ਹਰਿੰਦਰ ਮਹਿਲ 778 995 5951, ਚਰਨਪਾਲ ਗਿੱਲ 604 834 4088
ਮੱਖਣ ਤੁੱਟ 604 771 2503, ਸਾਧੂ ਬਿਨਿੰਗ 778 773 1886

ਸੋਮਵਾਰ, ਮਈ 6, 2019

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿਨੀਪੈਗ






ਰਾਹ ਕਢਣ ਲਈ ਤਿਆਰ ਨਾ ਹਈ। ਪਰ ਚੀਨੀ ਵਫਦ ਵਿਚ-ਵਿਚਾਲੇ ਦਾ ਰਾਹ ਕਢਣ ਲਈ ਤਿਅਰ ਸੀ, ਪਰ ਸਾਡੀ ਸਰਕਾਰ ਨੇ ਅਪਣੇ ਨਕਸ਼ੇ ਤੋਂ ਪਿਛੇ ਹਟਣ ਤੋਂ ਸਾਫ ਨਾਂਹ ਕਰ ਦਿੱਤੀ ਤਾਂ ਚੀਨੀ ਪ੍ਰਧਾਨ ਮੰਤਰੀ ਅਪਣੇ ਵਫਦ ਨਾਲ ਚੀਨ ਪਰਤ ਗਿਆ। ਭਾਰਤ ਨੇ ਸਾਡੀ ਫੌਜ ਅੰਗਰੇਜ਼ ਵਲੋਂ ਤਿਆਰ ਕੀਤੇ ਨਕਸ਼ੇ ਤੇ ਤਾਇਨਾਤ ਕਰ ਦਿਤੀ। ਚੀਨ ਨੇ ਵੀ ਅਪਣੀ ਫੌਜ ਬਾਰਡਰ ਤੇ ਭੇਜ ਦਿਤੀ, ਤੇ ਦੋਵਾਂ ਫੋਜਾਂ ਦਾ ਟਕਰਾ ਹੋ ਗਿਆ, ਸਾਡੇ ਜਵਾਨ ਪੂਰੀ ਬਹਾਦਰੀ ਨਾਲ ਲੜੇ। ਪਰ ਸਾਡੀ ਫੌਜ ਚੀਨੀ ਫੌਜ ਦਾ ਟਾਕਰਾ ਨਾ ਕਰ ਸਕੀ। ਹਜ਼ਾਰਾਂ ਦੀ ਗਿਣਤੀ ਵਿਚ ਸਾਡੇ ਜਵਾਨ ਸ਼ਹੀਦ ਹੋਏ, ਪਰ ਫਿਰ ਵੀ ਪਿਛੇ ਹਟਣਾ ਪਿਆ। ਚੀਨ ਅਪਣੇ ਕਲੇਮ ਕੀਤੇ ਨਕਸ਼ੇ ਤੇ ਆ ਕੇ ਰੁਕ ਗਿਆ, ਭਾਵੇਂ ਕਿ ਅਗੋਂ ਉਸ ਦਾ ਕੋਈ ਵਿਰੋਧ ਨਹੀਂ ਸੀ ਹੋ ਰਿਹਅ। ਉਸ ਤੋਂ ਬਾਅਦ ਭਾਰਤ ਸਰਕਾਰ ਅਪਣੇ ਅਸਲੀ ਮਨਸੂਬੇ ਤੇ ਆ ਗਈ, ਉਸ ਨੇ ਦੇਸ ਅੰਦਰ ਵੱਡੀ ਪੱਧਰ ਤੇ ਕਮਿਉਨਿਸਟ ਲੀਡਰਾਂ ਅਤੇ ਵਰਕਰਾਂ ਨੂੰ ਫੜ ਕੇ ਜੇਹਲਾਂ ਵਿਚ ਡੱਕ ਦਿਤਾ ਤੇ ਉਨਾਂ ਨੂੰ ਚੀਨ ਦੇ ਏਜੰਟ ਆਖ ਕੇ ਭੰਡਣਾ ਸ਼ੁਰੂ ਕਰ ਦਿਤਾ। 1962 ਦੀਆਂ ਦੇਸ ਵਿਆਪੀ ਚੋਣਾਂ ਕਾਂਗਰਸ ਨੇ ਭਾਰੀ ਬਹੁਮਤ ਨਾਲ ਜਿੱਤ ਲਈਆਂ। ਚੋਣਾਂ ਜਿਤਣ ਤੋਂ ਬਾਅਦ ਸਰਕਾਰ ਨੇ ਇਕ ਨੋਟੀਫੀਕੇਸ਼ਨ ਜਾਰੀ ਕਰ ਦਿਤਾ ਕਿ ਜੇਹੜਾ ਕਮਿਉਨਿਸਟ ਵਰਕਰ ਜਾਂ ਆਗੂ ਇਹ ਲਿਖ ਕੇ ਦੇਵੇਗਾ, ਕਿ ਪਹਿਲਾਂ ਹਮਲਾ ਚੀਨ ਨੇ ਕੀਤਾ ਹੈ ਤੇ ਚੀਨ ਹਮਲਾਵਰ ਹੈ, ਉਸ ਨੂੰ ਛੱਡ ਦਿਤਾ ਜਾਵੇਗਾ। ਇਸ ਦਾ ਮਕਸਦ ਪਾਰਟੀ ਵਿਚ ਫੁੱਟ ਪਾਉਣਾ ਸੀ, ਜੋ ਸਰਕਾਰ ਨੇ ਸਹਿਜੇ ਹੀ ਪਰਾਪਤ ਕਰ ਲਿਆ। ਲੀਡਰ ਅਤੇ ਵਰਕਰ ਦੋ ਥਾਂਈਂ ਵੰਡੇ ਗਏ, ਚੀਨ ਨੂੰ ਹਮਲਾਵਰ ਮਨਣ ਵਾਲੇ ਤੇ ਭਾਰਤ ਵਲੋਂ ਪਹਿਲ ਕਰਨ ਨੂੰ ਲੜਾਈ ਦੀ ਜੜ ਸਮਝਣ ਵਾਲੇ। ਚੀਨ ਹਮਲਾਵਰ ਹੈ ਲਿਖਕੇ ਦੇਣ ਵਾਲੇ ਲੀਡਰ ਤੇ ਵਰਕਰ ਜੇਹਲਾਂ ਵਿਚੋਂ ਬਾਹਰ ਆ ਗਏ। ਥੋੜ੍ਹੇ ਚਿਰ ਬਾਅਦ ਸਰਕਾਰ ਨੇ ਚੀਨ ਨੂੰ ਹਮਲਾਵਰ ਨਾ ਮੰਨਣ ਵਾਲਿਆਂ ਨੂੰ ਵੀ ਬਿਨਾ ਸ਼ਰਤ ਛੱਡ ਦਿਤਾ। ਇਸ ਨਾਲ ਪਾਰਟੀ ਦੋ ਥਾਈਂ ਵੰਢੀ ਗਈ, ਲਿਖਕੇ ਦੇਣ ਵਾਲੇਆਂ ਨੂੰ, ਬਿਨਾਂ ਸ਼ਰਤ ਰਿਹਾ ਹੋਣ ਵਾਲੇ, ਡਰੂ ਤੇ ਭਗੌੜੇ ਆਖਣ ਲੱਗ ਪਏ, ਤੇ ਬਿਨਾ ਸ਼ਰਤ ਰਿਹਾ ਹੋਣ ਵਾਲਿਆਂ ਨੂੰ, ਮਾਫੀ ਮੰਗਕੇ ਬਾਹਰ ਆਉਣ ਵਾਲੇ ਲੀਡਰ, ਖੱਬੇ-ਪੱਖੀ ਆਖਣ ਲਗ ਪਏ। ਦੋਵਾਂ ਧਿਰਾਂ ਨੇ ਏਕਾ ਕਰਨ ਦੀ ਬਜਾਏ ਫੁੱਟ ਪਾਉਣ ਨੂੰ ਤਰਜੀਹ ਦਿਤੀ, ਚੀਨ ਨੂੰ ਹਮਲਾਵਰ ਮਨਣ ਵਾਲਿਆਂ ਨੇ ਅਪਣੀ ਪਾਰਟੀ ਦਾ ਨਾ ਕਮਿਉਨਿਸਟ ਪਾਰਟੀ ਇੰਡੀਆ (ਸੀ.ਪੀ.ਆਈ.) ਰੱਖ ਲਿਆ। ਦੂਜੀ ਧਿਰ ਨੇ ਅਪਣਾ ਨਾਮ ਕਮਿਉਨਿਸਟ ਪਾਰਟੀ ਮਾਰਕਸਵਾਦੀ (ਸੀ.ਪੀ.ਐਮ.) ਰੱਖ ਲਿਆ। ਨਹਿਰੂ ਸਰਕਾਰ ਦਾ ਇਕ ਮਕਸਦ 1962 ਦੀਆਂ ਚੋਣਾਂ ਜਿੱਤਣਾ ਸੀ, ਤੇ ਦੂਜਾ ਚੜ੍ਹਦੀ ਆ ਰਹੀ ਲਾਲ ਹਨ੍ਹੇਰੀ ਨੂੰ ਠਲਣਾਂ ਸੀ। ਜਿਸ ਲਈ ਹਜ਼ਾਰਾਂ ਜਵਾਨਾ ਦੀ ਬਲੀ ਦਿੱਤੀ ਗਈ। ਜਿਸ ਇਲਾਕੇ ਬਾਰੇ ਝਗੜੇ ਦੀ ਸ਼ੁਰੂਆਤ ਕੀਤੀ ਗਈ ਸੀ, ਉਸ ਮਸਲੇ ਨੂੰ 57 ਸਾਲ ਹੋ ਗਏ ਹਨ, ਹੱਲ ਕਰਨ ਦਾ ਯਤਨ ਅੱਜ ਤੱਕ ਨਹੀ ਕੀਤਾ ਗਿਆ। ਸਰਕਾਰ ਦਾ ਅਸਲ ਮਕਸਦ ਦੇਸ ਅੰਦਰ ਲਾਲ ਹਨੇਰੀ ਨੂੰ ਰੋਕਣਾ ਹੀ ਸੀ, ਜੋ ਉਸ ਨੇ ਸਾਡੇ ਆਗੂਆਂ ਦੀ ਮੂਰਖਤਾ ਨਾਲ ਸਹਿਜੇ ਹੀ ਪੂਰਾ ਕਰ ਲਿਆ। ਅਸਲੀ ਤੇ ਨਕਲੀ ਦਾ ਝਗੜਾ ਛੱਡ ਕੇ ਕਾਂਗਰਸ ਦੀ ਚਾਲ ਨੂੰ ਸਮਝਦੇ ਹੋਏ ਏਕਾ ਕਰ ਲੈਣਾ ਚਾਹੀਦਾ ਸੀ। 1962 ਵਿਚ ਸਾਡੇ ਹਜਾਰਾਂ ਜਵਾਨਾਂ ਦੀ ਬਲੀ ਦੇ ਕੇ ਭਾਵੇਂ ਕਾਂਗਰਸ ਜਿੱਤ ਗਈ ਸੀ। ਪਾਕਿਸਤਾਨ ਕਸ਼ਮੀਰ ਵਿਚ ਲਗਾਤਾਰ ਜੰਗ-ਬੰਦੀ ਦੀ ਉਲੰਘਣਾ ਕਰਨ ਦੀਆਂ ਸ਼ਰਾਰਤਾਂ ਕਰਦਾ ਆ ਰਿਹਾ ਸੀ। 1965 ਵਿਚ ਪਾਕਿ: ਨੇ ਲੜਾਈ ਵਾਲੇ ਹਾਲਾਤ ਪੈਦਾ ਕਰ ਦਿਤੇ ਤੇ ਭਾਰਤ ਨੂੰ ਪਾਕਿ ਨਾਲ ਜੰਗ ਲੜਨੀ ਪਈ। 19 ਦਿਨਾਂ ਦੀ ਜੰਗ ਵਿਚ ਦੋਵਾਂ ਦੇਸਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਰੂਸ ਨੇ ਦੋਵਾਂ ਦੇਸਾਂ ਨੂੰ ਜੰਗ ਬੰਦੀ ਲਈ ਰਾਜੀ ਕਰਕੇ ਜੰਗ-ਬੰਦੀ ਕਰਵਾ ਦਿੱਤੀ। ਦੋਵਾਂ ਦੇਸਾਂ ਦੇ ਆਗੂਆਂ ਨੂੰ ਅਪਣੇ ਦੇਸ ਸੱਦ ਕੇ ਸਮਝੌਤਾ ਕਰਵਾ ਦਿਤਾ ਪਰ ਕਸ਼ਮੀਰ ਮਸਲਾ ਫਿਰ ਵੀ ਹੱਲ ਨਾ ਹੋਇਆ। ਸਾਡੇ ਦੇਸ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ ਜੀ ਨੇ ਕਸ਼ਮੀਰ ਮਸਲਾ ਹੱਲ ਨਾ ਹੋਣ, ਅਤੇ ਹਜਾਰਾਂ ਬਹਾਦਰ ਜਵਾਨਾਂ ਦੀਆਂ ਕੁਰਬਾਨੀਆਂ ਅਜਾਈਂ ਜਾਣ ਤੇ ਸਮਝੌਤੇ ਵਾਲੀ ਥਾਂ ਤਾਸ਼ਕੰਦ (ਰੂਸ) ਵਿਚ ਹੀ ਅਪਣੇ ਪ੍ਰਾਣ ਤਿਆਗ ਦਿੱਤੇ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਨਹਿਰੂ ਜੀ ਦੀ ਬੇਟੀ ਇੰਦਰਾ ਗਾਂਧੀ ਦੇਸ ਦੀ ਪਰਧਾਨ ਮੰਤਰੀ ਬਣੀ। 1967 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਲੋਕ-ਸਭਾ ਵਿਚ ਤਾਂ ਜਿੱਤ ਗਈ ਪਰ ਦੇਸ ਦੀਆਂ ਬਹੁਤੀਆਂ ਸਟੇਟਾਂ ਵਿਚ ਕਾਂਗਰਸ ਨੂੰ ਬੁਰੀ ਤਰਾਂ ਹਾਰ ਦਾ ਮੂੰਹ ਵੇਖਣਾ ਪਿਆ। ਇੰਦਰਾ ਸਰਕਾਰ ਨੇ 1967ਵਿਚ ਆਈ ਰਾਜਨੀਤਕ ਕਮਜੋਰੀ ਨੂੰ ਦੂਰ ਕਰਨ ਲਈ, 1971 ਵਿਚ ਪਾਕਿਸਤਾਨ ਵਿਚ ਪਏ ਰਫੜ ਦਾ ਫਾਇਦਾ ਲੈਂਦਿਆਂ ਪਾਕਿਸਤਾਨ ਨਾਲ ਫਿਰ ਜੰਗ ਵਿੱਢ ਲਈ। ਪੂਰਬੀ ਪਾਕਿਸਤਾਨ ਨੂੰ ਬੰਗਲਾ ਦੇਸ ਬਣਨ ਵਿਚ ਮੱਦਦ ਕੀਤੀ, ਇਸ ਜੰਗ ਵਿਚ ਵੀ ਸਾਡੇ ਹਜਾਰਾਂ ਜਵਾਨਾਂ ਨੂੰ ਕੁਰਬਾਨੀ ਦੇਣੀ ਪਈ। ਪਰ ਸਾਡੀ ਬਹਾਦਰ ਫੌਜ ਨੇ 90,000 ਪਾਕਿਸਤਾਨੀ ਫੌਜ ਨੂੰ ਬੰਦੀ ਬਣਾ ਲਿਆ ਤੇ ਪੂਰਬੀ ਬੰਗਾਲ ਨੂੰ ਅਜਾਦ ਦੇਸ ਬਣਾ ਦਿਤਾ। ਇਕ ਵਾਰ ਫਿਰ ਭਾਰਤ ਸਰਕਾਰ ਕੋਲ ਕਸ਼ਮੀਰ ਮਸਲੇ ਨੂੰ ਹੱਲ ਕਰਨ ਦਾ ਸੁਨਹਿਰੀ ਮੌਕਾ ਸੀ। ਪਾਕਿ ਫੌਜੀਆਂ ਦੀ ਰਿਹਾਈ ਲਈ ਕਸ਼ਮੀਰ ਵਿਚੋਂ ਪਕਿਸਤਾਨੀ ਫੌਜ ਕਢਣ ਦੀ ਸ਼ਰਤ ਤੇ ਸਮਝੌਤਾ ਕਰਨਾ ਬਣਦਾ ਸੀ। ਪਰ ਸਰਕਾਰ ਨੂੰ ਕਸ਼ਮੀਰ ਮਸਲਾ ਰਾਜਨੀਤੀ ਕਰਨ ਲਈ ਜਿਉਂਦਾ ਰਖਣਾ ਜਰੂਰੀ ਸੀ, ਉਸ ਨੇ ਤਾਂ ਬੰਗਲਾ ਦੇਸ ਵਿਚ 1972 ਦੀਆਂ ਚੋਣਾਂ ਜਿਤਣ ਲਈ ਸਾਡੇ ਦੇਸ ਦੇ ਜਵਾਨਾਂ ਦੀਆਂ ਕੁਰਬਾਨੀਆਂ ਦਿੱਤੀਆਂ ਸਨ। ਜਿਸ ਦਾ ਨਤੀਜਾ ਸਰਕਾਰ ਦੀ ਉਮੀਦ ਮਤਾਬਕ ਬਿਲਕੁਲ ਠੀਕ ਨਿਕਲਿਆ, ਕਾਂਗਰਸ ਨੇ ਵਿਧਾਨ-ਸਭਾਵਾਂ ਅਤੇ ਲੋਕ-ਸਭਾ ਵਿਚ ਭਾਰੀ ਗਿਣਤੀ ਵਿਚ ਸੀਟਾਂ ਲੈ ਕੇ ਜਿੱਤ ਹਾਸਲ ਕੀਤੀ। ਇੰਦਰਾ ਗਾਂਧੀ ਦੇ ਚਾਪਲੂਸਾਂ ਨੇ ਉਸ ਨੂੰ ਦੁਰਗਾ ਦੇਵੀ ਦਾ ਅਵਤਾਰ ਘੋਸ਼ਤ ਕਰ ਦਿਤਾ, ਇੰਦਰਾ ਜੀ ਵੀ ਅਪਣੇ ਆਪ ਨੂੰ ਮੰਨ ਬੈਠੀ ਬੈਠੀ, ਉਸ ਨੇ ਆਪ ਹੁਦਰੇ ਫੈਸਲੇ ਕਰਨੇ ਸ਼ੁਰੂ ਕਰ ਦਿਤੇ। ਇੰਦਰਾ ਜੀ ਦੀ ਲੋਕ-ਸਭਾ ਸੀਟ ਤੋਂ ਹਾਰੇ ਹੋਏ ਵਿਰੋਧੀ ਉਮੀਦਵਾਰ ਨੇ ਇੰਦਰਾ ਜੀ ਦੀ ਜਿੱਤ ਦੇ ਖਿਲਾਫ ਅਲਹਾਬਾਦ ਹਾਈਕੋਰਟ ਵਿਚ ਇਕ ਰਿੱਟ ਪੁਟੀਸ਼ਨ ਪਾਈ ਹੋਈ ਸੀ। ਉਸ ਦਾ ਫੈਸਲਾ ਕਰਦਿਆਂ ਹਾਈ ਕੋਰਟ ਬੈਂਚ ਨੇ ਇੰਦਰਾ ਜੀ ਦੀ ਚੋਣ ਨੂੰ ਰੱਦ ਕਰ ਦਿੱਤਾ, ਤੇ ਉਸ ਉਪਰ 6 ਸਾਲ ਲਈ ਚੋਣ ਲੜਨ ਤੇ ਪਾਬੰਦੀ ਲਾ ਦਿੱਤੀ। ਇੰਦਰਾ ਜੀ ਨੇ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ, ਸੁਪ੍ਰੀਮ-ਕੋਰਟ ਵਿਚ ਰਿੱਟ ਪੁਟੀਸ਼ਨ ਪਾਉਣ ਦੀ ਬਜਾਏ, ਸਾਰੇ ਦੇਸ ਵਿਚ ਐਮਰਜੰਸੀ ਦਾ ਐਲਾਨ ਕਰ ਦਿਤਾ, ਤੇ ਵਿਰੋਧੀ ਧਿਰ ਦੇ ਆਗੂਆਂ ਨੂੰ ਜੇਹਲਾਂ ਵਿਚ ਡੱਕ ਦਿੱਤਾ। ਕਾਂਗਰਸੀ ਲੀਡਰਾਂ ਨੇ ਇੰਦਰਾ ਗਾਂਧੀ ਨੂੰ ਠੀਕ ਸਲਾ ਦੇਣ ਦੀ ਬਜਾਏ, ਇੰਦਰਾ ਇਜ ਇੰਡੀਆ ਦੇ ਨਾਅਰਿਆਂ ਨਾਲ ਹਵਾ ਦੇਣੀ ਸ਼ੁਰੂ ਕਰ ਦਿੱਤੀ। ਕਮਿਉਨਿਸਟ ਪਾਰਟੀ (ਸੀ.ਪੀ. ਆਈ.) ਨੇ ਇੰਦਰਾ ਜੀ ਦੇ ਧੱਕੜ-ਸ਼ਾਹੀ ਫੈਸਲੇ ਦੀ ਡੱਟਵੀ ਹਿਮਾਇਤ ਸ਼ੁਰੂ ਕਰ ਦਿੱਤੀ ਅਤੇ ਨਾਅਰਾ ਦਿਤਾ, ਹੋਰ ਸ਼ਿਕੰਜਾ ਕਸ ਬੀਬੀ ਹੋਰ ਸ਼ਿਕੰਜਾ ਕਸ। ਉਸ ਦੇ ਲਾਡਲੇ ਪੁਤਰ ਸੰਜੇ ਗਾਂਧੀ ਨੇ ਬੇਹੱਦ ਗੈਰ ਕਾਨੂੰਨੀ ਧੱਕੇ ਧੋੜੇ ਕਰਨੇ ਸ਼ੁਰੂ ਕਰ ਦਿਤੇ। 19 ਮਹੀਨਿਆਂ ਬਾਦ ਐਮਰਜੰਸੀ ਹਟਾ ਕੇ 1977 ਦੀਆਂ ਆਮ ਚੋਣਾਂ ਕਰਵਾਈਆਂ, ਸਾਰੀਆਂ ਵਿਰੋਧੀ ਧਿਰਾਂ ਜੇਹਲਾਂ ਵਿਚੋਂ ਇਕ ਮਜਬੂਤ ਪਾਰਟੀ 'ਜਨਤਾ ਪਾਰਟੀ' ਬਣਾ ਕੇ ਬਾਹਰ ਨਿਕਲੀਆਂ। ਚੋਣਾਂ ਵਿਚ ਹਿਸਾ ਲਿਆ ਤੇ ਭਾਰੀ ਜਿਤ ਹਾਸਲ ਕੀਤੀ।

ਵੱਖ-ਵੱਖ ਵਿਚਾਰਾਂ ਵਾਲੀਆਂ ਪਾਰਟੀਆਂ ਦੀ ਸਾਂਝੀ ਸਰਕਾਰ ਪੌਣੇ ਦੋ ਸਾਲ ਹੀ ਚਲ ਸਕੀ, 1980 ਵਿਚ ਮੱਧ ਵਕਤੀ ਚੋਣਾਂ ਹੋਈਆਂ, ਕਾਂਗਰਸ ਫਿਰ ਤੋਂ ਸਤਾ ਵਿਚ ਆ ਗਈ। ਇੰਦਰਾ ਜੀ, ਜੋ ਆਪਣੇ ਆਪ ਨੂੰ ਦੁਰਗਾ ਦੇਵੀ ਸਮਝਣ ਲੱਗ ਪਈ ਸੀ, ਨੇ ਐਮਰਜੰਸੀ ਦਾ ਵਿਰੋਧ ਕਰਨ ਵਾਲਿਆਂ ਨਾਲ ਨਜਿੱਠਣ ਦਾ ਮਨ ਬਣਾ ਲਿਆ। ਇਸ ਦੀ ਸ਼ੁਰੂਆਤ ਗਿਆਨੀ ਜੈਲ ਸਿੰਘ ਜੀ ਦੀ ਸਲਾਹ ਨਾਲ ਪੰਜਾਬ ਤੋਂ ਕੀਤੀ ਗਈ, ਅਕਾਲੀ ਦਲ ਜਿਸ ਨੇ ਐਮਰਜੰਸੀ ਦਾ ਡੱਟ ਕੇ ਵਿਰੋਧ ਕੀਤਾ ਸੀ। ਸਭ ਤੋਂ ਪਹਿਲਆ ਕਦਮ ਅਕਾਲੀ ਦਲ ਤੋਂ ਸ਼੍ਰੋਮਣੀ ਗੁਰਦਵਾਰਾ ਕਮੇਟੀ ਦਾ ਕਬਜਾ ਖੋਹਣ ਲਈ ਸੰਤ ਭਿੰਡਰਾਂਵਾਲਿਆਂ ਨੂੰ ਹਿਮਾਇਤ ਦੇਣੀ ਸ਼ੁਰੂ ਕਰ ਦਿੱਤੀ। ਮਸਲਾ ਵਿਗੜਦਾ ਵਿਗੜਦਾ ਇਨਾਂ ਵਿਗੜ ਗਿਆ ਕਿ ਪੰਜਾਬ ਵਿਚ ਖਾੜਕੂਵਾਦ ਦੀ ਹਨੇਰੀ ਹੀ ਚਲ ਪਈ, ਜੋ ਇਸ ਨੂੰ ਪੈਦਾ ਕਰਨ ਵਾਲੀ ਸਰਕਾਰ ਦੇ ਕੰਟਰੌਲ ਤੋਂ ਵੀ ਬਾਹਰ ਹੋ ਗਈ। ਖਾੜਕੂ ਧਿਰਾਂ ਦੀ ਲੀਡਰ ਸ਼ਿਪ ਅਪਣੀ ਸਰਗਰਮੀ ਹਰਿਮੰਦਰ ਸਹਿਬ ਦੇ ਅੰਦਰੋਂ ਚਲਾ ਰਹੀ ਸੀ, ਵੱਖ ਵੱਖ ਖਾੜਕੂ ਧਿਰਾਂ ਦੇ ਗਰੁਪ ਸਾਰੇ ਪੰਜਾਬ ਵਿਚ ਅਪਣੀਆਂ ਸਰਗਰਮੀਆਂ ਸਾਰੇ ਪੰਜਾਬ ਵਿੱਚ ਚਲਾ ਰਹੇ ਸਨ। ਹੁਣ ਖਾੜਕੂਆਂ ਨਾਲ ਨਜਿਠਣ ਲਈ, ਇੰਦਰਾ ਜੀ ਨੇ ਆਪਣਾ ਦੁਰਗਾ ਦਾ ਰੂਪ ਦਿਖਾਉਣ ਲਈ ਪੰਜਾਬ ਵਿਚ ਮਿਲਟਰੀ ਐਕਸ਼ਨ ਕਰਨ ਦਾ ਪਰੋਗਰਾਮ ਬਣਾ ਲਿਆ। ਸਾਰੇ ਵੱਡੇ ਗੁਰਦਵਾਰਿਆਂ ਸਮੇਤ ਹਰਿਮੰਦਰ ਸਾਹਿਬ ਉਪਰ ਬੇਲੋੜੀ ਮਿਲਟਰੀ ਦੀ ਵਰਤੋਂ ਕੀਤੀ ਗਈ, ਜਿਸ ਨਾਲ ਦੁਨੀਆਂ ਭਰ ਵਿਚ ਵਸਦੇ ਸਿਖਾਂ ਦੇ ਮਨਾਂ ਨੂੰ ਭਾਰੀ ਸੱਟ ਲਗੀ, ਜੋ ਉਸ ਦੀ ਮੌਤ ਦਾ ਕਾਰਨ ਵੀ ਬਣੀ। 1984 ਤੋਂ ਬਾਅਦ ਬਰਨਾਲਾ ਸਰਕਾਰ ਵੇਲੇ ਇਕ ਵਾਰ ਫਿਰ ਤੋਂ ਹਰਿਮੰਦਰ ਸਹਿਬ ਅੰਦਰ ਸਿੱਖ ਖਾੜਕੂ ਧਿਰਾਂ ਦਾ ਬੋਲਬਾਲਾ ਹੋ ਗਿਆ ਸੀ। ਜਿਸ ਨੂੰ ਬਿਨਾਂ ਫੌਜ ਦੀ ਮਦਦ ਦੇ ਅੰਦਰੂਨੀ ਸੁਰਖਿਆ ਫੋਰਸਾਂ ਦੀ ਤਾਕਤ ਨਾਲ ਖਾਲੀ ਕਰਵਾ ਲਿਆ ਗਿਆ ਸੀ। ਪਰ ਇੰਦਰਾ ਜੀ ਨੇ ਅਪਣੇ ਹੰਕਾਰ ਵਸ ਹੋ ਕੇ ਗਲਤ ਕਾਰਵਾਈ ਕੀਤੀ, ਤਾਂ ਕਿ ਉਸ ਦੀ ਦੁਰਗਾ ਵਾਲੀ ਛਵੀ ਬਣੀ ਰਹੇ, ਜੋ ਉਸ ਨੇ ਬੰਗਲਾ ਦੇਸ ਵਿਚ ਕਾਰਵਾਈ ਕਰਕੇ ਪਰਾਪਤ ਕੀਤੀ ਸੀ। ਹਰਮੰਦਰ ਸਹਿਬ ਤੇ ਹਮਲੇ ਦਾ ਨਤੀਜਾ ਉਸ ਨੂੰ ਛੇਤੀ ਹੀ ਮਿਲ ਗਿਆ, ਇੰਦਰਾ ਜੀ ਦੇ ਦੋ ਸਿੱਖ ਬਾਡੀਗਾਰਡਾਂ ਨੇ ਇੰਦਰਾ ਜੀ ਦੀ ਹਤਿਆ ਕਰ ਦਿੱਤੀ। ਉਸ ਤੋਂ ਬਾਅਦ ਰਜੀਵ ਗਾਂਧੀ ਨੂੰ ਪਰਧਨ ਮੰਤਰੀ ਬਣਾ ਦਿਤਾ, ਰਜੀਵ ਗਾਂਧੀ ਨੇ ਆਉਣ ਵਾਲੀਆਂ ਲੋਕ-ਸਭਾ ਚੋਣਾਂ ਵਿਚ ਅਪਣੀ ਮਾਂ ਦੀ ਕੁਰਬਾਨੀ ਦਾ ਪ੍ਰਚਾਰ ਕਰਕੇ ਲੋਕ-ਸਭਾ ਚੋਣਾਂ ਜਿੱਤ ਕੇ ਸਰਕਾਰ ਬਣਾਈ। ਰਜੀਵ ਗਾਂਧੀ ਨੇ ਵੀ 1991 ਵਿਚ ਆਉਣ ਵਾਲੀਆਂ ਲੋਕ-ਸਭਾ ਚੋਣਾਂ ਤੋਂ ਸਾਲ ਕੁ ਪਹਿਲਾਂ ਲੰਕਾ ਵਿਚ ਤਾਮਿਲ ਲੋਕਾਂ ਨੂੰ ਉਕਸਾ ਕੇ ਵੱਖਰਾ ਤਾਮਿਲ ਦੇਸ ਬਨਾਉਣ ਲਈ ਹਥਿਆਰ ਦੇ ਕੇ ਲੜਾਈ ਸ਼ੁਰੂ ਕਰਵਾ ਦਿਤੀ। ਜਦ ਲੰਕਾ ਸਰਕਾਰ ਨੇ ਰਜੀਵ ਗਾਂਧੀ ਦੀ ਈਨ ਮੰਨ ਲਈ ,ਫੇਰ ਲੜਾਈ ਬੰਦ ਕਰਨ ਦੇ ਹੁਕਮ ਕਰ ਦਿਤੇ ਜੋ ਲਿਟੇ ਵਾਲਿਆਂ ਮੰਨਣ ਤੋਂ ਇਨਕਾਰ ਕਰ ਦਿਤਾ। ਫਿਰ ਲਿਟੇ ਵਾਲਿਆਂ ਤੋਂ ਹਥਿਆਰ ਸੁਟਵਾਉਣ ਲਈ ਸਾਡੀ 25 ਸੌ ਫੌਜ ਲੰਕਾ ਭੇਜ ਦਿੱਤੀ ਜਿਸ ਵਿਚ ਸੈਂਕੜੇ ਜਵਾਨਾਂ ਨੇ ਸ਼ਹਾਦਤ ਦਿਤੀ, ਪਰ ਲਿਟੇ ਵਾਲਿਆ ਹਥਿਆਰ ਨਾ ਸੁੱਟੇ। ਉਹਨਾ ਸਾਡੀ ਫੌਜ ਦੇ ਪੈਰ ਨਾ ਲਗਣ ਦਿਤੇ ਅਖਿਰ ਸਾਨੂੰ ਅਪਣੀ ਫੌਜ ਵਾਪਿਸ ਸਦਣੀ ਪਈ। ਰਾਜੀਵ ਗਾਂਧੀ ਨੇ ਏਹ ਸਾਰੀ ਖੇਡ ਆਉਣ ਵਾਲੀਆਂ ਲੋਕ-ਸਭਾ ਚੋਣਾਂ ਜਿੱਤਣ ਲਈ ਕੀਤੀ ਸੀ, ਜਿਸ ਵਿਚ ਸਾਡੇ ਜਵਾਨਾ ਦੀ ਬੇਲੋੜੀ ਕੁਰਬਾਨੀ ਦਿਤੀ ਗਈ। ਰਾਜੀਵ ਗਾਂਧੀ ਨੂੰ ਵੀ ਅਪਣੇ ਕੀਤੇ ਦੀ ਸਜਾ ਛੇਤੀ ਹੀ ਮਿਲ ਗਈ। ਇਕ ਤਾਮਿਲ ਲੜਕੀ ਨੇ ਰਾਜੀਵ ਗਾਂਧੀ ਦੀ ਚੋਣ ਰੈਲੀ ਵਾਲੀ ਸਟੇਜ ਤੇ ਜਾ ਕੇ ਬੰਬ ਧਮਾਕਾ ਕਰਕੇ ਅਪਣੀ ਜਾਂਨ ਦੀ ਅਹੂਤੀ ਦੇ ਕੇ ਸਾਡੇ ਪ੍ਰਧਾਨ ਮੰਤਰੀ ਅਤੇ ਹੋਰ ਕਈ ਲੋਕਾਂ ਦੀ ਜਾਨ ਲੈ ਲਈ। ਸਾਡੇ ਰਾਜਨੀਤਕ ਆਗੂਆਂ ਦਾ, ਪੰਜ ਸਾਲ ਰਾਜ ਕਰਨ ਨਾਲ ਢਿੱਡ ਨਹੀ ਭਰਦਾ, ਅਗਲੀਆਂ ਚੋਣਾਂ ਹਰ ਹਰਬਾ ਵਰਤਕੇ ਜਿਤਣਾ ਚਾਹੁੰਦੇ ਹਨ, ਇਨਾਂ ਨੂੰ ਲੋਕਾਂ ਦੀ ਪੰਜ ਸਾਲ ਕੀਤੀ ਕੀਤੀ ਸੇਵਾ (ਲੁੱਟ) ਤੇ ਸਬਰ ਸੰਤੋਖ ਕਰਨਾ ਚਾਹੀਦਾ ਹੈ।

# ਲੋਕ ਕਵੀ ਸੰਤ ਰਾਮ ਉਦਾਸੀ ਦਾ ਪਿੰਡ ਰਾਇਸਰ





ਰਣਦੀਪ ਸੰਗਤਪੁਰਾ
98556-95905
rvs0001@gmail.com

ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਵਾਲੇ ਕਵੀ ਸੰਤ ਰਾਮ ਉਦਾਸੀ ਦਾ ਪਿੰਡ ਰਾਇਸਰ ਬਰਨਾਲਾ ਤੋਂ 14 ਕਿਲੋਮੀਟਰ ਦੀ ਦੂਰੀ 'ਤੇ ਵਸਿਆ ਹੋਇਆ ਹੈ।

ਕਿਸੇ ਸਮੇਂ ਇਹ ਪਿੰਡ ਰਾਏਕੋਟ ਦੇ ਮੁਸਲਿਮਾਂ ਦੀ ਜਾਗੀਰ ਹੁੰਦਾ ਸੀ ਹੁਣ ਪਿੰਡ ਦੇ ਦੋ ਹਿੱਸੇ ਹਨ — ਰਾਇਸਰ ਪੰਜਾਬ, ਦੂਜਾ ਰਾਇਸਰ ਪਟਿਆਲਾ।

1947 ਤੋਂ ਪਹਿਲਾਂ ਰਾਇਸਰ ਪਟਿਆਲਾ 'ਤੇ ਮਹਾਰਾਜਾ ਪਟਿਆਲਾ ਦਾ ਕਬਜ਼ਾ ਸੀ, ਜਦੋਂਕਿ ਰਾਇਸਰ ਪੰਜਾਬ ਅੰਗਰੇਜ਼ਾਂ ਦੇ ਅਧੀਨ ਸੀ।

ਮੌਜੂਦਾ ਸਮੇਂ ਪਿੰਡ ਦੀ ਆਬਾਦੀ ਕਰੀਬ 9,000 ਹੈ, ਜਿਸ 'ਚੋਂ 3100 ਵੋਟਰ ਹਨ।

ਪਿੰਡ ਦਾ ਲੋਕ—ਪੱਖੀ ਲਹਿਰਾਂ 'ਚ ਬਹੁਤ ਯੋਗਦਾਨ ਰਿਹਾ ਹੈ। ਇੱਥੋਂ ਦੇ ਆਜ਼ਾਦੀ ਘੁਲਾਟੀਆਂ 'ਚੋਂ ਅਰਜੁਨ ਮੁਨੀ ਨੇ ਜਵਾਹਰ ਲਾਲ ਨਹਿਰੂ ਨਾਲ ਜੇਲ੍ਹ ਕੱਟੀ ਸੀ। ਸੁਰਜਣ ਸਿੰਘ ਭੁੱਲਰ ਆਜ਼ਾਦ ਹਿੰਦ ਫੌਜ਼ ਦਾ ਸਿਪਾਹੀ ਸੀ।

ਨਕਸਲਬਾੜੀ ਲਹਿਰ ਦੌਰਾਨ ਪਿੰਡ ਦੇ ਸ਼ਹੀਦ ਮਿਹਰ ਸਿੰਘ ਮੰਡਵੀ, ਕਾਮਰੇਡ ਕਰਨੈਲ ਸਿੰਘ, ਜਥੇਦਾਰ ਹਰਜੀਤ ਸਿੰਘ, ਸੰਤ ਰਾਮ ਉਦਾਸੀ ਸਰਗਰਮ ਰਹੇ ਸਨ। ਲਹਿਰ ਦਾ ਹਿੱਸਾ ਰਹੇ ਕਾਮਰੇਡ ਕਰਨੈਲ ਸਿੰਘ ਦੱਸਦੇ ਹਨ ਕਿ ਹਕੂਮਤੀ ਜ਼ਬਰ ਦੌਰਾਨ ਉਹਨਾਂ 6 ਸਾਲ 3 ਮਹੀਨੇ ਕੈਦ ਕੱਟੀ ਸੀ, ਹਕੂਮਤ ਨੇ ਉਸਦੇ ਘਰ ਨੂੰ ਅੱਗ ਲਗਵਾ ਦਿੱਤੀ ਸੀ ਅਤੇ ਜਥੇਦਾਰ ਹਰਜੀਤ ਸਿੰਘ ਦੀ ਫਸਲ ਬਰਬਾਦ ਕਰ ਦਿੱਤੀ ਸੀ।

1947 ਦੇ ਬਟਵਾਰੇ ਦੌਰਾਨ ਕਰੀਬ 50 ਘਰ ਪਾਕਿਸਤਾਨ ਤੋਂ ਆ ਕੇ ਇੱਥੇ ਵਸੇ, ਇਨ੍ਹਾਂ 'ਚ ਗਰੇਵਾਲ, ਸੇਖੋਂ, ਧਾਲੀਵਾਲ, ਗਿੱਲ, ਸਿੱਧੂ, ਥਿੰਦ, ਬਾਸੀ ਅਤੇ ਚੀਮਾਂ ਗੋਤ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਹਨ।

ਬਟਵਾਰੇ ਦੌਰਾਨ ਪਿੰਡ ਦੇ ਕਹਿੰਦੇ ਕਹਾਉਂਦੇ ਵੈਲੀ ਬਰਖਰਦਾਰ ਨੂੰ ਮੁਸਲਿਮ ਹੋਣ ਕਾਰਨ ਘਰ ਛੱਡ ਕੇ ਪਾਕਿਸਤਾਨ ਜਾਣਾ ਪਿਆ ਸੀ। ਉਸ ਦਾ ਘਰ ਮਿੱਤ ਸਿੰਘ ਸੂਬੇਦਾਰ ਨੂੰ ਅਲਾਟ ਹੋ ਗਿਆ ਸੀ। ਇਸ ਘਰ 'ਚ ਅੱਜ ਕੱਲ੍ਹ ਜੋਗਿੰਦਰ ਸਿੰਘ ਬੇਰ ਵਾਲੇ ਰਹਿ ਹਨ। ਦੱਸਿਆ ਜਾਂਦਾ ਹੈ ਕਿ ਬਟਵਾਰੇ ਤੋਂ ਪਹਿਲਾਂ ਬਰਖਰਦਾਰ ਅਤੇ ਪਿੰਡ ਦੇ ਹੀ ਜਰਨੈਲ ਸਿੰਘ ਵਿਚਕਾਰ ਕੱਟੜ ਦੁਸ਼ਮਣੀ ਸੀ।

1947 ਬਾਅਦ ਪਕਾਸਿਤਾਨ ਤੋਂ ਇੱਕ ਵਾਰ ਬਰਖਦਾਰ ਪਿੰਡ ਦੇ ਲੋਕਾਂ ਨੂੰ ਮਿਲਣ ਆਇਆ ਤਾਂ ਜਰਨੈਲ ਸਿੰਘ ਨੇ ਦੁਸ਼ਮਣੀ ਭੁਲਾ ਮਿੱਤਰਤਾ ਦਾ ਸੰਦੇਸ਼ ਦਿੰਦਿਆਂ ਬਰਖਰਦਾਰ ਦਾ ਸਵਾਗਤ ਕੀਤਾ ਸੀ। ਉਹ ਉਸਨੂੰ ਆਉਣ ਵੇਲੇ ਅੱਡੇ ਤੋਂ ਲੈ ਕੇ ਆਇਆ ਅਤੇ ਜਾਣ ਵੇਲੇ ਪਿੰਡ ਦੀ ਜੂਹ ਲੰਘਾ ਕੇ ਅਇਆ ਸੀ।

1984 ਵੇਲੇ ਦਿੱਲੀ ਦੇ ਦੰਗਿਆਂ ਤੋਂ ਪੀੜਿਤ ਇੱਕ ਪਰਿਵਾਰ ਵੀ ਇੱਥੇ ਆ ਕੇ ਵਸਿਆ ਹੋਇਆ ਹੈ।

1953—54 'ਚ ਬਰਨਾਲਾ ਦੇ ਖਿਡਾਰੀ ਪਟਿਆਲਾ ਰਾਜ ਘਰਾਣੇ ਵੱਲੋਂ ਕਰਵਾਏ ਕਬੱਡੀ ਮੁਕਾਬਲੇ ਨੂੰ ਜਿੱਤ ਕੇ ਲਿਆਏ ਸਨ, ਪ੍ਰੰਤੂ ਨਾਈਵਾਲਾ ਵਿਖੇ ਹੋਏ ਇੱਕ ਮੁਕਾਬਲੇ ਦੌਰਾਨ ਰਾਇਸਰ ਦੀ ਟੀਮ ਨੇ ਬਰਨਾਲਾ ਟੀਮ ਨੂੰ ਹਰਾ ਕੇ ਬੱਲੇ—ਬੱਲੇ ਕਰਵਾ ਦਿੱਤੀ ਸੀ, ਇਸ ਟੀਮ 'ਚ ਗੁਰਦੇਵ ਸਿੰਘ ਢੈਪਈ ਵਾਲੇ, ਸੁਰਜੀਤ ਬੀਹਲਾ, ਸ਼ੇਰ ਸਿੰਘ ਸਰਪੰਚ ਅਤੇ ਜ਼ੋਗਿੰਦਰ ਸਿੰਘ ਬੇਰ ਵਾਲੇ ਸਾਮਲ ਸਨ।

1962 ਦੇ ਭਾਰਤ—ਚੀਨ ਯੁੱਧ ਦੌਰਾਨ ਪਿੰਡ ਦੇ ਫੌਜੀ ਰਘਵੀਰ ਸਿੰਘ ਗਰੇਵਾਲ ਅਤੇ ਦਰਬਾਰਾ ਸਿੰਘ ਸ਼ਹੀਦ ਹੋਏ ਸਨ। ਪਿੰਡ 'ਚ ਰਘਵੀਰ ਸਿਘ ਗਰੇਵਾਲ ਦੀ ਯਾਦ 'ਚ ਬੁੱਤ ਵੀ ਸਥਾਪਿਤ ਕੀਤਾ ਗਿਆ ਹੈ। ਪ੍ਰੰਤੂ ਦਰਬਾਰਾ ਸਿੰਘ ਦੀ ਸ਼ਹਾਦਤ ਅਣਗੌਲੀ ਹੈ, ਉਸਦੀ ਯਾਦਗਾਰ ਬਣਾਉਣ ਲਈ ਕਿਸੇ ਨੇ ਹੰਭਲਾ ਨਹੀਂ ਮਾਰਿਆ। ਮੌਜੂਦਾ ਸਮੇਂ ਪਿੰਡ 'ਚ ਪੰਜਾਬ ਪੱਤੀ, ਪਟਿਆਲਾ ਪੱਤੀ, ਕਾਲਸਾਂ ਪੱਤੀਆਂ ਹਨ।

ਪਿੰਡ 'ਚ ਜੱਟ ਸਿੱਖ, ਮਜ਼ਬੀ ਸਿੱਖ, ਰਾਮਗੜ੍ਹੀਆ ਸਿੱਖ, ਨਾਈ, ਮਰਾਸੀ, ਮਹਿਰੇ, ਬ੍ਰਾਹਮਣ, ਖੱਤਰੀ ਜਾਂਤਾਂ ਦੇ ਲੋਕ ਵਸਦੇ ਹਨ। ਜਿਹਨਾਂ 'ਚ ਗਿੱਲ, ਗਰੇਵਾਲ, ਸਿੱਧੂ, ਧਾਲੀਵਾਲ, ਬਾਸੀ, ਸੇਖੋਂ, ਬੁੱਟਰ, ਧੰਜਲ, ਘਨੌੜੇ, ਭੱਠਲ, ਸੂਚ, ਸ਼ਰਮਾਂ ਗੋਤਾਂ ਦੇ ਪਰਿਵਾਰ ਸ਼ਾਮਲ ਹਨ। ਪਿੰਡ 'ਚ ਇੱਕ—ਦੋ ਘਰ ਮੁਸਲਮਾਨਾਂ ਦੇ ਵੀ ਹਨ। ਇਸ ਤੋਂ ਇਲਾਵਾ ਹੁਣ ਪ੍ਰਵਾਸੀ ਬਿਹਾਰੀਏ ਵੀ ਆਣ ਵਸੇ ਹਨ। ਇੱਥ ਘਰ ਖੁਸਰਿਆਂ ਦਾ ਵੀ ਹੈ। ਪਿੰਡ ਦੇ ਇੱਕ ਮੇਘਰਾਜ ਨਾਮੀਂ ਵੈਦ ਹੋਏ ਹਨ। ਉਹਨਾਂ ਕੋਲ 10—10 ਪਿੰਡਾਂ ਦੇ ਲੋਕ ਦਵਾਈ ਲੈਣ ਆਉਂਦੇ ਸਨ। ਇਲਾਜ ਸਸਤਾ ਹੋਣ ਕਾਰਨ ਉਹਨਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਸੀ।

ਪਿੰਡ ਦੇ ਹੀ ਨਿਰਮਲ ਸਿੰਘ ਧੰਜਲ (ਮਿਸਤਰੀ) ਨੇ ਥਾਪਰ ਯੂਨੀਵਰਸਿਟੀ ਤੋਂ ਡਿਪਲੋਮਾ ਕੀਤਾ ਸੀ, ਰੋਪੜ ਅਤੇ ਲਹਿਰਾ ਮੁਹੱਬਤ ਥਰਮਲ ਪਲਾਂਟ ਦਾ ਨਕਸ਼ਾ ਬਣਾਉਣ 'ਚ ਉਸਦੀ ਅਹਿਮ ਭੂਮਿਕਾ ਸੀ, ਅੱਜ—ਕੱਲ੍ਹ ਉਹ ਕੁਵੈਤ 'ਚ ਸਟੀਲ ਇੰਡਸਟਰੀ ਚਲਾ ਰਿਹਾ ਹੈ।

ਪਿੰਡ 'ਚੋਂ ਕਰੀਬ 30 ਪਰਿਵਾਰ ਵਿਦੇਸ਼ਾਂ 'ਚ ਜਾ ਵਸੇ ਹਨ।

ਪਿੰਡ 'ਚ ਧਾਰਮਿਕ ਸਥਾਨ ਵੱਡੀ ਗਿਣਤੀ 'ਚ ਹਨ, ਜਿਹਨਾਂ 'ਚ 7 ਗੁਰਦੁਆਰਾ ਸਾਹਿਬ, ਇੱਕ ਮੰਦਿਰ ਅਤੇ ਕੁਲਵੰਤ ਮੁਨੀ ਦਾ ਡੇਰਾ ਸ਼ਾਮਲ ਹਨ।

ਨਾਮਧਾਰੀ ਕੂਕਿਆਂ ਦੀ ਯਾਦ 'ਚ ਇੱਥੇ ਇੱਕ ਥੜ੍ਹਾ ਵੀ ਉਸਾਰਿਆ ਹੋਇਆ ਹੈ।

ਪਿੰਡ 'ਚ ਦੋ ਬੈਂਕ ਐਚ ਡੀ ਐਫ ਸੀ ਅਤੇ ਸਟੇਟ ਬੈਕ ਆਫ ਪਟਿਆਲਾ ਸਥਾਪਤ ਹਨ।

ਰਾਜਾ ਰਾਇਸਰੀਆ ਕਬੱਡੀ ਦਾ ਅੰਤਰ—ਰਾਸ਼ਟਰੀ ਖਿਡਾਰੀ ਹੈ।

ਧੰਨਵਿੰਦਰ ਸਿੰਘ ਅਤੇ ਗੁਰਜੀਤ ਸਿੰਘ ਵੱਲੋਂ ਸਾਹਿਬਜਾਦਾ ਅਜੀਤ ਸਿੰਘ ਫਾਊਂਡੇਸ਼ਨ ਸਥਾਪਤ ਕੀਤੀ ਗਈ ਹੈ, ਜੋ ਪਿਛਲੇ 10 ਸਾਲ ਤੋਂ ਹਰ ਸਾਲ 11 ਕੁੜੀਆਂ ਦੇ ਵਿਆਹ ਕਰਦੀ ਆ ਰਹੀ ਹੈ।

ਸਾਬਕਾ ਸਰਪੰਚ ਜਮਨਾ ਦੇਵੀ, ਗੁਰਜੰਟ ਸਿੰਘ, ਦਰਸ਼ਨ ਸਿੰਘ ਸੂਬਾ, ਡਾ. ਬਿੱਲੂ ਰਾਇਸਰ, ਰਾਜਾ ਧਾਲੀਵਾਲ ਦੀ ਅਗਵਾਈ 'ਚ ਕੰਮ ਕਰਦੇ ਭਾਈ ਘਨੱਈਆ ਬੇਸਹਾਰਾ ਕਲੱਬ ਵੱਲੋਂ ਸਰਕਾਰੀ ਸਕੂਲ ਨੂੰ 4 ਲੱਖ ਰੁਪਏ ਦੀ ਮਦਦ ਕੀਤੀ ਗਈ ਹੈ, ਹਰ ਸਾਲ ਛੋਟੇ ਸਾਹਿਬਜਾਦਿਆਂ ਦੀ ਯਾਦ 'ਚ ਮਹਿਲ ਕਲਾਂ ਵਿਖੇ ਲੰਗਰ ਲਗਾਇਆ ਜਾਂਦਾ ਹੈ, ਪਿੰਡ ਨੂੰ ਐਂਬੂਲੈਂਸ ਵੈਨ ਦੀ ਸਹੂਲਤ ਦਿੱਤੀ ਹੈ ਅਤੇ ਹਰ ਸਾਲ ਬੱਚੀਆਂ ਦੀ ਲੋਹੜੀ ਵੀ ਮਨਾਉਂਦੇ ਹਨ।

ਪਿੰਡ ਦੇ ਹੀ ਡਾ. ਬਿੱਲੂ ਰਾਇਸਰ ਨੇ ਖਾਲਿਸਤਾਨੀ ਲਹਿਰ 'ਤੇ ਆਧਾਰਿਤ ਨਾਵਲ "ਤੇ ਲਹੂ ਵਹਿੰਦਾ ਰਿਹਾ" ਅਤੇ ਕਬੱਡੀ ਖਿਡਾਰੀ ਅੰਬੀ ਹਠੂਰ ਬਾਰੇ ਪੁਸਤਕ "ਅੰਬੀ ਹਠੂਰ ਨੂੰ ਯਾਦ ਕਰਦਿਆ" ਲਿਖੀ ਹੈ, ਇਸ ਤੋਂ ਇਲਾਵਾ ਉਹ ਸੰਤ ਰਾਮ ਉਦਾਸੀ ਬਾਰੇ ਵੀ ਪੁਸਤਕ ਲਿਖ ਰਹੇ ਹਨ।

ਮੌਜੂਦਾ ਸਮੇਂ ਰਾਇਸਰ ਪੰਜਾਬ ਦੇ ਸਰਪੰਚ ਸ਼੍ਰੀਮਤੀ ਸਵਰਨ ਕੌਰ, ਰਾਇਸਰ ਪਟਿਆਲਾ ਦੇ ਸਰਪੰਚ ਜਗਦੇਵ ਕੁਮਾਰ ਭੋਲਾ ਹਨ। ਇਕਬਾਲ ਉਦਾਸੀ, ਸੁਰਿੰਦਰ ਸ਼ਰਮਾ, ਡਾ. ਬਿੱਲੂ, ਕਾਮਰੇਡ ਕਰਨੈਲ ਸਿੰਘ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ ਗੋਪੀ ਹਰ ਸਾਲ 6 ਨਵੰਬਰ ਨੂੰ ਸੰਤ ਰਾਮ ਉਦਾਸੀ ਯਾਦਗਾਰ ਕਮੇਟੀ ਵੱਲੋਂ ਪ੍ਰੋਗਰਾਮ ਕਰਵਾਉਂਦੇ ਹਨ।

ਪਿੰਡ ਦੇ ਬਾਹਰ ਸੰਤ ਰਾਮ ਉਦਾਸੀ ਯਾਦਗਾਰੀ ਗੇਟ ਵੀ ਸਥਾਪਿਤ ਕੀਤਾ ਗਿਆ ਹੈ।

2010 'ਚ ਸਰਕਾਰੀ ਸਕੂਲ ਅਪਗ੍ਰੇਡ ਹੋਣ ਵੇਲੇ ਲੋਕਾਂ ਦੀ ਮੰਗ 'ਤੇ ਸਕੂਲ ਦਾ ਨਾਂਅ ਸੰਤ ਰਾਮ ਉਦਾਸੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਖਣ ਦੀ ਪ੍ਰਵਾਨਗੀ ਮਿਲ ਗਈ ਸੀ।

# ਭਾਰਤ 'ਚ ਬਰਤਾਨਵੀ ਦਹਿਸ਼ਤ




*ਦੇਸ਼ ਦੀ ਅਖੌਤੀ ਆਜ਼ਾਦੀ ਤੋਂ ਬਾਅਦ ਅੰਗਰੇਜ਼ਾਂ ਦੀ ਸਿਖਲਾਈ ਜਾਫਤਾ ਰਾਜਮਸ਼ੀਨਰੀ ਅਤੇ ਰੰਗ ਬਰੰਗੀਆਂ ਸਰਕਾਰਾਂ ਨੇ ਦੇਸ਼ ਦੇ ਲੋਕਾਂ ਉਪਰ ਲੁੱਟ-ਜਬਰ ਦਾ ਰਾਜ ਮੜਨ ਦੀ ਕੋਈ ਕਸਰ ਨਹੀਂ ਛੱਡੀ ਜਿਸਨੂੰ ਦੇਖਦੇ ਹੋਏ ਪੁਰਾਣੀ ਪੀੜੀ ਦੇ ਲੋਕ ਆਖਦੇ ਹਨ ਕਿ ਇਸ ਨਾਲੋਂ ਤਾਂ ਅੰਗਰੇਜ਼ ਦਾ ਰਾਜ ਹੀ ਚੰਗਾ ਸੀ। ਹੁਣ ਦੀ ਨਵੀਂ ਪੀੜੀ ਦੇ ਉਹ ਬਹੁਤ ਸਾਰੇ ਨੌਜਵਾਨ ਜੋ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਉਡਾਰੀ ਮਾਰਨ ਦੇ ਸੁਪਨੇ ਦੇਖਦੇ ਹਨ, ਕਹਿਦੇ ਹਨ ਕਿ ਜੇਕਰ ਅੰਗਰੇਜ਼ ਨਾ ਜਾਂਦੇ ਤਾਂ ਸਾਡਾ ਦੇਸ਼ ਵੀ ਇੰਗਲੈਂਡ ਵਰਗਾ ਹੁੰਦਾ ਅਤੇ ਸਾਨੂੰ ਬਾਹਰ ਜਾਣ ਦੀ ਲੋੜ ਨਾ ਪੈਂਦੀ। ਅੰਗਰੇਜ਼ੀ ਰਾਜ ਦੀ ਫਿਤਰਤ ਤੋਂ ਅਣਜਾਣ ਲੋਕਾਂ ਨੂੰ ਅੰਗਰੇਜ਼ੀ ਰਾਜ ਸਮੇਂ ਭਾਰਤੀ ਲੋਕਾਂ ਦੀ ਗੁਲਾਮੀ ਨੂੰ ਸਮਝਣ ਲਈ ਇਹ ਲੇਖ ਸਹਾਈ ਹੋਵੇਗਾ।*

ਪ੍ਰਿਤਪਾਲ ਸਿੰਘ ਮੰਡੀਕਲਾਂ

ਬਰਤਾਨਵੀ ਫੌਜ ਲਈ ਬੰਦਿਆਂ ਦੀ ਭਰਤੀ ਕਰਨ ਅਤੇ ਜੰਗੀ ਸਹਾਇਤਾ ਅਤੇ ਕਰਜ਼ੇ ਹਾਸਿਲ ਕਰਨ ਲਈ ਵਰਤੇ ਗਏ ਹਰਬੇ ਵਹਿਸ਼ੀਪੁਣੇ ਦੀਆਂ ਵੱਡੀਆਂ ਮਿਸਾਲਾਂ ਹਨ। ਸਰਕਾਰ ਨੇ ਜੰਗੀ ਮੰਤਵਾਂ ਲਈ ਰਕਮ ਦੀ ਵਸੂਲ਼ੀ ਦਾ ਅੰਦਾਜ਼ਾ, ਇਸ ਅਧਾਰ ਉਤੇ ਕਰ ਦਿੱਤਾ ਕਿ ਕਿਸੇ ਵਿਅਕਤੀ ਦੀ ਆਮਦਨ ਵਿੱਚੋਂ ਟੈਕਸ ਦੇਣ ਦੀ ਕਿੰਨੀ ਹੈਸੀਅਤ ਹੈ। ਉਸ ਮੁਤਾਬਕ ਆਮਦਨ ਦੇ ਅੱਧੇ ਤੋਂ ਚੌਥੇ ਹਿੱਸੇ ਦੀ ਮੰਗ ਕੀਤੀ ਜਾਂਦੀ।

ਅਗਰ ਯੋਗਦਾਨ ਕਰਨ ਵਿੱਚ ਕੋਈ ਕੋਤਾਹੀ ਹੁੰਦੀ ਤਾਂ ਉਥੇ ਜਬਰਦਸਤੀ ਕੀਤੀ ਜਾਂਦੀ। ਅੰਗਰੇਜ਼ ਸੈਸ਼ਨ ਜੱਜ ਕੋਲਡਸਟਰੀਮ ਨੇ ਕਿਹਾ ਕਿ "ਜੰਗੀ ਕਰਜ਼ੇ ਉਗਰਾਹੁਣ ਅਤੇ ਜਬਰੀ ਭਰਤੀ ਲਈ ਬੰਦੇ ਲਭਣ ਦੇ ਨਤੀਜੇ ਵਜੋਂ ਅਨੇਕਾਂ ਥਾਵਾਂ ਤੇ ਭਾਰੀ ਖਿਚਾਅ ਪੈਦਾ ਹੋਇਆ।"

**ਭਰਤੀ ਕਰਨ ਲਈ ਵਰਤੇ ਗਏ ਜਾਬਰ ਹੱਥ ਕੰਡੇ** : ਕਈ ਥਾਵਾਂ 'ਤੇ ਚੋਖੀ ਜ਼ਮੀਨ ਰੱਖਣ ਵਾਲਿਆਂ ਨੂੰ ਇੱਕ ਏਕੜ ਜ਼ਮੀਨ ਦੀ ਕੀਮਤ ਦੇ ਬਰਾਬਰ ਦੀ ਰਕਮ ਸਰਕਾਰ ਨੂੰ ਅਦਾ ਕਰਨ ਲਈ ਮਜ਼ਬੂਰ ਕੀਤਾ ਗਿਆ। ਬਰਤਾਨਵੀ ਸਰਕਾਰ ਵੱਲੋਂ ਹੇਠਲੇ ਅਫਸਰਾਂ ਨੂੰ ਤਰੱਕੀਆਂ ਅਤੇ ਖਿਤਾਬ ਦੇਣ ਦੇ ਲਾਲਚ ਦਿੱਤੇ ਗਏ। ਉਨ੍ਹਾਂ ਨੇ ਭਰਤੀ ਕਰਨ ਦੀਆਂ ਵੱਖ ਵੱਖ ਤਰਕੀਬਾਂ ਘੜੀਆਂ। ਪਹਿਲਾਂ ਪਿੰਡ ਦੇ ਸਾਰੇ ਮਰਦਾਂ ਦੀ ਸੂਚੀ ਤਿਆਰ ਕੀਤੀ ਜਾਂਦੀ, ਫੇਰ ਭਰਤੀ ਕਰਨ ਵਾਲਾ ਸਾਹਿਬ ਚਾਰ ਪੰਜ ਭਰਾਵਾਂ ਵਾਲੇ ਪਰਿਵਾਰ ਪਾਸੋਂ ਫੌਜ ਵਿੱਚ ਭਰਤੀ ਲਈ ਇੱਕ ਜਾਂ ਦੋ ਜਵਾਨਾਂ ਦੀ ਮੰਗ ਕਰਦਾ। ਜੇਕਰ ਪਰਿਵਾਰ ਦਾ ਕੋਈ ਵੀ ਜੀਅ ਭਰਤੀ ਹੋਣ ਲਈ ਹਾਮੀ ਨਾ ਭਰਦਾ ਤਾਂ ਪਰਿਵਾਰ ਦੀਆਂ ਸੁਆਣੀਆਂ ਨਾਲ ਬਦਸਲੂਕੀ ਕੀਤੀ ਜਾਂਦੀ ਤਾਂ ਕਿ ਉਨ੍ਹਾਂ ਦੇ ਮਰਦ ਪਰਿਵਾਰਕ ਜੀਅ ਭਰਤੀ ਲਈ ਮਜਬੂਰ ਹੋ ਜਾਣ। ਅਜਿਹੀਆਂ ਸੂਚਨਾਵਾਂ ਵੀ ਮਿਲੀਆਂ ਹਨ ਕਿ ਬਹੁਤ ਸਾਰੇ ਮਰਦਾਂ ਨੂੰ ਉਨ੍ਹਾਂ ਦੀਆਂ ਔਰਤਾਂ ਅੱਗੇ ਨੰਗੇ ਖੜ੍ਹਾ ਰੱਖਿਆ ਗਿਆ। ਬੀਬੀਆਂ ਨੂੰ ਕੰਡਿਆਲੇ ਝਾਫਿਆਂ ਨਾਲ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਅਤੇ ਆਦਮੀਆਂ ਨੂੰ ਕੰਡਿਆਲੀਆਂ ਝਾੜੀਆਂ ਵਿੱਚ ਬੰਦ ਕਰ ਦਿੱਤਾ ਗਿਆ।

ਇੱਕ ਜਵਾਨ ਦੀ ਭਰਤੀ ਲਈ ਕਈ ਥਾਵਾਂ ਉੱਤੇ ਪੂਰੇ ਪਿੰਡ ਨੂੰ ਸਜ਼ਾ ਦਿੱਤੀ ਗਈ। ਉਨ੍ਹਾਂ ਦੇ ਘਰ ਲੁੱਟੇ ਗਏ, ਫਰਨੀਚਰ ਸਾੜਿਆ ਗਿਆ, ਪਾਣੀ ਦੀ ਪੂਰਤੀ ਬੰਦ ਕਰ ਦਿੱਤੀ ਗਈ ਤਾਂ ਕਿ ਉਹ ਫ਼ਸਲਾਂ ਦੀ ਸਿੰਚਾਈ ਨਾ ਕਰ ਸਕਣ। ਸਵੈ-ਇੱਛਾ ਨਾਲ ਭਰਤੀ ਹੋਣ ਤੋਂ ਨਾਂਹ ਕਰਨ 'ਤੇ ਬਰਤਾਨਵੀ ਫੌਜ ਨੇ ਕਈ ਥਾਂ ਸ਼ਾਂਤ ਪੇਂਡੂਆਂ ਉਪਰ ਗੋਲੀਆਂ ਚਲਾਈਆਂ ਅਤੇ ਚੋਖੀ ਗਿਣਤੀ ਵਿੱਚ ਲੋਕਾਂ ਨੂੰ ਹਲਾਕ ਕੀਤਾ।

ਕਾਂਗਰਸ ਦੀ ਪੜਤਾਲੀਆ ਕਮੇਟੀ ਅੱਗੇ ਗੁਜਰਾਂਵਾਲੇ ਦੇ ਸਰਦਾਰ ਖਾਨ ਨੇ ਬਿਆਨ ਦਿੱਤਾ ਕਿ "ਭਰਤੀ ਕਰਨ ਦੇ ਅਧਿਕਾਰਾਂ ਨਾਲ ਨਿਵਾਜਿਆ ਤਹਿਸੀਲਦਾਰ (ਮਾਲ ਅਧਿਕਾਰੀ) ਅਪ੍ਰੈਲ ਮਈ ਵਿੱਚ ਸਾਡੇ ਪਿੰਡ ਆਇਆ ਅਤੇ ਮੁਨਾਦੀ ਕਰਵਾਈ ਕਿ ਸਵੇਰੇ ਸਾਰੇ ਲੋਕ ਪਿੰਡ ਦੇ ਡੇਰੇ (ਸਾਂਝੀ ਥਾਂ) ਵਿੱਚ ਇਕੱਠੇ ਹੋਣ। ਕਿਉਂਕਿ ਇਹ ਵਾਢੀਆਂ ਦੀ ਰੁੱਤ ਸੀ ਤੇ ਪਿੰਡ ਵਾਲੇ ਜ਼ਬਰੀ ਭਰਤੀ ਕੀਤੇ ਜਾਣ ਤੋਂ ਡਰੇ ਹੋਏ ਸਨ, ਇਸ ਕਰਕੇ ਬਹੁਤ ਹੀ ਥੋੜ੍ਹੇ ਲੋਕ ਸਵੇਰੇ ਉਥੇ ਹਾਜ਼ਰ ਹੋਏ। ਇਸ ਲਈ ਅਧਿਕਾਰੀ ਨੇ 60-70 ਲੋਕਾਂ ਨੂੰ ਜੁਰਮਾਨਾ ਕਰ ਦਿੱਤਾ।" "ਲੋਕਾਂ ਨੂੰ ਹੁਕਮ ਸੁਣਾ ਦਿੱਤਾ ਗਿਆ ਕਿ ਉਹ 18 ਮੀਲ ਦੂਰ ਗੁਜ਼ਰਾਂਵਾਲਾ ਦੇ ਸਦਰ ਮੁਕਾਮ 'ਤੇ ਪੇਸ਼ ਹੋਣ। ਮਿਥੇ ਦਿਨ ਜਦੋਂ ਪਿੰਡ ਵਾਸੀ ਉੱਥੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਲਾਇਨ ਵਿੱਚ ਖੜ੍ਹਾ ਕੀਤਾ ਗਿਆ ਅਤੇ 7 ਗੱਭਰੂਆਂ ਨੂੰ ਭਰਤੀ ਲਈ ਬਾਹਰ ਕੱਢ ਲਿਆ ਗਿਆ। ਬਾਕੀਆਂ ਨੂੰ ਗਾਲਾਂ ਕੱਢੀਆਂ ਗਈਆਂ, ਕੁਟਾਪਾ ਚਾੜ੍ਹਿਆ ਗਿਆ ਅਤੇ ਹੋਰ ਭਰਤੀ ਲਈ ਨੌਜਵਾਨ ਲਿਆਉਣ ਲਈ ਹੁਕਮ ਸੁਣਾਇਆ ਗਿਆ।"

ਲਾਇਲਪੁਰ ਤੋਂ ਵਕੀਲ ਸੰਤ ਸਿੰਘ ਦਸਦੇ ਹਨ ਕਿ, "ਲੰਬਰਦਾਰ (ਮਾਮਲਾ ਉਗਰਾਹੁਣ ਵਾਲਾ) ਨੂੰ ਲੰਬਰਦਾਰੀ ਖੁੱਸਣ ਅਤੇ ਜੁਰਮਾਨੇ ਦੇ ਡਰਾਵੇ ਦੇ ਕੇ ਭਰਤੀ ਲਈ ਗੱਭਰੂ ਲਿਆਉਣ ਲਈ ਮਜ਼ਬੂਰ ਕੀਤਾ ਗਿਆ। ਇੱਕ ਰੰਗਰੂਟ ਦੀ ਕੀਮਤ 500 ਰੁਪਏ ਸੀ। ਜਿੰਨੀ ਦੇਰ ਨੌਜਵਾਨ ਭਰਤੀ ਲਈ ਰਜਾਮੰਦ ਨਾ ਹੁੰਦੇ ਮਜਿਸਟਰੇਟ ਉਨ੍ਹਾਂ ਨੂੰ ਹਵਾਲਾਤਾਂ ਵਿੱਚ ਬੰਦ ਰੱਖਦੀ। ਆਪਣੇ ਆਪ ਨੂੰ ਭਰਤੀ ਲਈ ਰਜ਼ਾਮੰਦ ਹੋਣ ਪਿੱਛੋਂ ਮੁਜਰਮਾਂ ਵਿਰੁੱਧ ਫੌਜਦਾਰੀ ਮਾਮਲੇ ਵਾਪਸ ਲਏ ਗਏ।"

**ਸ਼ਰਾਬ ਤਿਆਰ ਕਰਨ ਲਈ ਅਨਾਜ ਦੀ ਜ਼ਬਤੀ** : ਭਾਰਤੀ ਮਰਦਾਂ ਅਤੇ ਧਨ ਦੀ ਸ਼ਕਤੀ ਦੀ ਅਜਿਹੀ ਡਰਾਉਣੀ ਅਤੇ ਜਬਰੀ 'ਸਵੈ ਇੱਛਤਾ' ਤੋਂ ਬਚ ਗਏ ਖੁਸ਼ਕਿਸਮਤ ਭਾਰਤੀਆਂ ਨੂੰ ਵੱਖ-ਵੱਖ ਜੰਗੀ ਮੁਹਾਜਾਂ ਉਪਰ ਬਰਤਾਨਵੀ ਫੌਜਾਂ ਨੂੰ ਖੁਆਉਣ ਪਿਆਉਣ ਲਈ ਮਜ਼ਬੂਰ ਕੀਤਾ ਗਿਆ। ਬਰਤਾਨਵੀ ਸਰਕਾਰ ਨੇ ਦੇਸ਼ ਦੀ ਸਮੁੱਚੀ ਕਣਕ ਦੀ ਪੈਦਾਵਾਰ (ਭਾਰਤ ਸੰਸਾਰ ਦਾ ਤੀਜਾ ਵੱਡਾ ਕਣਕ ਪੈਦਾ ਕਰਨ ਵਾਲਾ ਦੇਸ਼ ਹੈ) ਨੂੰ ਜ਼ਬਤ ਕਰ ਲਿਆ ਤਾਂ ਕਿ ਬਰਤਾਨਵੀ ਫੌਜੀਆਂ ਨੂੰ ਕਣਕ ਅਤੇ ਚਾਵਲ ਤੋਂ ਕਸ਼ੀਦੀ ਜਾਣ ਵਾਲੀ ਸ਼ਰਾਬ ਪਿਆ ਕਿ ਮੋਟਾ ਅਤੇ ਬਾਸਰੂਰ ਰੱਖਿਆ ਜਾ ਸਕੇ। ਇਸ ਕਰਕੇ ਅਨਾਜ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਅਤੇ ਭਿਆਨਕ ਭੁੱਖ ਮਰੀ ਦੀ ਹਾਲਤ ਪੈਦਾ ਹੋ ਗਈ।

ਜੰਗ ਤੋਂ ਬਾਅਦ ਬਰਤਾਨਵੀ ਸਾਮਰਾਜੀਆਂ ਨੇ ਇੱਕ ਆਰਡੀਨੈਂਸ ਜਾਰੀ ਕੀਤਾ, ਕਿ ਜਿਹੜੇ ਭਾਰਤ ਵਿੱਚ ਬਰਤਾਨਵੀ ਹਕੂਮਤ ਦਾ ਵਿਰੋਧ ਕਰਦੇ ਹਨ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਕਾਨੂੰਨੀ ਸਲਾਹ ਅਤੇ ਅਪੀਲ ਦੀ ਸਹੂਲਤ ਤੋਂ ਵੀ ਵਿਰਵੇ ਕੀਤਾ ਜਾਵੇਗਾ ਅਤੇ ਮੁਕੱਦਮਾ ਜਿੰਨੀ ਛੇਤੀ ਹੋ ਸਕੇ ਚਲਾਇਆ ਜਾਵੇ, ਪਰ ਬਗੈਰ ਕਿਸੇ ਅਦਾਲਤੀ ਕਾਰਵਾਈ ਦੇ ਅਤੇ ਚੱਲੇ ਵੀ ਖੁਫੀਆ ਤਰੀਕੇ ਨਾਲ। ਇਸੇ ਤਰੀਕੇ ਨਾਲ ਗ਼ਦਰ ਪਾਰਟੀ ਦੇ ਮੈਂਬਰਾਂ ਨਾਲ ਬੇਰਹਮੀ ਦਾ ਸਲੂਕ ਕੀਤਾ ਗਿਆ ਅਤੇ ਸੈਂਕੜੇ ਨਿਰਦੋਸ਼ ਮਰਦਾਂ, ਇਸਤਰੀਆਂ ਅਤੇ ਬੱਚਿਆਂ ਨਾਲ ਬੇਇਨਸਾਫੀ ਕੀਤੀ ਗਈ।

**ਹਿੰਦੂ-ਮੁਸਲਿਮ ਭਾਈਚਾਰਕ ਏਕਤਾ, ਅੰਗਰੇਜ਼ ਰਾਜ ਦੇ ਸੱਤੀਂ ਕਪੜੀਂ ਅੱਗ** : 9 ਅਪ੍ਰੈਲ ਵਾਲੇ ਦਿਨ, ਮਹਾਨ ਰਾਮਨੌਮੀ ਦਿਵਸ, ਹਿੰਦੂ ਧਾਰਮਕ ਤਿਉਹਾਰ ਸੀ। ਇਸ ਗੱਲ ਦਾ ਫੈਸਲਾ ਕੀਤਾ ਗਿਆ ਕਿ ਇਸ ਮੌਕੇ 'ਤੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਮੁਕੰਮਲ ਭਾਈਚਾਰਕ ਸਾਂਝ ਤੇ ਏਕਤਾ ਦਾ ਪਰਗਟਾਅ ਹੋਵੇ। ਇੱਸ ਮੌਕੇ ਵੱਡੀ ਸ਼ੋਭਾ ਯਾਤਰਾ ਕੱਢੀ ਗਈ ਅਤੇ ਹਰ ਥਾਂ 'ਤੇ ਹਿੰਦੂ ਅਤੇ ਮੁਸਲਮਾਨ ਭਰਾਵਾਂ ਵਜੋਂ ਇੱਕ-ਦੂਜੇ ਨਾਲ ਬਗ਼ਲਗੀਰ ਹੋਏ। ਕੌਮੀ ਚੇਤਨਤਾ ਦੇ ਇੱਕ ਨਵੇਂ ਯੁੱਗ ਵਿੱਚ ਭਾਰਤ ਦਾਖਲ ਹੋਇਆ। ਪਰ ਲਾਹੌਰ ਵਿੱਚ, ਕਰਨਲ ਜਾਹਨਸਨ ਨੇ ਇਸ ਸਬੰਧੀ ਨੋਟਿਸ ਜਾਰੀ ਕੀਤਾ ਕਿ "ਕਿਸੇ ਵੀ ਹਿੰਦੂ ਨੂੰ ਬਾਦਸ਼ਾਹੀ ਮਸਜਿਦ-ਮੁਸਲਮਾਨਾਂ ਦੇ ਪੂਜਾ ਸਥਾਨ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।"

10 ਅਪ੍ਰੈਲ ਨੂੰ ਲੋਕ ਆਗੂਆਂ ਡਾ. ਕਿਚਲੂ ਅਤੇ ਡਾ ਸਤਿਆਪਾਲ ਦੀ ਧੋਖੇ ਭਰੀ ਗ੍ਰਿਫਤਾਰੀ ਤੋਂ ਬਾਅਦ ਲੋਕਾਂ ਵੱਲੋਂ ਡੀਸੀ ਨੂੰ ਮੰਗ ਪੱਤਰ ਦੇਣ ਜਾਂਦੇ ਜਲੂਸ ਉਪਰ ਫਾਇਰਿੰਗ ਨਾਲ 22 ਆਦਮੀ ਮਾਰੇ ਗਏ ਅਤੇ ਲੋਕਾਂ ਨੇ ਆਪਣਾ ਗੁੱਸਾ ਆਪਣੇ ਢੰਗ ਨਾ ਕੱਢਿਆ, ਇਹਨਾਂ ਘਟਨਾਵਾਂ ਤੋਂ ਬਾਅਦ, ਅੰਮ੍ਰਿਤਸਰ ਸ਼ਹਿਰ ਦੀ ਬਿਜਲੀ ਅਤੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਅਤੇ ਸ਼ਹਿਰ ਵਿੱਚ ਕਿਸੇ ਕਿਸਮ ਦੀ ਖੁਰਾਕ ਦੇ ਦਾਖਲੇ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। 11 ਅਪ੍ਰੈਲ ਨੂੰ ਇਹਨਾਂ ਮਾਰੇ ਗਏ ਸਾਥੀਆਂ ਦੇ ਸੰਸਕਾਰ ਲਈ ਹਾਕਮਾਂ ਨੇ ਸਾਮ ਨੂੰ ਸੀਮਤ ਭਾਗੀਦਾਰੀ ਨਾਲ ਇਜਾਜ਼ਤ ਦਿੱਤੀ ਪਰ ਲੋਕ ਇਸ ਮਾਤਮ ਜਲੂਸ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਫਿਰ ਹਾਕਮਾਂ ਨੇ 13 ਅਪ੍ਰੈਲ ਦੀ ਘਟਨਾ ਨੂੰ ਅੰਜ਼ਾਮ ਦਿੱਤਾ।

**ਅੰਗਰੇਜ਼ ਅਫ਼ਸਰ ਨੇ ਬਦਲਾ ਲੈਣ ਦੀ ਧਮਕੀ ਦਿੱਤੀ** : 14 ਅਪ੍ਰੈਲ ਨੂੰ, ਜਲਿਆਂਵਾਲੇ ਬਾਗ ਦੇ ਸਾਕੇ ਤੋਂ ਅਗਲੇ ਦਿਨ, ਮੁਕਾਮੀ ਵਸਨੀਕਾਂ, ਨਗਰ ਪਾਲਿਕਾ ਕਮਿਸ਼ਨਰਾਂ, ਆਨਰੇਰੀ ਮਜਿਸਟਰੇਟਾਂ ਅਤੇ ਵਪਾਰੀਆਂ ਦੀ ਕੋਤਵਾਲੀ ਵਿੱਚ ਮੀਟਿੰਗ ਸੱਦੀ ਗਈ। ਸ਼ਾਮ ਲਗਭਗ 5 ਵਜੇ ਜਨਰਲ ਡਾਇਰ ਨੇ ਤਕਰੀਰ ਕੀਤੀ ਜਿਸ ਦਾ ਇੱਕ ਹਿੱਸਾ ਇਸ ਪ੍ਰਕਾਰ ਹੈ :

"ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੈਂ ਇੱਕ ਸਿਪਾਹੀ ਅਤੇ ਇੱਕ ਫੌਜੀ ਹਾਂ। ਜੇਕਰ ਤੁਸੀਂ ਅਮਨ ਚਾਹੁੰਦੇ ਹੋ ਤਾਂ ਮੇਰੇ ਹੁਕਮ ਮੰਨੋ ਅਤੇ ਸਾਰੇ ਆਪਣੀਆਂ ਦੁਕਾਨਾਂ ਖੋਲੋ; ਨਹੀਂ ਤਾਂ, ਮੈਂ ਗੋਲੀ ਮਾਰ ਦਿਆਂਗਾ। ਮੇਰੇ ਲਈ ਫਰਾਂਸ ਦਾ ਜੰਗ-ਏ-ਮੈਦਾਨ ਅਤੇ ਅੰਮ੍ਰਿਤਸਰ ਇੱਕ ਸਮਾਨ ਹੈ। ਮੈਂ ਫੌਜੀ ਹਾਂ ਤੇ ਮੈਂ ਸਿੱਧਾ-ਸਿੱਧਾ ਚਲਾਂਗਾ। ਨਾ ਮੈਂ ਸੱਜੇ ਜਾਵਾਂਗਾ, ਤੇ ਨਾ ਹੀ ਖੱਬੇ...ਦੁਕਾਨਾਂ ਤਾਕਤ ਨਾਲ ਅਤੇ ਬੰਦੂਕਾਂ ਨਾਲ ਖੁਲਵਾ ਲਈਆਂ ਜਾਣਗੀਆਂ।"

ਡਿਪਟੀ ਕਮਿਸ਼ਨਰ ਮਾਈਲੇਜ਼ ਇਰਵਿੰਗ ਨੇ ਕਿਹਾ, "ਬਦਲਾ ਤੁਹਾਡੇ ਤੋਂ ਅਤੇ ਤੁਹਾਡੇ ਬੱਚਿਆਂ ਤੋਂ ਲਿਆ ਜਾਵੇਗਾ।"

**ਦਹਿਸ਼ਤ ਦਾ ਰਾਜ** : ਪੰਜਾਬ ਵਿੱਚ ਬਹੁਤੀਆਂ ਥਾਵਾਂ ਉਪਰ ਮਾਰਸ਼ਲ ਲਾਅ 15 ਅਪ੍ਰੈਲ ਜਾਂ ਇਸ ਤੋਂ ਬਾਅਦ ਐਲਾਨਿਆ ਗਿਆ ਜਦੋਂ ਹਰ ਚੀਜ਼ ਸ਼ਾਂਤ ਹੋ ਚੁੱਕੀ ਸੀ। ਇਹ 9 ਜੂਨ, 1919 ਤੱਕ ਜਾਰੀ ਰਿਹਾ। ਇਸ ਮਾਰਸ਼ਲ ਲਾਅ ਹੇਠ ਬਣੇ ਕਮਿਸ਼ਨਾਂ ਨੂੰ 30 ਮਾਰਚ ਦੀ ਹੜਤਾਲ ਵਿੱਚ ਭਾਗ ਲੈਣ ਵਾਲਿਆਂ ਵਿਰੁੱਧ ਵੀ ਚਲਾਉਣ ਅਤੇ ਸਜ਼ਾਵਾਂ ਦੇਣ ਦੇ ਅਧਿਕਾਰ ਦਿੱਤੇ ਗਏ। ਜਦੋਂਕਿ 10 ਅਪ੍ਰੈਲ ਤੱਕ ਪੰਜਾਬ ਵਿੱਚ ਕਿਤੇ ਵੀ ਹਿੰਸਾ ਨਹੀਂ ਹੋਈ ਸੀ। ਪੰਜਾਬ ਦੇ ਲੋਕਾਂ ਦਾ ਜੀਵਨ ਵੱਖ-ਵੱਖ ਤਰੀਕਿਆਂ ਨਾਲ ਅਸਹਿ ਬਣਾ ਦਿੱਤਾ ਗਿਆ, ਲੋਕਾਂ ਨੂੰ ਤੁਰੰਤ ਸਜ਼ਾਵਾਂ ਦੇਣ ਅਤੇ ਕਮਿਸ਼ਨਾਂ ਦੇ ਫੈਸਲਿਆਂ ਤੱਕ ਉਡੀਕ ਨਾ ਕਰਨ ਦੀ ਹਕੂਮਤੀ ਮਾਨਸਕਤਾ ਹਰ ਥਾਂ ਉੱਘੜ ਕੇ ਸਾਹਮਣੇ ਆਈ।

**ਰੀਂਗਣ ਦੇ ਹੁਕਮ** : ਜਨਰਲ ਡਾਇਰ ਨੇ ਅੰਮ੍ਰਿਤਸਰ ਦੇ ਕੂੱਚਾ ਕੋੜਿਆਂ ਵਿੱਚ ਦੁਗਲਾਂ ਦੀ ਇੱਕ ਤੰਗ ਅਤੇ ਸੰਘਣੀ ਅਬਾਦੀ ਵਾਲੀ ਥਾਂ 'ਤੇ ਇੱਕ ਗਲੀ ਜਿਸਦੇ ਦੋਵੇਂ ਪਾਸੇ ਇਮਾਰਤਾਂ ਸਨ, ਜਿਸਦੀ ਪੂਰੀ ਲੰਬਾਈ 150 ਗਜ਼ ਸੀ ਦੇ ਅੰਦਰ ਦਾਖਲ ਹੋਣ ਅਤੇ ਬਾਹਰ ਨਿਕਲਣ ਵਾਲਿਆਂ ਲਈ ਰੀਂਗਣ ਦੇ ਹੁਕਮ 19 ਅਪ੍ਰੈਲ ਨੂੰ ਜਾਰੀ ਕੀਤੇ, ਜਿਹੜੇ 25 ਅਪ੍ਰੈਲ ਤੱਕ ਲਾਗੂ ਰਹੇ। ਲੋਕਾਂ ਨੂੰ ਆਪਣੇ ਢਿੱਡ ਭਾਰ ਲੰਮੇ ਪੈ ਕੇ, ਐਨ ਰੀਂਗਣ ਵਾਲੇ ਕੀੜਿਆਂ ਵਾਂਗ ਰਿੜਨ ਲਈ ਮਜਬੂਰ ਕੀਤਾ ਜਾਂਦਾ ਸੀ। ਡਾਇਰ ਇਸਨੂੰ 'ਸਭਨਾਂ ਚਾਰ ਅੰਗਾਂ 'ਤੇ ਚੱਲਣਾ' ਆਖਦਾ ਸੀ। ਇਸ ਵਿੱਚ ਅੰਨਿਆਂ, ਭਿਖਾਰੀਆਂ ਨੂੰ ਵੀ ਮੁਆਫ ਨਹੀਂ ਕੀਤਾ। ਰੀਂਗਣ ਦੇ ਹੁਕਮਾਂ ਕਰਕੇ ਗਲੀ ਨੂੰ ਖਾਧ ਰਸਦ ਦੀ ਕਮੀ ਹੋ ਗਈ ਕਿਉਂਕਿ ਰੀਗਣ ਨਾਲ ਕੋਈ ਆਪਣੇ ਨਾ ਕੁੱਝ ਵੀ ਨਹੀਂ ਲਿਜਾ ਸਕਦਾ ਸੀ।

ਲਾਲਾ ਰਲੀਆ ਰਾਮ, ਜੋ ਇੱਕ ਵਪਾਰੀ ਸੀ, ਨੇ ਕਿਹਾ : "ਜਦੋਂ ਮੈਂ ਰੀਂਗਦਾ ਪਿਆ ਸੀ ਤਾਂ ਉਨ੍ਹਾਂ ਨੇ ਮੈਨੂੰ ਆਪਣੇ ਬੂਟਾਂ ਦੇ ਠੁੱਡੇ ਮਾਰੇ ਅਤੇ ਰਾਈਫਲਾਂ ਦੇ ਬੱਟਾਂ ਨਾਲ ਮਾਰਿਆ।" ਲਾਲਾ ਦੇਵੀ ਦਾਸ, ਜੋ ਬੈਂਕਰ ਸੀ, ਨੂੰ ਸੰਗੀਨ ਨਾਲ ਉਦੋਂ ਧਮਕਾਇਆ ਗਿਆ ਜਦੋਂ ਉਹ ਪਹਿਲਾਂ-ਪਹਿਲ ਆਪਣੇ ਹੱਥਾਂ ਅਤੇ ਗੋਡਿਆਂ ਭਾਰ ਚੱਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੂੰ ਆਪਣੇ ਪੇਟ ਦੇ ਭਾਰ ਰਿੜਨ ਲਈ ਮਜਬੂਰ ਕੀਤਾ ਗਿਆ। ਕਾਹਨ ਚੰਦ ਨਾਂਅ ਦੇ ਨੇਤਰਹੀਣ ਵਿਅਕਤੀ ਨੂੰ ਵੀ ਰਿੜਨ ਲਈ ਮਜਬੂਰ ਕੀਤਾ ਗਿਆ ਅਤੇ ਠੁੱਡੇ ਵੀ ਮਾਰੇ ਗਏ।

ਅਜਿਹੇ 50 ਵਿਅਕਤੀ ਸਨ ਜਿਨ੍ਹਾਂ ਨੇ ਇਹ ਬਿਆਨ ਦਿਤੇ ਕਿ ਉਹਨਾਂ ਨੂੰ ਇਸ ਜ਼ਾਲਮਾਨਾ ਢੰਗ ਨਾਲ ਪੇਟ ਭਾਰ ਰਿੜਨ ਲਈ ਮਜਬੂਰ ਕੀਤਾ ਗਿਆ। ਇਹਨਾ ਵਿੱਚ ਉਹ ਵਿਅਕਤੀ ਵੀ ਸ਼ਾਮਲ ਸਨ ਜਿਹਨਾਂ ਨੇ ਡਾਇਰ ਨੂੰ ਸਹੀ ਢੰਗ ਨਾਲ ਸਲੂਟ ਨਹੀਂ ਮਾਰਿਆ ਸੀ। ਇੱਕ ਗਰੁੱਪ ਗਲਤੀ ਨਾਲ ਰੀਂਗਣ ਲਈ ਲਿਆਂਦਾ ਗਿਆ, ਪਰ ਇਸ ਗਲਤੀ ਨੂੰ ਸੁਧਾਰਨ ਦੀ ਬਜਾਏ ਕਿਹਾ ਗਿਆ ਕਿ ਰੀਗਣ ਦਾ ਹੁਕਮ ਹੈ, ਰੀਂਗ ਕੇ ਚੱਲੋ।

**ਕੋਰੜੇ ਮਾਰਨਾ** : ਨੌਜਵਾਨ ਮੁੰਡਿਆਂ ਨੂੰ ਬਗੈਰ ਕਿਸੇ ਵਾਰੰਟ ਦੇ ਗ੍ਰਿਫਤਾਰ ਕਰ ਲਿਆ ਜਾਂਦਾ ਸੀ ਅਤੇ ਕੋਰੜੇ ਲਾਉਣ ਵਾਲੇ ਖੰਭੇ ਕੋਲ ਲਿਜਾਇਆ ਜਾਂਦਾ ਸੀ। ਉਨ੍ਹਾਂ ਨੂੰ ਟਿਕਟਿਕੀ (ਕੜੱਕੀਆਂ) ਨਾਲ ਬੰਨ੍ਹਦਿੱਤਾ ਜਾਂਦਾ ਸੀ ਅਤੇ ਉਨੀ ਦੇਰ ਕੋਰੜੇ ਮਾਰੇ ਜਾਂਦੇ ਸਨ ਜਿੰਨੀ ਦੇਰ ਉਹ ਬੇਸੁਰਤ ਨਾ ਹੋ ਜਾਂਦੇ। ਫਿਰ ਉਨ੍ਹਾਂ ਦੇ ਮੂੰਹ ਵਿੱਚ ਕੋਈ ਸਿਪਾਹੀ ਪਾਣੀ ਪਾਉਂਦਾ। ਜਦੋਂ ਉਹ ਮੁੜ ਹੋਸ਼ ਵਿੱਚ ਆਉਂਦੇ ਤਾਂ ਦੁਬਾਰਾ ਕੋਰੜੇ ਮਾਰਨੇ ਸ਼ੁਰੂ ਕਰ ਦਿੱਤੇ ਜਾਂਦੇ। ਉਨ੍ਹਾਂ ਦੇ ਸਰੀਰ 'ਚੋਂ ਖੂਨ ਸਿਮਣ ਕਾਰਨ ਅਤੇ ਬੇਹੋਸ਼ੀ ਦੀ ਵਜ੍ਹਾ ਕਰਕੇ ਉਹ ਕੁਝ ਕਦਮ ਵੀ ਨਾ ਤੁਰ ਸਕਦੇ। ਉਨ੍ਹਾਂ ਸਾਰਿਆਂ ਨੂੰ ਹੱਥਕੜੀਆਂ ਲਾ ਕੇ ਕਿੱਲੇ ਤੱਕ ਘੜੀਸਕੇ ਲਿਜਾਇਆ ਜਾਂਦਾ। ਅੰਮ੍ਰਿਤਸਰ ਦੇ ਸਾਰੇ ਵਕੀਲਾਂ ਨੂੰ ਬੁਲਾਕੇ ਕੋਰੜੇ ਮਾਰਨ ਵਾਲੀਆਂ ਟਿਕਟਿਕੀਆਂ ਦੇ ਸਾਹਮਣੇ ਧੁੱਪ ਵਿੱਚ ਇੱਕ ਕਤਾਰ ਬਣਾਕੇ ਖੜ੍ਹਾ ਕੀਤਾ ਗਿਆ ਅਤੇ ਦੋ ਵਕੀਲਾਂ ਦੇ ਅਸਲ ਵਿੱਚ ਕੋੜੇ ਮਾਰੇ ਵੀ ਗਏ।

ਕੋਰੜੇ ਜਨਤਕ ਥਾਵਾਂ ਉਤੇ ਮਾਰੇ ਜਾਂਦੇ ਸਨ। ਕਸੂਰ ਦੀਆਂ ਸਭਨਾਂ ਲੜਕੀਆਂ ਨੂੰ ਇਹ ਦ੍ਰਿਸ਼ ਦੇਖਣ ਦੇ ਹੁਕਮ ਕੀਤੇ ਗਏ ਸਨ। ਜੇਕਰ ਉਹ ਅਜਿਹਾ ਨਾਂ ਕਰਦੀਆਂ ਤਾਂ ਉਨ੍ਹਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਜਾਂਦੀ ਸੀ। "ਕਿਉਂਕਿ ਅਸੀਂ ਕੋਰੜੇ ਮਾਰਨਾ ਵੇਖ ਨਹੀਂ ਸਕਦੀਆਂ ਸਾਂ ਤਾਂ ਅਸੀਂ ਆਪਣੇ ਚਿਹਰੇ ਢੱਕਣ ਦਾ ਯਤਨ ਕਰਦੀਆਂ" ਲੜਕੀਆਂ ਨੇ ਦੱਸਿਆ, "ਪਰ ਕੈਪਟਨ ਡੋਵਟਨ ਸਾਨੂੰ ਇਸ ਸਾਰੇ ਘਿਨਾਉਣੇ ਦ੍ਰਿਸ਼ ਨੂੰ ਦੇਖਣ ਲਈ ਮਜਬੂਰ ਕਰਦਾ ਅਤੇ ਇਹ ਟਿੱਪਣੀ ਕਰਕੇ ਸਾਨੂੰ ਧਮਕਾਉਂਦਾ : "ਮੁਹੱਬਤ ਕਰਨ ਦੇ ਨਤੀਜੇ ਧਿਆਨ ਨਾਲ ਦੇਖੋ। ਸਾਡੇ ਵਿੱਚੋਂ ਹਰ ਇੱਕ ਨੂੰ ਖੂਨ ਨਾਲ ਲੱਥ-ਪੱਥ ਸਰੀਰਾਂ ਨੂੰ ਵੇਖਣ ਲਈ ਮਜਬੂਰ ਕੀਤਾ ਜਾਂਦਾ।"

ਸਕੂਲੀ ਬੱਚਿਆਂ ਨੂੰ ਕੋਰੜੇ ਦੀ ਸਜ਼ਾ ਦੇਣ ਬਾਰੇ ਕਰਨਲ ਮਕਾਏ ਨੇ ਹੰਟਰ ਕਮਿਸ਼ਨ ਅੱਗੇ ਕਬੂਲ ਕੀਤਾ ਕਿ, "ਕਿਉਂਕਿ ਉਹ ਵੱਡੇ ਲੜਕੇ ਚੁਣੇ ਗਏ ਸਨ ਜਿੰਨਾ ਨੂੰ ਇਹ ਕੋਰੜੇ ਸਹਿਣੇ ਪੈਣੇ ਸਨ।"

24,000 ਦੀ ਅਬਾਦੀ ਵਾਲਾ ਸ਼ਹਿਰ ਕਸੂਰ ਵਿਚੋਂ 40 ਵਿਅਕਤੀਆਂ ਨੇ ਬਿਆਨ ਕੀਤਾ ਕਿ ਉਨ੍ਹਾਂ ਨੂੰ ਕੋਰੜੇ ਮਾਰਨ ਦੀ ਸਜ਼ਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਕੁੱਲ 710 ਕੋਰੜੇ ਮਾਰੇ ਗਏ।"

**ਸਲੂਟ ਮਾਰਨ ਲਈ ਮਜ਼ਬੂਰ ਕਰਨਾ** : ਹਰ ਭਾਰਤੀ ਨੂੰ ਅੰਗਰੇਜ਼ ਅਫਸਰਾਂ ਅਤੇ ਅੰਗਰੇਜ਼ ਸ਼ਹਿਰੀਆਂ ਨੂੰ ਸਲੂਟ ਮਾਰਨ ਲਈ ਮਜ਼ਬੂਰ ਕੀਤਾ ਗਿਆ। ਕਿਸੇ ਅੰਗਰੇਜ਼ ਨੂੰ ਦੇਖਦੇ ਸਾਰ ਜਾਂ ਮੋਟਰਕਾਰ ਦੀ ਅਵਾਜ਼ ਵੀ ਸੁਣਦਿਆਂ ਹੀ ਹਰ ਹਿੰਦੋਸਤਾਨੀ ਨੂੰ ਉਨਾਂ ਨੂੰ ਸਲੂਟ ਮਾਰਨ ਦਾ ਹੁਕਮ ਸੀ। ਜੇ ਭਾਰਤੀ ਸਾਈਕਲ ਜਾਂ ਕਿਸੇ ਹੋਰ ਚੀਜ ਦੀ ਸਵਾਰੀ ਕਰਦਾ ਹੁੰਦਾ ਤਾਂ ਉਸ ਨੂੰ ਸਵਾਰੀ ਤੋਂ ਉਤਰ ਕੇ ਸਲੂਟ ਮਾਰਨ ਦਾ ਹੁਕਮ ਸੀ। ਜੇਕਰ ਸਲੂਟ ਨਾਲ ਹਾਕਮਾਂ ਦੀ ਤਸੱਲੀ ਨਾ ਹੁੰਦੀ ਤਾਂ ਦੋਸ਼ੀ ਭਾਰਤੀ ਨੂੰ ਕੋਤਵਾਲੀ ਵਿੱਚ ਸਿੱਲ੍ਹੇ ਫਰਸ਼ 'ਤੇ ਚੌਂਕੜੀ ਮਾਰਕੇ ਬੈਠਣ ਲਈ ਮਜ਼ਬੂਰ ਕੀਤਾ ਜਾਂਦਾ ਸੀ ਅਤੇ ਹਿਰਾਸਤ 'ਚ ਰੱਖਿਆ ਜਾਂਦਾ ਸੀ। ਹਿਰਾਸਤ ਵਿਚ ਉਨ੍ਹਾਂ ਨੂੰ ਰਾਤ ਕੱਟਣੀ ਪੈਂਦੀ ਸੀ ਜਾਂ ਨੰਗੇ ਅਸਮਾਨ ਲੰਮੇ ਪੈਣਾ ਪੈਂਦਾ ਸੀ ਅਤੇ ਫੇਰ ਅਗਲੇ ਦਿਨ ਉਨ੍ਹਾਂ ਨੂੰ ਸੂਰਜ ਦੀ ਗਰਮੀ ਵਿੱਚ ਓਨੀ ਦੇਰ ਖੜ੍ਹੇ ਰਹਿਣੇ ਪੈਂਦਾ, ਜਿੰਨੀ ਦੇਰ ਉਨ੍ਹਾਂ ਨੂੰ ਫੌਜ ਦਾ ਸਾਰਜੰਟ ਇਸ ਗੱਲ

ਤੋਂ ਸਿੱਖਿਅਤ ਨਾ ਕਰ ਦਿੰਦਾ ਕਿ ਸਲੂਟ ਕਿਵੇਂ ਮਾਰਨਾ ਹੈ। ਮੀਆਂ ਫਿਰੋਜ਼ਦੀਨ, ਜੋ ਕਿ ਆਨਰੇਰੀ ਮੈਜਿਸਟਰੇਟ ਸਨ, ਨੇ ਕਿਹਾ ਸੀ ਕਿ ਉਨ੍ਹਾਂ ਨੇ ਜਾਤੀ ਤੌਰ 'ਤੇ ਬਹੁਤ ਸਾਰੇ ਲੋਕਾਂ ਨੂੰ ਇਸ ਕਸੂਰ ਲਈ ਕੋਰੜੇ ਖਾਂਦੇ ਵੇਖਿਆ, ਕਿਉਂਕਿ ਉਹ ਸਹੀ ਢੰਗ ਨਾਲ ਸਲੂਟ ਨਹੀਂ ਕਰ ਸਕੇ ਸਨ।

ਕਸੂਰ, ਜੋ ਕਿ ਲਾਹੌਰ ਤੋਂ 40 ਮੀਲ ਦੀ ਵਿੱਥ 'ਤੇ ਹੈ, ਵਿਚ ਉਹ ਲੋਕ, ਜਿਨ੍ਹਾਂ ਨੇ ਅੰਗਰੇਜ਼ ਗੋਰਿਆਂ ਨੂੰ ਸਲਾਮ ਨਾ ਕਰਨ ਦੀ ਕੋਤਾਹੀ ਵਰਤੀ, ਉਨ੍ਹਾਂ ਸਭ ਨੂੰ ਜ਼ਮੀਨ 'ਤੇ ਆਪਣੇ ਨੱਕ ਰਗੜਣ ਲਈ ਮਜਬੂਰ ਕੀਤਾ ਗਿਆ ਜਾਂ ਕੋਰੜੇ ਮਾਰੇ ਗਏ।

ਕਸੂਰ ਦੇ ਇੱਕ ਅੰਗਰੇਜ਼ ਅਧਿਕਾਰੀ ਮਾਰਸਡਨਸ ਅਨੁਸਾਰ ਕੈਪਟਨ ਡੋਵਟਨ ਮੁਕੱਦਮੇ ਅਤੇ ਸਜ਼ਾ ਦੀਆਂ ਰਸਮੀ ਕਾਰਵਾਈਆਂ ਨੂੰ ਪਸੰਦ ਨਹੀਂ ਕਰਦਾ ਸੀ ਉਹ ਤੱਟ-ਫੱਟ ਸਜ਼ਾ ਦੇਣ ਦਾ ਚਾਹਵਾਨ ਸੀ।

**ਵਿਸ਼ੇਸ਼ ਪਿਆਦੇ** : ਸਭਨਾਂ ਵਕੀਲਾਂ ਨੂੰ, ਉਨ੍ਹਾਂ ਦੀ ਉਮਰ ਦਾ ਲਿਹਾਜ਼ ਕੀਤੇ ਬਗ਼ੈਰ, ਵਿਸ਼ੇਸ਼ ਪਿਆਦੇ ਬਣਾਇਆ ਗਿਆ।...75 ਵਰ੍ਹਿਆਂ ਦੇ ਬਜ਼ੁਰਗ ਵਕੀਲ ਲਾਲਾ ਕਨੱਈਆ ਲਾਲ ਨੂੰ ਕੁੱਲੀ ਵਾਂਗ ਕੰਮ ਕਰਨ, ਮੇਜ਼ ਅਤੇ ਕੁਰਸੀਆਂ ਇੱਕ ਥਾਂ ਤੋਂ ਦੂਜੀ ਥਾਂ 'ਤੇ ਚੁੱਕਕੇ ਲਿਜਾਣ ਲਈ, ਤਪਦੀ ਧੁੱਪ ਵਿਚ ਸ਼ਹਿਰ ਅੰਦਰ ਗਸ਼ਤ ਕਰਨ ਲਈ ਮਜ਼ਬੂਰ ਕੀਤਾ ਗਿਆ। ਉਨ੍ਹਾਂ ਨੇ ਦੱਸਿਆ, ਕਿ ''ਸਥਾਨਕ ਵਕੀਲ ਬਰਾਦਰੀ ਜਨਤਕ ਮਾਮਲਿਆਂ ਵਿੱਚ ਸ਼ਾਮਲ ਹੁੰਦੀ ਰਹੀ ਹੈ ਅਤੇ ਰੌਲਟ ਬਿਲਾਂ ਨੂੰ ਪਾਸ ਕਰਨ ਵਿਰੁੱਧ ਰੋਸ ਕਾਰਵਾਈਆਂ ਵਿੱਚ ਉੱਘਾ ਹਿੱਸਾ ਲੈਂਦੀ ਰਹੀ ਹੈ, ਇਸੇ ਲਈ ਸਮੁੱਚੀ ਵਕੀਲ ਬਰਾਦਰੀ ਨੂੰ ਇਸ ਢੰਗ ਨਾਲ ਸਜ਼ਾ ਦਿੱਤੀ ਗਈ ਹੈ।'' ਲਾਲਾ ਬਾਲ ਮੁਕੰਦ ਭਾਟੀਆ, ਜੋ ਕਿ ਹਾਈਕੋਰਟ ਦੇ ਵਕੀਲ ਅਤੇ ਨਗਰਪਾਲਿਕਾ ਕਮਿਸ਼ਨਰ ਹਨ ਨੇ ਦਸਿਆ ਕਿ, ''ਉਨ੍ਹਾਂ ਨੂੰ ਦੋ ਸ਼ਹਿਰੀਆਂ ਨੂੰ ਕੋਰੜੇ ਮਾਰੇ ਜਾਣ ਦੇ ਦ੍ਰਿਸ਼ ਨੂੰ ਵੇਖਣ ਲਈ ਕਿਹਾ ਗਿਆ। ਉਨ੍ਹਾਂ ਨੂੰ ਲਗਾਤਾਰ ਚੇਤੇ ਕਰਾਇਆ ਜਾਂਦਾ ਰਿਹਾ ਕਿ ਉਹ ਸਿਰਫ ਪਿਆਦੇ ਹਨ ਅਤੇ ਕਿਸੇ ਕੋਤਾਹੀ ਲਈ ਸਜ਼ਾ ਕੇਵਲ ਕੋਰੜਾ ਜਾਂ ਕੈਦ ਹੀ ਨਹੀਂ ਹੈ, ਸਗੋਂ ਮੌਤ ਵੀ ਹੈ।'' ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਸ ਢੰਗ ਨਾਲ 93 ਵਕੀਲ ਅਪਮਾਨਤ ਕੀਤੇ ਗਏ।

**115 ਸਾਲਾਂ ਦਾ ਬਜ਼ੁਰਗ ਗ੍ਰਿਫਤਾਰ** : 115 ਸਾਲਾਂ ਦਾ ਇੱਕ ਬਜ਼ੁਰਗ ਵਿਅਕਤੀ ਅਤਰ ਸਿੰਘ, ਜਿਹੜਾ ਬਿਸਤਰੇ ਤੋਂ ਵੀ ਮੁਸ਼ਕਲ ਨਾਲ ਉੱਠਕੇ ਕਿਤੇ ਜਾ ਸਕਦਾ ਸੀ, ਨੂੰ ਵੀ ਗ੍ਰਿਫਤਾਰ ਕਰਕੇ ਫੌਜੀ ਸਦਰ ਮੁਕਾਮ ਲੈ ਜਾਇਆ ਗਿਆ ਅਤੇ ਇੱਕ ਪਿੰਜਰੇ ਵਿੱਚ ਰੱਖਿਆ ਗਿਆ। ਪਿੰਜਰਾ ਲੋਹੇ ਦਾ ਹੋਣ ਕਰਕੇ, ਕੁਦਰਤੀ ਤੌਰ 'ਤੇ ਅਪ੍ਰੈਲ ਦੇ ਗਰਮ ਮਹੀਨੇ ਵਿੱਚ ਅਸਹਿ ਸੀ। ਇਸੇ ਤਰ੍ਹਾਂ ਅਨੇਕਾਂ ਦੂਜੇ ਪੇਂਡੂਆਂ ਨੂੰ ਬਿਨਾਂ ਰੋਟੀ ਤੇ ਪਾਣੀ ਆਪਣੇ ਦਿਨ ਕੈਦ ਵਿਚ ਟਪਾਉਣੇ ਪਏ।

**ਝੂਠੀਆਂ ਗਵਾਹੀਆਂ ਘੜਨਾ** : ਗਵਾਹੀਆਂ ਘੜਨ ਦਾ ਢੰਗ ਸਦਮਾਜਨਕ ਅਤੇ ਡਰਾਉਣਾ ਸੀ। ਮੁਹੰਮਦ ਅਮੀਨ ਡੇਢ ਮਹੀਨਾ ਨਜ਼ਰਬੰਦੀ ਵਿਚ ਰਹੇ ਅਤੇ ਆਖਰ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਉਹ ਕਹਿੰਦੇ ਹਨ : ਉੱਥੇ ਅਜਿਹੇ 30 ਮੰਦਭਾਗੇ ਬੰਦੇ ਸਨ ਜਿਹੜੇ ਛੋਟੀ ਜਿਹੀ ਹਵਾਲਾਤ ਵਿੱਚ ਬੰਦ ਸਨ। ਇੱਕ ਦਿਨ ਇੱਕ ਪੁਲਸ ਮੁਲਾਜ਼ਮ ਗਾਮਾ ਕੋਲ ਆਇਆ, ਜੋ ਕਿ ਕੈਦੀਆਂ ਵਿੱਚੋਂ ਇੱਕ ਸੀ ਅਤੇ ਉਸਨੇ ਕਿਹਾ, ''ਤੂੰ ਆਪਣੀ ਜਾਨ ਖ਼ਤਰੇ ਵਿੱਚ ਕਿਉਂ ਪਾ ਰਿਹਾ ਐ? ਅਜਿਹੇ ਚਾਰ ਜਾਂ ਪੰਜ ਬੰਦਿਆਂ ਦੇ ਨਾਂਅ ਲੈ, ਜਿਨ੍ਹਾਂ ਨਾਲ ਤੂੰ ਖਾਰ ਖਾਂਦਾ ਏਂ ਅਤੇ ਅਸੀਂ ਤੈਨੂੰ ਆਪਣਾ ਗਵਾਹ ਬਣਾ ਲਵਾਂਗੇ।'' ਗਾਮਾ ਨੇ ਕਿਹਾ :''ਮੇਰਾ ਕੋਈ ਅਜਿਹਾ ਦੁਸ਼ਮਣ ਨਹੀਂ ਹੈ ਜਿਸਦਾ ਮੈਂ ਨਾਂ ਲਵਾਂ।'' ਪੁਲਸ ਮੁਲਾਜ਼ਮ ਚਲਾ ਗਿਆ, ਪਰ ਕੁਝ ਪਲਾਂ ਪਿੱਛੋਂ ਪਰਤ ਆਇਆ ਅਤੇ ਉਸਨੂੰ ਬੋਲਿਆ, ''ਇਧਰ ਵੇਖ, ਕਿ ਆਮ ਦਾ ਨਾਂਅ ਲੈ ਦੇ ਅਤੇ ਹੋਰਾਂ ਦਾ ਵੀ ਜਿਵੇਂ ਤੇਰੀ ਮਰਜ਼ੀ ਹੋਵੇ।''

''ਅਸੀਂ ਬੇਹੱਦ ਡਰੇ ਹੋਏ ਸਾਂ ਉਸ ਢੰਗ ਨਾਲ ਜਿਵੇਂ ਪੁਲਸ ਝੂਠੇ ਗਵਾਹ ਗੰਢ ਰਹੀ ਸੀ ਅਤੇ ਸੋਚਦੇ ਸਾਂ ਕਿ ਅਸੀਂ ਸੁਰੱਖਿਅਤ ਨਹੀਂ ਹਾਂ।''

ਸੇਠ ਗੁਲ ਮੁਹੰਮਦ, ਜੋ ਕਿ ਵਪਾਰੀ ਹੈ, ਨੂੰ ਵੀ ਝੂਠੀ ਗਵਾਹੀ ਦੇਣ ਲਈ ਕਿਹਾ ਗਿਆ। ਅਜਿਹਾ ਕਰਨ ਤੋਂ ਇਨਕਾਰੀ ਹੋਣ 'ਤੇ ਉਸਨੂੰ ਜਿਸਮਾਨੀ ਤਸੀਹੇ ਦਿੱਤੇ ਗਏ। ਉਹ ਆਖਦੇ ਹਨ ਕਿ, ਉਨ੍ਹਾਂ ਨੂੰ ਇਹ ਬਿਆਨ ਦੇਣ ਲਈ ਕਿਹਾ ਗਿਆ, ''ਡਾਕਟਰ ਸੱਤਿਆਪਾਲ ਅਤੇ ਡਾਕਟਰ ਕਿਚਲੂ ਨੇ ਮੈਨੂੰ 6 ਅਪ੍ਰੈਲ ਨੂੰ ਹੜਤਾਲ ਕਰਨ ਲਈ ਉਕਸਾਇਆ ਅਤੇ ਉਨ੍ਹਾਂ ਨੇ ਇਹ ਕਹਿਕੇ ਮੈਨੂੰ ਸ਼ਹਿ ਦਿੱਤੀ ਕਿ ਉਹ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਬੰਬਾਂ ਦੀ ਵਰਤੋਂ ਕਰਨਗੇ।'' ਮੈਂ ਇਨਕਾਰ ਕਰ ਦਿੱਤਾ, ਇਸ 'ਤੇ ਪੁਲਸ ਅਧਿਕਾਰੀਆਂ ਨੇ ਮੇਰਾ ਹੱਥ ਫੜਕੇ ਮੰਜੇ ਦੇ ਪਾਵੇ ਹੇਠ ਦੇ ਦਿੱਤਾ ਅਤੇ ਉੱਪਰ ਅੱਠ ਸਿਪਾਹੀ ਬੈਠ ਗਏ। ਬਾਅਦ ਵਾਲੇ ਦਿਨਾਂ ਵਿੱਚ ਵੀ ਮੈਨੂੰ ਕੁੱਟਿਆ-ਮਾਰਿਆ ਗਿਆ, ਥੱਪੜ ਮਾਰੇ ਗਏ ਅਤੇ ਬੈਂਤ ਲਾਏ ਗਏ। ਧਮਕਾਇਆ ਗਿਆ ਕਿ ਮੈਨੂੰ ਵੀ ਮੁਲਜ਼ਮ ਬਣਾਇਆ ਜਾਵੇਗਾ ਅਤੇ ਫਾਂਸੀ ਚਾੜ੍ਹ ਦਿੱਤਾ ਜਾਵੇਗਾ। ਇਹ ਕੁੱਟ-ਮਾਰ ਅੱਠ ਦਿਨ ਜਾਰੀ ਰਹੀ''।

ਬਰਿਜ ਲਾਲ ਨਾਂ ਦੇ 14 ਸਾਲ ਦੇ ਲੜਕੇ ਨੂੰ ਝੂਠੀ ਗਵਾਹੀ ਦੇਣ ਲਈ ਤਸੀਹੇ ਦਿੱਤੇ ਗਏ। ਲਾਲਾ ਰਲੀਆ ਰਾਮ, ਜੋਕਿ 58 ਸਾਲ ਦਾ ਸਰਕਾਰੀ ਪੈਨਸ਼ਨ ਯਾਫ਼ਤਾ ਬਜ਼ੁਰਗ ਹੈ, ਨੂੰ ਬੈਂਤਾਂ ਮਾਰੀਆਂ ਗਈਆਂ ਅਤੇ ਉਹਦੀ ਦਾੜ੍ਹੀ ਪੁੱਟੀ ਗਈ, ਕਿਉਂਕਿ ਉਸ ਨੇ ਉਹ ਕੁਝ ਕਹਿਣ ਤੋਂ ਜਵਾਬ ਦੇ ਦਿੱਤਾ ਸੀ ਜੋ ਸੱਚ ਨਹੀਂ ਸੀ। ''ਮੈਨੂੰ ਸੜਕ ਦੇ ਇੱਕ ਪਾਸੇ ਤੋਂ ਦੂਜੇ ਪਾਸੇ ਗੇੜੇ ਮਾਰਨ ਲਈ ਮਜ਼ਬੂਰ ਕੀਤਾ ਗਿਆ'' ਉਹ ਆਖਦੇ ਹਨ, ''ਜਦੋਂ ਕਿ ਨਾਲ-ਨਾਲ ਮੇਰੀ ਦਾੜ੍ਹੀ ਵੀ ਵਾਰ-ਵਾਰ ਪੁੱਟੀ ਜਾਂਦੀ ਰਹੀ।''

ਵਜ਼ੀਰਾਬਾਦ ਦੇ ਬੈਂਕਰ ਦਾ ਇਹ ਬਿਆਨ, ਤਸੀਹਿਆਂ ਦੇ ਸਬੰਧ ਵਿੱਚ ਹੋਰ ਚਾਨਣਾ ਪਾਉਂਦਾ ਹੈ ਕਿ ''ਢੋਲ ਵਜਾ ਕਿ ਹੋਕਾ ਦਿੱਤਾ ਗਿਆ ਕਿ ਸਾਰੇ ਸ਼ਹਿਰੀ ਪੁਲੀਸ ਸਟੇਸ਼ਨ ਵਿੱਚ ਹਾਜ਼ਰ ਹੋਣ। ਬੱਚੇ ਅਤੇ ਜ਼ਰਾਇਮ ਪੇਸ਼ਾ ਲੋਕਾਂ ਨੂੰ ਮੁਖ਼ਬਿਰ ਬਣਾਇਆ ਜਾਂਦਾ। ਹਰ ਕੋਈ, ਜਿਸ ਵਿਰੁੱਧ ਪੁਲੀਸ ਕੇਸ ਬਣਾਉਣਾ ਚਾਹੁੰਦੀ ਸੀ, ਨੂੰ ਇਨ੍ਹਾਂ ਬੱਚਿਆਂ ਅਤੇ ਜ਼ਰਾਇਮ ਪੇਸ਼ਾ ਲੋਕਾਂ ਦੇ ਸਾਹਮਣੇ ਲਿਜਾਇਆ ਜਾਂਦਾ ਅਤੇ ਉਨ੍ਹਾਂ ਗਰੀਬ ਲੋਕਾਂ ਨੂੰ ਮੁਕੱਦਮਿਆਂ ਵਿਚ ਫਸਾਇਆ ਜਾਂਦਾ।'' ਅਤੇ ਸਿਰਫ ਉਹਨਾਂ ਦੀਆਂ ਗਵਾਹੀਆਂ ਦੇ ਅਧਾਰ 'ਤੇ ਸਜ਼ਾਵਾਂ ਵੀ ਦਿੱਤੀਆਂ ਗਈਆਂ, ਇਹੋ ਬੱਚੇ ਕਮਿਸ਼ਨ ਦੇ ਅੱਗੇ ਗਵਾਹ ਦੇ ਤੌਰ ਤੇ ਪੇਸ਼ ਹੋਏ।

**ਜ਼ਬਰ-ਜ਼ੁਲਮ ਦੇ ਨਾ-ਬਿਆਨ ਕੀਤੇ ਜਾ ਸਕਣ ਵਾਲੇ ਢੰਗ-ਤਰੀਕੇ** : ਗੁਲਾਮ ਕਾਦਿਰ ਟੂਪਗੜ੍ਹਨੇ ਦੱਸਿਆ ਕਿ, ਚਾਹਾਂਗਾ ਅਤੇ ਹਬੀਬ, ਜਿਸਨੂੰ ਬਰਤਾਨਵੀ ਸਰਕਾਰ ਨੇ ਸਜ਼ਾ ਦੇਣ ਲਈ ਹਿਰਾਸਤ ਵਿੱਚ ਲਿਆ ਸੀ, ਦੇ ਖਿਲਾਫ ਝੂਠੀ ਗਵਾਹੀ ਤੋਂ ਇਨਕਾਰ ਕਰਨ ਉਤੇ ''ਮੈਨੂੰ ਅਤਿਅੰਤ ਜ਼ਾਲਮਾਨਾ ਢੰਗ ਨਾਲ ਮਾਰਿਆ ਕੁੱਟਿਆ ਗਿਆ, ਮੇਰੀ ਪੱਗ ਲਾਹ ਲਈ ਗਈ ਅਤੇ ਮੇਰੇ ਹੱਥ ਉਸ ਨਾਲ ਬੰਨ ਦਿੱਤੇ ਗਏ। ਮੈਨੂੰ ਲਗਭਗ ਦਸ ਮਿੰਟਾਂ ਤੱਕ ਦਰਖ਼ਤ ਨਾਲ ਲਟਕਾਈ ਰੱਖਿਆ ਗਿਆ ਅਤੇ ਸਖ਼ਤ ਮਾਰ-ਕੁੱਟ ਕੀਤੀ ਗਈ। ਮੈਂ ਵੇਖਿਆ ਪੀਰਾਂ ਗੁੱਜਰ ਜ਼ਮੀਨ 'ਤੇ ਪੁੱਠਾ ਪਾਇਆ ਹੋਇਆ ਸੀ ਅਤੇ ਇੱਕ ਫੌਜੀ ਪੁਲਸ ਅਧਿਕਾਰੀ ਉਹਦੀ ਗੁਦਾ 'ਚ ਸੋਟੀ ਧੱਕ ਰਿਹਾ ਸੀ। ਉਸ ਨੇ ਲਗਾਤਾਰ ਰਹਿਮ ਲਈ ਚੀਕਾਂ ਮਾਰੀਆਂ, ਪਰ ਕੋਈ ਰਹਿਮ ਉਸ ਉਤੇ ਨਹੀਂ ਵਿਖਾਇਆ ਗਿਆ।''

''ਮੈਂ ਅੱਲਾ ਅੱਗੇ ਜ਼ੋਰ ਨਾਲ ਦੁਆ ਕਰਦਾ ਹਾਂ ਕਿ ਮੇਰੇ ਕਿਸੇ ਦੁਸ਼ਮਣ ਨੂੰ ਵੀ ਉਹ ਕੁਝ ਨਾ ਸਹਿਣਾ ਪਵੇ ਜੋ ਮੈਨੂੰ ਸਹਿਣਾ ਪਿਆ'' ਇਹ ਗੱਲ ਮੌਲਵੀ, ਗੁਲਾਮ ਜਿਲਾਨੀ, ਜੋ ਕਿ ਮਸਜਿਦ ਦੇ ਇਮਾਮ ਸਨ, ਨੇ ਬਿਆਨ ਕੀਤੀ। ਉਸ ਨੂੰ ਝੂਠੀ ਗਵਾਹੀ ਦੇਣ ਲਈ ਕਿਹਾ ਗਿਆ ਅਤੇ ਲਾਲਚ ਦਿੱਤਾ ਗਿਆ ਕਿ ਜੇਕਰ ਉਹ ਅਜਿਹਾ ਕਰਦਾ ਹੈ ਤਾਂ ਉਹਦੇ ਪੁੱਤਰਾਂ ਨੂੰ ਚੰਗੀਆਂ ਅਸਾਮੀਆਂ 'ਤੇ ਨਵਾਜ਼ਿਆ ਜਾਵੇਗਾ ਅਤੇ ਉਹ ਗਰੀਬ ਵਿਅਕਤੀ ਜੀਵਨ ਭਰ ਲਈ ਮਾਣ ਸਨਮਾਨ ਹਾਸਲ ਕਰੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਉਹ ਝੂਠੇ ਬਿਆਨ ਲਈ ਤਿਆਰ ਨਹੀਂ ਤਾਂ ਉਸ ਨੂੰ ਫਾਹੇ ਲਾ ਦਿੱਤਾ ਜਾਵੇਗਾ। ਮੌਲਵੀ ਨੇ ਦੱਸਿਆ ਕਿ ''ਮੈਂ ਆਪਣੇ ਜੀਵਨ ਦਾ ਜੋਖ਼ਮ ਲੈਣ ਲਈ ਤਿਆਰ ਹਾਂ ਪਰ ਮਰਜ਼ੀ ਨਾਲ ਝੂਠਾ ਬਿਆਨ ਨਹੀਂ ਦੇਵਾਂਗਾ।'' ''ਪੁਲਸ ਵੱਲੋਂ ਲਿਖੇ ਬਿਆਨ 'ਤੇ ਦਸਤਖਤ ਕਰਨ ਤੋਂ ਇਨਕਾਰ ਕਰਨ ਉਤੇ ਮੇਰੀ ਕੁੱਟ-ਮਾਰ ਸ਼ੁਰੂ ਹੋ ਗਈ ਅਤੇ ਓਨੀ ਦੇਰ ਤਕ ਕੁੱਟਣਾ ਜਾਰੀ ਰੱਖਿਆ ਗਿਆ ਜਿੰਨੀ ਦੇਰ ਮੇਰਾ ਪੇਸ਼ਾਬ ਨਹੀਂ ਨਿਕਲ ਗਿਆ। ਉਨ੍ਹਾਂ ਨੇ ਮੇਰਾ ਪਜ਼ਾਮਾ ਲਾਹ ਦਿੱਤਾ ਅਤੇ ਬੂਟਾਂ ਅਤੇ ਬੈਤਾਂ ਨਾਲ ਮੈਨੂੰ ਮਾਰਿਆ। ਉਨ੍ਹਾਂ ਨੇ ਮੈਨੂੰ ਕੁੱਝ ਇੱਕ ਵਿਅਕਤੀਆਂ ਦੇ ਨਾਂਅ ਲਿਖਾਉਣ ਲਈ ਕਿਹਾ ਪਰ ਮੈਂ ਕਹਿ ਦਿੱਤਾ ਕਿ ਮੈਂ ਇਨ੍ਹਾਂ ਵਿੱਚੋਂ ਕਿਸੇ ਨੂੰ ਨਹੀ ਜਾਣਦਾ। ਉਨ੍ਹਾਂ ਨੇ ਮੈਨੂੰ ਮੁੜ ਓਨੀ ਦੇਰ ਕੁੱਟਿਆ ਜਿੰਨੀ ਦੇਰ ਮੈਂ ਬੇਹੋਸ਼ ਨਹੀਂ ਹੋ ਗਿਆ। ਜਦੋਂ ਮੈਂ ਹੋਸ਼ ਵਿੱਚ ਆਇਆ ਤਾਂ ਮੈਨੂੰ ਦੋਬਾਰਾ ਥਾਣੇ ਲਿਜਾਇਆ ਗਿਆ। ਉੱਥੇ ਮੈਨੂੰ ਫੇਰ ਸਖ਼ਤ ਕੁੱਟਾਪਾ ਚਾੜ੍ਹਿਆ ਗਿਆ। ਇੱਥੇ ਹੀ ਉਨ੍ਹਾਂ ਦੀ ਤਸੱਲੀ ਨਹੀਂ ਹੋਈ ਅਤੇ ਪੁਲਸ ਅਧਿਕਾਰੀ ਨੇ ਸੋਟੀ ਮੇਰੀ ਗੁਦਾ ਵਿੱਚ ਧੱਕ ਦਿੱਤੀ। ਮੈਂ ਬਿਮਾਰ ਹੋ ਗਿਆ ਅਤੇ ਖ਼ੂਨ ਮੇਰੇ ਮੂੰਹ ਵਿੱਚੋਂ ਦੀ ਨਿਕਲਣ ਲੱਗ ਪਿਆ ਅਤੇ ਇੰਝ ਮਹਿਸੂਸ ਕੀਤਾ ਜਿਵੇਂ ਮੇਰਾ ਸਾਰਾ ਜਿਸਮ ਟੁਕੜੇ-ਟੁਕੜੇ ਕਰ ਦਿੱਤਾ ਗਿਆ ਹੈ। ਬੁਖ਼ਾਰ ਬਹੁਤ ਤੇਜ਼ ਹੋ ਗਿਆ ਅਤੇ ਮੈਂ ਅਕਸਰ ਬੇਸੁਰਤੀ ਵਿੱਚ ਰਿਹਾ। ਮੈਨੂੰ ਦੱਸਿਆ ਗਿਆ ਕਿ ਮੇਰੀ ਇਹ ਵੀਹ ਦਿਨਾਂ ਦੀ ਬਿਮਾਰੀ ਦੌਰਾਨ ਮੈਂ ਪੰਦਰਾਂ ਦਿਨ ਹੋਸ਼ੋ-ਹਵਾਸ ਵਿੱਚ ਨਹੀਂ ਰਿਹਾ।

ਜਾਗੀਰਦਾਰ ਹਾਜੀ ਸ਼ਮਸ-ਉਦ-ਦੀਨ ਜਿਹੜੇ ਗੁਲਾਮ ਜਿਲਾਨੀ ਅਤੇ ਖੈਰ ਦੀਨ ਨੂੰ ਦਿੱਤੇ ਤਸੀਹਿਆਂ ਦੇ ਚਸ਼ਮਦੀਦ ਗਵਾਹ ਸਨ, ਨੇ ਦੱਸਿਆ: ''ਮੈਂ ਖ਼ੁਦ ਆਪਣੀਆਂ ਅੱਖਾਂ ਨਾਲ ਸੋਟੀ ਉਹਦੀ (ਗਿਲਾਨੀ ਦੀ) ਗੁਦਾ 'ਚ ਧੱਕਦਿਆਂ ਵੇਖੀ।

ਖੈਰ ਦੀਨ ਨਾਲ ਵੀ ਉਹੋ ਸਲੂਕ ਕੀਤਾ ਗਿਆ। ਉਹਨਾਂ ਨੇ ਉਹਦੀ ਗੁਦਾ 'ਚ ਵੀ ਸੋਟੀ ਧੱਕੀ। ਉਹ ਬੇਹੱਦ ਤਰਸਯੋਗ ਹਾਲਤ ਵਿੱਚ ਸੀ। ਮੈਂ ਉਹਦਾ ਪੇਸ਼ਾਬ ਅਤੇ ਟੱਟੀ ਨਿਕਲਦੇ ਆਪ ਦੇਖੇ। ਮੈਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਖੈਰ ਦੀਨ ਆਪਣੇ ਜ਼ਖ਼ਮਾਂ ਤੋਂ ਕਦੇ ਵੀ ਸਿਹਤਯਾਬ ਨਹੀਂ ਹੋ ਸਕਿਆ ਅਤੇ ਉਸ ਦੀ ਮੌਤ ਹੋ ਗਈ।'' ਅਜਿਹਾ ਦਹਿਸ਼ਤ ਦਾ ਰਾਜ ਸਮੁੱਚੇ ਪੰਜਾਬ ਸੂਬੇ ਵਿੱਚ ਜਾਰੀ ਰਿਹਾ।

**ਅੰਨ੍ਹੇਵਾਹ ਗੋਲੀਆਂ ਮਾਰਨਾ** : ਦਸ ਅਪ੍ਰੈਲ ਨੂੰ ਸੱਤਿਆਗ੍ਰਹਿ ਲਹਿਰ ਦੇ ਆਗੂ ਸ੍ਰੀ ਗਾਂਧੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਲੋਕਾਂ ਨੇ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਨਿਹੱਥੇ ਲੋਕ ਮੁਜ਼ਾਹਰੇ ਕਰ ਰਹੇ ਸਨ ਤਾਂ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ ਗਏ। ਕਈ ਜਾਨਾਂ ਗਈਆਂ ਅਤੇ ਬਹੁਤ ਸਾਰੇ ਫੱਟੜ ਹੋਏ। ਭੀੜ ਵਾਪਸ ਆ ਗਈ। ਹਲਾਕ ਅਤੇ ਜ਼ਖ਼ਮੀ ਹੋਏ ਲੋਕ ਉੱਥੇ ਹੀ ਪਏ ਰਹੇ, ਫੌਜਵਾਦੀ ਦਹਿਸ਼ਤ ਦੇ ਸੂਚਕ ਦੇ ਤੌਰ 'ਤੇ। ਲਾਹੌਰ ਵਿੱਚ ਅਪਰ ਮਾਲ, ਲਾਹੌਰੀ ਗੇਟ ਅਤੇ ਹੀਰਾ ਮੰਡੀ ਵਿਚ 10 ਅਤੇ 12 ਅਪ੍ਰੈਲ ਨੂੰ ਨਿਹੱਥੇ ਲੋਕਾਂ ਉੱਪਰ ਗੋਲੀਆਂ ਚਲਾਈਆਂ। ਅਪਰ ਮਾਲ ਲਾਹੌਰ ਵਿੱਚ ਕੀਤੀ ਗਈ ਫਾਇਰਿੰਗ ਵਿੱਚ ਜ਼ਖ਼ਮੀਆਂ ਨੂੰ ਪੁਲਿਸ ਬਿਲਕੁਲ ਨੇੜੇ ਹੀ ਸਥਿਤ ਹਸਪਤਾਲ ਵਿੱਚ ਲਿਜਾਣ ਦੀ ਬਜਾਏ ਚੈਰਿੰਗ ਕਰੋਸ ਪੁਲਸ ਥਾਣੇ ਲੈ ਗਈ ਇਸ ਕਰਕੇ ਕਈ ਜਖਮੀ ਦਮ ਤੋੜ ਗਏ।

ਮਾਨਾਂਵਾਲਾ 'ਚ 19 ਅਪ੍ਰੈਲ ਨੂੰ ਫੌਜੀਆਂ ਦੀ ਗੱਡੀ ਆਈ। ਕੁਝ ਫੌਜੀ ਗੱਡੀ ਤੋਂ ਉਤਰਕੇ ਪਿੰਡ ਵੱਲ ਵਧੇ ਅਤੇ ਗੋਲੀਆਂ ਚਲਾਉਂਦੇ ਤੁਰੇ ਗਏ। ਗਰਭਵਤੀ ਔਰਤਾਂ ਨੂੰ ਵੀ ਘਰਾਂ ਤੋਂ ਬਾਹਰ ਕੱਢ ਕੇ ਮਾਰਿਆ ਗਿਆ। ਜਿੱਥੇ ਕਿਤੇ ਵੀ ਉਹ ਗਏ ਦੁਕਾਨਾਂ ਲੁੱਟਦੇ ਤੁਰੇ ਗਏ।

ਜਦੋਂ ਲੋਕ ਭੱਜ ਰਹੇ ਸਨ ਤਾਂ ਉਨ੍ਹਾਂ ਉਤੇ ਮਸ਼ੀਨਗੰਨਾਂ ਨਾਲ ਗੋਲੀਆਂ ਚਲਾਈਆਂ ਗਈਆਂ ਅਤੇ ਬੰਬ ਸੁੱਟੇ ਗਏ। ਹੰਟਰ ਕਮਿਸ਼ਨ ਅੱਗੇ ਇੱਕ ਅਫਸਰ ਤੋਂ ਪੁੱਛਿਆ :

''ਤੁਸੀਂ ਪਿੰਡ 'ਚ ਮਸ਼ੀਨਗੰਨਾਂ ਨਾਲ ਗੋਲੀਆਂ ਚਲਾਈਆਂ। ਤੁਸੀਂ ਇਸ ਨਾਲ ਨਾ ਸਿਰਫ ਉਹਨਾਂ ਲੋਕਾਂ ਨੂੰ ਇਹਦਾ ਸ਼ਿਕਾਰ ਬਣਾਇਆ ਜਿਨ੍ਹਾਂ ਨੂੰ ਤੁਸੀਂ ਖਿੰਡਾਉਣਾ ਸੀ ਸਗੋਂ ਦੂਜੇ ਨਿਰਦੋਸ਼ ਲੋਕ ਵੀ ਨਿਸ਼ਾਨਾ ਬਣੇ ਜੋ ਆਪਣੇ ਘਰਾਂ ਵਿੱਚ ਸਨ।'' ਇਸ ਦਾ ਜਵਾਬ ਇਹ ਦਿੱਤਾ ਗਿਆ ਕਿ, ''ਮੈਂ ਨਿਰਦੋਸ਼ੇ ਲੋਕਾਂ ਅਤੇ ਦੂਜੇ ਲੋਕਾਂ ਵਿਚਕਾਰ ਫਰਕ ਨਹੀਂ ਕਰ ਸਕਦਾ। ਮੈਂ ਉਨ੍ਹਾਂ ਲੋਕਾਂ 'ਤੇ ਗੋਲੀਆਂ ਚਲਾਉਣ ਦੀ ਕੋਸ਼ਿਸ਼ ਕੀਤੀ ਜਿਹੜੇ ਭੱਜ ਰਹੇ ਸਨ ਅਤੇ ਜਿਨ੍ਹਾਂ ਬਾਰੇ ਮੈਂ ਸੋਚਿਆ ਕਿ ਨੁਕਸਾਨ ਕਰਨ ਆ ਰਹੇ ਹਨ।'' ਉਸ ਨੇ ਅੱਗੇ ਕਿਹਾ, ''ਮੈਂ ਇਹ ਵੀ ਸਮਝ ਲਿਆ ਕਿ ਜੇਕਰ ਮੈਂ ਲੋਕਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਮੁੜਕੇ ਜਮ੍ਹਾਂ ਨਹੀਂ ਹੋਣਗੇ ਅਤੇ ਨੁਕਸਾਨ ਨਹੀਂ ਕਰਨਗੇ।''

**ਵਿਦਿਆਰਥੀਆਂ ਨੂੰ ਤਸੀਹੇ ਦਿੱਤੇ** : 30 ਮਾਰਚ ਦੀ ਹੜਤਾਲ ਵੇਲੇ ਮੁੱਠੀ ਭਰ ਵਿਦਿਆਰਥੀਆਂ ਦੇ ਕਾਲਜ ਵਿੱਚੋਂ ਗੈਰ ਹਾਜ਼ਰ ਰਹਿਣ ਦਾ ਮਾਰਸ਼ਲ ਲਾਅ ਅਧਿਕਾਰੀਆਂ ਨੇ ਗੰਭੀਰ ਨੋਟਿਸ ਲਿਆ, ਇਸ ਨੂੰ ਬਰਤਾਨਵੀਂ ਹਕੂਮਤ ਵਿਰੁੱਧ ਧ੍ਰੋਹ ਅਤੇ ਬਗ਼ਾਵਤ ਗਰਦਾਨਿਆਂ ਗਿਆ। ਇਸ ਕਰਕੇ ਲਾਹੌਰ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਫੌਜੀ ਅਧਿਕਾਰੀਆਂ ਕੋਲ ਦਿਨ ਵਿੱਚ ਚਾਰ ਵਾਰ ਚੌਂਕੀ ਭਰਨ ਦੇ ਹੁਕਮ ਦਿੱਤੇ ਗਏ। ਸਾਂਗਲਾ ਹਿੱਲ ਵਿੱਚ, 7 ਸਾਲ ਦਾ ਇੱਕ ਬੱਚਾ ਗਰਮ ਧੁੱਪ ਵਿੱਚ ਹਾਜ਼ਰੀ ਲੁਆਉਣ ਜਾਣ ਕਾਰਨ ਦਮ ਤੋੜ ਗਿਆ। ਇਹ ਹੁਕਮ ਉਦੋਂ ਤੱਕ ਜਾਰੀ ਰਹੇ ਜਦੋਂ ਤੱਕ ਕਰਨਲ ਜੋਹਨਸਨ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਵਿਦਿਆਰਥੀਆਂ ਦੀ ਵੱਡੀ ਗਿਣਤੀ ਨੂੰ ਦੰਡ ਦੇਣ ਲਈ ਰਜ਼ਾਮੰਦ ਕਰਨ ਵਿੱਚ ਕਾਮਯਾਬ ਨਹੀਂ ਹੋਇਆ। ਨਾਬਰ ਪ੍ਰਿਸੀਪਲਾਂ ਨੂੰ ਮਾਰਸ਼ਲ ਲਾਅ ਹੇਠ ਉਨ੍ਹਾਂ ਦੇ ਕਾਲਜ ਬੰਦ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਹਨਾਂ ਭਾਰੀ ਸਜ਼ਾਵਾਂ ਵਿੱਚ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ 'ਚੋਂ ਸਦਾ ਲਈ ਜਾਂ ਕਈ ਸਾਲਾਂ ਲਈ ਕੱਢਣ, ਆਉਣ ਵਾਲੇ ਇਮਤਿਹਾਨਾਂ ਵਿੱਚ ਬੈਠਣ ਤੋਂ ਮਨਾਹੀ, ਭਾਰੀ ਜਰਮਾਨੇ ਅਤੇ ਚੰਗੇ ਵਰਤਾਉ ਲਈ ਮੋਟੀਆਂ ਜ਼ਮਾਨਤਾਂ ਸ਼ਾਮਲ ਸਨ। ਕਰਨਲ ਜੋਹਨਸਨ ਨੇ ਦਿਆਲ ਸਿੰਘ ਕਾਲਜ ਦੇ ਪ੍ਰਿੰਸੀਪਲ ਨੂੰ ਤਿੰਨ ਮਹੀਨਿਆਂ ਦੀ ਕੈਦ ਜਾਂ ਫਿਰ 250 ਰੁਪਏ ਜਰਮਾਨਾ ਕੀਤਾ ਕਿਉਂਕਿ ਉਸਦਾ ਸਟਾਫ ਕਾਲਜ ਵਿੱਚ ਨਸ਼ਰ ਹੋਈ ਇੱਕ ਕਵਿਤਾ ਦੇ ਲੇਖਕ ਦੀ ਨਿਸ਼ਾਨ ਦੇਹੀ ਕਰਨ ਤੋਂ ਅਸਫ਼ਲ ਰਿਹਾ।

ਇੱਕ ਪੁਲਸ ਵਲੋਂ ਲਗਾਏ ਸਰਕਾਰੀ ਇਸ਼ਤਿਹਾਰ ਨੂੰ ਨੁਕਸਾਨ ਪੁਚਾਉਣ ਦੇ ਦੋਸ਼ ਵਿੱਚ ਸਨਾਤਨ ਧਰਮ ਕਾਲਜ ਦੇ 500 ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਤੱਪਦੀ ਧੁੱਪ 'ਚ ਕਿਲੇ ਤੱਕ ਤੁਰਕੇ ਜਾਣ ਅਤੇ ਬਿਸਤਰੇ ਮੋਢਿਆਂ 'ਤੇ ਚੁੱਕਕੇ ਲਿਜਾਣ ਲਈ ਮਜ਼ਬੂਰ ਕੀਤਾ ਗਿਆ।

**ਸਕੂਲ ਸਮੇਤ ਸ਼ਹਿਰਾਂ ਅਤੇ ਪਿੰਡਾਂ 'ਤੇ ਬੰਬ ਸੁੱਟੇ ਗਏ** : ਹਵਾਈ ਜਹਾਜ਼ਾਂ ਤੋਂ ਗੁਜਰਾਂਵਾਲਾ ਅਤੇ ਘੜਚੱਕ, ਭਗਵੰਤਪੁਰਾ, ਧੂਲਾ, ਅਤੇ ਨੇੜਲੇ ਪਿੰਡਾਂ 'ਤੇ ਅਤੇ ਮੁਕੰਮਲ ਤੌਰ 'ਤੇ ਨਿਰਦੋਸ਼ ਲੋਕਾਂ 'ਤੇ ਬੰਬ ਅੰਨ੍ਹੇਵਾਹ ਸੁੱਟੇ ਗਏ। ਖਾਲਸਾ ਬੋਰਡਿੰਗ ਹਾਊਸ 'ਤੇ ਬੰਬ ਸੁੱਟੇ ਗਏ। ਇੱਕ ਵਿਦਿਆਰਥੀ, ਕਿਸ਼ਨ ਸਿੰਘ, ਇਸ ਦ੍ਰਿਸ਼ ਦਾ ਵਰਨਣ ਇੰਝ ਕਰਦਾ ਹੈ :

''ਅਸੀਂ ਹਵਾਈ ਜਹਾਜ਼ਾਂ ਦੀ ਅਵਾਜ਼ ਲਗਭਗ 3 ਵਜੇ ਸ਼ਾਮ ਨੂੰ ਸੁਣੀ। ਉਹ ਬੋਰਡਿੰਗ ਹਾਊਸ ਉੱਤੇ ਲਗਭਗ ਦਸ ਮਿੰਟ ਚੱਕਰ ਲਾਉਂਦਾ ਰਿਹਾ। ਅਚਾਨਕ ਇੱਕ ਅਵਾਜ਼ ਸੁਣੀ ਗਈ ਅਤੇ ਇਕ ਬੰਬ ਹੇਠਾਂ ਸੁੱਟਿਆ ਗਿਆ ਜਿਹੜਾ ਸਾਡੇ ਰਸੋਈਏ ਗੰਡਾ ਸਿੰਘ ਨੂੰ ਵੱਜਾ। ਇਸ ਦੇ ਇੱਕ ਛੋਟੇ ਜਿਹੇ ਟੁਕੜੇ ਨੇ ਮੇਰੇ ਸੱਜੇ ਹੱਥ ਦੀ ਉਂਗਲੀ ਜ਼ਖ਼ਮੀ ਕਰ ਦਿੱਤੀ। ਇੱਕ ਲੜਕਾ ਸਦਮੇ ਕਾਰਨ ਡਿੱਗ ਪਿਆ।''

ਬੰਬ ਸੁੱਟਦੇ ਸਮੇਂ ਜਹਾਜ਼ 200 ਫੁੱਟ ਦੀ ਉੱਚਾਈ 'ਤੇ ਸੀ ਤਾਂ ਕਿ ਨਿਸ਼ਾਨੇਬਾਜ਼ ਅਧਿਕਾਰੀ ਤੋਂ ਨਿਸ਼ਾਨਾ ਨਾ ਖੁੰਝ ਜਾਵੇ।

**ਨਿੱਕੇ ਨਿੱਕੇ ਬੱਚਿਆਂ ਦਾ ਪਿੱਛਾ ਅਤੇ ਗੋਲੀਆਂ ਮਾਰੀਆਂ** : ਨਿਜ਼ਾਮਾਬਾਦ 'ਚ ਮੁਹੰਮਦ ਰਮਜ਼ਾਨ ਨਾਂਅ ਦਾ ਲੜਕਾ ਉਦੋਂ ਬਰਤਾਨਵੀ ਫੌਜੀਆਂ ਵੱਲੋਂ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ ਗਿਆ ਜਦੋਂ ਉਹ ਆਪਣੀਆਂ ਬੱਕਰੀਆਂ ਚਾਰ ਰਿਹਾ ਸੀ। ਹਾਜੀ ਅੱਲਾ ਦੀਨ ਮੁਤਾਬਕ ਦੋ ਜਾਂ ਤਿੰਨ ਬਰਤਾਨਵੀਂ ਫੌਜੀਆਂ ਨੇ ਫੇਰ ਲਾਸ਼ ਨੂੰ ਉਹਦੀ ਪੱਗ ਨਾਲ ਬੰਨ੍ਹਿਆ ਅਤੇ ਘੜੀਸਿਆ ਅਤੇ ਇਸ ਨੂੰ ਪਿੰਡ ਦੇ ਟੋਭੇ ਨੇੜੇ ਛੱਡ ਗਏ। ਕਸੂਰ ਵਿੱਚ 11 ਸਾਲ ਦੇ ਇੱਕ ਬੱਚੇ ਉਤੇ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਜੰਗ ਛੇੜਨ ਦੇ ਦੋਸ਼ ਹੇਠ ਮੁਕੱਦਮਾ ਚਲਾਇਆ ਗਿਆ। ਗੁਜਰਾਤ 'ਚ 10 ਸਾਲ ਦੇ ਲੜਕੇ ਕੁੰਦਨ ਲਾਲ ਨੂੰ ਵੀ ਇਸੇ ਜੁਰਮ ਅਧੀਨ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਹਫੀਜਾਬਾਦ ਵਿੱਚ ਸਕੂਲੀ ਬੱਚਿਆਂ ਇੱਥੋਂ ਤੱਕ ਕਿ ਚਾਰ ਪੰਜ ਸਾਲ ਦੇ ਬੱਚਿਆਂ ਨੂੰ ਵੀ ਮਿਲਟਰੀ ਅਫਸਰ ਕੋਲ ਦਿਨ ਵਿੱਚ ਦੋ ਵਾਰ ਹਾਜ਼ਰ ਹੋਣ ਲਈ ਮਜਬੂਰ ਕੀਤਾ ਗਿਆ।

**ਰਿਸ਼ਤੇਦਾਰਾਂ ਨੂੰ ਤੰਗ-ਪਰੇਸ਼ਾਨ ਕਰਨਾ** : ਉਨ੍ਹਾਂ ਵਿਅਕਤੀਆਂ ਦੀ ਥਾਂ 'ਤੇ ਜਿਨ੍ਹਾਂ ਨੂੰ ਸਜ਼ਾ ਦੇਣ ਦਾ ਸਰਕਾਰ ਦਾ ਇਰਾਦਾ ਸੀ, ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸਜ਼ਾ ਦਿੱਤੀ ਗਈ। ਨਵਾਂ ਪਿੰਡ ਈਸ਼ਵਰ ਸਿੰਘ ਗੈਰ-ਮੌਜੂਦ ਸੀ, ਇਸ ਲਈ ਅੰਗਰੇਜ਼ ਅਫਸਰ ਨੇ ਪੁੱਛਿਆ ਕਿ ਉਹਦਾ ਕੋਈ ਰਿਸ਼ਤੇਦਾਰ ਮੌਜੂਦ ਹੈ। ਅਧਿਕਾਰੀਆਂ ਨੂੰ ਈਸ਼ਵਰ ਸਿੰਘ ਦਾ ਜੀਜਾ ਖੁਸ਼ਹਾਲ ਸਿੰਘ ਮਿਲ ਗਿਆ। ਉਸ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਗਿਆ।

ਚੂਹੜਕਾਨਾ ਵਿੱਚ, ਨੇਤਰਹੀਣ ਰਾਧਾ ਮੱਲ ਨੂੰ ਆਪਣਾ ਪੁੱਤਰ ਪੇਸ਼ ਕਰਨ ਲਈ ਕਿਹਾ ਗਿਆ। ਕਿਉਂਕਿ ਪੁੱਤਰ ਹਾਜ਼ਰ ਨਹੀਂ ਸੀ ਇਸ ਲਈ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਔਰਤਾਂ ਨੂੰ ਆਪਣੇ ਪਤੀ ਪੇਸ਼ ਕਰਨ ਦੇ ਹੁਕਮ ਦਿੱਤੇ ਗਏ। ਧਮਕੀ ਦਿੱਤੀ ਗਈ ਕਿ ਜੇ ਉਹ ਪੇਸ਼ ਨਾ ਹੋਏ ਤਾਂ ਉਨ੍ਹਾਂ ਦੇ ਘਰ ਸਾੜ ਦਿੱਤੇ ਜਾਣਗੇ ਅਤੇ ਜ਼ਮੀਨਾਂ ਕੁਰਕ ਕਰ ਲਈਆਂ ਜਾਣਗੀਆਂ।

ਸੱਠ ਸਾਲਾਂ ਦਾ ਸ਼ੇਖੂਪੁਰਾ ਦਾ ਸਤਿਕਾਰਯੋਗ ਨੰਬਰਦਾਰ ਅਤੇ ਪੁਲਸ ਦੇ ਰਿਟਾਇਰਡ ਇੰਸਪੈਕਟਰ ਨੂੰ ਸਿਰਫ ਇਸ ਲਈ ਗ੍ਰਿਫਤਾਰ ਕਰ ਲਿਆ ਗਿਆ ਕਿਉਂਕਿ ਉਸਦੇ ਪੁੱਤਰ ਉਦੋਂ ਸ਼ੇਖੂਪੁਰਾ ਵਿੱਚ ਨਹੀਂ ਸਨ, ਜਦੋਂ ਉਨ੍ਹਾਂ ਨੂੰ ਸੱਦਿਆ ਗਿਆ ਸੀ। ਉਹਦੀ ਜਾਇਦਾਦ ਕੁਰਕ ਕਰ ਲਈ ਗਈ ਅਤੇ ਉਹਦੇ ਮੁਜ਼ਾਰਿਆਂ ਨੂੰ ਫਸਲ ਵੱਢਣ ਤੋਂ ਰੋਕ ਦਿੱਤਾ ਗਿਆ।

**ਬਰਾਤ ਨੂੰ ਸਜ਼ਾ ਅਤੇ ਹੋਰ ਗ੍ਰਿਫਤਾਰੀਆਂ** : ਲਾਹੌਰ ਦੀ ਮਿਊਂਸਪਲ ਹੱਦ ਅੰਦਰ ਰਾਜਗੜ੍ਹ ਪਿੰਡ ਦੇ ਮੁਸਲਮਾਨ ਭਾਈਚਾਰੇ ਦੀ ਇੱਕ ਬਰਾਤ ਮੌਲਵੀ ਅਤੇ ਲਾੜੇ ਸਮੇਤ ਮਾਰਸ਼ਲ ਲਾਅ ਦੇ ਇੱਕ ਅਧਿਕਾਰੀ ਵੱਲੋਂ ਗ੍ਰਿਫਤਾਰ ਕਰ ਲਈ ਗਈ। ਬਰਾਤੀਆਂ ਨੂੰ ਕੋਰੜੇ ਮਾਰੇ ਗਏ। ਗੁਜਰਾਂਵਾਲਾ ਦੇ ਹਫੀਜਾਬਾਦ ਕਸਬੇ ਵਿੱਚੋਂ ਪੁਲਸ ਨੇ 121 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਪਰ ਗ੍ਰਿਫਤਾਰੀ ਦੇ ਵਾਰੰਟਾਂ ਵਿੱਚ ਗ੍ਰਿਫਤਾਰ ਕੀਤੇ ਜਾਣ ਵਾਲੇ ਲੋਕਾਂ ਦੇ ਨਾ ਤਾਂ ਕੋਈ ਨਾਮ ਸਨ ਅਤੇ ਨਾ ਹੀ ਉਨ੍ਹਾਂ ਵਿਅਕਤੀਆਂ ਦਾ ਕੋਈ ਹੁਲੀਆ ਜਾਂ ਵੇਰਵਾ ਦਰਜ ਸੀ। ਆਈਸੀਐਸ ਜੁਆਇੰਟ ਸੈਕਟਰੀ ਕਮਿਸ਼ਨਰ ਬੌਸਬਰਥ ਸਮਿਥ ਅਤੇ ਇੱਕ ਫੌਜੀ ਅਫਸਰ ਨੇ ਸ਼ੇਖੂਪੁਰਾ ਵਿੱਚ ਬਿਨ੍ਹਾਂ ਕਿਸੇ ਛੋਟ ਦੇ ਦਸ ਸਾਲ ਦੀ ਉਮਰ ਤੋਂ ਵਧ ਹਰ ਵਸਨੀਕ ਨੂੰ ਆਪਣੇ ਕੋਲ ਸੱਦਿਆ ਅਤੇ ਵੱਡੇ ਖੁੱਲ੍ਹੇ ਮੈਦਾਨ ਉੱਪਰ ਝਾੜੂ ਮਰਵਾਇਆ। 18 ਅਪ੍ਰੈਲ ਨੂੰ ਜਨਰਲ ਡਾਇਰ ਨੇ ਬਟਾਲੇ ਅਤੇ ਗੁਰਦਾਸਪੁਰ ਵਸਨੀਕਾਂ ਦੀਆਂ ਸਭਾਵਾਂ ਕੀਤੀਆਂ ਅਤੇ ਉੱਥੇ ਲੋਕਾਂ ਨੂੰ ਬਦਮਾਸ਼ ਅਤੇ ਭੱਦੀ ਭਾਸ਼ਾ ਨਾਲ ਸੰਬੋਧਨ ਕੀਤਾ।

ਅੰਮ੍ਰਿਤਸਰ ਵਿੱਚ ਉਮਰ ਅਤੇ ਸਰੀਰਕ ਤੰਦਰੁਸਤੀ ਦਾ ਲਿਹਾਜ਼ ਕੀਤੇ ਬਗ਼ੈਰ ਸੌ ਦੇ ਕਰੀਬ ਵਸਨੀਕਾਂ ਨੂੰ ਸ਼ਹਿਰ ਦੀ ਗਸ਼ਤ ਲਾਉਣ ਲਈ ਜਬਰੀ ਭਰਤੀ ਕੀਤਾ ਗਿਆ ਅਤੇ ਉਹਨਾਂ ਨੂੰ ਆਪਣੀ ਹਾਜ਼ਰੀ ਸ਼ਹਿਰ ਤੋਂ ਕਈ ਮੀਲ ਦੂਰ ਪੈਦਲ ਜਾ ਕੇ ਲਗਵਾਉਣ ਲਈ ਮਜ਼ਬੂਰ ਕੀਤਾ ਗਿਆ।

ਪਹਿਲੀ ਮਈ ਨੂੰ ਕਸੂਰ ਵਾਸੀਆਂ ਨੂੰ ਰੇਲਵੇ ਸਟੇਸ਼ਨ ਕੋਲ 6 ਘੰਟਿਆਂ ਲਈ ਧੁੱਪੇ ਖਲਾਰਿਆ ਗਿਆ। ਖਾਲੀ ਹੋਏ ਕਸਬੇ ਦੀ ਫੌਜ ਨੇ ਤਲਾਸ਼ੀ ਲਈ ਅਤੇ ਇਸ ਤਲਾਸ਼ੀ ਵਿੱਚ ਜਨਾਨਾਂ ਘਰਾਂ ਨੂੰ ਵੀ ਮੁਆਫ ਨਹੀਂ ਕੀਤਾ। ਜਿਹੜੇ ਇਸ ਸਮੇਂ ਘਰਾਂ ਤੋਂ ਬਾਹਰ ਸਨ ਕੈਪਟਨ ਡੋਵਟਨ ਨੇ ਉਹਨਾਂ ਦੀ ਜਾਇਦਾਦ ਨੂੰ ਲੁੱਟਣ ਅਤੇ ਅੱਗ ਲਾਉਣ ਦੇ ਹੁਕਮ ਦਿੱਤੇ।

18 ਅਪ੍ਰੈਲ ਨੂੰ ਇੱਕ ਫੌਜੀ ਦਸਤਾ ਨਰਵਾੜ ਅਤੇ ਜਲੋ ਪਿੰਡਾਂ ਵਿੱਚ ਇਸ ਕਰਕੇ ਆਇਆ ਕਿ ਹਕੂਮਤ ਸਮਝਦੀ ਸੀ ਵਾਘਗਾ ਸ਼ਟੇਸ਼ਨ ਨੂੰ ਅੱਗ ਲਾਉਣ ਵਾਲੇ ਨਾਰਵਾੜ ਪਿੰਡ ਤੋਂ ਸਨ। ਪਰ ਪਿੰਡ ਤੇ ਮੁਖੀ ਅਤੇ ਹੋਰਾਂ ਲੋਕਾਂ ਨੇ ਜਦੋਂ ਦੋਸ਼ੀਆਂ ਦਾ ਕੋਈ

ਥਹੁ ਪਤਾ ਨਾ ਦਿੱਤਾ ਤਾਂ ਫੌਜੀ ਅਫਸਰ ਨੇ ਤਿੰਨਾਂ ਮੁਖੀਆਂ ਅਤੇ ਸੱਤ ਹੋਰ ਵਸਨੀਕਾਂ ਨੂੰ ਕੁੱਟਣ ਦਾ ਹੁਕਮ ਦਿੱਤਾ। ਪਿੰਡ ਦੇ ਜੈਲਦਾਰ, ਦੋ ਮੁਖੀਆਂ ਅਤੇ ਪੰਜ ਹੋਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

**ਔਰਤਾਂ ਉਤੇ ਅੱਤਿਆਚਾਰ ਅਤੇ ਅਪਮਾਨ** : ਭਾਰਤੀ ਔਰਤਾਂ ਪ੍ਰਤੀ ਬਰਤਾਨੀਆ ਦਾ ਅਪਮਾਨਜਨਕ ਰਵੱਈਆ ਅਤੇ ਗੰਦਾ ਸਲੂਕ ਸਭਿਅਤਾ ਅਤੇ ਸਭਿਆਚਾਰ ਦੀਆਂ ਹੱਦਾਂ ਤੋਂ ਪਰ੍ਹੇ ਹੈ। ਮੰਗਲ ਜੱਟਾਂ ਦੀ ਬਜ਼ੁਰਗ ਵਿਧਵਾ ਗੁਰਾਂ ਦੇਵੀ ਨੇ ਹੇਠ ਲਿਖਿਆ ਬਿਆਨ ਦਿੱਤਾ ਅਤੇ ਅਨੇਕਾਂ ਹੋਰਨਾਂ ਔਰਤਾਂ ਨੇ ਇਸਦੀ ਤਸਦੀਕ ਕੀਤੀ : "ਇੱਕ ਦਿਨ ਬੋਸਵਰਥ ਸਮਿਥ, ਅੰਗਰੇਜ਼ ਅਧਿਕਾਰੀ, ਨੇ ਆਪਣੇ ਬੰਗਲੇ ਵਿੱਚ ਪਿੰਡ ਦੇ ਅੱਠ ਸਾਲ ਦੀ ਉਮਰ ਤੋਂ ਉਪਰਲੇ ਸਭਨਾਂ ਮਰਦਾਂ ਨੂੰ ਚੱਲ ਰਹੀ ਪੜਤਾਲ ਦੇ ਸਬੰਧ ਵਿੱਚ ਇਕੱਠਾ ਕੀਤਾ। ਇਹ ਬੰਗਲਾ ਸਾਡੇ ਪਿੰਡ ਤੋਂ ਕੁਝ ਮੀਲ ਦੂਰ ਹੈ। ਜਿਸ ਸਮੇਂ ਮਰਦ ਬੰਗਲੇ 'ਚ ਸਨ, ਉਹ ਕਾਰ ਵਿੱਚ ਸਾਡੇ ਪਿੰਡ ਆਇਆ ਅਤੇ ਆਪਣੇ ਨਾਲ ਉਨ੍ਹਾਂ ਸਾਰੀਆਂ ਔਰਤਾਂ ਨੂੰ ਲੈ ਗਿਆ ਜਿਹੜੀਆਂ ਬੰਗਲੇ ਵਿਚਲੇ ਆਪਣੇ ਮਰਦਾਂ ਲਈ ਰੋਟੀ ਲਿਜਾਂਦੀਆਂ ਉਸ ਨੂੰ ਰਾਹ 'ਚ ਮਿਲੀਆਂ। ਪਿੰਡ ਪਹੁੰਚਕੇ ਉਸ ਨੇ ਗਲੀਆਂ ਵਿੱਚ ਗੇੜੇ ਲਵਾਏ ਅਤੇ ਸਭਨਾਂ ਔਰਤਾਂ ਨੂੰ ਆਪਣੇ ਘਰਾਂ ਤੋਂ ਬਾਹਰ ਆਉਣ ਦੇ ਹੁਕਮ ਦਿੱਤੇ। ਖੁਦ ਉਨ੍ਹਾਂ ਨੂੰ ਸੋਟੀਆਂ ਨਾਲ ਬਾਹਰ ਨਿਕਲਣ ਲਈ ਮਜ਼ਬੂਰ ਕੀਤਾ। ਉਸਨੇ ਸਭ ਨੂੰ ਆਪਣੀ ਸੋਟੀ ਨਾਲ ਮਾਰਿਆ, ਉਨ੍ਹਾਂ ਉਤੇ ਥੁੱਕਿਆ ਅਤੇ ਭੈੜੀ, ਅਸੱਭਿਅਕ ਅਤੇ ਨਾ ਬਿਆਨ ਕੀਤੀ ਜਾ ਸਕਣ ਵਾਲੀ ਭਾਸ਼ਾ ਦੀ ਵਰਤੋਂ ਕੀਤੀ। ਉਸਨੇ ਮੈਨੂੰ ਦੋ ਵਾਰ ਕੁੱਟਿਆ ਅਤੇ ਮੇਰੇ ਮੂੰਹ 'ਤੇ ਥੁੱਕਿਆ। ਉਸ ਨੇ ਸਭਨਾਂ ਔਰਤਾਂ ਦੇ ਚਿਹਰੇ ਨੰਗੇ ਕੀਤੇ, ਆਪਣੀ ਸੋਟੀ ਨਾਲ ਉਨ੍ਹਾਂ ਦੇ ਘੁੰਡ ਨੂੰ ਪਰ੍ਹੇ ਮਾਰਿਆ। ਉਸਨੇ ਉਨ੍ਹਾਂ ਨੂੰ ਗਧੀਆਂ, ਡੈਣਾਂ, ਮੱਖੀਆਂ ਅਤੇ ਸੂਰੀਆਂ ਆਖਿਆ ਅਤੇ ਕਿਹਾ ਤੁਸੀਂ ਆਪਣੇ ਪਤੀਆਂ ਨਾਲ ਇੱਕੋ ਬਿਸਤਰੇ ਵਿੱਚ ਸੀ, ਤੁਸੀਂ ਉਨ੍ਹਾਂ ਨੂੰ ਸ਼ਰਾਰਤ ਕਰਨ ਲਈ ਬਾਹਰ ਜਾਣ ਤੋਂ ਕਿਉਂ ਨਹੀਂ ਰੋਕਿਆ? ਹੁਣ ਤੁਹਾਡੇ ਘੱਗਰਿਆਂ ਵਿੱਚ ਪੁਲਸ ਦੇ ਸਿਪਾਹੀ ਝਾਤ ਮਾਰਨਗੇ। ਉਸ ਨੇ ਮੈਨੂੰ ਠੁੱਡਾਂ ਵੀ ਮਾਰਿਆ ਅਤੇ ਬੈਠਕੇ ਲੱਤਾਂ ਹੇਠੋਂ ਦੀ ਬਾਹਾਂ ਕੱਢਕੇ ਕੰਨ ਫੜਨ ਦੇ ਤਸੀਹੇ ਝੱਲਣ ਦੇ ਹੁਕਮ ਸਭਨਾਂ ਲਈ ਦਿੱਤੇ।

ਹੋਰ ਜਿਹੜੇ ਤਸੀਹੇ ਔਰਤਾਂ ਉਤੇ ਬਰਤਾਨਵੀ ਸਰਕਾਰ ਦੇ ਦਲਾਲਾਂ ਨੇ ਦਿੱਤੇ ਉਸ ਦੀ ਪ੍ਰੌੜ੍ਹਤਾ ਮਿਸ ਬਲੋਚਨ, ਜੋ ਕਿ ਅੰਮ੍ਰਿਤਸਰ ਦੀ ਸਦਰੰਗ ਨਤ ਪੈਰਣੀ ਦੀ ਧੀ ਸੀ, ਨੇ ਇਕ ਬਿਆਨ ਵਿੱਚ ਇਸ ਤਰ੍ਹਾਂ ਕੀਤੀ ਕਿ "ਬਿਨਾਂ ਕਿਸੇ ਵਾਰੰਟ ਦੇ ਮੇਰੀ ਗ੍ਰਿਫਤਾਰੀ ਪਿੱਛੋਂ, ਮੈਨੂੰ ਕੋਤਵਾਲੀ ਭੇਜਿਆ ਗਿਆ ਜਿੱਥੇ ਮੈਨੂੰ ਉਹ ਮਾਲ ਮੋੜਨ ਲਈ ਕਿਹਾ ਗਿਆ ਜਿਹੜਾ ਗੜਬੜ ਦੇ ਸਮੇਂ ਅਖੌਤੀ ਤੌਰ 'ਤੇ ਬੈਂਕ ਤੋਂ ਲੁੱਟਿਆ ਗਿਆ ਹੈ। ਮੈਂ ਕਿਹਾ ਕਿ ਮੈਨੂੰ ਇਹਦੀ ਕੋਈ ਜਾਣਕਾਰੀ ਨਹੀਂ ਹੈ। ਫੇਰ ਮੈਨੂੰ ਆਪਣਾ ਘੱਗਰਾ ਲਾਹੁਣ ਦੇ ਹੁਕਮ ਦਿੱਤੇ ਗਏ। ਮੈਂ ਵਿਰੋਧ ਕੀਤਾ। ਅੰਗਰੇਜ਼ ਪੁਲਸ ਅਫਸਰ ਨੇ ਮੈਨੂੰ ਅਤੇ ਮੇਰੀ ਭੈਣ ਇਕਬਾਲਾਂ, ਜਿਸ ਨਾਲ ਵੀ ਬਦਤਮੀਜ਼ੀ ਕੀਤੀ ਗਈ, ਨੂੰ ਧਮਕਾਇਆ।" ਇਸ ਬਿਆਨ ਦੀ ਤਾਈਦ ਰਾਨੀ, ਪੰਨਾ ਤੇ ਰਾਖੀ ਨੇ ਵੀ ਕੀਤੀ।

"ਮੈਨੂੰ ਅਤੇ ਕਈ ਹੋਰ ਔਰਤਾਂ ਨੂੰ ਕੋਤਵਾਲੀ ਰੋਜ਼ਾਨਾ ਸਵੇਰੇ 6 ਵਜੇ ਲਿਆਂਦਾ ਜਾਂਦਾ ਸੀ ਅਤੇ ਰਾਤ ਦਸ ਵਜੇ ਛੱਡਿਆ ਜਾਂਦਾ ਸੀ। ਇਸ ਸਮੇਂ ਦੌਰਾਨ, ਉਹ ਸਾਨੂੰ ਘੱਗਰੇ ਲਾਹੁਣ ਲਈ ਮਜ਼ਬੂਰ ਕਰਦੇ ਸਨ, ਸਾਨੂੰ ਗਾਲਾਂ ਕੱਢਦੇ ਸਨ, ਸਾਡੇ ਨੰਗੇ ਸਰੀਰਾਂ 'ਤੇ ਕੋਰੜੇ ਮਾਰਦੇ ਸਨ ਅਤੇ ਸਾਡੇ ਗੁਪਤ ਅੰਗਾਂ ਵਿੱਚ ਸੋਟੀਆਂ ਧੱਕਦੇ ਸਨ।" ਉਸਨੇ ਦੱਸਿਆ ਕਿ ਉਹ ਬੇਹੋਸ਼ ਹੋ ਗਈ ਅਤੇ ਉਸ ਨੂੰ ਕੁਝ ਨਹੀਂ ਪਤਾ ਕਿ ਮਗਰੋਂ ਕੀ ਹੋਇਆ। ਇਹ ਜਬਰ ਪੰਜ ਦਿਨ ਜਾਰੀ ਰਿਹਾ। ਉਨ੍ਹਾਂ ਨੂੰ ਭਾਰੀ ਜੁਰਮਾਨਾ ਅਦਾ ਕਰਨ ਮਗਰੋਂ ਰਿਹਾ ਕੀਤਾ ਗਿਆ।"

**ਮੁਕੱਦਮੇ ਕਿੱਥੇ ਚੱਲੇ** : ਮੁਕੱਦਮੇ ਮਾਰਸ਼ਲ ਲਾਅ ਕਮਿਸ਼ਨਾਂ ਅਤੇ ਤੱਟ-ਫੱਟ ਫੈਸਲੇ ਦੇਣ ਵਾਲੀਆਂ ਅਦਾਲਤਾਂ ਵੱਲੋਂ ਚਲਾਏ ਗਏ। ਮਾਰਸ਼ਲ ਲਾਅ ਕਮਿਸ਼ਨ ਤਿੰਨ ਮੈਂਬਰਾਂ 'ਤੇ ਅਧਾਰਤ ਸਨ ਜਿਹੜੇ ਤੱਟ-ਫੱਟ ਅਧਿਕਾਰ ਖੇਤਰ ਦੇ ਪਰਦੇ ਹੇਠ ਚੱਲਦੇ ਸਨ ਅਤੇ ਜਿਨ੍ਹਾਂ ਕੋਲ ਸਜ਼ਾਏ ਮੌਤ ਦੇਣ ਦੀ ਤਾਕਤ ਸੀ। ਤੁਰੰਤ ਪੈਰੀਂ ਅਦਾਲਤਾਂ ਇੱਕ ਮੈਂਬਰ ਉਤੇ ਅਧਾਰਤ ਹੁੰਦੀਆਂ ਸਨ ਅਤੇ ਉਹ ਹੇਠਲੇ ਅਧਿਕਾਰ ਖੇਤਰ ਦੀਆਂ ਅਦਾਲਤਾਂ ਬਣੀਆਂ ਜਿਨ੍ਹਾਂ ਕੋਲ ਦੋ ਸਾਲ ਤੱਕ ਦੀ ਕੈਦ ਦੀ ਸਜ਼ਾ ਦੇਣ ਅਤੇ 1000 ਰੁਪਏ ਤੱਕ ਦਾ ਜੁਰਮਾਨਾ ਕਰਨ ਦੀਆਂ ਤਾਕਤਾਂ ਸਨ। ਉਨ੍ਹਾਂ 'ਤੇ ਕੋਈ ਗਵਾਹੀ ਲੈਣ ਦਾ ਬੰਧੇਜ ਨਹੀਂ ਸੀ ਅਤੇ ਉਨ੍ਹਾਂ ਦੇ ਫੈਸਲੇ ਅੰਤਮ ਸਨ ਤੇ ਉਨ੍ਹਾਂ ਦੇ ਵਿਰੁੱਧ ਕਿਸੇ ਵੀ ਉਪਰਲੀ ਅਦਾਲਤ ਵਿੱਚ ਅਪੀਲ ਨਹੀਂ ਸੀ ਹੋ ਸਕਦੀ।

ਇਸ ਸਬੰਧ ਵਿੱਚ ਇਸ ਤੱਥ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਕਿਵੇਂ ਬਰਤਾਨਵੀ ਅਧਿਕਾਰੀਆਂ ਵੱਲੋਂ ਗਵਾਹੀਆਂ ਘੜੀਆਂ ਜਾਂਦੀਆਂ ਸਨ।

**ਲੋਕ ਪੱਖੀ ਰਵਾਇਤਾਂ ਦੇ ਪਹਿਰੇਦਾਰ ਇੱਕ ਅੰਗਰੇਜ਼ ਔਰਤ ਦੀ ਗਵਾਹੀ** : ਸ੍ਰੀਮਤੀ ਨੈਲੇ ਬੈਂਜਾਮਿਨ, ਉਪ-ਸਹਾਇਕ ਸਰਜਨ ਅਤੇ ਸ੍ਰੀਮਤੀ ਈਸਡਨ ਦੀ ਸਹੇਲੀ, ਜਿਸਨੂੰ ਉਸਨੇ ਕੁੱਟਮਾਰ ਤੋਂ ਬਚਾਇਆ, ਆਖਦੀ ਹੈ : "ਜਦੋਂ ਪੜਤਾਲ ਚੱਲ ਰਹੀ ਸੀ ਤਾਂ ਮੈਨੂੰ ਦੋ ਵਾਰੀ ਕੋਤਵਾਲੀ ਲਿਜਾਇਆ ਗਿਆ। ਮੈਨੂੰ ਇਹ ਬਿਆਨ ਦੇਣ ਲਈ ਕਿਹਾ ਗਿਆ ਕਿ ਮੈਂ ਭੀੜ ਵਿੱਚ ਮੁਹੰਮਦ ਅਮੀਨ ਨੂੰ ਵੇਖਿਆ ਹੈ। ਜਦੋਂ ਮੈਂ ਇਹ ਕਿਹਾ ਕਿ ਇਹ ਸੱਚਾਈ ਨਹੀਂ ਹੈ ਤਾਂ, ਪੁਲਸ ਸੁਪਰਡੈਂਟ ਪਲੋਮਰ ਨੇ ਇਹ ਧਮਕੀ ਦਿੱਤੀ ਕਿ ਮੈਨੂੰ ਜੇਲ ਭੇਜ ਦਿੱਤਾ ਜਾਵੇਗਾ। ਮੈਂ ਉਨ੍ਹਾਂ ਨੂੰ ਉਹ ਸਭ ਕੁਝ ਦੱਸ ਦਿੱਤਾ ਜਿਸਦੀ ਮੈਨੂੰ ਜਾਣਕਾਰੀ ਸੀ। ਪਰ ਝੂਠਾ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਮੈਨੂੰ ਇਕ ਲਾਲਚ ਵੀ ਦਿੱਤਾ ਕਿ ਜੇਕਰ ਮੈਂ ਮੁਹੰਮਦ ਅਮੀਨ ਦੀ ਮੌਜੂਦਗੀ ਬਾਰੇ ਸ੍ਰੀਮਤੀ ਈਸਡਨ ਦੇ ਬਿਆਨ ਦੇ ਹੱਕ ਵਿੱਚ ਗਵਾਹੀ ਦੇਵਾਂਗੀ ਤਾਂ ਮੈਨੂੰ ਸਰਕਾਰ ਵੱਲੋਂ ਇਨਾਮ ਵੀ ਦਿੱਤਾ ਜਾਵੇਗਾ। ਮੈਂ ਮੁੜ ਅਜਿਹਾ ਕਰਨ ਤੋਂ ਵੀ ਜਵਾਬ ਦੇ ਦਿੱਤਾ।"

**ਐਸ ਪੀ ਖਾਨ ਨੇ ਜਲ੍ਹਿਆਂਵਾਲਾ ਬਾਗ 'ਚ ਗੋਲੀ ਚਲਾਉਣ ਤੋਂ ਕੀਤਾ ਇਨਕਾਰ** : ਲੁਧਿਆਣਾ ਵਸਨੀਕ ਖਾਨ ਅਹਿਮਦ ਜਾਨ ਲੰਡਨ ਤੋਂ ਆਪਣੀ ਪੜ੍ਹਾਈ ਪੂਰੀ ਕਰਕੇ ਭਾਰਤ ਪੁੱਜਿਆ ਉਸ ਨੂੰ ਅੰਮ੍ਰਿਤਸਰ ਦਾ ਐਸ ਪੀ ਲਾ ਦਿੱਤਾ ਗਿਆ। 12 ਅਪ੍ਰੈਲ ਦੀ ਰਾਤ ਨੂੰ ਉਸਨੂੰ ਅੰਮ੍ਰਿਤਸਰ ਦੇ ਡੀਸੀ ਹਾਊਸ ਵਿੱਚ ਜਰਨਲ ਡਾਇਰ ਨੇ ਬੁਲਾਕੇ ਕਿਹਾ ਕਿ ਕੱਲ ਨੂੰ ਸਵੇਰੇ ਜਲ੍ਹਿਆਂਵਾਲੇ ਬਾਗ ਵਿੱਚ ਪ੍ਰਦਰਸ਼ਨ ਕਰਨ ਜਾ ਰਹੇ ਨਿਹੱਥੇ ਆਜ਼ਾਦੀ ਘੁਲਾਟੀਆਂ 'ਤੇ ਗੋਲੀ ਚਲਾਉਣ ਲਈ ਕਿਹਾ। ਐਸ ਪੀ ਖਾਨ ਵੱਲੋਂ ਇਨਕਾਰ ਕੀਤੇ ਜਾਣ 'ਤੇ ਡਾਇਰ ਨੇ ਉਸ ਨੂੰ ਸਿਪਾਹੀ ਬਣਾਉਣ ਦੀ ਧਮਕੀ ਦਿੱਤੀ ਤਾਂ ਐਸ ਪੀ ਖਾਨ ਨੇ ਆਪਣੀ ਪੇਟੀ ਉਤਾਰ ਕੇ ਉਸ ਦੇ ਹਵਾਲੇ ਕਰ ਦਿੱਤੀ। ਫਿਰ ਉਸ ਤੋਂ ਬਾਅਦ ਉਸਨੂੰ ਐਸ ਪੀ ਦੇ ਆਹੁਦੇ ਤੋ ਹਟਾ ਦਿੱਤਾ ਗਿਆ। ਐਸ ਪੀ ਖਾਨ ਅਹਿਮਦ ਜਾਨ ਨੇ ਅੰਗਰੇਜ਼ ਸਰਕਾਰ ਤੋਂ ਪੈਨਸ਼ਨ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

**ਜਮਹੂਰੀ ਅਧਿਕਾਰ ਸਭਾ ਦੀ ਜਲਿਆਂਵਾਲੇ ਬਾਗ ਸੰਬੰਧੀ ਪ੍ਰਕਾਸ਼ਨ 'ਤੇ ਅਧਾਰਤ**





ਅਜਾਇਬ ਸਿੰਘ ਟਿਵਾਣਾ
+91 98157 93350

# ਮਾਰਕਸ ਦੀ ਪੂੰਜੀ ਦੇ ਕੁੱਝ ਮਹੱਤਵਪੂਰਨ ਪੱਖ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਨ੍ਹਾਂ ਵੱਲੋਂ ਸਮਾਜ ਵਿੱਚ ਕੀਤੀ ਗਈ ਹਰਕਤ ਉਨ੍ਹਾਂ ਲਈ ਵਸਤੂਆਂ ਦੁਆਰਾ ਕੀਤੀ ਗਈ ਹਰਕਤ ਦਾ ਰੂਪ ਹੈ, ਜਿਹੜਾ ਉਨ੍ਹਾਂ ਦੇ ਕੰਟਰੋਲ ਹੇਠ ਨਹੀਂ ਬਲਕਿ ਅਸਲ 'ਚ ਉਨ੍ਹਾਂ ਨੂੰ ਕੰਟਰੋਲ ਕਰਦੀ ਹੈ। ਜਿਨਸਾਂ ਦਾ ਮੁੱਲ ਵਿਸ਼ਾਲ ਅੰਤਰਕਿਰਿਆ ਦਾ ਪ੍ਰਗਟਾਵਾ ਹੁੰਦਾ ਹੈ ਜਿਸ ਨੂੰ ਵਿਅਕਤੀਆਂ ਦੁਆਰਾ ਕੰਟਰੋਲ ਨਹੀਂ ਕੀਤਾ ਜਾ ਸਕਦਾ। ਮੁੱਲ ਬਾਹਰਮੁੱਖਤਾ ਮਨੁੱਖੀ ਪ੍ਰਾਣੀਆਂ ਦੇ ਬਹੁਤ ਹੀ ਖ਼ਾਸ ਵਿਵਹਾਰ ਦਾ ਨਤੀਜਾ ਹੁੰਦਾ ਹੈ ਜਾਣੀ ਕਿ ਉਸ ਵੱਲੋਂ ਨਿੱਜੀ ਤੌਰ 'ਤੇ ਚੀਜ਼ਾਂ ਪੈਦਾ ਕਰਨ ਅਤੇ ਉਨ੍ਹਾਂ ਦਾ ਵਟਾਂਦਰਾ ਕਰਨ ਦਾ। ਇਹ ਅੰਤਰ ਸੰਬੰਧ ਆਪ ਮੁਹਾਰੀ ਰੋਜ਼ਮਰ੍ਹਾ ਦੀ ਚੇਤਨਤਾ ਜਾਂ ਰਾਜਨੀਤਿਕ ਅਰਥਸ਼ਾਸਤਰੀਆਂ ਨੂੰ ਸਪੱਸ਼ਟ ਰੂਪ 'ਚ ਦਿਖਾਈ ਨਹੀਂ ਦਿੰਦਾ।ਦੋਵੇਂ ਹੀ ਜਿਨਸ ਰੂਪ 'ਚ "ਸਮਾਜਿਕ ਕੁਦਰਤੀ ਗੁਣ" ਦੇਖਦੇ ਹਨ ਅਤੇ ਦੋਵੇਂ ਜੜ੍ਹਪੂਜਾ ਦੀ ਕੈਦ ਤੋਂ ਛੁਟਕਾਰਾ ਨਹੀਂ ਪਾ ਸਕਦੇ। ਮਾਰਕਸ ਇਸ ਜੜ੍ਹਪੂਜਾ ਦੀ ਪਛਾਣ ਕਰਾਉਣ ਰਾਹੀਂ ਇਹ ਸਪੱਸ਼ਟ ਕਰਦਾ ਹੈ ਕਿ ਸਮਾਜਿਕ ਰਿਸ਼ਤੇ ਜਿਸ ਢੰਗ ਨਾਲ ਕਾਇਮ ਹਨ ਉਹ ਨਹੀਂ ਰਹਿਣੇ ਚਾਹੀਦੇ,ਬਦਲਣੇ ਚਾਹੀਦੇ ਹਨ। ਮਨੁੱਖਾਂ ਉੱਪਰ ਮੁੱਲ ਦਾ ਰਾਜ (Rule of value) ਸਮਾਜ ਦਾ ਕੁਦਰਤੀ ਨਿਯਮ ਨਹੀਂ ਬਲਕਿ ਮਨੁੱਖਾਂ ਦੇ ਬਹੁਤ ਹੀ ਖ਼ਾਸ ਵਿਵਹਾਰ ਦਾ ਨਤੀਜਾ ਹੈ ਅਤੇ ਇਹ ਵਿਵਹਾਰ ਬਦਲਣਾ ਚਾਹੀਦਾ ਹੈ।

ਜੋ ਗੱਲ ਜਿਨਸਾਂ ਤੇ ਲਾਗੂ ਹੁੰਦੀ ਹੈ ਉਹ ਧਨ ਤੇ ਵੀ ਲਾਗੂ ਹੁੰਦੀ ਹੈ। ਇਹ ਧਨ ਦੇ ਵੀ ਅੰਤਰਨਿਹਿਤ ਹੈ। ਮੁੱਲ ਦੇ ਅਜ਼ਾਦ ਪ੍ਰਗਟਾਵੇ ਦੇ ਤੌਰ 'ਤੇ ਮੁੱਲ ਦਾ ਖ਼ਾਸ ਰੂਪ ਹੁੰਦਾ ਹੈ। ਇਸਦੀ ਹੋਂਦ ਆਮ ਸਮ-ਮੁੱਲ ਦੇ ਰੂਪ ਵਿੱਚ ਹੁੰਦੀ ਹੈ ਜਦੋਂਕਿ ਦੂਜੀਆਂ ਸਾਰੀਆਂ ਜਿਨਸਾਂ ਦੀ ਅਜਿਹੀ ਹੋਂਦ ਨਹੀਂ ਹੁੰਦੀ। ਧਨ ਦੇ ਖ਼ਾਸ ਗੁਣ ਸਿਰਫ਼ ਜਿਨਸ ਮਾਲਕਾਂ ਦੇ ਖ਼ਾਸ ਵਿਵਹਾਰ ਦਾ ਨਤੀਜਾ ਹੁੰਦੇ ਹਨ ਪਰੰਤੂ ਅਜਿਹਾ ਦਿਖਾਈ ਨਹੀਂ ਦਿੰਦਾ। ਇਸ ਕਰਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿ ਧਨ ਆਪਣੇ ਆਪ 'ਚ ਇਹ ਗੁਣ ਰੱਖਦਾ ਹੋਵੇ। ਧਨ ਦੇ ਮਾਮਲੇ 'ਚ, ਭਾਵੇਂ ਇਹ ਧਨ ਜਿਨਸ ਹੋਵੇ ਜਾਂ ਕਾਗਜ਼ ਦਾ ਟੁਕੜਾ, ਇੱਕ ਸਮਾਜਿਕ ਸੰਬੰਧ ਹੁੰਦਾ ਹੈ ਜੋ ਕਿਸੇ ਚੀਜ਼ ਦੇ ਬਾਹਰ ਮੁਖੀ ਗੁਣ ਦੇ ਤੌਰ 'ਤੇ ਦਿਖਾਈ ਦਿੰਦਾ ਹੈ ਅਤੇ ਸਮਾਜਿਕ ਪਾਤਰਾਂ ਨੂੰ ਕਾਰਜ ਕਰਨ ਲਈ ਇਸ ਰਿਸ਼ਤੇ ਬਾਰੇ ਸੁਚੇਤ ਹੋਣ ਦੀ ਲੋੜ ਨਹੀਂ ਹੁੰਦੀ। ਕੋਈ ਵੀ ਧਨ ਦੀ ਵਰਤੋਂ ਕਰ ਸਕਦਾ ਹੈ ਬਿਨਾਂ ਇਹ ਸਮਝਿਆਂ ਕਿ ਧਨ ਕੀ ਹੈ। ਧਨ ਸਿੱਧੇ ਤੌਰ 'ਤੇ ਮੁੱਲ ਵਸਤੂ ਹੈ। ਸ਼ੇਰ ,ਚੀਤੇ, ਖਰਗੋਸ਼ ਆਦਿ ਠੋਸ ਪ੍ਰਾਣੀਆਂ ਤੋਂ ਇਲਾਵਾ ਆਪਣੇ ਆਪ 'ਚ ਕਿਸੇ 'ਪ੍ਰਾਣੀ' (ਅਮੂਰਤ ਪ੍ਰਾਣੀ) ਦੀ ਹੋਂਦ ਸੰਭਵ ਨਹੀਂ। ਅਜਿਹਾ ਸੋਚਣਾ ਤਰਕਸੰਗਤ ਬੇਤੁਕਾਪਣ ਹੋਵੇਗਾ। ਪਰੰਤੂ ਧਨ ਅਜਿਹੇ ਬੇਤੁਕੇਪਣ ਦੀ ਵਾਸਤਵਿਕ ਹੋਂਦ ਹੈ। ਪੂੰਜੀਵਾਦੀ ਸਮਾਜ ਵਿੱਚ ਲੋਕਾਂ ਦੀ (ਸਮੇਤ ਮਜ਼ਦੂਰਾਂ ਦੀ) ਆਪਮੁਹਾਰੀ ਚੇਤਨਤਾ ਜਿਨਸ ਅਤੇ ਧਨ ਦੀ ਜੜ੍ਹਪੂਜਾ ਅੱਗੇ ਹਥਿਆਰ ਸੁੱਟ ਜਾਂਦੀ ਹੈ।

ਮਾਰਕਸ M-C-M' (ਧਨ-ਜਿਨਸ-ਧਨ') ਨੂੰ ਪੂੰਜੀ ਦਾ ਆਮ ਸੂਤਰ ਕਹਿੰਦਾ ਹੈ ਜਿੱਥੇ ਦੂਸਰਾ M' ਪਹਿਲੇ M ਨਾਲੋਂ ਵੱਧ ਹੁੰਦਾ ਹੈ। ਪੂੰਜੀਪਤੀ ਧਨ ਦੇ ਨਿਵੇਸ਼ ਨਾਲ ਸ਼ੁਰੂਆਤ ਕਰਦਾ ਹੈ, ਜਿਨਸ ਦਾ ਉਤਪਾਦਨ ਕਰਦਾ ਹੈ ਮੰਡੀ 'ਚ ਵੇਚਕੇ ਮੁੜ ਧਨ ਪ੍ਰਾਪਤ ਕਰਦਾ ਹੈ ਉਹੀ ਨਹੀਂ ਬਲਕਿ ਪਹਿਲਾਂ ਨਾਲੋਂ ਵਧਿਆ ਹੋਇਆ ਧਨ। ਇਸ ਵਿੱਚ ਧਨ ਆਪਣਾ ਅਜ਼ਾਦ ਰੂਪ ਕਾਇਮ ਹੀ ਨਹੀਂ ਰੱਖਦਾ ਬਲਕਿ ਆਪਣੇ ਆਪ ਨੂੰ ਵਧਾਉਂਦਾ ਵੀ ਹੈ ਅਤੇ ਇਹ ਪੈਦਾਵਰ ਦੀ ਸਮੁੱਚੀ ਪ੍ਰਕਿਰਿਆ ਦਾ ਉਦੇਸ਼ ਵੀ ਬਣ ਜਾਂਦਾ ਹੈ। ਪੂੰਜੀਵਾਦੀ ਜਿਨਸ ਉਤਪਾਦਨ ਲੋੜਾਂ ਦੀ ਸੰਤੁਸ਼ਟੀ ਵੱਲ ਨਹੀਂ ਬਲਕਿ ਮੁੱਲ ਦੇ ਵਰਧਮਾਨ (valorization) ਵੱਲ ਸੇਧਿਤ ਹੁੰਦਾ ਹੈ। ਲੋੜਾਂ ਦੀ ਸੰਤੁਸ਼ਟੀ ਦੋਮ ਦਰਜੇ ਤੇ ਪਹਿਲੇ ਉਦੇਸ਼ ਦੀ ਪੂਰਤੀ ਦੇ ਨਾਲ ਨਾਲ ਚਲਦੀ ਹੈ। ਪੂੰਜੀਵਾਦੀ ਉਤਪਾਦਨ ਦਾ ਉਦੇਸ਼ ਵਾਧੂ ਮੁੱਲ ਹੈ ਨਾ ਕਿ ਲੋੜਾਂ ਦੀ ਸੰਤੁਸ਼ਟੀ। ਮੁੱਲ ਦੀ ਉਹ ਰਾਸ਼ੀ ਜੋ ਇਹ ਮਕਸਦ ਪੂਰਾ ਕਰਦੀ ਹੈ ਉਸ ਨੂੰ ਹੀ ਪੂੰਜੀ ਕਿਹਾ ਜਾਂਦਾ ਹੈ। ਮੁੱਲ ਦੀ ਰਾਸ਼ੀ ਭਾਵੇਂ ਧਨ ਦੇ ਰੂਪ 'ਚ ਹੋਵੇ ਜਾਂ ਜਿਨਸ ਦੇ ਰੂਪ 'ਚ ਆਪਣੇ ਆਪ 'ਚ ਪੂੰਜੀ ਨਹੀਂ ਹੁੰਦੀ। ਪੂੰਜੀ ਮਹਿਜ ਮੁੱਲ ਨਹੀਂ ਹੁੰਦਾ ਬਲਕਿ ਸਵੈ-ਵਰਧਮਾਨ (self-valorization) ਮੁੱਲ ਹੁੰਦਾ ਹੈ। ਇਸੇ ਲਈ ਵੱਡੀ ਰਾਸ਼ੀ ਮੁੱਲ ਦੇ ਮਾਲਕ ਨੂੰ ਉਦੋਂ ਤੱਕ ਪੂੰਜੀਪਤੀ ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਉਹ ਇਸ ਰਾਸ਼ੀ ਨੂੰ ਹੋਰ ਵੱਧ ਮੁੱਲ ਪ੍ਰਾਪਤ ਕਰਨ ਦੇ ਮਕਸਦ ਨਾਲ ਪੂੰਜੀਵਾਦੀ ਉਤਪਾਦਨ ਕਿਰਿਆ ਵਿੱਚ ਨਹੀਂ ਲਗਾ ਦਿੰਦਾ। ਉਹ ਤਾਂ ਹੀ ਪੂੰਜੀਪਤੀ ਬਣਦਾ ਹੈ ਜੇਕਰ ਉਸ ਦੀ ਕਾਰਗੁਜਾਰੀ ਪੂੰਜੀ ਦੇ ਤਰਕ (ਅਸੀਮਤ ਅਤੇ ਅਮੁੱਕ ਵਰਧਮਾਨ) ਨੂੰ ਅਪਣਾਉਂਦੀ ਹੈ। ਇਸ ਦੇ ਲਈ ਇਹ ਜਰੂਰੀ ਨਹੀਂ ਕਿ ਉਹ ਪੂੰਜੀ ਦਾ ਖੁਦ ਮਾਲਕ ਹੋਵੇ। ਮਾਰਕਸ ਦੇ ਸ਼ਬਦਾਂ 'ਚ ਪੂੰਜੀਪਤੀ ਆਰਥਿਕ ਰਿਸ਼ਤਿਆਂ ਨੂੰ ਰੂਪਮਾਨ ਕਰਦੇ ਹਨ। ਇਸੇ ਲਈ ਉਹ ਮਨੁੱਖਾਂ ਦੇ ਵਿਵਹਾਰ ਤੋਂ ਪਹਿਲਾਂ ਆਰਥਿਕ ਰੂਪ-ਨਿਰਧਾਰਕਾਂ ਦਾ ਵਿਸ਼ਲੇਸ਼ਣ ਕਰਨ ਦੀ ਗੱਲ ਕਰਦਾ ਹੈ। ਵਿਅਕਤੀਗਤ ਰੂਪ 'ਚ ਪੂੰਜੀਪਤੀ ਲਗਾਤਾਰ ਆਪਣੇ ਮੁਨਾਫੇ 'ਚ ਵਾਧਾ ਕਰਨ ਦਾ ਯਤਨ ਇਸ ਲਈ ਨਹੀਂ ਕਰਦਾ ਕਿ ਉਹ ਲਾਲਚੀ ਹੈ ਸਗੋਂ ਉਸ ਦਾ ਅਜਿਹਾ ਵਿਵਹਾਰ ਪੂੰਜੀਪਤੀਆਂ ਦਰਮਿਆਨ ਚੱਲ ਰਹੀ ਮੁਕਾਬਲੇ ਦੀ ਜਦੋਜਹਿਦ ਦੀ ਮਜਬੂਰੀ ਦੀ ਉਪਜ ਹੁੰਦਾ ਹੈ। ਇਸੇ ਦੇ ਤਹਿਤ ਉਹ ਪ੍ਰਮੁੱਖ ਤੌਰ 'ਤੇ ਮਸ਼ੀਨਰੀ ਦਾ ਅਧੁਨੀਕਰਨ ਕਰਦਾ ਹੈ ਅਤੇ ਜਦੋਂ ਪੁਰਾਣੀਆਂ ਉਪਜਾਂ ਦੀ ਮੰਗ ਨਹੀਂ ਰਹਿੰਦੀ ਤਾਂ ਨਵੀਆਂ ਪੈਦਾ ਕਰਦਾ ਹੈ। ਜੇਕਰ ਉਹ ਅਜਿਹਾ ਨਾ ਕਰੇ ਤਾਂ ਦਿਵਾਲੀਆ ਹੋ ਜਾਵੇ।

ਮੁੱਲ ਵਰਧਨ ਦੀ ਪ੍ਰਕਿਰਿਆ 'ਚ ਇੱਕ ਪ੍ਰਮੁੱਖ ਕਰਤੇ (dominant subject) ਦੇ ਰੂਪ 'ਚ ਮੁੱਲ ਨੂੰ ਇੱਕ ਅਜ਼ਾਦ ਰੂਪ ਦੀ ਜਰੂਰਤ ਹੰਦੀ ਹੈ ਅਤੇ ਉਹ ਇਹ ਰੂਪ ਧਨ 'ਚ ਪ੍ਰਾਪਤ ਕਰਦਾ ਹੈ। ਇਸ ਲਈ ਧਨ ਮੁੱਲ ਵਰਧਨ ਪ੍ਰਕਿਰਿਆ ਦਾ ਸ਼ੁਰੂਆਤੀ ਅਤੇ ਆਖਰੀ ਨੁਕਤਾ ਹੁੰਦਾ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਆਪਣੇ ਆਪ 'ਚ ਵਾਧਾ ਕਰਨ ਦੇ ਯੋਗ ਹੋਵੇ (ਪੈਸਾ ਪੈਸੇ ਨੂੰ ਖਟਦਾ ਹੈ) ਜੋ ਇੱਕ ਭਰਮ ਹੈ। ਇਸ ਲਈ ਇਹ ਸਮਝਣਾ ਮਹੱਤਵਪੂਰਨ ਕਿ ਮੁੱਲ ਵਰਧਨ ਕਿਵੇਂ ਹੁੰਦਾ ਹੈ ਜਾਂ ਵਾਧੂ ਮੁੱਲ ਕਿੱਥੋਂ ਆਉਂਦਾ ਹੈ? ਗੇੜ ਦੇ ਖੇਤਰ 'ਚ ਮੁੱਲ ਵਰਧਨ ਤਾਂ ਹੀ ਸੰਭਵ ਹੈ ਜੇਕਰ ਕਿਸੇ ਵਸਤੂ ਨੂੰ ਇਸ ਦੇ ਮੁੱਲ ਤੋਂ ਘੱਟ ਦੀ ਖਰੀਦਿਆ ਜਾਵੇ ਜਾਂ ਮੁੱਲ ਤੋਂ ਵੱਧ ਦੀ ਵੇਚਿਆ ਜਾਵੇ। ਪਰੰਤੂ ਅਜਿਹਾ ਕਰਨ ਨਾਲ ਇੱਕ ਪੂੰਜੀਪਤੀ ਦਾ ਲਾਭ ਉੱਨੀ ਹੀ ਮਾਤਰਾ 'ਚ ਦੂਸਰੇ ਪੂੰਜੀਪਤੀ ਦਾ ਘਾਟਾ ਹੋਵੇਗਾ। ਸਮੁੱਚੇ ਸਮਾਜ ਦੇ ਪੱਧਰ 'ਤੇ ਮੁੱਲ ਦੀ ਰਾਸ਼ੀ 'ਚ ਕੋਈ ਤਬਦੀਲੀ ਨਹੀਂ ਹੋਵੇਗੀ ਬਲਕਿ ਵੱਖ ਵੱਖ ਪੂੰਜੀਪਤੀਆਂ ਦਰਮਿਆਨ ਮੁੱਲ ਦੀ ਸਿਰਫ਼ ਮੁੜ ਵੰਡ ਹੋਵੇਗੀ। ਜਿਵੇਂਕਿ ਚੋਰੀ ਦਾ ਮਾਮਲਾ ਹੋਵੇ। ਇੱਕ ਦਾ ਧਨ ਦੂਸਰੇ ਕੋਲ ਚਲਿਆ ਗਿਆ ਹੋਵੇ। ਇਸ ਤਰ੍ਹਾਂ ਜਿਨਸ ਉਤਪਾਦਨ ਦੇ ਨਿਯਮਾਂ ਦੀ ਉਲੰਘਣਾ ਨੂੰ ਪੂੰਜੀਵਾਦੀ ਮੁਨਾਫਾ ਸਮਝਿਆ ਜਾਵੇਗਾ। ਮਾਰਕਸ ਦੀ ਸਮਝ ਅਨੁਸਾਰ ਜੇਕਰ ਇਹ ਮੰਨਿਆ ਜਾਂਦਾ ਹੈ ਕਿ ਸਮਾਨ ਮੁੱਲਾਂ ਦਾ ਵਟਾਂਦਰਾ ਹੁੰਦਾ ਹੈ ਤਾਂ ਵਾਧੂ ਮੁੱਲ ਗੇੜ ਦੇ ਦੁਰਾਨ ਪੈਦਾ ਨਹੀਂ ਹੁੰਦਾ।ਨਾ ਹੀ ਗੇੜ ਦੇ ਪਹਿਲੇ ਕਾਰਜ ਧਨ-ਜਿਨਸ (M-C) ਅਤੇ ਨਾ ਹੀ ਦੂਸਰੇ ਕਾਰਜ ਜਿਨਸ-ਧਨ (M-C') ਦਰਮਿਆਨ। ਤਬਦੀਲੀ ਅਸਲ 'ਚ ਦੋਹਾਂ ਕਾਰਜਾਂ ਦੇ ਵਿਚਕਾਰ ਹੋਣੀ ਚਾਹੀਦੀ ਹੈ। ਪਰੰਤੂ ਗੇੜ ਦੇ ਖੇਤਰ ਤੋਂ ਬਾਹਰ ਖਰੀਦੀ ਗਈ ਜਿਨਸ ਦੇ ਵਰਤੋਂ ਮੁੱਲ ਦਾ ਸਿਰਫ਼ ਉੱਪਭੋਗ ਹੁੰਦਾ ਹੈ। ਮੰਡੀ ਵਿੱਚ ਇੱਕੋ ਇੱਕ ਵਿਸ਼ੇਸ਼ ਜਿਨਸ ਜੋ ਆਪਣੀ ਲਾਗਤ ਨਾਲੋਂ ਵਧੇਰੇ ਮੁੱਲ ਦੀ ਸਿਰਜਨਾ ਕਰਨ ਦੀ ਸਮਰੱਥਾ ਰੱਖਦੀ ਹੈ ਉਹ ਹੈ ਕਿਰਤ ਸ਼ਕਤੀ। ਕਿਰਤ ਸ਼ਕਤੀ ਦਾ ਮਤਲਬ ਮਨੁੱਖੀ ਪ੍ਰਾਣੀਆਂ ਦੀ ਕਿਰਤ ਕਰਨ ਦੀ ਯੋਗਤਾ ਤੋਂ ਹੈ। ਜੇਕਰ ਕੋਈ ਕਿਰਤੀ ਆਪਣੀ ਕਿਰਤ ਸ਼ਕਤੀ ਵੇਚਦਾ ਹੈ ਤਾਂ ਉਹ ਇੱਕ ਨਿਸ਼ਚਤ ਸਮੇਂ ਲਈ ਇਸ ਯੋਗਤਾ ਨੂੰ ਕਿਸੇ ਹੋਰ ਦੇ ਹਵਾਲੇ ਕਰ ਦਿੰਦਾ ਹੈ ਪਰੰਤੂ ਉਹ ਗੁਲਾਮ ਦੀ ਤਰ੍ਹਾਂ ਖੁਦ ਆਪਣੇ ਆਪ ਨੂੰ ਨਹੀਂ ਵੇਚਦਾ ਤੇ ਨਾ ਹੀ ਉਸ ਨੇ ਕਿਰਤ ਨੂੰ ਵੇਚਿਆ ਹੁੰਦਾ ਹੈ ਕਿਉਂਕਿ ਕਿਰਤ ਅਸਲ 'ਚ ਕਿਰਤ ਸ਼ਕਤੀ ਦਾ ਲਾਗੂ ਰੂਪ ਹੁੰਦੀ ਹੈ। ਪਰੰਤੂ ਕਿਰਤੀ ਦੀ ਕਿਰਤ ਸ਼ਕਤੀ ਮੰਡੀ 'ਚ ਉਪਲਬਧ ਹੋਣ ਲਈ ਦੋ ਸ਼ਰਤਾਂ ਪੂਰੀਆਂ ਹੋਣੀਆਂ ਜਰੂਰੀ ਹਨ: ਪਹਿਲੀ ਅਜਿਹੇ ਲੋਕ ਹੋਣੇ ਚਾਹੀਦੇ ਹਨ ਜੋ ਆਪਣੀ ਕਿਰਤ ਸ਼ਕਤੀ ਦੇ ਅਜ਼ਾਦ ਮਾਲਕਾਂ ਦੇ ਤੌਰ 'ਤੇ ਕਾਰਜ ਕਰ ਸਕਦੇ ਹੋਣ। ਇਸ ਤਰ੍ਹਾਂ ਆਪਣੀ ਕਿਰਤ ਸ਼ਕਤੀ ਵੇਚ ਸਕਣ ਦੀ ਹਾਲਤ 'ਚ ਹੋਣ, ਕਾਨੂੰਨੀ ਤੌਰ 'ਤੇ ਅਜ਼ਾਦ ਲੋਕ ਹੋਣ। ਦੂਸਰਾ ਉਨ੍ਹਾਂ ਕੋਲ ਕੋਈ ਆਪਣੇ ਉਤਪਾਦਨ ਦੇ ਸਾਧਨ ਨਾ ਹੋਣ ਅਤੇ ਆਪਣੀ ਕਿਰਤ ਸ਼ਕਤੀ ਵੇਚਣ ਲਈ ਮਜ਼ਬੂਰ ਹੋਣ। ਇਸ ਤਰ੍ਹਾਂ ਉਹ ਕਾਨੂੰਨੀ ਤੌਰ 'ਤੇ ਹੀ ਅਜ਼ਾਦ ਨਾ ਹੋਣ ਬਲਕਿ ਵਾਸਤਵਿਕ ਜਾਇਦਾਦ ਤੋਂ ਵੀ ਅਜ਼ਾਦ ਹੋਣ। ਤਾਂ ਹੀ ਉਹ ਅਸਲ 'ਚ ਆਪਣੀ ਕਿਰਤ ਸ਼ਕਤੀ ਨੂੰ ਜਿਨਸ ਦੇ ਤੌਰ 'ਤੇ ਸਮਝਣਗੇ ਅਤੇ ਵੇਚਣਗੇ। ਇਸ ਨੂੰ ਦੋਹਰੇ ਅਰਥਾਂ 'ਚ ਅਜ਼ਾਦ ਹੋਣਾ ਵੀ ਕਿਹਾ ਜਾਂਦਾ ਹੈ। ਇਹਨਾਂ ਦੋਹਰੇ ਅਰਥਾਂ 'ਚ "ਅਜ਼ਾਦ" ਕਾਮਿਆਂ ਦੀ ਹੋਂਦ ਪੂੰਜੀ ਉਤਪਾਦਨ ਦੀ ਲਾਜ਼ਮੀ ਸਮਾਜਿਕ ਪੂਰਵ ਸ਼ਰਤ ਹੈ। ਪੂੰਜੀਵਾਦੀ ਰਿਸ਼ਤਿਆਂ ਦੀ ਲਗਾਤਾਰ ਹੋਂਦ ਲਈ ਇਹ ਜਰੂਰੀ ਹੈ ਕਿ ਕਿਰਤ ਸ਼ਕਤੀ ਲਗਾਤਾਰ ਮੰਡੀ 'ਚ ਵਿਕਣ ਲਈ ਆਵੇ।

ਇਸ ਤਰ੍ਹਾਂ ਪੂੰਜੀਵਾਦੀ ਉਤਪਾਦਨ ਢੰਗ ਦਾ ਅਧਾਰ ਸਮਾਜਿਕ ਜਮਾਤਾਂ ਵਿਚਕਾਰ ਇੱਕ ਵਿਸ਼ੇਸ਼ ਰਿਸ਼ਤਾ ਹੁੰਦਾ ਹੈ। ਇੱਕ ਪਾਸੇ ਜਾਇਦਾਦ ਮਾਲਕਾਂ ਦੀ ਜਮਾਤ ਅਤੇ ਦੂਸਰੇ ਪਾਸੇ ਜਾਇਦਾਦਹੀਣ ਲੋਕਾਂ, ਜੋ ਕਾਨੂੰਨੀ ਤੌਰ 'ਤੇ ਅਜ਼ਾਦ ਕਾਮੇ ਹੋਣ, ਦੀ ਜਮਾਤ। ਇਹ ਜਮਾਤੀ ਰਿਸ਼ਤਾ ਇਤਿਹਾਸਕ ਵਿਕਾਸ ਦਾ ਸਿੱਟਾ ਹੈ ਕਿਸੇ ਤਰ੍ਹਾਂ ਵੀ ਕੁਦਰਤੀ ਨਹੀਂ। ਇਸ ਦਾ ਸੰਬੰਧ ਪੂਰਵ ਇਤਿਹਾਸਕ ਪੂੰਜੀਵਾਦ ਨਾਲ ਹੈ। ਇਤਿਹਾਸਕ ਵਿਕਾਸ ਦੀ ਇਹ ਪ੍ਰਕਿਰਿਆ ਬੇਹੱਦ ਹਿੰਸਕ ਅਤੇ ਖ਼ੂਨੀ ਸੀ ਜੋ ਕਿਸੇ ਵੀ ਤਰ੍ਹਾਂ ਮੰਡੀ 'ਚੋਂ ਪੈਦਾ ਨਹੀਂ ਹੋਈ ਬਲਕਿ ਰਾਜ ਦੀ ਸਰਗਰਮ ਹਮਾਇਤ ਨਾਲ ਵਾਪਰੀ। ਇਸਦਾ ਜਿਕਰ ਮਾਰਕਸ ਨੇ ਪੂੰਜੀ ਦੇ ਪਾਠ "ਕਥਿਤ ਮੁਢਲਾ ਇਕੱਤਰੀਕਰਨ" ਵਿੱਚ ਕੀਤਾ ਹੈ। ਉਹ ਜਮਾਤਾਂ ਬਾਰੇ ਵਿਚਾਰ ਕਰਨ ਲੱਗਿਆਂ ਅਸਲ ਵਿੱਚ ਉਤਪਾਦਨ ਦੀ ਸਮਾਜਿਕ ਪ੍ਰਕਿਰਿਆ ਦੇ ਅੰਦਰ ਇੱਕ ਤਰ੍ਹਾਂ ਨਾਲ ਕ੍ਰਮਵਾਰ ਪੈਦਾਵਾਰ ਦੇ ਸਾਧਨਾਂ ਦੇ ਮਾਲਕਾਂ ਅਤੇ ਮਾਲਕੀ ਤੋਂ ਵਾਂਝਿਆਂ ਦੀ ਸਥਿਤੀ ਦੀ ਗੱਲ ਕਰਦਾ ਹੈ। ਇਹ ਜਮਾਤਾਂ ਇਨ੍ਹਾਂ ਦੀ ਸਮਾਜਿਕ ਸਥਿਤੀ ਅਨੁਸਾਰ ਪ੍ਰੀਭਾਸ਼ਿਤ ਹੁੰਦੀਆਂ ਹਨ। ਪਰੰਤੂ ਮਾਰਕਸ ਇਹ ਨਹੀਂ ਮੰਨਦਾ ਕਿ ਇੱਕ ਜਮਾਤ ਦੇ ਵਿਅਕਤੀਗਤ ਮੈਂਬਰਾਂ ਪਾਸ ਸੁਤੇਸਿੱਧ ਹੀ ਸਾਂਝੀ 'ਜਮਾਤੀ ਚੇਤਨਤਾ' ਹੁੰਦੀ ਹੈ ਜਾਂ ਉਹ ਸਾਂਝੀ ਜਮਾਤੀ ਸਰਗਰਮੀ ਨੂੰ ਪ੍ਰਦਰਸ਼ਿਤ ਕਰਦੇ ਹਨ। ਇਸ ਪੱਧਰ ਦੀ ਪੇਸ਼ਕਾਰੀ 'ਚ ਜਮਾਤ ਪਹਿਲੀ ਨਜ਼ਰੇ ਸ਼ੁੱਧ ਰੂਪ 'ਚ ਸੰਰਚਨਾਤਮਕ ਸ਼੍ਰੇਣੀ (structural category) ਹੁੰਦੀ ਹੈ।

ਦੂਸਰੀਆਂ ਜਿਨਸਾਂ ਦੀ ਤਰ੍ਹਾਂ ਕਿਰਤ-ਸ਼ਕਤੀ ਦਾ ਵੀ ਵਰਤੋਂ ਮੁੱਲ ਅਤੇ ਮੁੱਲ ਹੁੰਦਾ ਹੈ। ਕਿਰਤ ਸ਼ਕਤੀ ਦਾ ਵਰਤੋਂ ਮੁੱਲ, ਇਸ ਦਾ ਲਾਗੂ ਰੂਪ (application), ਖੁਦ ਕਿਰਤ ਹੈ। ਕਿਰਤ ਨੂੰ ਵਰਤੋਂ 'ਚ ਲਿਆਉਣ ਜਾਂ ਖਰਚਣ ਨਾਲ ਨਵੇਂ ਮੁੱਲ ਦੀ ਸਿਰਜਨਾ ਹੁੰਦੀ ਹੈ। ਕਿਰਤ ਸ਼ਕਤੀ ਦਾ ਮੁੱਲ ਇਸ ਦੇ ਮਾਲਕ ਦੇ ਪਾਲਣ ਪੋਸ਼ਣ ਲਈ ਲੋੜੀਂਦੇ ਉਪਜੀਵਕਾ ਦੇ ਸਾਧਨਾਂ ਦਾ ਮੁੱਲ ਹੁੰਦਾ ਹੈ। ਇਸ ਵਿੱਚ ਕਿਰਤ ਸ਼ਕਤੀ ਦੇ ਮੁੱਲ ਵਿੱਚ ਵਿੱਚ ਉਹ ਲਾਗਤਾਂ ਵੀ ਸ਼ਾਮਲ ਹੁੰਦੀਆਂ ਹਨ ਜਿਹੜੀਆਂ ਕਿਰਤੀ ਦੇ ਸਮੁੱਚੇ ਪਰਿਵਾਰ ਦੀਆਂ ਹਨ ਸਮੇਤ ਉਸ ਦੀ ਸੰਤਾਨ ਦੇ ਸਿੱਖਿਆ ਖਰਚਿਆਂ ਦੇ। ਜਦੋਂ ਕਿਰਤ ਸ਼ਕਤੀ ਨੂੰ ਉਤਪਾਦਨ ਪ੍ਰਕਿਰਿਆ ਵਿੱਚ ਵਰਤਿਆ ਜਾਂਦਾ ਹੈ ਤਾਂ ਇਸ ਦੁਆਰਾ ਜੋ ਮੁੱਲ ਸਿਰਜਿਆ ਜਾਂਦਾ ਹੈ ਤਾਂ ਉਹ ਕਿਰਤ ਸ਼ਕਤੀ ਦੇ ਮੁੱਲ ਤੋਂ ਕਿਤੇ ਜਿਆਦਾ ਹੁੰਦਾ ਹੈ। ਇਹ ਉਸ ਤੋਂ ਜਿੰਨਾ ਜ਼ਿਆਦਾ ਹੁੰਦਾ ਹੈ ਉਸ ਨੂੰ ਵਾਧੂ ਮੁੱਲ (surplus value) ਕਿਹਾ ਜਾਂਦਾ ਹੈ।

ਇਸ ਤਰ੍ਹਾਂ ਰੋਜ਼ਾਨਾ ਕਿਰਤ ਸ਼ਕਤੀ ਦਾ ਮੁੱਲ ਕਿਰਤ ਸ਼ਕਤੀ ਦੀ ਵਰਤੋਂ ਰਾਹੀਂ ਨਵੇਂ ਸਿਰਜੇ ਗਏ ਮੁੱਲ ਦਾ ਸਿਰਫ਼ ਇੱਕ ਹਿੱਸਾ ਹੁੰਦਾ ਹੈ। ਇਸ ਨੂੰ ਦੋ ਭਾਗਾਂ 'ਚ ਵੰਡਿਆ ਜਾਂਦਾ ਹੈ:

ਨਵਾਂ ਸਿਜਿਆ ਮੁੱਲ = ਕਿਰਤ ਸ਼ਕਤੀ ਦਾ ਮੁੱਲ +ਵਾਧੂ ਮੁੱਲ

ਉਦਾਹਰਣ ਦੇ ਤੌਰ 'ਤੇ ਮੰਨ ਲਓ ਕਿਰਤੀ ਦੀ ਇੱਕ ਦਿਹਾੜੀ 8 ਘੰਟੇ ਦੀ ਹੈ। ਜੇਕਰ ਕਿਰਤ ਸ਼ਕਤੀ ਦਾ ਮੁੱਲ ਤਿੰਨ ਘੰਟੇ ਵਿੱਚ ਪੈਦਾ ਹੋ ਜਾਵੇ ਤਾਂ ਬਾਕੀ ਤਿੰਨ ਘੰਟੇ ਵਾਧੂ ਮੁੱਲ ਪੈਦਾ ਹੋਵੇਗਾ। ਇਸ ਲਈ ਪਹਿਲੇ ਤਿੰਨ ਘੰਟੇ ਨੂੰ ਲੋੜੀਂਦਾ ਕਿਰਤ ਸਮਾਂ ਜਿਸ ਦੀ ਅਦਾਇਗੀ ਕੀਤੀ ਜਾਂਦੀ ਹੈ ਅਤੇ ਬਾਕੀ ਬਚਦੇ 5 ਘੰਟਿਆਂ ਨੂੰ ਵਾਧੂ ਮੁੱਲ ਕਿਰਤ ਸਮਾਂ ਕਿਹਾ ਜਾਵੇਗਾ ਜਿਸ ਦੀ ਅਦਾਇਗੀ ਨਹੀਂ ਕੀਤੀ ਜਾਂਦੀ।

ਕੁੱਲ ਸਮਾਂ 8ਘੰਟੇ = 3 ਘੰਟੇ ਅਦਾਇਗੀਯੋਗ (paid) ਸਮਾਂ + 5 ਘੰਟੇ ਅਣਅਦਾਇਗੀਯੋਗ (unpaid) ਸਮਾਂ

ਇਸ ਤਰ੍ਹਾਂ ਕਿਰਤੀ ਨੂੰ ਉਸ ਵੱਲੋਂ ਆਪਣੀ ਕਿਰਤ ਰਾਹੀਂ ਪੈਦਾ ਕੀਤੇ ਮੁੱਲ ਨਾਲੋਂ ਘੱਟ ਪ੍ਰਾਪਤ ਹੁੰਦਾ ਹੈ ਜਿਸ ਨੂੰ ਮਾਰਕਸ ਲੁੱਟ ਦਾ ਨਾਂ ਦਿੰਦਾ ਹੈ। ਮੁੱਲ ਵਰਧਨ ਬਿਨਾਂ ਅਦਾਇਗੀ ਵਾਲੇ ਕਿਰਤ ਸਮੇਂ ਨੂੰ ਹਥਿਆਉਣ ਤੇ ਨਿਰਭਰ ਕਰਦਾ ਹੈ ਕਿਉਂਕਿ ਪੂੰਜੀਪਤੀ ਕਿਰਤੀ ਵੱਲੋਂ ਸਿਰਜੇ ਗਏ ਉਤਪਾਦ ਦੇ ਮੁੱਲ ਦੀ ਅਦਾਇਗੀ ਨਹੀਂ ਕਰਦਾ ਬਲਕਿ ਕਿਰਤ ਸ਼ਕਤੀ ਦੇ ਮੁੱਲ ਦੀ ਅਦਾਇਗੀ ਕਰਦਾ ਹੈ। ਜਿਨਸ ਵਟਾਂਦਰੇ ਦੇ ਨਿਯਮਾਂ ਅਨੁਸਾਰ ਜਿਨਸ ਕਿਰਤ ਸ਼ਕਤੀ ਵੇਚਣ ਵਾਲਾ ਸਹੀ ਰੂਪ 'ਚ ਆਪਣੀ ਜਿਨਸ ਦਾ ਮੁੱਲ ਪ੍ਰਾਪਤ ਕਰਦਾ ਹੈ। ਖਰੀਦਣ ਵਾਲਾ ਜਿਨਸ ਦੇ ਵਰਤੋਂ ਮੁੱਲ ਤੋਂ ਕੀ ਫਾਇਦਾ ਲੈਂਦਾ ਹੈ ਇਸ ਗੱਲ ਦਾ ਵੇਚਣ ਵਾਲੇ ਨਾਲ ਕੋਈ ਸੰਬੰਧ ਨਹੀਂ ਹੁੰਦਾ। 'ਲੁੱਟ' ਅਤੇ 'ਬਿਨਾਂ ਅਦਾਇਗੀ ਵਾਲੀ ਕਿਰਤ' (unpaid labor) ਦੀ ਹੋਂਦ ਜਿਨਸ ਵਟਾਂਦਰੇ ਦੇ ਨਿਯਮਾਂ ਦੀ ਉਲੰਘਣਾ ਦਾ ਨਤੀਜਾ ਨਹੀਂ ਬਲਕਿ ਉਨ੍ਹਾਂ ਨਿਯਮਾਂ ਦੀ ਪਾਲਣਾ ਅਨੁਸਾਰ ਹੈ। ਜੇਕਰ ਕੋਈ ਲੁੱਟ ਨੂੰ ਖਤਮ ਕਰਨਾ ਚਹੁੰਦਾ ਹੈ ਤਾਂ ਉਹ ਪੂੰਜੀਵਾਦ ਅੰਦਰ ਵਟਾਂਦਰੇ ਦੇ ਰਿਸ਼ਤਿਆਂ 'ਚ ਸੁਧਾਰ ਕਰਕੇ ਨਹੀਂ ਕਰ ਸਕਦਾ ਬਲਕਿ ਪੂੰਜੀਵਾਦ ਦਾ ਖਾਤਮਾ ਕਰਕੇ ਹੀ ਕਰ ਸਕਦਾ ਹੈ।

ਨਿੱਤ ਦਿਨ ਦੀ ਆਮ ਚੇਤਨਤਾ ਅਨੁਸਾਰ ਉਜਰਤਾਂ ਨੂੰ ਕੀਤੀ ਗਈ ਕਿਰਤ ਦੀ ਅਦਾਇਗੀ ਦੇ ਤੌਰ ਤੇ ਸਮਝਿਆ ਜਾਂਦਾ ਹੈ। ਉਜਰਤਾਂ ਕਿਰਤ ਸ਼ਕਤੀ ਦਾ ਮੁੱਲ ਹੋਣ ਦੀ ਬਜਾਏ ਕਿਰਤ ਦਾ ਮੁੱਲ ਜਾਪਦੀਆਂ ਹਨ। ਇਸੇ ਕਰਕੇ ਮਾਰਕਸ 'ਕਿਰਤ ਦੇ ਮੁੱਲ' ਨੂੰ ਕਾਲਪਨਿਕ ਅਤੇ ਤਰਕਹੀਣ ਸਮਝਦਾ ਹੈ। ਲੁੱਟ ਪੂੰਜੀਵਾਦੀ ਪ੍ਰਬੰਧ ਦੀ ਆਮ ਅਵਸਥਾ ਦੇ ਤੌਰ 'ਤੇ ਦਿਖਾਈ ਨਹੀਂ ਦਿੰਦੀ। ਲੁੱਟ ਤਾਂ ਹੀ ਹੁੰਦੀ ਲੱਗਦੀ ਹੈ ਜੇਕਰ ਉਜਰਤਾਂ ਬਹੁਤ ਘੱਟ ਹੋਣ। ਕਿਰਤ ਜਾਂ ਅਮੂਰਤ ਕਿਰਤ ਮੁੱਲ ਦਾ ਸਾਰਤੱਤ (substance) ਅਤੇ ਅੰਤਰਨਿਹਿਤ ਮਾਪ ਹੁੰਦੀ ਹੈ। ਕਿਰਤ ਮੁੱਲ ਦੀ ਸਿਰਜਨਾ ਕਰਦੀ ਹੈ ਪਰੰਤੂ ਖੁਦ ਇਸ ਦਾ ਆਪਣਾ ਮੁੱਲ ਨਹੀਂ ਹੁੰਦਾ। ਮਾਰਕਸ ਅਨੁਸਾਰ 'ਕਿਰਤ ਦਾ ਮੁੱਲ' ਜਾਂ 'ਜਮੀਨ ਦਾ ਮੁੱਲ' ਵਰਗੇ ਵਾਕਾਂਸ਼ ਖੁਦ ਪੈਦਾਵਾਰ ਦੇ ਸੰਬੰਧਾਂ 'ਚੋਂ ਪੈਦਾ ਹੁੰਦੇ ਹਨ। ਇਹ ਜਰੂਰੀ ਸੰਬੰਧਾਂ ਦੀ ਬਾਹਰੀ ਦਿੱਖ ਦੇ ਰੂਪ ਲਈ ਸ਼੍ਰੇਣੀਆਂ (categories) ਹਨ। ਲਾਜ਼ਮੀ ਸੰਬੰਧ ਜਿਨਸ ਕਿਰਤ-ਸ਼ਕਤੀ ਦਾ ਮੁੱਲ ਹੁੰਦਾ ਹੈ ਪਰੰਤੂ ਇਹ ਕਿਰਤ ਦੇ ਮੁੱਲ ਦੀ ਉਜਰਤ ਦੇ ਰੂਪ 'ਚ ਦਿਖਾਈ ਦਿੰਦਾ ਹੈ। ਅਜਿਹੀ ਦਿੱਖ ਦੇ ਰੂਪ, ਮੌਜੂਦਾ ਵਿਚਾਰ ਦੇ ਢੰਗਾਂ ਦੇ ਤੌਰ 'ਤੇ ਸਿੱਧੇ ਰੂਪ 'ਚ ਅਤੇ ਆਪਮੁਹਾਰੇ ਤੌਰ 'ਤੇ ਪੈਦਾ ਕੀਤੇ ਜਾਂਦੇ ਹਨ ਜਦੋਂ ਕਿ ਅਸਲੀ ਰਿਸ਼ਤੇ ਪਹਿਲੀ ਵਾਰ ਲਾਜ਼ਮੀ ਤੌਰ 'ਤੇ ਸਾਇੰਸ ਦੁਆਰਾ ਖੋਜੇ ਜਾਂਦੇ ਹਨ। ਕਿਰਤ ਦਾ ਮੁੱਲ ਉਲਟੀ ਅਤੇ ਗਲਤ ਧਾਰਨਾ ਹੈ ਜੋ ਚੇਤਨ ਕੁਸ਼ਲਤਾ ਦੁਆਰਾ ਉਤਪੰਨ ਨਹੀਂ ਕੀਤਾ ਜਾਂਦਾ ਬਲਕਿ ਸਮਾਜਿਕ ਸੰਬੰਧਾਂ 'ਚੋਂ ਪੈਦਾ ਹੁੰਦਾ ਹੈ। ਇਹ ਵਿਚਾਰ ਦੇ ਬਾਹਰਮੁਖੀ ਰੂਪਾਂ 'ਚੋਂ ਇੱਕ ਹੈ ਜੋ ਪੂੰਜੀਵਾਦ ਦੀਆਂ ਹਾਲਤਾਂ ਦੇ ਅੰਦਰ ਜਕੜੇ ਹੋਏ ਲੋਕਾਂ ਦੀ ਚੇਤਨਤਾ ਦੀ ਰਚਨਾ ਕਰਦਾ ਹੈ। ਇੱਕ ਕਿਰਤੀ ਦੇ ਨਜ਼ਰੀਏ ਤੋਂ ਇੱਕ ਖ਼ਾਸ ਉਜਰਤ ਰਾਸ਼ੀ ਪ੍ਰਾਪਤ ਕਰਨ ਲਈ ਅੱਠ ਘੰਟਿਆਂ ਦਾ ਕੰਮ ਪੂਰਾ ਕਰਨਾ ਪੈਂਦਾ ਹੈ। ਉਜਰਤ ਇਸ ਕਿਰਤ ਦੀ ਅਦਾਇਗੀ ਜਾਪਦੀ ਹੈ। ਇਹ ਇੱਕ ਭਰਮ ਹੈ ਜੋ ਉਜਰਤ ਦੇ ਆਮ ਰੂਪਾਂ ਜਿਵੇਂ ਕਿ ਸਮੇਂ ਦੇ ਘੰਟਿਆਂ ਅਨੁਸਾਰ ਅਦਾਇਗੀ ਅਤੇ ਚੀਜ਼ਾਂ ਦੀ ਗਿਣਤੀ ਅਨੁਸਾਰ ਅਦਾਇਗੀ (time rate and piece rate) ਨਾਲ ਹੋਰ ਪੱਕਾ ਹੋ ਜਾਂਦਾ ਹੈ। ਕਿਰਤੀਆਂ ਦਾ ਤਾਂ ਕਹਿਣਾ ਹੀ ਕੀ ਪੂੰਜੀਪਤੀ ਵੀ ਇਸ ਭਰਮ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਇੱਕ ਆਪ ਮੁਹਾਰੇ ਪੈਦਾ ਹੋਇਆ ਹਕੀਕਤ ਦਾ ਵਿਪਰੀਤ ਰੂਪ ਹੈ ਜਿਸਦਾ ਸਾਰੇ ਭਾਗੀਦਾਰ ਸ਼ਿਕਾਰ ਹੋ ਜਾਂਦੇ ਹਨ। ਜਿਵੇਂ ਹੀ ਉਜਰਤ ਨੂੰ 'ਕਿਰਤ ਦੇ ਮੁੱਲ' ਦੀ ਅਦਾਇਗੀ ਦੇ ਰੂਪ 'ਚ ਸਮਝਿਆ ਜਾਂਦਾ ਹੈ, ਸਾਰੀ ਕਿਰਤ ਹੀ ਅਦਾ ਕੀਤੀ ਕਿਰਤ (paid labor) ਜਾਪਦੀ ਹੈ।ਵਾਧੂ ਮੁੱਲ ਅਤੇ ਅਣਅਦਾਕੀਤੀ ਕਿਰਤ ਦੀ ਹੋਂਦ ਹੀ ਨਹੀਂ ਜਾਪਦੀ।

(ਬਾਕੀ ਅਗਲੇ ਅੰਕ 'ਚ)



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਪਹਿਲੀ ਮਈ 'ਤੇ ਵਿਸ਼ੇਸ਼

# ਸ਼ਿਕਾਗੋ ਦੇ ਸ਼ਹੀਦਾਂ ਦੀ ਵੰਗਾਰ, ਕਿਰਤੀ ਸ਼ੋਸ਼ਣ ਵਿਰੁੱਧ ਸੰਗਰਾਮ



ਸੰਸਾਰ ਅੰਦਰ ਅਨਿਆਏ, ਸੀਨਾ-ਜ਼ੋਰੀ ਅਤੇ ਜ਼ਬਰ ਵਿਰੁਧ ਲਗਾਤਾਰ ਸੰਘਰਸ਼ ਪਨਪਦਾ ਅਤੇ ਉਠਦਾ ਰਹਿੰਦਾ ਹੈ! ਉਜ਼ਰਤੀ ਗੁਲਾਮੀ ਅਤੇ ਕਿਰਤੀ ਸੋਸ਼ਣ ਮਾਲਕ ਅਤੇ ਕਿਰਤੀ-ਵਰਗ ਵਿਚਕਾਰ ਮੁੱਢ ਕਦੀਮ ਤੋਂ ਇਕ ਸਦੀਵੀ ਅੰਦੋਲਨ ਹੈ! ਭਾਵੇ ਇਹ ਅੰਦੋਲਨ, 'ਪਹਿਲੀ ਵਾਰ ਅਮਰੀਕਾ ਅੰਦਰ, 'ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵੱਲੋ ਸਿਆਹ-ਗੁਲਾਮਾਂ (ਕਾਲੇ ਲੋਕਾਂ) 'ਤੇ ਜ਼ਬਰ ਅਤੇ ਉਤਰੀ ਰਾਜਾਂ ਦੇ ਸਨਅਤਾਂ ਦੇ ਮਾਲਕ ਪੂੰਜੀਪਤੀਆਂ ਵੱਲੋ, 'ਆਪਣੀ ਲੁੱਟ ਲਈ ਉਜ਼ਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ ਲਈ ਇਹ ਵਰਗ-ਸੰਘਰਸ਼ ਦੇ ਰੂਪ ਵਿੱਚ ਪੈਦਾ ਹੋਇਆ? ਕਿਰਤੀ-ਵਰਗ ਦੇ ਸੋਸ਼ਣ ਲਈ, 'ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਖਹਿਬਾਜ਼ੀ ਦਾ ਉਤਪਨ ਹੋਣਾ ਵੀ ਇਕ ਹਾਂ ਪੱਖੀ ਤਬਦੀਲੀ ਸੀ ਜਿਸ ਨੇ ਚਾਲਕ ਸ਼ਕਤੀ ਨੂੰ ਜਨਮ ਦਿੱਤਾ? ਇਹ ਗੁਣਾਂਤਮਕ ਤਬਦੀਲੀ ਹੀ ਅੱਗੋਂ ਉਜ਼ਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, 'ਇਤਿਹਾਸਕ ਬਰਾਬਰਤਾ ਦੇ ਨਿਆਂ-ਅਧੀਨ ਸਮਾਜਕ, ਆਰਥਿਕ ਅਤੇ ਰਾਜਨੀਤਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਸਹਾਇਕ ਬਣੀ!

8-ਘੰਟੇ ਦਾ ਕੰਮ-ਦਿਨ ਪ੍ਰਾਪਤ ਕਰਨ ਲਈ ਕੀਤੇ ਗਏ ਲੰਬੇ ਅਤੇ ਕਠਨ ਸੰਘਰਸ਼ ਦੀ ਇਕ ਇਨਕਲਾਬੀ ਕਹਾਣੀ ਨੇ, 'ਅੱਜ ਤੋਂ 133 ਵਰ੍ਹੇ ਪਹਿਲਾਂ 1886 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਸਾਰੀ ਦੁਨੀਆਂ ਅੰਦਰ ਮਿਸਾਲ ਪੇਸ਼ ਕਰਕੇ, 'ਪੂੰਜੀਪਤੀਆਂ ਨੂੰ ਲਲਕਾਰਿਆ ਸੀ? ਅਸਲ ਵਿੱਚ ਮਈ ਦਿਵਸ ਸੰਸਾਰ ਇਤਿਹਾਸਕ ਤਿੰਨ ਵਰ੍ਹੇ ਗੰਢਾਂ ਦਾ ਹੀ ਇਕ ਪ੍ਰਤੀਕ ਹੈ! 1886 ਨੂੰ ਸ਼ਿਕਾਗੋ ਵਿਖੇ ਕਿਰਤੀ-ਵਰਗ 'ਤੇ ਹਾਕਮਾਂ ਤੇ ਪੁਲੀਸ ਦਾ ਜ਼ਬਰ, 1889 ਦੀ ਦੂਜੀ ਕੌਮਾਂਤਰੀ ਕਾਂਗਰਸ ਵੱਲੋ ਪਹਿਲੀ ਮਈ ਦੇ ਸ਼ਹੀਦਾਂ ਨਾਲ ਇਕਮੁਠਤਾ ਅਤੇ 1890 ਨੂੰ ਸੰਸਾਰ ਪੱਧਰ 'ਤੇ ਸ਼ਿਕਾਗੋ ਦੇ ਜੁਝਾਰੂ ਕਿਰਤੀਆਂ ਦੀਆਂ ਇਨਕਲਾਬੀ ਰਿਵਾਇਤਾਂ ਨੂੰ ਅੱਗੇ ਵਧਾਉਣ ਲਈ ਕਿਰਤੀ ਵਰਗ ਵੱਲੋਂ ਮੁਕਤੀ ਲਈ ਇਸ ਮਿਸ਼ਨ ਨੂੰ ਜਾਰੀ ਰੱਖਣ ਲਈ ਅਹਿਦ ਲਏ ਗਏ। ਪਹਿਲੀ ਮਈ! ਕਿਰਤੀ-ਜਮਾਤ ਦੇ ਸੰਘਰਸ਼ਾਂ ਦਾ ਇਕ ਸਦੀਵੀ ਚਿੰਨ੍ਹ ਬਣ ਗਿਆ!

ਉਜ਼ਰਤੀ-ਗੁਲਾਮੀ ਵਿਰੁਧ 1-ਮਈ 1886 ਨੂੰ ਅਮਰੀਕਾ ਦੇ ਸਭ ਤੋਂ ਵੱਡੇ ਸਨਅਤੀ ਕੇਂਦਰਾਂ ਅੰਦਰ ਆਮ ਹੜਤਾਲਾਂ ਹੋਈਆਂ! ਇਸ ਦੇ ਪਿਛੋਕੜ ਵਿੱਚ ਸ਼ਿਕਾਗੋ ਦੇ ਸਨਅਤੀ ਕਿਰਤੀਆਂ ਵੱਲੋਂ ਆਪਣੀਆਂ ਨਿਆਇਕ ਮੰਗਾਂ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਅਮਰੀਕਾ ਦੇ ਹਾਕਮਾਂ, ਮਿਲ ਮਾਲਕਾਂ, ਪੁਲੀਸ ਅਤੇ ਇਨਸਾਫ ਦੇਣ ਵਾਲੀਆਂ ਅਦਾਲਤਾਂ ਨੇ ਹੱਕਾਂ ਲਈ ਸੰਘਰਸ਼ ਕਰਦੇ ਕਿਰਤੀਆਂ ਅਤੇ ਉਨ੍ਹਾਂ ਦੇ ਆਗੂਆਂ 'ਤੇ ਅਮਰੀਕਾ ਦੇ ਲੋਕਾਂ ਦੀਆਂ ਆਜ਼ਾਦੀ ਲਈ ਸੰਘਰਸ਼ ਦੇ ਦੌਰਾਨ ਸਥਾਪਤ ਕੀਤੀਆਂ ਗਈਆਂ ਸਾਰੀਆਂ ਨਿਗਰ ਰਿਵਾਇਤਾਂ ਦੀ ਉਲੰਘਣਾ ਕਰਕੇ, 'ਹੇਅ-ਮਾਰਕਿਟ ਦੇ ਬੰਬ ਕੇਸ ਵਿੱਚ ਅਲਬਰਟ ਪਾਰਸਨ, ਆਗਸਤ ਸਪਾਈਸ, ਸੈਮੂਅਲ ਫੀਲਡਨ, ਮਾਈਕਲ ਸ਼ਾਅਬ, ਅਡਾਲਫ ਫਿਰ, ਜਾਰਜ ਐਂਗਲ ਤੇ ਲੂਈ ਲਿੰਗ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਜਮਹੂਰੀ ਸਮਾਜ ਲਈ ਇਕ ਨਿਰਾਦਰੀ ਭਰਿਆ ਫੈਸਲਾ ਸੁਣਾ ਦਿੱਤਾ! ਇਕ ਅੱਠਵੇਂ ਆਗੂ ਨੂੰ 15 ਸਾਲ ਦੀ ਕੈਦ ਦੀ ਸਜ਼ਾ ਹੋਈ। ਅਮਰੀਕੀ ਹਾਕਮਾਂ ਦੇ ਇਸ ਕਰੂਰ, ਵਹਿਸ਼ੀ ਅਤੇ ਬਰਬਰਤਾ ਵਾਲੇ ਫੈਸਲੇ ਵਿਰੁਧ ਇਨ੍ਹਾਂ ਸ਼ਹੀਦਾਂ ਦੇ ਬੋਲ ਅੱਜ ਵੀ ਹੱਕ-ਸੱਚ ਲਈ ਗੂੰਜ ਰਹੇ ਹਨ?

"ਉਹ ਸਵੇਰਾ (ਦਿਨ) ਜ਼ਰੂਰ ਆਵੇਗਾ, ਜਦੋਂ ਸਾਡੀ ਚੁੱਪ (ਜ਼ਬਰ ਨਾਲ ਬੰਦ ਕੀਤੀ ਜ਼ਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ, ਜਿਸ ਦਾ ਅੱਜ ਤੁਸੀਂ ਗਲਾ ਘੁੱਟ ਕੇ ਬੰਦ ਕਰ ਰਹੇ ਹੋ (ਸ਼ਹੀਦ ਸਮਾਰਕ ਸ਼ਿਕਾਗੋ)!

ਸ਼ਿਕਾਗੋ ਮਈ 1886: 1-ਮਈ 1886 ਨੂੰ ਅਮਰੀਕਾ ਅੰਦਰ ਸਾਰੇ ਸਨਅਤੀ ਕੇਂਦਰਾਂ ਅੰਦਰ ਅੱਠ-ਘੰਟੇ ਦੀ ਦਿਹਾੜੀ ਅਤੇ ਕੰਮ ਦੌਰਾਨ ਬਿਹਤਰ ਹਾਲਤਾਂ ਲਈ ਆਮ ਹੜਤਾਲ ਹੋਈ। ਇਸ ਹੜਤਾਲ ਨੂੰ ਸ਼ਿਕਾਗੋ ਦੀ ਸਮੁੱਚੀ ਕਿਰਤੀ-ਜਮਾਤ ਨੇ ਸੰਪੂਰਨ ਸਹਿਯੋਗ ਦਿੱਤਾ। ਜਿਵੇਂ ਹੁੰਦਾ ਹੀ ਹੈ, 'ਮਿਲ ਮਾਲਕਾਂ, ਹਾਕਮ ਅਤੇ ਉਨ੍ਹਾਂ ਦੀ ਪੁਲੀਸ ਨੇ ਇਸ ਹੜਤਾਲ ਨੂੰ ਫੇਲ੍ਹ ਕਰਨ ਅਤੇ ਤੋੜਨ ਲਈ ਭੜਕਾਹਟ ਤੋਂ ਕੰਮ ਲਿਆ? ਪਰ ਕਿਰਤੀ ਜਮਾਤ ਆਪਣੀਆਂ ਮੰਗਾਂ, '8-ਘੰਟੇ ਕੰਮ ਦੀ ਡਿਊਟੀ, ਉਚੇਰੀਆ ਉਜ਼ਰਤਾਂ ਅਤੇ ਟਰੇਡ ਯੂਨੀਅਨਾਂ ਦੀ ਪ੍ਰਵਾਨਗੀ ਲਈ ਦ੍ਰਿੜ ਸਨ! ਸਾਰੇ ਅਮਰੀਕਾ ਅੰਦਰ ਸਨਅਤੀ ਅਦਾਰਿਆਂ ਦੇ ਕਿਰਤੀਆਂ ਵੱਲੋਂ ਲੱਖਾਂ ਦੀ ਗਿਣਤੀ ਵਿੱਚ ਆਪਣੀਆਂ ਹੱਕੀ ਮੰਗਾਂ ਲਈ 1-ਮਈ ਨੂੰ ਬੇ-ਮਿਸਾਲ ਹੜਤਾਲ ਹੋਈ! ਇਕਮੁਠ ਲੀਡਰਸ਼ਿਪ ਦੀ ਅਣਹੋਂਦ ਦੇ ਬਾਵਜੂਦ ਵੀ ਇਹ ਸਪਸ਼ਟ ਹੋ ਗਿਆ ਸੀ, 'ਕਿ ਲਹਿਰ ਦਾ ਖਾਸਾ ਵਿਆਪਕ ਅਤੇ ਕਿਰਤੀ ਪੂਰੀ ਤਰ੍ਹਾਂ ਦ੍ਰਿੜ ਸਨ! ਇਸ ਦ੍ਰਿੜਤਾ ਕਾਰਨ ਹੀ ਕਈ ਮਿਲਾਂ ਵਿੱਚ ਪਹਿਲਾ ਹੀ 8-ਘੰਟੇ ਕੰਮ ਦੀ ਡਿਊਟੀ ਲਾਗੂ ਹੋਣ ਕਰਕੇ, 'ਜੇਤੂ ਕਿਰਤੀ ਵੀ ਯਕਜਹਿਤੀ ਵੱਜੋਂ ਇਨ੍ਹਾਂ ਹੜ੍ਹਤਾਲਾਂ ਅਤੇ ਮੁਜ਼ਾਹਰਿਆਂ 'ਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸਮੁੱਚੇ ਸ਼ਿਕਾਗੋ ਸ਼ਹਿਰ ਅੰਦਰ ਦੋ-ਤਿਹਾਈ ਫੈਕਟਰੀਆਂ ਬੰਦ ਰਹੀਆਂ। ਕੇਂਦਰੀ ਲੇਬਰ ਯੂਨੀਅਨ ਨੇ ਇਕ ਰੈਲੀ ਕੀਤੀ ਜਿਸ ਵਿੱਚ 25,000 ਤੋਂ ਵੱਧ ਗਿਣਤੀ 'ਚ ਕਿਰਤੀ ਸ਼ਾਮਲ ਹੋਏ? ਕਿਰਤੀਆਂ ਨੂੰ ਸਪਾਈਸ, ਪਾਰਸਨਸ਼, ਫੀਲਡਨ ਅਤੇ ਸ਼ਾਅਬ ਨੇ ਸੰਬੋਧਨ ਕਰਦੇ ਹੋਏ ਸੱਦਾ ਦਿੱਤਾ, 'ਕਿ ਕਿਰਤੀ ਦਲੇਰੀ ਤੋਂ ਕੰਮ ਲੈਣ ਅਤੇ ਹਿੱਤਾਂ ਦੀ ਰਾਖੀ ਲਈ ਸੰਘਰਸ਼ ਜਾਰੀ ਰੱਖਣ !

ਆਮ ਹੜਤਾਲ ਦੇ ਪਹਿਲੇ ਦਿਨ ਤੋਂ ਹੀ ਅਮਰੀਕਾ ਦੇ ਹੰਕਾਰੀ ਪੂੰਜੀਪਤੀ, ਮਿਲ ਮਾਲਕ ਅਤੇ ਰਾਜਤੰਤਰ ਮਨ-ਮਰਜ਼ੀ ਦੀਆਂ ਕਾਰਵਾਈਆਂ ਨਾਲ ਹੜਤਾਲੀ ਕਿਰਤੀਆਂ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ 'ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ? ਪਰ ਹੜਤਾਲੀ ਕਿਰਤੀ ਤੇ ਆਗੂ ਬੰਧੇਜ ਤੋਂ ਕੰਮ ਲੈਂਦੇ ਰਹੇ! ਇਸ ਮਨਸੂਬੇ ਵਿਰੁੱਧ ਕਿਰਤੀਆਂ ਵੱਲੋਂ ਮੈਕਾਰਮਿਕ ਫੈਕਟਰੀ ਲਾਗੇ 12,000 ਦੇ ਇਕ ਵੱਡੇ ਇਕੱਠ ਰਾਹੀ, ਜਿਸ ਨੂੰ ਪਾਰਸਨਸ਼ ਅਤੇ ਸ਼ਾਅਬ ਨੇ ਸੰਬੋਧਨ ਕੀਤਾ ਦੌਰਾਨ ਮਿਲ ਮਾਲਕਾਂ ਦੀਆਂ ਸਾਜ਼ਾਂ ਦਾ ਭਾਂਡਾ ਭੰਨਿਆ। 3-ਮਈ 1886 ਨੂੰ ਫਿਰ ਮੈਕਾਰਮਿਕ ਫੈਕਟਰੀ ਲਾਗੇ ਹੋਈ ਇਕ ਰੈਲੀ ਨੂੰ ਕੇਂਦਰੀ ਲੇਬਰ ਯੂਨੀਅਨ ਦੇ ਆਗੂ ਆਗਸਤ ਸਪਾਈਸ ਨੇ ਸੰਬੋਧਨ ਕੀਤਾ। ਅੱਜੇ ਇਹ ਸੋਲਿਸਟ ਆਗੂ ਸੰਬੋਧਨ ਹੀ ਕਰ ਰਿਹਾ ਸੀ ਤਾਂ ਮਾਲਕ ਪੱਖੀ ਹੜਤਾਲ ਤੋੜੂ ਕੁਝ ਕਾਮੇ, 'ਮੈਕਾਰਮਿਕ ਫੈਕਟਰੀ 'ਚ ਬਾਹਰ ਆਏ ਤੇ ਝਗੜ ਪਏ! ਪੁਲੀਸ ਤਾਂ ਇਹ ਮੌਕਾ ਚਾਹੁੰਦੀ ਸੀ? ਪੁਲੀਸ ਨੇ ਬਿਨਾਂ ਕਿਸੇ ਵਾਰਨਿੰਗ ਗੋਲੀ ਚਲਾ ਕੇ ਹੜਤਾਲੀ 6-ਕਾਮਿਆਂ ਨੂੰ ਸ਼ਹੀਦ ਕਰ ਦਿੱਤਾ! ਕਈ ਫੱਟੜ ਹੋਏ! ਰੋਹ ਵਿੱਚ ਆਏ ਕਿਰਤੀਆਂ ਤੇ ਆਗੂਆਂ ਵਲੋਂ ਪੁਲੀਸ ਦੀ ਇਸ ਬਰਾਬਰਤਾ ਵਿਰੁਧ ਰੋਸ ਵੱਜੋਂ 4-ਮਈ 1886 ਨੂੰ ਹੇਅ-ਮਾਰਕਿਟ ਵਿੱਚ ਰੈਲੀ ਕਰਨ ਦਾ ਸੱਦਾ ਦਿੱਤਾ ਗਿਆ।

**ਹੇਅ ਮਾਰਕਿਟ ਦਾ ਇਤਿਹਾਸਕ ਖੂਨੀ ਕਾਂਡ**: 4-ਮਈ 1886 ਨੂੰ ਸ਼ਾਮ 7 ਵਜੇ ਹੇਅ-ਮਾਰਕਿਟ ਵਿਖੇ 3000 ਦੇ ਲਗਪਗ ਕਿਰਤੀ ਇਕੱਠੇ ਹੋਏ! ਮੌਸਮ ਦੀ ਖਰਾਬੀ ਕਾਰਨ ਕਿਰਤੀ ਵੱਡੀ ਗਿਣਤੀ ਵਿੱਚ ਇਸ ਰੋਸ ਰੈਲੀ 'ਚ ਸ਼ਾਮਲ ਨਾ ਹੋ ਸਕੇ! ਫਿਰ ਵੀ ਕਿਰਤੀ ਤੇ ਇਸਤਰੀਆਂ, 'ਸਮੇਤ ਬੱਚਿਆਂ ਦੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ। ਇਕੱਠ ਨੂੰ ਸਪਾਈਸ, ਪਾਰਸਨਜ਼ ਅਤੇ ਫੀਲਡਨ ਨੇ ਸੰਬੋਧਨ ਕਰਦੇ ਹੋਏ ਮਾਲਕਾਂ ਅਤੇ ਉਨ੍ਹਾਂ ਦੀ ਰਾਖੀ ਕਰਦੀ ਪੁਲੀਸ ਦੇ ਜ਼ਬਰ ਦੀ ਸਖ਼ਤ ਨਿਖੇਧੀ ਕੀਤੀ! ਸੋਮਵਾਰ ਦੀ ਘਟਨਾ ਜਿਸ ਵਿੱਚ ਸਾਡੇ 6-ਕਿਰਤੀ ਸ਼ਹੀਦ ਹੋ ਗਏ ਸਨ, 'ਉਨ੍ਹਾਂ ਲਈ ਮੈਕਾਰਮਿਕ ਅਤੇ ਪੁਲੀਸ ਨੂੰ ਦੋਸ਼ੀ ਗਰਦਾਨਿਆ ਗਿਆ! ਆਗੂਆਂ ਨੇ ਦੱਸਿਆ, 'ਕਿ ਅੱਜ ਸ਼ਹਿਰ ਅੰਦਰ ਹਜ਼ਾਰਾਂ ਕਿਰਤੀ, 'ਮਾਲਕਾਂ ਦੀਆਂ ਮਨਮਾਨੀਆਂ ਕਾਰਨ ਲਾਕ-ਆਉਟ ਕਰਕੇ ਭੁੱਖੇ ਮਰ ਰਹੇ ਹਨ? ਪ੍ਰੈਸ ਦੇ ਦੋਗਲੇਪਨ ਦੀ ਵੀ ਨਿੰਦਾ ਕੀਤੀ ਗਈ! ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ "ਅਵਾਰਾ-ਹਜੂਮ" ਕਹਿੰਦੇ ਹੋਏ, ਲਿਖਿਆ, 'ਕਿ ਜੇ ਅਰਾਜਕਤਾਬਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ ਤਾਂ ਸਾਡਾ ਅਮਰੀਕਨ ਸਮਾਜ ਖਤਰੇ 'ਚ ਪੈ ਜਾਵੇਗਾ? ਪਰ ਕਿਰਤੀ ਆਗੂਆਂ ਵੱਲੋਂ ਮਿਲ ਮਾਲਕਾਂ ਦੁਆਰਾ ਕਿਰਤੀ ਵਰਗ ਦੀ ਹੋ ਰਹੀ ਲੁੱਟ ਅਤੇ ਸੋਸ਼ਣ ਦੇ ਅੰਕੜੇ ਦੇ ਕੇ ਸਾਬਤ ਕੀਤਾ, 'ਕਿ ਕਿਵੇਂ ਪੂੰਜੀਪਤੀ ਅਮੀਰ ਅਤੇ ਕਿਰਤੀ ਹੋਰ ਗਰੀਬ ਹੋ ਰਿਹਾ ਹੈ? ਇਸ ਰੈਲੀ ਸਮੇਂ ਉਥੇ ਸ਼ਿਕਾਗੋ ਦਾ ਮੇਅਰ ਕੇ.ਐਚ.ਹੈਰੀਸਨ ਵੀ ਹਾਜ਼ਰ ਸੀ! ਰੈਲੀ ਦਾ ਆਖਰੀ ਬੁਲਾਰਾ ਫ਼ੀਲਡਨ ਸੀ।

ਮੀਟਿੰਗ ਖਤਮ ਹੋਣ ਵਾਲੀ ਸੀ। ਮੀਂਹ ਪੈਣ ਲੱਗ ਪਿਆ। ਕਾਮੇ ਘਰਾਂ ਨੂੰ ਜਾ ਰਹੇ ਸਨ। ਅਚਾਨਕ ਦਗੜ-ਦਗੜ ਕਰਦੀ ਸੈਂਕੜਿਆਂ ਦੀ ਗਿਣਤੀ ਵਿੱਚ ਪੁਲੀਸ ਨੇ ਪੁਰ-ਅਮਨ ਰੈਲੀ ਦੇ ਅੰਤ ਵੇਲੇ, 'ਸਟੇਜ ਦੇ ਲਾਗੇ ਜਾ ਕੇ ਪੁਜੀਸ਼ਨਾਂ ਲੈ ਲਈਆਂ। ਸ਼ਹਿਰ ਦੇ ਮੇਅਰ ਵੱਲੋਂ ਕੈਪਟਨ ਬੋਨਫੀਲਡ ਨੂੰ ਕਿਹਾ, 'ਕਿ ਕਿਸੇ ਨੇ ਵੀ ਪੁਲੀਸ ਨੂੰ ਨਹੀਂ ਸੱਦਿਆ? ਜਦ ਕਿ ਹਾਕਮਾਂ ਵੱਲੋਂ ਪਹਿਲਾ ਹੀ ਇਹ ਮਨਸੂਬੇ ਧਰੇ ਹੋਏ ਸਨ! ਕਿਰਤੀ ਆਗੂ ਫੀਲਡਨ ਜੋ ਸਟੇਜ ਤੋਂ ਹੇਠਾਂ ਉਤਰ ਰਿਹਾ ਸੀ, ਨੇ ਕਿਹਾ, 'ਕਿ ਅਸੀਂ "ਅਮਨ-ਪਸੰਦ ਹਾਂ"। ਇਕ ਬੰਬ! ਹਵਾ ਨੂੰ ਚੀਰਦਾ ਹੋਇਆ ਪੁਲੀਸ ਦੇ ਦੋ ਗਰੁੱਪਾਂ ਵਿਚਕਾਰ ਡਿਗ ਪਿਆ। ਇਕ ਪੁਲੀਸ ਕਰਮਚਾਰੀ ਮਾਰਿਆ ਗਿਆ ਅਤੇ ਕੁਝ ਜ਼ਖ਼ਮੀ ਹੋ ਗਏ? ਫਿਰ ਕੀ ਸੀ, 'ਅੰਧਾ-ਧੁੰਦ ਗੋਲੀਆਂ ਦਾ ਮੀਂਹ ਕਿਰਤੀਆਂ ਦੇ ਇਕੱਠ ਵਲ ਵੱਧਣਾ ਸ਼ੁਰੂ ਹੋ ਗਿਆ? ਪੁਲੀਸ ਨੇ ਕਿਰਤੀਆਂ, ਔਰਤਾਂ ਸਮੇਤ ਬੱਚਿਆਂ ਦਾ ਪਿੱਛਾ ਕਰਕੇ ਗੋਲੀਆਂ ਚਲਾਈਆਂ। ਪੁਲੀਸ ਦੇ ਜ਼ਬਰ ਦਾ ਨੰਗਾ-ਨਾਚ, ਮਨਮਰਜ਼ੀ ਅਤੇ ਧੌਂਸ ਦੀ ਇਹ ਬਰਾਬਰਤਾ ਵਿਰੁੱਧ, 'ਅੱਜ ਵੀ "ਹੈਅ-ਮਾਰਕਿਟ ਦਾ ਕਾਂਡ" ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ, 'ਕੌਮਾਂਤਰੀ ਕਿਰਤੀ-ਜਮਾਤ ਨਾਲ ਇਕਮੁਠਤਾ ਅਤੇ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਕਿਰਤ ਦੀ ਲੁੱਟ ਦੇ ਖਾਤਮੇ ਵਿਰੁੱਧ ਸਦਾ ਹੱਕ-ਸੱਚ ਦੀ ਗਵਾਹੀ ਅਤੇ ਹਾਮੀ ਭਰਦਾ ਰਹੇਗਾ? ਕਿਰਤੀਆਂ ਦੇ ਡੁੱਲੇ ਖ਼ੂਨ ਨਾਲ ਉਨ੍ਹਾਂ ਦੇ ਸਬਰ ਦਾ ਚਿੱਟਾ ਝੰਡਾ ਜੋ ਲਾਲ ਸੁਰਖ ਹੋ ਗਿਆ ਸੀ ਸ਼ਿਕਾਗੋ ਹੀ ਨਹੀਂ, ਅੱਜ ਦੁਨੀਆਂ ਭਰ ਅੰਦਰ ਕਿਰਤੀਆਂ ਦੀ ਪ੍ਰਤੀਨਿਧਤਾ ਕਰ ਰਿਹਾ ਹੈ?

ਮਨੁੱਖੀ ਸਮਾਜ ਅੰਦਰ ਮਨੁੱਖ ਆਪਣੀ ਹੋਂਦ ਤੋਂ ਹੀ ਸੰਘਰਸ਼ ਕਰਦਾ ਆ ਰਿਹਾ ਹੈ! ਮਨੁੱਖ ਦੀ ਕਿਰਤ ਰਾਹੀ ਉਸਰੇ ਇਕ ਸਮਾਜ ਅੰਦਰ, 'ਉਸ ਨੇ ਆਪਣੀ ਕਿਰਤ ਦੀ ਲੁੱਟ ਅਤੇ ਹਰ ਤਰ੍ਹਾਂ ਦੀਆਂ ਬੇ-ਇਨਸਾਫ਼ੀਆਂ ਵਿਰੁਧ ਲੰਬੀਆਂ ਜਦੋ-ਜਹਿਦਾਂ ਕਰਕੇ ਜਿੱਤਾ ਪ੍ਰਾਪਤ ਕਰਨ ਦਾ ਇਕ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੋਇਆ ਹੈ? ਦੁਨੀਆਂ ਭਰ 'ਚ ਅਨੇਕਾਂ ਕਿਰਤੀ ਜਮਾਤ ਦੇ ਨਾਇਕਾਂ ਵੱਲੋ ਅਚੇਤ ਅਤੇ ਸੁਚੇਤ ਰੂਪ ਵਿੱਚ ਗਰੀਬੀ-ਗੁਰਬਤ ਅਤੇ ਨਿਆਂ ਲਈ ਕੁਰਬਾਨੀਆਂ ਕੀਤੀਆਂ ਹਨ! ਇਹ ਸੁੰਦਰ ਸੰਸਾਰ ਕਿਰਤੀਆਂ ਦੇ ਮੁੜਕੇ ਅਤੇ ਡੁੱਲ੍ਹੇ ਖ਼ੂਨ ਨਾਲ ਉਸਰਿਆ ਹੋਇਆ ਹੈ! ਪਰ ਜੋ ਵਰਗ ਚਲਾਕੀ ਨਾਲ ਇਸ ਸੰਸਾਰ ਦਾ ਮਾਲਕ ਬਣ ਬੈਠਾ, 'ਉਹ ਅੱਜ ਇਨ੍ਹਾਂ ਕਿਰਤੀਆਂ ਦੇ ਅਰਮਾਨਾਂ ਦਾ ਕਤਲ ਕਰ ਰਿਹਾ ਹੈ! ਸ਼ਿਕਾਗੋ ਸ਼ਹਿਰ ਦੇ ਹੇਅ-ਮਾਰਕਿਟ 'ਚ ਡੁੱਲੇ ਕਿਰਤੀਆਂ ਦੇ ਖ਼ੂਨ ਕਾਰਨ, 'ਜੋ ਇਤਿਹਾਸ ਉਸਰਿਆ ਹੈ, ਉਸ ਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ! ਸ਼ਿਕਾਗੋ ਦੇ ਸ਼ਹੀਦਾਂ ਵਿੱਚੋ, 'ਕਿਰਤੀਆਂ ਦੇ ਇਕ ਨਾਇਕ "ਅਗਸਟ ਸਪਾਈਸ" ਨੇ ਫਾਂਸੀ ਤੋਂ ਪਹਿਲਾਂ, 'ਪੂੰਜੀਪਤੀ ਵਰਗ ਦੀ ਨੁਮਾਇੰਦਗੀ ਕਰਦੀ ਕੋਰਟ ਦੇ ਜੱਜ ਸਾਹਮਣੇ, 'ਪੂੰਜੀਪਤੀਆਂ ਨੂੰ ਲਲਕਾਰਦੇ ਹੋਏ ਕਿਹਾ, 'ਕਿ ਭਾਵੇਂ ਤੁਸੀ ਸਾਡੀ (ਕਿਰਤੀਆਂ) ਆਵਾਜ਼ ਨੂੰ ਬੰਦ ਕਰ ਰਹੇ ਹੋ! ਪਰ ਯਾਦ ਰੱਖੋ! ਇਕ ਸਵੇਰ ਜ਼ਰੂਰ ਆਵੇਗੀ, 'ਜਦੋਂ ਸਾਡੀ ਖਾਮੋਸ਼ੀ (ਫਾਂਸੀ ਬਾਦ) ਇਸ ਤੋਂ ਵੀ ਵੱਧ ਸ਼ਕਤੀਸ਼ਾਲੀ ਹੋਵੇਗੀ? ਮੈਂ ਇਕ ਕਿਰਤੀ ਜਮਾਤ ਵੱਲੋਂ, 'ਲੁਟੇਰਿਆਂ (ਪੂੰਜੀਪਤੀਆਂ) ਨੂੰ ਸੰਬੋਧਨ ਕਰ ਰਿਹਾ ਹਾਂ, 'ਕਿ ਜੇ ਤੁਸੀਂ ਸਮਝਦੇ ਹੋ, 'ਕਿ ਸਾਨੂੰ ਫਾਹੇ ਲਾ ਕੇ ਕਿਰਤੀ ਅੰਦੋਲਨ ਦਾ ਗਲਾ ਘੁਟ ਦੇਵਾਂਗੇ ਤਾਂ ਲਾ ਦਿਓ ਸਾਨੂੰ ਫਾਹੇ?

ਸ਼ਿਕਾਗੋ ਦੇ ਇਸ ਇਤਿਹਾਸਕ ਕਾਂਡ ਬਾਦ ਦੁਨੀਆਂ ਅੰਦਰ ਕਿਰਤੀਆਂ ਵੱਲੋਂ ਬਿਹਤਰ ਸੇਵਾ ਸ਼ਰਤਾਂ, ਚੰਗੀਆਂ ਉਜਰਤਾਂ, ਟਰੇਡ ਯੂਨੀਅਨ ਹੱਕ ਅਤੇ ਸਮਾਜਕ-ਆਰਥਿਕ ਸੁਰੱਖਿਆ ਲਈ ਸੰਘਰਸ਼ ਵਿੱਢੇ ਗਏ! ਭਾਵੇਂ ਪੂੰਜੀਪਤੀ-ਵਰਗ, 'ਕਿਰਤੀਆਂ ਦੇ ਇਨ੍ਹਾਂ ਅੰਦੋਲਨਾਂ ਦਾ ਸ਼ਿਕਾਗੋ ਵਿੱਚ ਦਮਨ ਰਾਹੀਂ ਇਸ ਦਾ ਅੰਤ ਕਰ ਦਿੱਤਾ ਸਮਝਦੇ ਸਨ? ਪਰ ਇਹ "ਚੰਗਿਆੜੇ" ਇਥੇ-ਉਥੇ, 'ਸਾਰੀ ਦੁਨੀਆਂ ਅੰਦਰ ਹਰ ਥਾਂ ਭਾਂਬੜ ਬਣ ਕੇ ਮਚਣ ਲਗ ਪਏ! ਕਿਰਤੀ ਅੰਦੋਲਨ ਦਬਾਇਆ ਨਹੀਂ ਜਾ ਸਕਦਾ? ਇਸ ਮਹਾਨ ਘੋਲ ਨੇ ਸਾਰੀ ਦੁਨੀਆਂ ਅੰਦਰ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ-ਵਰਗ ਵਿਰੁਧ ਲੁੱਟੇ ਜਾਣ ਵਾਲੇ ਕਿਰਤੀਆਂ ਨੂੰ, 'ਮਾਲਕਾਂ ਦੇ ਹਰ ਜ਼ਬਰ ਦੇ ਖਿਲਾਫ ਅਤੇ ਮਨੁੱਖ ਨੂੰ ਗਰੀਬੀ ਗੁਰਬਤ, ਨੰਗ-ਭੁੱਖ ਅਤੇ ਹਰ ਤਰ੍ਹਾਂ ਦੀ ਜਹਾਲਤ ਤੋਂ ਮੁਕਤੀ ਪ੍ਰਾਪਤ ਕਰਨ ਲਈ ਇਕ ਵੱਡਾ ਝੰਜੋੜਾ ਦਿੱਤਾ? ਇਸ ਘਟਨਾ ਨੇ ਸੰਸਾਰ ਪੱਧਰ 'ਤੇ ਕਿਰਤ ਕਰਨ ਵਾਲੇ ਕਿਰਤੀ-ਵਰਗ ਨੂੰ ਇਸ ਲੁੱਟ-ਖਸੁੱਟ ਵਾਲੇ ਰਾਜ ਪ੍ਰਬੰਧ ਦੇ ਬਦਲ ਵਿੱਚ ਇਕ ਖੁਸ਼ਹਾਲੀ ਵਾਲਾ ਰਾਜ ਪ੍ਰਬੰਧ, 'ਜਿਥੇ ਮਨੁੱਖ ਦੀਆਂ ਘੱਟੋ-ਘੱਟ ਬੁਨਿਆਦੀ ਲੋੜਾਂ ਪੂਰੀਆਂ ਹੋਣ, ਭਰੱਪਣ ਅਤੇ ਆਜ਼ਾਦੀ ਵਾਲਾ ਸਕੂਨ ਹੋਵੇ, 'ਅਜਿਹੇ ਰਾਜ ਦੀ ਹੋਂਦ ਲਈ ਇਕ ਅਮਲੀ ਸੋਚ ਨੂੰ ਪੂਰਾ ਕਰਨ ਲਈ ਬਲ ਬਖਸ਼ਿਆ! ਇਸ ਅਮਲ ਨੂੰ ਜਾਮਾ ਪਹਿਨਾਇਆ "ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ-1917" ਨੇ ਰੂਸ ਅੰਦਰ! ਜਿਥੇ ਪਹਿਲੀ ਵਾਰ ਰਾਜਸਤਾ ਤੇ ਕਿਰਤੀ-ਜਮਾਤ ਕਾਬ॥ ਹੋਈ। ਇਹ ਸਮਾਜਵਾਦੀ ਰਾਜ ਪ੍ਰਬੰਧ ਦੁਨੀਆ ਅੰਦਰ ਪਹਿਲੀ ਵਾਰ ਹੋਂਦ ਵਿੱਚ ਆਇਆ, 'ਜਿੱਥੇ ਮਨੁੱਖ ਹੱਥੋ ਮਨੁੱਖ ਦੀ ਲੁੱਟ-ਖਸੁਟ ਵਾਲੇ ਵਰਤਾਰੇ ਦਾ ਭੋਗ ਪੈ ਗਿਆ !

ਦੁਨੀਆ ਦੇ ਮਹਾਨ ਚਿੰਤਨ ਕਾਰਲ ਮਾਰਕਸ ਨੇ ਕਿਹਾ ਸੀ, 'ਕਿ ਨਾ-ਬਰਾਬਰੀ ਅਤੇ ਗਰੀਬੀ-ਗੁਰਬਤ "ਪੂੰਜੀ" (ਸਰਮਾਇਆ) ਦੇ ਇਕੱਤਰੀਕਰਨ (ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਇਕੱਠੀ ਹੋ ਜਾਣੀ) ਦੀ ਪ੍ਰਕਿਰਿਆ ਵਿੱਚ ਲੁਕਿਆ ਹੋਇਆ ਹੈ! ਪੂੰਜੀਵਾਦੀ ਵਿਵੱਸਥਾ (ਨਿਜਾਮ) ਨੂੰ ਖਤਮ ਕਰਨ ਲਈ ਕ੍ਰਾਂਤੀ ਦੀ ਜ਼ਰੂਰਤ ਹੁੰਦੀ ਹੈ! ਅਜਿਹੀ ਕ੍ਰਾਂਤੀ (ਸਮਾਜਕ ਪ੍ਰੀਵਰਤਨ) ਕਦੀ ਆਪਣੇ ਆਪ ਨਹੀਂ ਹੋ ਜਾਂਦੀ, ਸਗੋਂ ਇਸ ਲਈ ਇਕ ਕ੍ਰਾਂਤੀਕਾਰੀ ਪਾਰਟੀ ਦੀ ਜ਼ਰੂਰਤ ਹੁੰਦੀ ਹੈ। ਜੋ ਲੁੱਟੇ ਜਾਣ ਵਾਲੇ ਕਿਰਤੀਆਂ ਨੂੰ ਲਾਮਬੰਦ ਕਰਕੇ ਵਰਗ-ਸੰਘਰਸ਼ ਨੂੰ ਤੇਜ ਕਰਨਾ ਹੁੰਦਾ ਹੈ! ਅੰਤਿਮ ਨਿਸ਼ਾਨਾ! ਰਾਜਸਤਾ 'ਤੇ ਕਿਰਤੀ ਵਰਗ ਦੀ ਜਿੱਤ ਵਾਲੇ ਸਮਾਜ ਦੀ ਸਥਾਪਤੀ ਕਰਨਾ। ਇਸ ਧਾਰਨਾ ਨੂੰ ਸਭ ਤੋਂ ਪਹਿਲਾ ਰੂਸ ਅੰਦਰ ਮਹਾਨ ਅਕਤੂਬਰ ਇਨਕਲਾਬ-1917 ਨੇ ਅਮਲ ਵਿੱਚ ਲਿਆਂਦਾ! ਪੈਦਾਵਰੀ ਸਾਧਨਾਂ (ਜ਼ਮੀਨ, ਕਾਰਖਾਨੇ, ਕੁਦਰਤੀ ਸੋਮੇ ਆਦਿ) ਦੇ ਸਮਾਜੀਕਰਨ (ਜਨਤਕੀਕਰਨ) ਹੋਣ ਨਾਲ ਲੁੱਟ-ਖਸੁੱਟ ਵਾਲੇ ਰਾਜ ਪ੍ਰਬੰਧ ਦੇ ਭੋਗ ਪੈਣ ਨਾਲ ਸਮਾਜਵਾਦੀ ਬਰਕਤਾਂ ਨੇ ਕਿਰਤੀ ਵਰਗ ਨੂੰ ਬਿਹਤਰ ਜੀਵਨ ਹਾਲਤਾਂ ਦੇਣੇ ਲਈ ਇਕ ਨਵੇਂ ਸਮਾਜ ਲਈ ਦਰ ਖੋਲ੍ਹ ਦਿੱਤੇ? ਮਹਾਨ ਅਕਤੂਬਰ ਇਨਕਲਾਬ ਬਾਦ ਸੰਸਾਰ ਅੰਦਰ ਗੁਲਾਮ ਕੌਮਾਂ ਅਤੇ ਦੇਸ਼ਾਂ ਦੀ ਆਜ਼ਾਦੀ ਲਈ ਚਲੇ ਮੁਕਤੀ ਅੰਦੋਲਨ, ਕਿਰਤੀ-ਵਰਗ ਵੱਲੋਂ ਜੀਵਨ ਹਾਲਤਾਂ ਅਤੇ

ਸਹੂਲਤਾਂ ਲਈ ਹੋਏ ਸੰਘਰਾਂ ਕਾਰਨ ਹੀ ਦੋ-ਧਰੁਵੀ ਆਰਥਿਕਤਾ ਦੀ ਹੋਂਦ ਆਉਣ ਕਰਕੇ ਹੀ ਪੂੰਜੀਵਾਦੀ ਅਰਥ-ਵਿਵੱਸਥਾ ਵਾਲੇ ਦੇਸ਼ਾਂ ਅੰਦਰ ਕਿਰਤੀ ਵਰਗ ਨੂੰ ਬਹੁਤ ਸਾਰੀਆਂ ਆਰਥਿਕ ਸਹੂਲਤਾਂ ਅਤੇ ਰਾਹਤਾਂ ਪ੍ਰਾਪਤ ਹੋਈਆਂ! ਬਹੁਤ ਸਾਰੇ ਦੇ ਬਸਤੀਵਾਦੀ ਗੁਲਾਮੀ ਤੋਂ ਆਜ਼ਾਦ ਹੋਏ। ਜਮਹੂਰੀ ਲਹਿਰਾਂ ਮਜ਼ਬੂਤ ਹੋਈਆਂ ਅਤੇ ਕਈ ਸਮਾਜਵਾਦੀ ਦੇ ਵੀ ਹੋਂਦ ਵਿਚ ਆਏ। ਇਹ ਕੋਈ ਛੋਟੀ ਜਿਹੀ ਸਮਾਜਕ ਤਬਦੀਲੀ ਨਹੀਂ ਸੀ ?

ਦੁਨੀਆਂ ਅੰਦਰ ਦੋ ਤਰ੍ਹਾਂ ਦੀ ਅਰਥ ਵਿਵੱਸਥਾ-ਸਮਾਜਵਾਦ ਅਤੇ ਪੂੰਜੀਵਾਦ ਦੇ ਆਹਮੋ-ਸਾਹਮਣੇ ਆਉਣ ਕਾਰਨ ਕਿਰਤੀ ਵਰਗ ਲਈ ਸਹੂਲਤਾਂ, ਗੁਲਾਮ ਕੌਮਾਂ ਅਤੇ ਦੇਸ਼ਾਂ ਦੀ ਆਜ਼ਾਦੀ, ਸੰਸਾਰ ਅਮਨ ਵਿਗਿਆਨ ਤੇ ਟੈਕਨੌਲਜੀ ਖੇਤਰ ਅੰਦਰ ਅਥਾਹ ਪ੍ਰਾਪਤੀਆਂ ਵੀ ਹੋਈਆਂ? ਪਰ 1991 ਦੌਰਾਨ ਦੁਨੀਆਂ ਦੇ ਉਸਰੇ ਸਭ ਤੋਂ ਪਹਿਲੇ ਸਮਾਜਵਾਦੀ ਢਾਂਚੇ "ਸੋਵੀਅਤ ਯੂਨੀਅਨ" ਦੇ ਢੈਅ-ਢੇਰੀ ਹੋਣ ਕਾਰਨ ਸਮਾਜਵਾਦੀ ਵਿਚਾਰਾਂ, ਅਮਲਾਂ ਅਤੇ ਪ੍ਰਭਾਵਾਂ ਨੂੰ ਕਾਫੀ ਠੇਸਾਂ ਪੁੱਜੀਆਂ? ਪੂੰਜੀਵਾਦੀ ਦੇਸ਼ਾਂ ਅਤੇ ਸਾਮਰਾਜੀਆਂ ਦੀ ਮੁੜ ਚੜ੍ਹ ਮਚ ਗਈ ਕਿਰਤੀ ਵਰਗ ਅਤੇ ਆਮ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਜਾਂ ਤਾ ਖਤਮ ਕਰ ਦਿੱਤੀਆਂ ਜਾਂ ਹੌਲੀ-ਹੌਲੀ ਘਟਾਈਆਂ ਜਾ ਰਹੀਆਂ ਹਨ? ਸਾਮਰਾਜ ਵੱਲੋ ਜਾਰੀ ਨੀਤੀਆਂ-ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਕਾਰਨ ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਮਚਾਈ ਲੁੱਟ ਨੇ, 'ਅੱਜ ਸਾਰੇ ਸੰਸਾਰ ਅੰਦਰ ਜਿਥੇ ਮੰਦੇ ਨੂੰ ਜਨਮ ਦਿੱਤਾ ਹੈ। ਉਥੇ ਜੰਗ, ਆਰਥਿਕ ਅਸਮਾਨਤਾਂ, ਸੱਜ ਪਿਛਾਖੜ ਪਿਛਾੜਾਂ, ਬੇਰੁਜ਼ਗਾਰੀ, ਗਰੀਬੀ ਅਤੇ ਭ੍ਰਿਸ਼ਟਾਚਾਰ ਨੇ ਸੰਸਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ! ਸੰਸਾਰ ਅਮਨ ਖਤਰੇ ਵਿੱਚ ਪਾ ਦਿੱਤਾ ਹੈ। ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸੋਮਿਆਂ ਦੀ ਲੁੱਟ ਲਈ ਸਾਮਰਾਜੀ ਅਮਰੀਕੀ ਧੜੇ ਵੱਲੋ ਧੌਂਸ, ਦਖਲ-ਅੰਦਾਜ਼ੀ ਅਤੇ ਮਿਲਟਰੀ ਦਾਬੇ ਆਮ ਵਰਤਾਰਾ ਬਣ ਗਿਆ ਹੈ! ਹੁਣ ਇਹ! ਸੰਸਾਰ ਦੇ ਲੋਕਾਂ ਲਈ ਇਕ ਸਬਕ ਵੀ ਹੈ, 'ਕਿ ਸਮਾਜਵਾਦ ਹੀ ਮਨੁੱਖਤਾ ਦੀ ਭਲਾਈ, ਸੰਸਾਰ ਅਮਨ ਅਤੇ ਖੁਸ਼ਹਾਲੀ ਦੀ ਗ੍ਰੰਟੀ ਦੇ ਸਕਦਾ ਹੈ! ਦੂਸਰੇ ਪਾਸੇ ਸਾਮਰਾਜੀ ਅਮਰੀਕਾ ਵਿਤੀ-ਫੰਡ ਬੈਂਕਿੰਗ 'ਤੇ ਕੰਟਰੋਲ, ਰਿਜ਼ਰਵ-ਮੁਦਰਾ ਦੇ ਰੂਪ ਵਿੱਚ ਡਾਲਰ ਦੀ ਭੁਮਿਕਾ ਅਤੇ ਕੂੰਜੀਵਤ ਤਕਨੀਕਾਂ ਰਾਹੀਂ ਵਿਸ਼ਵ ਪੂੰਜੀਵਾਦੀ ਵਿਵਸਥਾ 'ਤੇ ਸਰਦਾਰੀ ਕਾਇਮ ਕਰਕੇ ਆਰਥਿਕ ਖੇਤਰ ਵਿੱਚ ਵੀ ਹਰ ਦੇਸ਼ 'ਤੇ ਆਪਣੀਆਂ ਆਰਥਿਕ ਨੀਤੀਆਂ ਮੜ੍ਹ ਕੇ ਉਨ੍ਹਾਂ ਤੇ ਕਾਠੀਆਂ ਪਾ ਕੇ ਰੱਖ ਰਿਹਾ ਹੈ ਅਤੇ ਮਨ-ਮਰਜ਼ੀ ਕਰ ਰਿਹਾ ਹੈ!

ਪਹਿਲੀ ਮਈ ਦਾ ਦਿਵਸ! ਜੋ ਕਿਰਤੀ ਜਮਾਤ ਦੇ ਹੱਕਾਂ ਹਿੱਤਾਂ ਦੀ ਰਾਖੀ ਤੋਂ ਲੈ ਕੇ, 'ਕਿਰਤੀ ਵਰਗ ਦੀ ਮੁਕਤੀ ਦੇ ਟੀਚੇ ਵੱਲ ਵੱਧਿਆ ਸੀ, ਮਨੁੱਖਤਾ ਦੀ ਭਲਾਈ, ਖੁਸ਼ਹਾਲੀ ਅਤੇ ਅਮਨ ਦੀ ਰਾਖੀ ਦਾ ਪ੍ਰਤੀਕ ਹੋ ਨਿਬੜਿਆ! ਸ਼ਿਕਾਗੋ ਦੇ ਕਿਰਤੀਆਂ ਵੱਲੋਂ ਮਈ-1886 ਦੇ ਦਿਹਾੜੇ ਜੋ ਸ਼ਹਾਦਤਾਂ ਦੇ ਕੇ ਆਰਥਿਕ ਬਰਾਬਰਤਾ ਦੇ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ, 'ਉਹ ਮਿਸ਼ਨ ਅਜੇ ਅਧੂਰਾ ਹੈ! ਇਸ ਇਨਕਲਾਬੀ ਮਿਸ਼ਨ ਨੂੰ ਅੱਗੇ ਵਧਾਉਣ ਅਤੇ ਸੰਪੂਰਨ ਕਰਨ ਲਈ ਕਿਰਤੀ ਵਰਗ ਅੰਦਰ ਏਕਤਾ ਅਤੇ ਇਕਮੁਠਤਾ ਕਾਇਮ ਕਰਨ ਲਈ ਆਓ! ਸਾਰੇ ਕਿਰਤੀ, 'ਇਹ ਸੰਕਲਪ ਕਰੀਏ, 'ਕਿ ਅਸੀਂ ਵੀ ਆਪੋ-ਆਪਣੇ ਕਿਰਤ ਦੇ ਅਦਾਰਿਆਂ ਅੰਦਰ ਹਾਕਮਾਂ ਵੱਲੋਂ ਹੋ ਰਹੇ ਅਨਿਆਏ, ਲੁੱਟ-ਖਸੁੱਟ ਅਤੇ ਜ਼ਬਰ ਵਿਰੁੱਧ ਲਾਮਬੰਦ ਹੋਈਏ! ਇਸ ਮਿਨ ਦੀ ਸਫਲਤਾ ਲਈ, 'ਦੁਨੀਆ ਅੰਦਰ ਅਮਨ ਦੀ ਰਾਖੀ, ਭਿੰਨ-ਭੇਦ ਵਿਰੁੱਧ, ਜਮਹੂਰੀ ਹੱਕਾਂ ਦੀ ਰਾਖੀ, ਵਾਤਾਵਰਨ ਦੀ ਰਾਖੀ, ਆਰਥਿਕ ਸਮਾਨਤਾਂ ਅਤੇ ਬਰਾਬਰਤਾ ਲਈ ਚਲ ਰਹੀਆਂ ਲਹਿਰਾਂ ਅਤੇ ਸਾਮਰਾਜ ਦੇ ਜ਼ਬਰ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਦਾ ਸਾਥ ਦੇਈਏ!

ਸ਼ਿਕਾਗੋ ਦੇ ਸ਼ਹੀਦਾਂ ਨੂੰ ਸਾਡੀ ਇਹੋ ਸ਼ਰਧਾਂਜਲੀ ਹੋਵੇਗੀ!!

# ਹੁਣ ਭਗਵੀਂ ਦਹਿਸ਼ਤਗਰਦ ਲਾਏਗੀ 'ਲੋਕਤੰਤਰ' ਨੂੰ ਚਾਰ ਚੰਨ !



ਬੂਟਾ ਸਿੰਘ ਨਵਾਂਸ਼ਹਿਰ
94634-74342

ਸੰਘ ਬਰਗੇਡ ਵੱਲੋਂ ਮਾਲੇਗਾਓਂ ਬੰਬ ਧਮਾਕੇ ਸਮੇਤ ਛੇ ਬੰਬ ਕਾਂਡਾਂ ਦੇ ਯੋਜਨਾ ਘਾੜਿਆਂ ਵਿੱਚੋਂ ਇਕ ਪ੍ਰਗਿਆ ਸਿੰਘ ਠਾਕੁਰ ਨੂੰ ਮੱਧ ਪ੍ਰਦੇਸ ਦੇ ਭੋਪਾਲ ਲੋਕ ਸਭਾ ਹਲਕੇ ਤੋਂ ਆਪਣੀ ਉਮੀਦਵਾਰ ਬਣਾਏ ਜਾਣ ਨਾਲ ਉਹਨਾਂ ਹਿੱਸਿਆਂ ਨੂੰ ਵਾਹਵਾ ਠੇਸ ਪਹੁੰਚੀ ਜਾਪਦੀ ਹੈ ਜੋ ਇਸ ਮੁਲਕ ਦੇ ਰਾਜ ਪ੍ਰਬੰਧ ਨੂੰ ਧਰਮਨਿਰਪੱਖ ਲੋਕਤੰਤਰ ਸਮਝਦੇ ਹਨ। ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਟੀਵੀ ਚੈਨਲ ਨਾਲ ਆਪਣੀ ਖ਼ਾਸ ਇੰਟਰਵਿਊ ਵਿਚ ਦਹਿਸ਼ਤੀ ਬੰਬ ਧਮਾਕਿਆਂ ਦੇ ਕੇਸ ਦਾ ਸਾਹਮਣਾ ਕਰ ਰਹੀ ਇਸ 'ਸਾਧਵੀ' ਨੂੰ ਟਿਕਟ ਦਿੱਤੇ ਜਾਣ ਨੂੰ ਜਾਇਜ਼ ਠਹਿਰਾਇਆ ਹੈ। ਰਾਸ਼ਟਰੀ ਸੋਇਮ ਸੇਵਕ ਸੰਘ ਦੇ ਆਲੇ-ਦੁਆਲੇ ਉੱਸਰੀ ਹਿੰਦੂਤਵ ਸੰਸਕ੍ਰਿਤੀ ਦੇ ਮੱਦੇਨਜ਼ਰ ਇਹ ਬੇਸ਼ਰਮੀ ਹੈਰਾਨੀਜਨਕ ਨਹੀਂ। ਇਸ 'ਸੰਸਕ੍ਰਿਤੀ' ਵਿਚ ਅਡਵਾਨੀ, ਮੋਦੀ ਵਰਗੇ ਭੜਕਾਊ ਭਾਸ਼ਣਕਾਰ ਸਟਾਰ ਸਿਆਸਤਦਾਨ ਹਨ; ਗੌਡਸੇ ਮਹਾਤਮਾ ਹੈ, ਅਦਿੱਤਿਆਨਾਥ ਵਰਗੇ ਮੁਜਰਿਮ 'ਯੋਗੀ' ਹਨ, ਰਾਮਦੇਵ ਅਤੇ ਸ੍ਰੀ ਸ੍ਰੀ ਵਰਗੇ ਕਾਰੋਬਾਰੀ ਠੱਗ 'ਬਾਬੇ' ਹਨ; ਊਮਾ ਭਾਰਤੀ, ਪ੍ਰਗਿਆ ਵਰਗੀਆਂ ਜ਼ਹਿਰ ਉਗਲ਼ਦੀਆਂ ਜੀਭਾਂ 'ਸਾਧਵੀਆਂ' ਹਨ। ਇਹ ਸਾਰੇ ਹਿੰਦੂਤਵ ਦੇ ਅਸਲ ਚਿਹਰੇ ਹਨ।

ਕਰਨਲ ਸ੍ਰੀਕਾਂਤ ਪ੍ਰੋਹਿਤ ਅਤੇ ਅਸੀਮਾਨੰਦ ਦੀ ਜੋਟੀਦਾਰ ਪ੍ਰਗਿਆ ਸਿੰਘ ਠਾਕੁਰ ਹੋਰ ਬੰਬ ਕਾਂਡਾਂ ਦੇ ਨਾਲ-ਨਾਲ ਮਾਲੇਗਾਓਂ ਬੰਬ ਕਾਂਡ ਦੇ ਮੁਲਜ਼ਮਾਂ ਵਿੱਚੋਂ ਇਕ ਹੈ। ਇਸ ਤਰਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਅਦਾਲਤ ਵੱਲੋਂ ਪ੍ਰਗਿਆ ਸਿੰਘ ਨੂੰ ਕਲੀਨ ਚਿਟ ਦੇ ਦਿੱਤੀ ਗਈ ਹੈ। ਹਕੀਕਤ ਇਹ ਹੈ ਕਿ ਉਸ ਦੇ ਖ਼ਿਲਾਫ਼ ਮੁਕੱਦਮਾ ਅਜੇ ਚੱਲ ਰਿਹਾ ਹੈ ਅਤੇ ਉਸ ਨੂੰ 2017 ਵਿਚ ਸਿਰਫ਼ ਮੈਡੀਕਲ ਅਧਾਰ 'ਤੇ ਜ਼ਮਾਨਤ ਦਿੱਤੀ ਗਈ ਸੀ। 2006-08 ਦੌਰਾਨ ਹੋਏ ਵੱਖ-ਵੱਖ ਛੇ ਬੰਬ ਕਾਂਡਾਂ ਨੇ ਸੈਂਕੜੇ ਲੋਕਾਂ ਦੀਆਂ ਜਾਨਾਂ ਲਈਆਂ। ਮਾਲੇਗਾਓਂ ਕਾਂਡ ਵਿਚ ਛੇ ਵਿਅਕਤੀ ਮਾਰੇ ਗਏ ਅਤੇ ਸੌ ਤੋਂ ਵਧੇਰੇ ਲੋਕ ਜ਼ਖ਼ਮੀ ਹੋਏ ਸਨ। ਇਸ ਕਾਂਡ ਪਿੱਛੇ ਵੀ ਇਸਲਾਮੀ ਦਹਿਸ਼ਤਗਰਦਾਂ ਦਾ ਹੱਥ ਦੀ ਘੜੀ-ਘੜਾਈ ਕਹਾਣੀ ਪ੍ਰਚਾਰਕੇ ਦਰਜਨਾਂ ਬੇਕਸੂਰ ਮੁਸਲਮਾਨਾਂ ਨੂੰ ਤਸੀਹੇ ਦਿੱਤੇ ਗਏ। ਲੇਕਿਨ ਮਹਾਂਰਾਸ਼ਟਰ ਦੇ ਏ.ਟੀ.ਐੱਸ. (ਐਂਟੀ ਟੈਰਰਿਸਟ ਸੁਕਐਡ) ਦੇ ਮੁਖੀ ਹੇਮੰਤ ਕਰਕਰੇ ਵੱਲੋਂ ਕੀਤੀ ਪੇਸ਼ੇਵਰ ਜਾਂਚ ਨੇ ਅਸਲ ਦਹਿਸ਼ਤਗਰਦ ਚਿਹਰੇ ਨੰਗੇ ਕਰ ਦਿੱਤੇ। ਜੋ ਸਕੂਟਰ ਖ਼ਤਰਨਾਕ ਵਿਸਫੋਟਕ ਫਿੱਟ ਕਰਕੇ ਬੰਬ ਧਮਾਕਾ ਕਰਨ ਲਈ ਇਸਤੇਮਾਲ ਕੀਤਾ ਗਿਆ ਸੀ ਉਹ ਪ੍ਰਗਿਆ ਸਿੰਘ ਦਾ ਸੀ। ਜਦੋਂ ਇਹਨਾਂ ਭਗਵੇਂ ਅਨਸਰਾਂ ਨੂੰ ਹਿਰਾਸਤ ਵਿਚ ਲੈ ਕੇ ਤਫ਼ਤੀਸ਼ ਕੀਤੀ ਗਈ ਤਾਂ ਜਿਸ ਪੱਧਰ ਦੀ ਦਹਿਸ਼ਤਗਰਦ ਸਾਜ਼ਿਸ਼ ਸਾਹਮਣੇ ਆਈ ਉਸ ਨਾਲ ਮਹਾਂਰਾਸ਼ਟਰ ਅਤੇ ਕੇਂਦਰੀ ਹੁਕਮਰਾਨਾਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਸਬੂਤ ਐਨੇ ਪੁਖ਼ਤਾ ਸਨ ਕਿ ਸੰਘ ਪਰਿਵਾਰ ਵੱਲੋਂ ਮਾਮਲੇ ਨੂੰ ਦਬਾਉਣ ਲਈ ਹਰ ਹਰਬਾ ਵਰਤਣ ਦੇ ਬਾਵਜੂਦ ਬੰਬ ਧਮਾਕਿਆਂ ਦਾ ਮੁਕੱਦਮਾ ਦਰਜ ਕਰਨਾ ਪਿਆ ਅਤੇ ਇਸ ਅਖਾਉਤੀ ਸਾਧਵੀ ਉੱਪਰ ਦਹਿਸ਼ਤਵਾਦ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਲਗਾਈਆਂ ਗਈਆਂ। ਬਾਦ ਵਿਚ ਅਦਾਲਤ ਵਿਚ ਇਸ ਨੂੰ ਇਸ ਅਧਾਰ 'ਤੇ ਜ਼ਮਾਨਤ ਦੀ ਅਰਜੀ ਦਿੱਤੀ ਗਈ ਕਿ 'ਸਾਧਵੀ' ਦੀ ਛਾਤੀ ਵਿਚ ਕੈਂਸਰ ਹੋਣ ਕਾਰਨ ਉਸ ਦੇ ਆਯੁਰਵੈਦਿਕ ਇਲਾਜ ਲਈ ਉਸ ਨੂੰ ਜ਼ਮਾਨਤ ਦੇਣਾ ਜ਼ਰੂਰੀ ਹੈ। ਇੰਞ ਮੋਦੀ ਰਾਜ ਦੌਰਾਨ ਉਸ ਦੀ ਜ਼ਮਾਨਤ ਮਨਜ਼ੂਰ ਹੋ ਗਈ। ਸਾਧਵੀ ਕਹਿ ਰਹੀ ਹੈ ਕਿ ਬਾਹਰ ਆ ਕੇ ਗਊ ਮੂਤਰ ਪੀਣ ਨਾਲ ਉਸ ਦਾ ਕੈਂਸਰ ਠੀਕ ਹੋ ਗਿਆ। ਜਦਕਿ ਮੁੰਬਈ ਦੇ ਜਿਸ ਹਸਪਤਾਲ, ਜੇਜੇ ਹਸਪਤਾਲ, ਵਿਚ ਸਾਧਵੀ ਦੇ ਟੈਸਟ ਲਏ



ਗਏ ਉਸ ਦੇ ਤੱਤਕਾਲੀ ਡੀਨ ਡਾ. ਟੀ ਪੀ ਲਹਾਨੇ ਨੇ ਸਾਫ਼ ਕਿਹਾ ਹੈ ਕਿ ਸਾਧਵੀ ਨੂੰ ਕੈਂਸਰ ਹੈ ਹੀ ਨਹੀਂ ਸੀ, ਉਸ ਦੇ ਸਾਰੇ ਟੈਸਟ ਨੈਗੇਟਿਵ ਸਨ। ਜ਼ਾਹਿਰ ਹੈ ਜ਼ਮਾਨਤ ਲਈ ਇਹ ਸਾਰਾ ਨਾਟਕ ਕੀਤਾ ਗਿਆ।

ਇਸ ਰਾਜ ਪ੍ਰਬੰਧ ਵਿਚ ਹਾਕਮ ਜਮਾਤ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਵਾਲੇ ਬੁੱਧੀਜੀਵੀ ਤਾਂ ਜੇਲ ਭੇਜੇ ਜਾ ਰਹੇ ਹਨ ਲੇਕਿਨ ਬੰਬ ਧਮਾਕਿਆਂ ਦੀ ਯੋਜਨਾ ਘੜਨ ਤੇ ਇਸ ਨੂੰ ਅੰਜਾਮ ਦੇਣ ਵਾਲੇ ਦਹਿਸ਼ਤਗਰਦਾਂ ਨੂੰ ਨਾ ਕੇਵਲ ਚੋਣਾਂ ਲੜਣ ਸਗੋਂ ਜਿੱਤ ਕੇ ਵਜ਼ਾਰਤਾਂ ਵਿਚ ਸ਼ਾਮਲ ਹੋਣ ਦੀ ਵੀ ਪੂਰੀ ਖੁੱਲ ਹੈ। 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਵਿਚ ਦਹਿਸ਼ਤਗਰਦੀ ਦੇ ਸੰਗੀਨ ਮੁਜਰਿਮਾਂ ਨੂੰ ਟਿਕਟ ਦੇਣਾ ਜਿਥੇ ਇਸ ਪ੍ਰਬੰਧ ਉੱਪਰ ਬਹੁਤ ਵੱਡਾ ਵਿਅੰਗ ਜ਼ਰੂਰ ਹੈ ਲੇਕਿਨ ਇਹ ਮੁਜਰਿਮਾਂ ਨੂੰ ਰਾਜਸੀ ਮੈਦਾਨ ਵਿਚ ਉਤਾਰਨ ਦੀ ਪਹਿਲੀ ਮਿਸਾਲ ਵੀ ਨਹੀਂ ਹੈ। ਐਸੀਆਂ ਹੋਰ ਬਥੇਰੀਆਂ ਮਿਸਾਲਾਂ ਹਨ ਲੇਕਿਨ ਅਦਾਲਤ ਵਿਚ ਦਹਿਸ਼ਤਗਰਦ ਸਾਜ਼ਿਸ਼ ਦੇ ਕੇਸ ਦਾ ਸਾਹਮਣਾ ਕਰ ਰਹੇ ਦਹਿਸ਼ਤਗਰਦ ਨੂੰ ਟਿਕਟ ਦਿੱਤੇ ਜਾਣ ਦੀ ਇਹ ਸ਼ਾਇਦ ਪਹਿਲੀ ਮਿਸਾਲ ਹੈ। ਜਿੱਥੋਂ ਤਕ ਭਗਵੇਂ ਕੈਂਪ ਦਾ ਸਵਾਲ ਹੈ ਇਸ ਵਿਚ ਸਿਰੇ ਦੇ ਬਦਨਾਮ ਮੁਜਰਿਮਾਂ ਨੂੰ ਚੋਣਾਂ ਵਿਚ ਸਟਾਰ ਉਮੀਦਵਾਰ ਬਣਾਉਣਾ ਨਵੀਂ ਗੱਲ ਨਹੀਂ। ਖ਼ੁਦ ਨਰਿੰਦਰ ਮੋਦੀ ਇਸ ਦਾ ਸਾਖਿਆਤ ਨਮੂਨਾ ਹੈ ਜਿਸ ਨੇ ਸੰਨ 2002 ਵਿਚ ਗੋਧਰਾ ਕਾਂਡ ਤੋਂ ਬਾਦ 'ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿਓ' ਦੀ ਦਲੀਲ ਦੇ ਕੇ ਆਪਣੀ ਛੱਤਰ ਛਾਇਆ ਹੇਠ ਮੁਸਲਮਾਨਾਂ ਦੀ ਨਸਲਕੁਸ਼ੀ ਕਰਵਾਈ ਸੀ। ਭਾਜਪਾ ਦਾ ਮੌਜੂਦਾ ਪ੍ਰਧਾਨ ਅਮਿਤ ਸ਼ਾਹ ਤਾਂ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਹੱਤਿਆਵਾਂ ਕਰਾਉਣ ਦੇ ਮਾਮਲਿਆਂ ਵਿਚ ਜੇਲ ਵੀ ਜਾ ਚੁੱਕਾ ਹੈ। ਐਸੇ ਬਹੁਤ ਸਾਰੇ ਸ਼ਖਸ ਸੰਘ ਪਰਿਵਾਰ ਵਿਚ ਵੱਡੇ ਵੱਡੇ ਅਹੁਦਿਆਂ ਉੱਪਰ ਹਨ।

ਜਿਸ ਪ੍ਰਧਾਨ ਮੰਤਰੀ ਨੇ ਪੂਰੇ ਪੰਜ ਸਾਲ ਆਪਣੀਆਂ ਨੀਤੀਆਂ ਬਾਬਤ ਤਿੱਖੇ ਸਵਾਲਾਂ ਤੋਂ ਬਚਣ ਲਈ ਇਕ ਵਾਰ ਵੀ ਮੀਡੀਆ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕੀਤੀ, ਉਸ ਵੱਲੋਂ ਵਿਸ਼ੇਸ਼ ਪ੍ਰੈੱਸ ਮਿਲਣੀ ਕਰਕੇ ਪ੍ਰਗਿਆ ਸਿੰਘ ਨੂੰ 'ਪੀੜਤ' ਬਣਾ ਕੇ ਪੇਸ਼ ਕੀਤੇ ਜਾਣ ਤੋਂ ਪੂਰੀ ਤਰਾਂ ਸਪਸ਼ਟ ਹੋ ਗਿਆ ਕਿ ਇਹ ਆਰ.ਐੱਸ.ਐੱਸ. ਦਾ ਗਿਣਿਆ-ਮਿੱਥਿਆ ਚੋਣ ਪੈਂਤੜਾ ਹੈ। ਇਸ ਸਾਧਵੀ ਨੂੰ ਫਿਰਕੂ ਪਾਲਾਬੰਦੀ ਨੂੰ ਵਧਾ ਕੇ ਚੋਣ ਲਾਹਾ ਲੈਣ ਲਈ ਹਿੰਦੂ ਵੋਟਾਂ ਖਿੱਚਣ ਵਾਲੇ ਚਿਹਰੇ ਦੇ ਤੌਰ 'ਤੇ ਅੱਗੇ ਲਿਆਂਦਾ ਗਿਆ ਹੈ। ਉਸ ਦੇ ਦੋ ਚਿਹਰੇ ਪੇਸ਼ ਕੀਤੇ ਜਾ ਰਹੇ ਹਨ। ਇਕ ਪਾਸੇ ਉਸ ਨੂੰ ਐਸੇ ਬੇਕਸੂਰ ਹਿੰਦੂਆਂ ਦੀ ਨੁਮਾਇੰਦਾ ਮਿਸਾਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜਿਹਨਾਂ ਨੂੰ ਕਥਿਤ ਤੌਰ 'ਤੇ ਕਾਂਗਰਸ ਸਰਕਾਰ ਵੱਲੋ ਘੱਟਗਿਣਤੀ ਨੂੰ ਖ਼ੁਸ਼ ਕਰਨ ਲਈ ਹਿੰਦੂਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਤਹਿਤ ਬੰਬ ਧਮਾਕਿਆਂ ਦੇ ਮਾਮਲਿਆਂ ਵਿਚ ਫਸਾਇਆ ਗਿਆ। ਇਹ ਉਸ ਦਾ ਹਮਦਰਦੀ ਬਟੋਰਨ ਵਾਲਾ ਚਿਹਰਾ ਹੈ। ਉਸ ਦਾ ਦੂਜਾ ਚਿਹਰਾ ਜ਼ਹਿਰ ਉਗਲਣ ਵਾਲੇ ਮੂੰਹਫਟ ਭਗਵੇਂ ਪ੍ਰਚਾਰਕ ਦਾ ਹੈ ਜਿਸ ਨੂੰ ਚੋਣਾਂ ਦੌਰਾਨ ਹਿੰਦੂਆਂ ਦੇ 'ਸਦੀਆਂ ਦੇ ਅਪਮਾਨ' ਦਾ ਬਦਲਾ ਲੈਣ ਵਾਲੇ ਦਲੇਰ ਚਿਹਰੇ ਵਜੋਂ ਪੇਸ਼ ਕਰਕੇ ਅਤੇ ਭੜਕਾਊ ਟਿੱਪਣੀਆਂ ਕਰਨ ਦੀ ਖੁੱਲ ਦੇ ਕੇ ਫਿਰਕੂ ਪਾਲਾਬੰਦੀ ਕਰਨ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਉਸ ਦੇ ਹਾਲੀਆ ਵਿਵਾਦਪੂਰਨ ਬਿਆਨ ਇਸੇ ਚੋਣ ਰਣਨੀਤੀ ਦਾ ਹਿੱਸਾ ਹਨ।

ਲੇਕਿਨ ਦਹਿਸ਼ਤਗਰਦ ਪ੍ਰਗਿਆ ਸਿੰਘ ਵੱਲੋਂ ਦਿੱਤੇ ਇਕ ਹਾਲੀਆ ਬਿਆਨ ਦੇਣ ਨਾਲ ਸੰਘ ਬਰਗੇਡ ਸਫਾਈ ਪੇਸ਼ ਕਰਨੀ ਮੁਸ਼ਕਲ ਹੋ ਗਈ। ਪ੍ਰਗਿਆ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੂੰ ਤਸੀਹੇ ਦੇਣ ਵਾਲਾ ਪੁਲਿਸ ਅਧਿਕਾਰੀ ਹੇਮੰਤ ਕਰਕਰੇ ਉਸ ਵੱਲੋਂ ਦਿੱਤੇ ਸਰਾਪ ਕਾਰਨ ਮਰਿਆ। ਸਮੱਸਿਆ ਇਹ ਖੜੀ ਹੋ ਗਈ ਕਿ ਸੰਘੀ ਤਾਂ ਦਹਿਸ਼ਤਗਰਦਾਂ ਨਾਲ ਮੁਕਾਬਲਿਆਂ ਵਿਚ ਮਾਰੇ ਗਏ ਪੁਲਸੀਆਂ ਅਤੇ ਫ਼ੌਜੀਆਂ ਨੂੰ ਸ਼ਹੀਦ ਕਹਿੰਦੇ ਹਨ ਹੁਣ ਉਹ ਪ੍ਰਗਿਆ ਸਿੰਘ ਦੇ ਬਿਆਨ ਦੇ ਹੱਕ ਵਿਚ ਕਿਵੇਂ ਖੜਨ। ਜੇ ਇਹੀ ਬਿਆਨ ਕਿਸੇ ਹੋਰ ਨੇ ਦਿੱਤਾ ਹੁੰਦਾ ਤਾਂ ਹਿੰਦੂਤਵ ਹਜੂਮਾਂ ਨੇ 'ਦੇਸ਼ਧ੍ਰੋਹੀ' ਕਰਾਰ ਦੇ ਕੇ ਉਸ ਦਾ ਜਿਊਣਾ ਹਰਾਮ ਕਰ ਦੇਣਾ ਸੀ। ਭਾਜਪਾ ਹਾਈਕਮਾਨ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਹ ਪ੍ਰੱਗਿਆ ਸਿੰਘ ਦੇ ਨਿੱਜੀ ਵਿਚਾਰ ਹਨ ਜੋ ਹਿਰਾਸਤ ਵਿਚ ਉਸ ਵੱਲੋਂ ਝੱਲੇ ਮਾਨਸਿਕ ਅਤੇ ਜਿਸਮਾਨੀ ਸੰਤਾਪ ਦਾ ਇਜ਼ਹਾਰ ਹਨ।

ਜਿੱਥੋਂ ਤਕ ਨਰਿੰਦਰ ਮੋਦੀ ਵੱਲੋਂ ਪ੍ਰਗਿਆ ਸਿੰਘ ਨੂੰ ਉਮੀਦਵਾਰ ਬਣਾਏ ਜਾਣ ਦੇ ਹੱਕ ਦਿੱਤੀਆਂ ਦਲੀਲਾਂ ਦਾ ਸਵਾਲ ਹੈ ਉਹ ਗ਼ਲਤ ਨਹੀਂ। ਉਹ ਰਾਜੀਵ ਗਾਂਧੀ ਵੱਲੋਂ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਦ 'ਜਦੋਂ ਵੱਡਾ ਰੁੱਖ ਡਿੱਗਦਾ ਹੈ...' ਦੇ ਹਵਾਲੇ ਨਾਲ ਕਾਂਗਰਸ ਉੱਪਰ ਹਮਲਾ ਕਰਦਾ ਹੋਇਆ ਕਹਿੰਦਾ ਹੈ ਕਿ ਜੇ ਪੰਜ ਹਜ਼ਾਰ ਤੋਂ ਵਧੇਰੇ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਨੂੰ ਜਾਇਜ਼ ਠਹਿਰਾਉਣ ਵਾਲਾ ਪ੍ਰਧਾਨ ਮੰਤਰੀ ਬਣ ਸਕਦਾ ਹੈ, ਕਤਲੇਆਮ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਐੱਚ.ਕੇ.ਐੱਲ.ਭਗਤ, ਸੱਜਣ ਕੁਮਾਰ ਵਰਗੇ ਕਾਂਗਰਸੀ ਆਗੂ ਕੇਂਦਰੀ ਮੰਤਰੀ ਮੰਡਲ ਵਿਚ ਅਤੇ ਹੋਰ ਉੱਚੇ ਅਹੁਦਿਆਂ ਉੱਪਰ ਰਹਿ ਸਕਦੇ ਹਨ, ਕਮਲਨਾਥ ਨੂੰ ਜ਼ੋਰਦਾਰ ਵਿਰੋਧ ਹੋਣ ਦੇ ਬਾਵਜੂਦ ਮੱਧ ਪ੍ਰਦੇਸ ਦਾ ਮੁੱਖ ਮੰਤਰੀ ਥਾਪਿਆ ਜਾ ਸਕਦਾ ਹੈ ਤਾਂ ਇਕੱਲੀ ਪ੍ਰੱਗਿਆ ਸਿੰਘ ਉੱਪਰ ਸਵਾਲ ਕਿਉਂ ਉਠਾਏ ਜਾ ਰਹੇ ਹਨ। ਉਸ ਦੀ ਦਲੀਲ ਵਿਚ ਵਜ਼ਨ ਹੈ। ਕਾਂਗਰਸ ਦਾ ਇਹੀ ਘਿਣਾਉਣਾ ਇਤਿਹਾਸ ਹੈ। ਲੇਕਿਨ ਵਿਡੰਬਨਾ ਇਹ ਹੈ ਕਿ ਜਿਹੜੇ ਬਹੁਤ ਸਾਰੇ 'ਧਰਮਨਿਰਪੱਖਤਾ' ਦੇ ਹਮਾਇਤੀ ਅੱਜ ਸਾਧਵੀ ਦੇ ਮਾਮਲੇ ਦੀ ਦੁਹਾਈ ਦੇ ਕੇ 'ਧਰਮਨਿਰਪੱਖ ਮੁੱਲਾਂ' ਨੂੰ ਬਚਾਉਣ ਲਈ ਤਾਹੂ ਹਨ ਉਹ ਕਾਤਲ ਕਾਂਗਰਸੀਆਂ ਨੂੰ ਵਿਧਾਇਕ, ਵਜ਼ੀਰ ਬਣਾਏ ਜਾਣ ਸਮੇਂ ਖ਼ਾਮੋਸ਼ ਰਹੇ।

ਲੇਕਿਨ ਮੋਦੀ ਦੀ ਇਹ ਦਲੀਲ ਕੋਰਾ ਝੂਠ ਹੈ ਕਿ ਪੰਜ ਹਜ਼ਾਰ ਪੁਰਾਣੀ ਸੰਸਕ੍ਰਿਤੀ ਵਾਲੇ ਹਿੰਦੂ ਕਦੇ ਦਹਿਸ਼ਤਗਰਦੀ ਵਿਚ ਸ਼ਾਮਲ ਨਹੀਂ ਰਹੇ। ਹਰ ਹਿੰਦੂ ਦਹਿਸ਼ਤਗਰਦ ਨਹੀਂ ਲੇਕਿਨ ਹਰ ਕੱਟੜ ਹਿੰਦੂਤਵਵਾਦੀ ਦੀ ਜ਼ਿਹਨੀਅਤ ਦਹਿਸ਼ਤਗਰਦ ਹੈ। ਸੰਘ ਦੇ 'ਵਿਦਵਾਨ' ਦਹਿਸ਼ਤਗਰਦੀ ਨੂੰ ਘੱਟਗਿਣਤੀ ਧਾਰਮਿਕ ਫਿਰਕਿਆਂ ਨਾਲ ਜੋੜ ਕੇ ਇਤਿਹਾਸ ਨੂੰ ਜਿੰਨਾ ਮਰਜ਼ੀ ਤੋੜ-ਮਰੋੜ ਕੇ ਪੇਸ਼ ਕਰਦੇ ਰਹਿਣ ਉਹ ਆਪਣੇ ਲਹੂ ਲਿੱਬੜੇ ਚਿਹਰਿਆਂ ਨੂੰ ਲੁਕੋ ਨਹੀਂ ਸਕਦੇ। ਬ੍ਰਾਹਮਣਵਾਦੀਆਂ ਵੱਲੋਂ ਬੋਧੀ ਫਿਰਕੇ ਦੀ ਨਸਲਕੁਸ਼ੀ ਅਤੇ ਦਲਿਤਾਂ ਉੱਪਰ ਸਦੀਆਂ ਤੋਂ ਕੀਤੇ ਜਾ ਰਹੇ ਜ਼ੁਲਮ, ਗਾਂਧੀ ਦੇ ਹਤਿਆਰੇ ਗੌਡਸੇ ਅਤੇ ਵੀ.ਡੀ. ਸਾਵਰਕਰ ਦਾ ਗੂੜ੍ਹਾ ਰਿਸ਼ਤਾ ਅਤੇ ਨਰਿੰਦਰ ਡਭੋਲਕਰ, ਪ੍ਰੋਫੈਸਰ ਕਲਬੁਰਗੀ, ਗੋਵਿੰਦ ਪਾਨਸਰੇ, ਗੌਰੀ ਲੰਕੇਸ਼ ਆਦਿ ਅਗਾਂਹਵਧੂ ਬੁੱਧੀਜੀਵੀਆਂ ਦੇ ਕਾਤਲਾਂ ਦਾ ਪਿਛੋਕੜ ਹਿੰਦੂ ਹੋਣ ਦੇ ਤੱਥ ਜੱਗ ਜ਼ਾਹਰ ਹਨ।

ਇਥੇ ਅਦਾਲਤੀ ਪ੍ਰਣਾਲੀ ਦੇ ਦੋਹਰੇ ਮਿਆਰਾਂ ਦਾ ਜ਼ਿਕਰ ਵੀ ਜ਼ਰੂਰੀ ਹੈ। ਖ਼ੁਦ ਪ੍ਰੱਗਿਆ ਸਿੰਘ ਦੀ ਮਿਸਾਲ ਦੇਖ ਲਓ। ਕਿਹਾ ਜਾਂਦਾ ਹੈ ਕਿ ਮੁਸਲਿਮ ਨੌਜਵਾਨ ਯਾਕੂਬ ਮੈਮਨ ਦਾ ਸਕੂਟਰ ਕਥਿਤ ਤੌਰ 'ਤੇ ਮੁੰਬਈ ਬੰਬ ਧਮਾਕਿਆਂ ਵਿਚ ਇਸਤੇਮਾਲ ਕੀਤਾ ਗਿਆ ਸੀ। ਇਸ ਅਧਾਰ ਉਸ ਨੂੰ ਬੰਬ ਧਮਾਕਿਆਂ ਦੀ ਸਾਜ਼ਿਸ਼ ਵਿਚ ਸ਼ਾਮਲ ਮੰਨਕੇ ਫਾਂਸੀ ਦੇ ਦਿੱਤੀ ਗਈ ਲੇਕਿਨ ਪ੍ਰਗਿਆ ਸਿੰਘ ਦਾ ਮੋਟਰ ਬਾਈਕ ਬੰਬ ਧਮਾਕੇ ਵਿਚ ਇਸਤੇਮਾਲ ਕੀਤੇ ਜਾਣ ਦੇ ਬਾਵਜੂਦ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਸੰਘ ਬਰਗੇਡ ਦੇ ਰਾਜ ਵਿਚ ਜਾਂਚ ਅਧਿਕਾਰੀਆਂ ਵਿਚ ਉਸ ਨੂੰ ਜ਼ਮਾਨਤ ਦਿੱਤੇ ਜਾਣ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ। ਇਹ ਹੈ ਇਸ ਮੁਲਕ ਵਿਚ ਘੱਟਗਿਣਤੀ ਅਤੇ ਬਹੁਗਿਣਤੀ 'ਚੋਂ ਹੋਣ ਦੇ ਅਧਾਰ 'ਤੇ ਨਿਆਂ ਪ੍ਰਣਾਲੀ ਦਾ ਦੋਹਰਾ ਮਿਆਰ। ਇੰਨਾ ਹੀ ਨਹੀਂ, ਮੈਡੀਕਲ ਅਧਾਰ 'ਤੇ ਵਿਸ਼ੇਸ਼ ਅਦਾਲਤ ਹਿੰਦੂਤਵ ਦਹਿਸ਼ਤਗਰਦ ਪ੍ਰਗਿਆ ਸਿੰਘ ਨੂੰ ਜ਼ਮਾਨਤ ਦਿੰਦੀ ਹੈ ਲੇਕਿਨ ਇਹੀ ਨਿਆਂ ਪ੍ਰਣਾਲੀ 90ਫ਼ੀ ਸਦੀ ਅਪਾਹਜ ਪ੍ਰੋਫੈਸਰ ਸਾਈਬਾਬਾ ਨੂੰ ਇਹ ਕਹਿਕੇ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੰਦੀ ਹੈ ਕਿਉਂਕਿ ਸਰਕਾਰੀ ਵਕੀਲ ਦੀ ਦਲੀਲ ਹੈ ਕਿ ਪ੍ਰੋਫੈਸਰ ਜ਼ਮਾਨਤ 'ਤੇ ਬਾਹਰ ਆ ਕੇ ਸਬੂਤਾਂ ਨੂੰ ਨਸ਼ਟ ਕਰ ਸਕਦਾ ਹੈ ਅਤੇ ਕੇਸ ਨੂੰ ਪ੍ਰਭਾਵਿਤ ਕਰ ਸਕਦਾ ਹੈ!

ਪ੍ਰਗਿਆ ਸਿੰਘ ਨੂੰ ਉਮੀਦਵਾਰ ਬਣਾਉਣਾ ਇਕ ਸਾਫ਼ ਸੰਕੇਤ ਹੈ। ਜਿੱਤ ਜਾਣ ਦੀ ਸੂਰਤ ਵਿਚ ਉਸ ਨੂੰ ਊਮਾ ਭਾਰਤੀ, ਅਦਿੱਤਿਆਨਾਥ ਦੀ ਤਰਾਂ ਹੋਰ ਉੱਚਾ ਅਹੁਦਾ ਦੇ ਕੇ ਸਨਮਾਨਿਆ ਜਾਵੇਗਾ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਜੇ ਇਸ ਵਾਰ ਸੰਘ ਬਰਗੇਡ ਦੁਬਾਰਾ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਅਗਲੇ ਸਾਲਾਂ ਵਿਚ ਬਹੁਗਿਣਤੀ ਦੀ ਦਹਿਸ਼ਤਗਰਦੀ ਘੱਟਗਿਣਤੀਆਂ ਅਤੇ ਹੋਰ ਦੱਬੇਕੁਚਲੇ ਲੋਕਾਂ ਨਾਲ ਕਿੰਨਾ ਫਾਸ਼ੀਵਾਦੀ ਤਰੀਕੇ ਨਾਲ ਪੇਸ਼ ਆਵੇਗੀ। ਹੁਣ ਵੀ ਇਹ ਰਾਜ ਪ੍ਰਬੰਧ ਧਰਮਨਿਰਪੱਖਤਾ ਦੇ ਪਰਦੇ ਹੇਠ ਬਹੁਗਿਣਤੀਵਾਦੀ ਹਿੰਦੂ ਉੱਚਜਾਤੀ ਰਾਜ ਹੈ। ਸੰਘ ਬਰਗੇਡ ਇਸ ਨੂੰ ਐਲਾਨੀਆ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਲੈ ਕੇ ਕੰਮ ਕਰ ਰਿਹਾ ਹੈ। ਜੇ 'ਧਰਮਨਿਰਪੱਖ' ਰਾਜ ਵਿਚ ਹਿੰਦੂਤਵ ਦਹਿਸ਼ਤਗਰਦਾਂ ਅਤੇ ਹਜੂਮੀ ਹਤਿਆਰਿਆਂ ਨੂੰ ਮਨਮਾਨੀਆਂ ਕਰਨ ਦੀ ਖੁੱਲੀ ਛੁੱਟੀ ਹੈ ਤਾਂ ਫਾਸ਼ੀਵਾਦੀ ਹਿੰਦੂ ਰਾਸ਼ਟਰ ਦੇ ਭਿਆਨਕ ਹਾਲਾਤ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਇਸ ਖ਼ਤਰੇ ਬਾਰੇ ਅਵਾਮ ਨੂੰ ਸੁਚੇਤ ਕਰਨਾ ਅਤੇ ਇਸ ਦਾ ਟਾਕਰਾ ਕਰਨ ਲਈ ਤਿਆਰੀ ਕਰਨਾ ਇਨਕਲਾਬੀ ਜਮਹੂਰੀ ਤਾਕਤਾਂ ਦੇ ਸਭ ਤੋਂ ਮਹੱਤਵਪੂਰਨ ਕਾਰਜਾਂ ਵਿੱਚੋਂ ਇਕ ਹੈ।

# ਪੰਜਾਬ ਵਿਰੋਧੀ ਲੋਕਾਂ ਰਾਹੀਂ ਕਾਰਪੋਰੇਟ ਜਗਤ ਵਲੋਂ ਲੁੱਟ



ਜਸਦੇਵ ਸਿੰਘ ਲਲਤੋਂ
0161-2805677



ਪੰਜਾਬ ਦੇ ਬਿਜਲੀ ਖੇਤਰ ਅੰਦਰ ਲਾਗੂ ਹੋ ਰਹੀਆਂ ਨਿੱਜੀਕਰਨ ਦੀਆਂ ਨੀਤੀਆਂ ਅਧੀਨ ਪ੍ਰਾਈਵੇਟ ਬਿਜਲੀ ਕਾਰਪੋਰੇਟ ਕੰਪਨੀਆਂ ਨੇ ਬਹੁਤ ਭਾਰੀ ਲੁੱਟ ਮਚਾ ਰੱਖੀ ਹੈ, ਜਿਸ ਦੇ ਠੋਸ ਅੰਕੜੇ ਪੜ੍ਹ ਕੇ ਆਮ ਆਦਮੀ ਹੈਰਾਨ-ਪ੍ਰੇਸ਼ਾਨ ਹੋ ਕੇ ਰਹਿ ਜਾਂਦਾ ਹੈ। ਇਸ ਲੇਖ ਦੇ ਲੇਖਕ ਵੱਲੋਂ ਹਰ ਸਾਲ, ਮਹੀਨਿਆਂ ਬੱਧੀ ਆਰ.ਟੀ.ਆਈ. ਜਦੋ ਜਹਿਦ ਰਾਹੀਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਪਾਸੋਂ ਪ੍ਰਾਪਤ ਕੀਤੇ ਨਿੱਗਰ ਤੱਥ ਤੇ ਠੋਸ ਅੰਕੜੇ, ਉਪਰੋਕਤ ਲੁੱਟ ਦਾ ਹਕੀਕੀ ਨਕਸ਼ਾ ਪੇਸ਼ ਕਰਨ ਲਈ ਕਾਫੀ ਸਾਬਤ ਹੋਣਗੇ।

ਪੰਜਾਬੀ ਦੀ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਪਹਿਲੀ ਵਾਰੀ ਪੰਜਾਬ ਦੇ ਬਿਜਲੀ ਪੈਦਾਵਾਰ (ਜੈਨਰੇਸ਼ਨ) ਦੇ ਖੇਤਰ 'ਚ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਨਾਲ ਸਮਝੌਤਾ ਕਰਕੇ, ਰਾਜਪੁਰਾ ਪਲਾਂਟ (ਐਨ.ਪੀ.ਐਲ.) ਤੇ ਤਲਵੰਡੀ ਸਾਬੋ ਪਲਾਂਟ (ਟੀ.ਐਸ.ਪੀ.ਐਲ) ਲਗਵਾਏ। 29.6.2012 ਨੂੰ ਤਤਕਾਲੀ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਅੰਦਰ ਐਲਾਨ ਕੀਤਾ ਕਿ ਰਾਜਪੁਰਾ ਪਲਾਂਟ ਤੋਂ 2.89 ਰੁ/ ਯੂਨਿਟ ਤੇ ਤਲਵੰਡੀ ਸਾਬੋ ਪਲਾਂਟ ਤੋਂ 2.36 ਰੁ./ ਯੂਨਿਟ ਦੀ ਦਰ ਨਾਲ ਬਿਜਲੀ ਦੀ ਖ੍ਰੀਦ ਦਾ ਬਾਕਾਇਦਾ ਸਮਝੌਤਾ ਹੋਇਆ ਹੈ। ਬਾਅਦ ਵਿੱਚ ਗੋਇੰਦਵਾਲ ਸਾਹਿਬ (ਜੀ.ਵੀ.ਕੇ) ਪਲਾਂਟ ਨਾਲ 2.69 ਰੁ:/ ਯੂਨਿਟ ਦਾ ਇਕਰਾਰ ਹੋਇਆ ਸੀ। ਲੇਕਿਨ ਆਰ.ਟੀ.ਆਈ .ਦੀ ਸੂਚਨਾ ਗਵਾਹ ਹੈ ਕਿ ਉਪਰੋਕਤ ਰੇਟਾਂ 'ਤੇ ਇਕ ਦਿਨ ਵੀ ਬਿਜਲੀ ਦੀ ਖਰੀਦ ਨਹੀਂ ਕੀਤੀ ਗਈ। ਇਹ ਨੰਗਾ-ਚਿੱਟਾ ਧੋਖਾ ਨਹੀਂ ਤਾਂ ਹੋਰ ਕੀ ਹੈ?

**ਮਨਭਾਉਂਦੇ ਨਿੱਜੀ ਰੇਟਾਂ ਰਾਂਹੀ ਹਰ ਸਾਲ ਅਰਬਾਂ ਰੁ. ਦਾ ਰਗੜਾ**

1 ਅਪ੍ਰੈਲ 2013 ਤੋਂ 31 ਮਾਰਚ 2017 ਤੱਕ ਰਾਜਪੁਰਾ ਪਲਾਂਟ ਦੇ ਤੈਅਸ਼ੁਦਾ ਰੇਟ 2.89 ਰੁ/ ਯੂਨਿਟ ਦੀ ਬਜਾਏ 3.36 ਰੁ. ਤੋਂ ਲੈ ਕੇ 4.39 ਰੁ./ ਯੂਨਿਟ ਤੱਕ, ਤਲਵੰਡੀ ਸਾਬੋ ਪਲਾਂਟ ਦੇ ਤੈਅਸ਼ੁਦਾ ਰੇਟ 2.36 ਰੁ./ ਯੂਨਿਟ ਦੀ ਬਜਾਏ 3.99 ਤੋਂ 5.26 ਰੁ./ ਯੂਨਿਟ ਤੱਕ, ਗੋਇੰਦਵਾਲ ਸਾਹਿਬ ਪਲਾਂਟ ਦੇ ਤੈਅਸ਼ੁਦਾ ਰੇਟ 2.69 ਰੁ/ ਯੂਨਿਟ ਦੀ ਬਜਾਏ 5.31ਰੁ/ ਯੂਨਿਟ ਤੱਕ ਦੀ ਅਸਲ ਖਰੀਦ ਦੇ ਸਿੱਟੇ ਵਜੋਂ ਇਨ੍ਹਾਂ 4 ਸਾਲਾਂ 'ਚ ਪਾਵਰਕਾਮ ਨੂੰ 5894 ਕਰੋੜ ਰੁ. ਤੋਂ ਉਪਰ ਦਾ ਰਗੜਾ ਲਗਾਇਆ ਗਿਆ।

16 ਮਾਰਚ 2017 ਤੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਮੌਜੂਦਾ ਕਾਂਗਰਸ ਸਰਕਾਰ ਬਣਨ ਨਾਲ, ਉਪਰੋਕਤ ਤੈਅਸ਼ੁਦਾ ਰੇਟਾਂ ਦੀ ਬਜਾਏ, ਰਾਜਪੁਰਾ ਪਲਾਂਟ ਤੋਂ 4.42 ਰੁ./ ਯੂਨਿਟ, ਤਲਵੰਡੀ ਸਾਬੋ ਪਲਾਂਟ ਤੋਂ 4.41 ਰੁ./ ਯੂਨਿਟ, ਗੋਇੰਦਵਾਲ ਸਾਹਿਬ ਪਲਾਂਟ ਤੋਂ 4.32 ਰੁ./ ਯੂਨਿਟ, ਦੀ ਅਸਲ ਖਰੀਦ ਦੇ ਨਤੀਜੇ ਵਜੋਂ 1 ਅਪ੍ਰੈਲ 17 ਤੋਂ 31 ਮਾਰਚ 18 ਤੱਕ ਕੁੱਲ 3186.13 ਕਰੋੜ ਰੁ. ਦਾ ਚੂਨਾ ਲੱਗ ਚੁੱਕਾ ਹੈ।

ਦੂਜੇ ਪਾਸੇ ਪਾਵਰਕਾਮ ਦੇ ਆਪ ਦੇ ਚੰਗੇ ਭਲੇ ਚੱਲਦੇ ਆ ਰਹੇ ਬਠਿੰਡਾ, ਲਹਿਰਾ ਮੁਹੱਬਤ ਤੇ ਰੋਪੜ ਥਰਮਲ ਪਲਾਂਟਾ ਦੇ 14 ਯੂਨਿਟ ਹਰ ਸਾਲ 17 ਹਜ਼ਾਰ ਮਿਲੀਅਨ ਯੂਨਿਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਰੱਖ ਦੇ ਹਨ। ਪ੍ਰੰਤੂ ਨਿੱਜੀ ਕਾਰਪੋਰੇਟਾਂ ਨੂੰ ਵੱਡੇ ਮੁਨਾਫੇ ਯਕੀਨੀ ਬਣਾਉਣ ਦੀ ਨੀਤੀ ਤਹਿਤ, ਪਹਿਲਾਂ 2013-14 ਤੋਂ ਕੇਵਲ 7 ਹਜ਼ਾਰ ਮਿ. ਯੂਨਿਟ ਬਿਜਲੀ ਪੈਦਾ ਕਰਵਾਉਣ ਲਈ ਸਿਰਫ 4-5 ਯੂਨਿਟ ਹੀ ਚਲਾਏ ਜਾਂਦੇ ਰਹੇ। 760 ਕਰੋੜ ਰੁ. ਦੀ ਲਾਗਤ ਨਾਲ 2014-15 'ਚ ਨਵਿਆਏ ਬਠਿੰਡਾ ਪਲਾਂਟ ਨੂੰ 2017-18 'ਚ ਪੁੱਜ ਕੇ ਬਿਜਲੀ ਮੁਲਾਜ਼ਮਾਂ ਤੇ ਆਮ ਲੋਕਾਂ ਦੇ ਲਗਾਤਾਰ ਵੱਡੇ ਅੰਦੋਲਨ ਕਰਨ ਦੇ ਬਾਵਜੂਦ, ਪੱਕੇ ਤੌਰ ਤੇ ਬੰਦ ਕਰ ਦਿੱਤਾ ਗਿਆ ਹੈ। ਦਰਅਸਲ ਸਰਕਾਰੀ ਥਰਮਲ ਪਲਾਂਟਾਂ ਦਾ ਜਲਦੀ ਤੇ ਮੁਕੰਮਲ ਖਾਤਮਾ, ਸਰਕਾਰੀ ਹਾਈਡਲ ਪਲਾਂਟਾਂ ਦਾ ਸਲੋ-ਡਾਊਨ ਸਰਕਾਰੀ ਨੀਤੀ ਦਾ ਹਿੱਸਾ ਹੈ।

ਰੋਪੜ ਤੇ ਲਹਿਰਾ ਮੁਹੱਬਤ ਪਲਾਂਟਾਂ ਨੂੰ ਪੂਰੀ ਸਮਰੱਥਾ ਦੀ ਬਜਾਏ, ਇਕਾਦੁਕਾ ਯੂਨਿਟ ਚਲਾ ਕੇ ਬਹੁਤ ਹੀ ਘੱਟ ਬਿਜਲੀ ਪੈਦਾ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਦਾ ਭੋਗ ਪਾਉਣ ਦੀ ਵੀ ਅੰਦਰ ਖਾਤੇ ਤਿਆਰ ਚਲ ਰਹੀ ਹੈ।

**ਨਿੱਜੀ ਕਾਰਪੋਰੇਟਾਂ ਨੂੰ ਹਰ ਸਾਲ ਪਾਵਰਕਾਮ ਖਜ਼ਾਨੇ ਚੋਂ ਦਿੱਤੇ ਜਾਂਦੇ ਹਨ, ਅਰਬਾਂ ਰੁ. ਦੇ ਫਿਕਸ ਚਾਰਜ**

ਜੂਨ 1991 ਤੋਂ ਨਿੱਜੀਕਰਨ ਦੇ ਦੌਰ ਦੇ ਇਤਿਹਾਸ ਅੰਦਰ, ਪੰਜਾਬ ਦੇ ਬਿਜਲੀ ਖੇਤਰ ਅੰਦਰ ਜੂਨ 2012 ਦਾ ਬਿਜਲੀ ਕਾਰਪੋਰੇਟ ਕੰਪਨੀਆਂ ਨਾਲ ਕੀਤਾ ਸਮਝੌਤਾ, ਸਿਰੇ ਦਾ ਪਹਿਲਾ ਵੱਡਾ ਪੰਜਾਬ ਵਿਰੋਧੀ ਤੇ ਲੋਕ ਵਿਰੋਧੀ ਸਮਝੌਤਾ ਹੈ, ਜੋ ਨਿੱਜੀ ਮਗਰਮੱਛਾਂ ਨੂੰ ਹਰ ਸਾਲ ਪਾਵਰਕਾਮ ਦੇ ਸਰਕਾਰੀ (ਪਬਲਿਕ) ਬੱਜਟ ਚੋਂ ਅਰਬਾਂ ਰੁ. ਦੀ ਫਿਕਸ ਅਦਾਇਗੀ ਨਿਗਲ ਜਾਣ ਦੀ ਕਾਨੂੰਨੀ ਖੁੱਲ੍ਹ ਦਿੰਦਾ ਹੈ। ਇਹ ਫਿਕਸ ਅਦਾਇਗੀ ਦਾ, ਖਰੀਦੀ ਬਿਜਲੀ ਲਈ ਦਿੱਤੇ ਗਏ ਖਰੀਦ ਮੁੱਲ (ਜਿਨ੍ਹਾਂ ਦਾ ਮੁਕੰਮਲ ਵੇਰਵਾ ਪਹਿਲਾਂ ਹੀ ਉਪਰ ਦਿੱਤਾ ਜਾ ਚੁੱਕਾ ਹੈ) ਨਾਲੋਂ ਬਿਲਕੁਲ ਪੂਰੀ ਤਰ੍ਹਾਂ ਭਿੰਨ ਹੈ ਅਤੇ ਵੱਖਰੀ ਮੱਦ ਵਜੋਂ ਅਦਾ ਕੀਤੀ ਜਾਂਦੀ ਹੈ। 1 ਅਪ੍ਰੈਲ 2013 ਤੋਂ 31 ਮਾਰਚ 2017 ਤੱਕ ਉਪਰੋਕਤ ਨਿਜੀ ਕੰਪਨੀਆ ਇਹ ਰਾਸ਼ੀ ਕਰੀਬ 7814.66 ਕਰੋੜ ਰੁ. ਦੀ ਫਿਕਸ ਰਾਸ਼ੀ ਦਿੱਤੀ ਜਾ ਚੁੱਕੀ ਹੈ।

ਇਸ ਤੋਂ ਬਾਅਦ 1 ਅਪ੍ਰੈਲ 2017 ਤੋਂ 31 ਮਾਰਚ 2018 ਤੱਕ ਉਪਰੋਕਤ ਕੰਪਨੀਆ ਨੂੰ 2933.03 ਕਰੋੜ ਰੁ. ਅਤੇ 3 ਹੋਰ ਨਵੀਆਂ ਕੰਪਨੀਆਂ-ਸੀ.ਜੀ.ਪੀ.ਐਲ, ਪਰਗਤੀ ਤੇ ਮਲਾਨਾ ਨੂੰ 478.53 ਕਰੋੜ ਰੁ., ਇਸ ਤਰ੍ਹਾਂ ਕੁੱਲ 3411.56 ਕਰੋੜ ਰੁ. ਫਿਕਸ ਅਦਾਇਗੀ ਅਦਾ ਕੀਤੀ ਗਈ ਹੈ। ਪੰਜਾਬ ਸਰਕਾਰ, ਨਿੱਜੀ ਕਾਰਪੋਰੇਟਾਂ ਮੂਹਰੇ ਡੰਡੌਤ ਬੰਦਨਾ ਕਰਦੀ ਨਜ਼ਰ ਆਉਂਦੀ ਹੈ, "ਹੇ ਕਾਰਪੋਰੇਟੋ, ਸਾਡੇ ਧੰਨ ਭਾਗ ਹਨ, ਹਮ ਘਰ ਸਾਜਨ ਆਏ! ਤੁਸੀਂ ਪੰਜਾਬ 'ਚ ਮਹਿੰਗੀ ਬਿਜਲੀ ਵੇਚਣ ਲਈ ਚਰਨ ਪਾਏ ਹਨ, ਸੋ ਅਸੀਂ ਤੁਹਾਨੂੰ ਹਰ ਸਾਲ ਵੱਖਰੇ ਫਿਕਸ ਚਾਰਜ ਦਾ ਕੀਮਤੀ ਨਜ਼ਰਾਨਾ ਭੇਟ ਕਰਦੇ ਰਹਾਂਗੇ।"

**ਬਿਜਲੀ ਪੈਦਾਵਾਰ/ਸਪਲਾਈ ਦੀ ਦੇਰੀ ਦੇ ਜੁਰਮਾਨੇ ਨਹੀਂ ਵਸੂਲੇ**

ਉਪਰੋਕਤ ਪਹਿਲੀਆਂ 3 ਨਿੱਜੀ ਕੰਪਨੀਆਂ ਨਾਲ ਹੋਏ ਸਮਝੌਤੇ ਦੀ ਮੱਦ ਸੀ ਕਿ ਬਿਜਲੀ ਪੈਦਾਵਾਰ/ ਸਪਲਾਈ 'ਚ ਹੋਈ ਦੇਰੀ ਬਦਲੇ ਜੁਰਮਾਨੇ ਅਦਾ ਕਰਨੇ ਪੈਣਗੇ। ਤਲਵੰਡੀ ਸਾਬੋ ਪਲਾਂਟ ਵੱਲ 2 ਸਾਲ ਦੀ ਦੇਰੀ ਬਦਲੇ 950 ਕਰੋੜ ਰੁ. ਗੋਇੰਦਵਾਲ ਸਾਹਿਬ ਪਲਾਂਟ ਵੱਲ 250 ਕਰੋੜ ਰੁ. ਜੁਰਮਾਨੇ ਬਣਦੇ ਸਨ। ਇਸ 1100 ਕਰੋੜ ਰੁ. ਵਿੱਚੋਂ ਮਾਰਚ 2017 ਤੱਕ ਇਕ ਰੁਪਇਆ ਵੀ ਨਹੀਂ ਵਸੂਲਿਆ ਗਿਆ। ਨਿੱਜੀ ਕੰਪਨੀਆਂ ਨਾਲ ਵਫਾਦਾਰੀ ਤੇ ਸਰਕਾਰੀ ਖਜ਼ਾਨੇ ਨਾਲ ਧੋਖਾਦੇਹੀ ਦਾ ਹੋਰ ਕੀ ਨਿਗਰ ਸਬੂਤ ਹੋ ਸਕਦਾ ਹੈ ?

**ਸਰਕਾਰੀ ਕੋਲਾ ਖਾਣ ਦੀ ਵਰਤੋਂ ਨਹੀਂ ਕੀਤੀ** : ਪਾਵਰਕਾਮ ਨੂੰ ਕੇਂਦਰ ਸਰਕਾਰ ਵੱਲੋਂ ਮਾਰਚ 2015 'ਚ ਪਿਛਵਾੜਾ ਕੋਲਾ ਖਾਨ ਅਲਾਟ ਹੋ ਦੇ ਬਾਵਜੂਦ, ਇਸ ਦੀ ਵਰਤੋਂ ਨਾ ਕਰਨ 'ਤੇ ਪ੍ਰਾਈਵੇਟ ਕੋਲਾ ਖ੍ਰੀਦਣ ਕਰਕੇ ਮਾਰਚ 2017 ਤੱਕ ਹੀ 800 ਕਰੋੜ ਰੁਪਏ ਦਾ ਚੂਨਾ ਲੱਗ ਚੁੱਕਾ ਹੈ।

**ਸਸਤੀ ਬਿਜਲੀ ਪਸੰਦ ਨਹੀਂ**

2013-18 ਦੌਰਾਨ ਬਿਜਲੀ ਮਾਰਕੀਟ 'ਚੋਂ 2.68 ਰੁ./ ਯੂਨਿਟ ਤੱਕ ਮਿਲਦੀ ਸਸਤੀ ਬਿਜਲੀ ਖਰੀਦਣ ਦੀ ਬਜਾਏ ਉਪਰੋਕਤ ਕੰਪਨੀਆਂ ਤੋਂ ਤਕਰੀਬਨ ਡੇਢੇ/ਦੁਗਣੇ ਰੇਟਾਂ 'ਤੇ ਬਿਜਲੀ ਖ੍ਰੀਦ ਕੇ ਪਾਵਰਕਾਮ ਬੱਜਟ ਨੂੰ ਮੋਛੇ ਪਾਏ ਗਏ ਹਨ। ਜਦਕਿ 10-12 ਅਪ੍ਰੈਲ 2017 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੰਬਈ ਨਿਵੇਸ਼ ਦੌਰੇ ਦੌਰਾਨ ਰਿਲਾਇੰਸ ਪਾਵਰ ਤੇ ਮਹਿੰਦਰਾ ਪਾਵਰ ਨੇ ਕਰਮਵਾਰ 1.75/ ਯੂ. ਤੇ 1.50 ਰੁ./ ਯੂ. ਬਿਜਲੀ ਦੇਣ ਦੀ ਪੇਸ਼ਕਸ਼ ਖੁੱਲ੍ਹੇ ਤੌਰ ਤੇ ਕੀਤੀ ਸੀ। ਇਸ ਦੀ ਬਜਾਏ ਦਿੱਲੀ ਦੀ ਪ੍ਰਗਤੀ ਤੇ ਹਿਮਾਚਲ ਦੀ ਮਲਾਨਾ ਤੋਂ ਕਰਮਵਾਰ 7.06 ਰੁ./ ਯੂ. ਤੇ 6.12 ਰੁ./ ਯੂ. ਦੇ ਸੌਦੇ ਏਸੇ ਮਹੀਨੇ ਕੀਤੇ ਗਏ। ਇਹਨੂੰ ਕਹਿੰਦੇ ਨੇ "ਦੁੱਧ ਦੀ ਰਾਖੀ ਬਿੱਲੇ ਬਿਠਾਉਣੇ"। ਇਸ ਤੋਂ ਇਲਾਵਾ 17-18 'ਚ ਹੀ ਕੇਂਦਰ ਸੈਕਟਰ ਦੇ 47 ਵਿੱਚੋਂ 34 ਪਲਾਂਟਾਂ ਤੋਂ 3 ਰੁ./ ਯੂ. ਤੋਂ ਉਪਰ (ਡੇਢੇ/ਦੁਗਣੇ) ਰੇਟਾਂ 'ਤੇ ਖਰੀਦੀ ਗਈ ਹੈ।

**5 ਰੁ. ਪ੍ਰਤੀ ਯੂਨਿਟ ਦੇ ਚੋਣ-ਵਾਅਦੇ ਦਾ ਕੀ ਬਣਿਆ ?**

ਮੌਜੂਦਾ ਮੁੱਖ ਮੰਤਰੀ ਕੈਪਟਨ ਸਾਹਿਬ ਨੇ ਚੋਣ ਮੈਨੀਫੈਸਟੋ 'ਚ ਬਾਕਾਇਦਾ ਦਰਜ ਕੀਤਾ ਸੀ ਤੇ ਵਾਰ-ਵਾਰ ਐਲਾਨ ਕੀਤੇ ਸਨ ਕਿ ਆਮ ਖੱਪਤਕਾਰ ਨੂੰ 5 ਰੁ. ਯੂ. ਬਿਜਲੀ ਦਿੱਤੀ ਜਾਵੇਗੀ। ਲੇਕਿਨ ਹਕੀਕਤ ਇਹ ਹੈ ਕਿ 2 ਸਾਲਾਂ 'ਚ 3 ਵਾਰ ਵਾਧੇ ਕਰਕੇ, ਆਮ ਆਦਮੀ ਨੂੰ ਸਾਰੇ ਟੈਕਸਾਂ ਸਮੇਤ ਇਹ 7.30 ਰੁ./ ਯੂ. ਤੱਕ ਵੇਚੀ ਜਾ ਰਹੀ ਹੈ। ਵੱਡੇ ਕਾਰਖਾਨੇਦਾਰਾਂ ਨਾਲ ਵਫਾਦਾਰੀ ਨਿਭਾਉਂਦਿਆਂ ਉਨ੍ਹਾਂ ਨੂੰ 2018 ਤੋਂ 5 ਰੁ./ ਯੂ. ਦੇ ਰੇਟ ਲਾਗੂ ਕਰ ਦਿੱਤਾ ਗਿਆ ਹੈ।

**ਅੱਜ ਵੀ ਦਿੱਤੀ ਜਾ ਸਕਦੀ ਹੈ 3.50 ਰੁ./ ਯੂਨਿਟ ਬਿਜਲੀ**

ਬਿਜਲੀ ਖੇਤਰ ਵਿਚਲੇ ਭਰੋਸੇਯੋਗ ਲੋਕ-ਹਿਤੂ ਸੂਤਰਾਂ ਅਨੁਸਾਰ ਸਾਰੇ ਸਰਕਾਰੀ ਥਰਮਲ ਪਲਾਂਟਾਂ ਅਤੇ ਪਣ-ਬਿਜਲੀ ਪਲਾਂਟਾਂ ਤੋਂ ਪੂਰੀ ਸਮਰੱਥਾ ਅਨੁਸਾਰ ਲਗਾਤਾਰ ਪੈਦਾਵਾਰ ਲੈਣ ਦੀ ਸੂਰਤ ਵਿਚ ਇਹ ਬੜੇ ਆਰਾਮ ਨਾਲ 13 ਹਜ਼ਾਰ ਮੈਗਾਵਾਟ ਤੋਂ ਉਪਰ ਬਿਜਲੀ ਰੋਜ਼ਾਨਾ ਦੇ ਸਕਦੇ ਹਨ, ਜਦਕਿ ਪੂਰੀ ਗਰਮੀ ਦੇ ਪੀਕ ਲੋਡ ਸੀਜਨ ਵਿਚ ਵੀ ਵੱਧ ਤੋਂ ਵੱਧ ਲੋੜ 11 ਹਜ਼ਾਰ ਮੈਗਾਵਾਟ ਦੇ ਕਰੀਬ ਰਹਿੰਦੀ ਹੈ। ਸੋ ਨਿੱਜੀ ਪਲਾਂਟਾਂ ਤੋਂ ਇਕ ਵੀ ਯੂਨਿਟ ਖ੍ਰੀਦਣ ਦੀ ਲੋੜ ਨਹੀਂ। ਸਰਕਾਰੀ ਥਰਮਲ ਪਲਾਂਟ ਬਿਜਲੀ ਦੀ ਲਾਗਤ ਕੀਮਤ ਕਰੀਬ 3 ਰੁ./ ਯੂਨਿਟ ਤੇ ਪਣ-ਬਿਜਲੀ ਪਲਾਂਟ ਦੀ ਲਗਭਗ 2 ਰੁ./ ਯੂਨਿਟ ਪੈਂਦੀ ਹੈ। ਗਊ ਸੈਸ ਸਮੇਤ ਹਰ ਤਰ੍ਹਾਂ ਦੇ ਬੇਤੁਕੇ ਤੇ ਭਾਰੀ ਟੈਕਸਾਂ ਦਾ ਖਾਤਮਾ ਕਰਕੇ ਅਤੇ ਵਾਜਬ ਮੁਨਾਫਾ ਰੱਖ ਕੇ, ਆਮ ਖੱਪਤਕਾਰ ਨੂੰ ਬਿਜਲੀ 3.50 ਰੁ./ ਯੂ. ਆਸਾਨੀ ਨਾਲ ਦਿੱਤੀ ਜਾ ਸਕਦੀ ਹੈ ਇਸ ਤੋਂ ਇਲਾਵਾ ਪਾਵਰਕਾਮ ਤੇ ਟਰਾਂਸਕੋ ਵਿੱਚ 1 ਲੱਖ 10 ਹਜ਼ਾਰ ਵਿੱਚੋਂ ਖਾਲੀ ਪਈਆਂ 80 ਹਜ਼ਾਰ ਆਸਾਮੀਆਂ 'ਤੇ ਬੇਰੁਜ਼ਗਾਰ ਨੌਜਵਾਨਾਂ ਦੀ ਨਵੀਂ ਪੱਕੀ ਭਰਤੀ ਕੀਤੀ ਜਾ ਸਕਦੀ ਹੈ।

**ਅੰਨੀ ਕਾਰਪੋਰੇਟੀ ਲੁੱਟ ਦੀ ਹੋਵੇ ਫੌਰੀ ਅਦਾਲਤੀ ਜਾਂਚ**

ਅਪ੍ਰੈਲ 2013- ਮਾਰਚ 18 ਦੇ ਉਪਰੋਕਤ ਅੰਕੜਿਆਂ ਦੇ ਅਧਾਰ 'ਤੇ ਉਭਰੀ ਹਕੀਕੀ ਤਸਵੀਰ ਰਾਹੀਂ ਵਾਧੂ ਰੇਟਾਂ ਵਾਲੇ 9080.13 ਕਰੋੜ ਰੁ., ਫਿਕਸ ਅਦਾਇਗੀ ਵਾਲੇ 11226.22 ਕਰੋੜ ਰੁ., ਲੇਟ ਪੈਦਾਵਾਰ/ ਸਪਲਾਈ ਜੁਰਮਾਨੇ ਵਾਲੇ 1100 ਕਰੋੜ ਰੁ., ਕੋਲਾ ਖਾਨ ਵਾਲੇ 800 ਕਰੋੜ ਰੁ. ਇਸ ਤਰ੍ਹਾਂ ਕੁੱਲ 22206. 35 ਕਰੋੜ ਰੁ. ਦੀ ਮਹਾਂ-ਲੁੱਟ ਦੀ ਮਾਨਯੋਗ ਹਾਈਕੋਰਟ ਦੇ 3 ਸਿਟਿੰਗ ਜੱਜਾਂ ਦੇ ਆਧਾਰ 'ਤੇ ਬਣਾਏ ਉਚ ਪੱਧਰੀ ਬਿਜਲੀ ਜਾਂਚ ਕਮਿਸ਼ਨ ਵੱਲੋਂ 2 ਮਹੀਨੇ ਦੇ ਨਿਸ਼ਚਿਤ ਸਮੇਂ ਅੰਦਰ ਕਰਕੇ ਜਾਂਚ ਮੁਕੰਮਲ ਕਰਕੇ ਸਬੰਧਤ ਨਿਜੀ ਕਾਰਪੋਰੇਸ਼ਨਾਂ, ਭ੍ਰਿਸ਼ਟ ਰਾਜਨੇਤਾਵਾਂ ਤੇ ਅਫਸਰਸ਼ਾਹਾਂ, ਵੱਲੋਂ ਬਣਾਈਆਂ ਗੈਰ-ਕਾਨੂੰਨੀ ਭਾਰੀ ਜਾਇਦਾਦਾਂ ਜਬਤ ਕਰਕੇ ਸਰਕਾਰੀ ਖਜ਼ਾਨਾ ਮੁੜ-ਮਾਲਾਮਾਲ ਕੀਤਾ ਜਾਵੇ ਅਤੇ ਬਣਦੇ ਮੁਕੱਦਮੇ ਚਲਾ ਕੇ ਸਖਤ ਤੋਂ ਸਖਤ ਸਜ਼ਾਵਾਂ ਯਕੀਨੀ ਬਣਾਈਆ ਜਾਣ, ਤਾਂ ਜੋ ਅੱਗੇ ਲਈ ਨਿਗਰ ਮਿਸਾਲ ਕਾਇਮ ਹੋ ਸਕੇ। ਪੰਜਾਬ ਵਿਧਾਨ ਸਭਾ ਦਾ ਫੌਰੀ ਫਰਜ ਬਣਦਾ ਹੈ ਕਿ ਉਹ ਮਹਾਂ ਲੁੱਟ ਨੂੰ ਯਕੀਨੀ ਬਣਾਉਣ ਵਾਲੇ ਬਿਜਲੀ ਖੇਤਰ ਦੇ ਪੰਜਾਬ ਵਿਰੋਧੀ, ਲੋਕ ਵਿਰੋਧੀ ਸਮਝੌਤੇ ਬਿਨਾਂ ਦੇਰੀ ਰੱਦ ਕਰਨ ਲਈ ਐਮਰਜੈਂਸੀ ਇਜਲਾਸ ਕਰੇ।

# ਤਰਕਸ਼ੀਲ ਸੁਸਾਇਟੀ ਨੇ ਆਲਮ ਸ਼ਾਹ ਤਾਂਤਰਿਕ ਤੋਂ ਠੱਗੀ ਦੀ ਰਕਮ ਵਾਪਸ ਕਰਵਾਈ

ਲੁਧਿਆਣਾ ਬੱਸ ਅੱਡੇ ਦੇ ਨੇੜੇ ਧਿਆਨ ਸਿੰਘ ਕੰਪਲੈਕਸ ਵਿੱਚ ਬਾਬਾ ਆਲਮ ਸ਼ਾਹ ਦੇ ਨਾਂ ਦਾ ਤਾਂਤਰਿਕ ਜੋ ਲੋਕਾਂ ਦੇ ਵਿਗੜੇ ਕੰਮ ਠੀਕ ਕਰਨ,ਪਿਆਰ ਵਿਆਹ, ਮੁਕੱਦਮਾ, ਵਿਦੇਸ਼ ਜਾਣ 'ਚ ਰੁਕਾਵਟ, ਵਸ਼ੀਕਰਣ, ਕੀਤਾ ਕਰਾਇਆ, ਓਪਰੀ ਕਸਰ ਆਦਿ ਸੰਬੰਧੀ ਆਪਣੀ ਤਾਂਤਰਿਕ ਵਿਧੀ ਦੁਆਰਾ ਹੱਲ ਕਰਨ ਦੇ ਦਾਅਵੇ ਕਰਕੇ ਆਪਣੀ ਠੱਗੀ ਦੀ ਦੁਕਾਨ ਚਲਾ ਰਿਹਾ ਸੀ। ਇਸ ਨੇ ਉਪਰੋਕਤ ਦਾਅਵੇ ਕਰਨ ਦੇ ਇਸ਼ਤਿਹਾਰ ਵੀ ਅਖ਼ਬਾਰਾਂ ਵਿੱਚ ਦਿੱਤੇ ਹੋਏ ਹਨ ਜਿਸ ਨੂੰ ਪੜ੍ਹਕੇ ਤਜਿੰਦਰ ਸਿੰਘ ਵਾਸੀ ਹਿੰਮਤ ਨਗਰ ਦੁੱਗਰੀ ਆਪਣੀ ਘਰੇਲੂ ਸਮੱਸਿਆ ਦਾ ਹੱਲ ਕਰਵਾਉਣ ਲਈ ਇਸ ਕੋਲ ਪਹੁੰਚ ਗਿਆ। ਉਪਰੋਕਤ ਤਾਂਤਰਿਕ ਨੇ ਪਹਿਲੇ ਦਿਨ ਤਜਿੰਦਰ ਸਿੰਘ ਦੀ ਸਮੱਸਿਆ ਦਾ ਹੱਲ ਕਰਨ ਲਈ ਪੂਜਾ ਪਾਠ ਕਰਨ ਲਈ ਉਸ ਪਾਸੋਂ 4500/- ਰੁ. ਬਟੋਰ ਲਏ ਅਤੇ ਦੂਜੇ ਦਿਨ ਫਿਰ ਆਣ ਲਈ ਕਿਹਾ। ਦੂਜੇ ਦਿਨ ਤਜਿੰਦਰ ਸਿੰਘ ਦੇ ਸਾਹਮਣੇ ਇਕ ਮਿੱਟੀ ਦੇ ਕੁੱਜੇ ਵਿੱਚ ਪਾਣੀ ਦੇ ਛਿੱਟੇ ਮਾਰਕੇ ਅੱਗ ਬਾਲਕੇ ਵਿਖਾਈ ਤੇ ਕੁੱਜੇ ਨੂੰ ਆਪਣੀ ਗੈਬੀ ਸ਼ਕਤੀ ਨਾਲ ਘੁਮਾਉਣ ਦਾ ਅਡੰਬਰ ਕੀਤਾ, ਜਿਸ ਰਾਹੀਂ ਤਜਿੰਦਰ ਸਿੰਘ ਡਰ ਗਿਆ। ਇਸ ਵੇਲੇ ਤਾਂਤਰਿਕ ਨੇ ਸਮੱਸਿਆ ਦਾ ਹੱਲ ਛੇਤੀ ਕਰਵਾਉਣ ਲਈ ਤਿੰਨ ਦੁੰਬਿਆਂ (ਭੇਡੂਆਂ) ਦੀ ਬਲੀ ਦੇਣ ਦੀ ਗੱਲ ਕੀਤੀ ਜਾਂ 20,000/- ਰੁ ਹੋਰ ਦੇਣ ਬਾਰੇ ਕਿਹਾ। ਰੁਪਏ ਨਾ ਦੇਣ ਦੀ ਸੂਰਤ ਵਿੱਚ ਘਰ ਦਾ ਹੋਰ ਨੁਕਸਾਨ ਹੋ ਜਾਣ ਦਾ ਡਰਾਵਾ ਦੇਕੇ ਵੀ ਧਮਕਾਇਆ। ਡਰ ਜਾਣ ਕਰਕੇ ਤਜਿੰਦਰ ਸਿੰਘ ਨੇ ਮਜਬੂਰੀ ਵੱਸ ਇਹ ਰੁ: ਹੋਰ ਦੇ ਦਿੱਤੇ। ਪਰ ਕਈ ਦਿਨ ਬਾਅਦ ਤੱਕ ਵੀ ਸਮੱਸਿਆ ਦਾ ਕੋਈ ਹੱਲ ਨਾ ਹੋਇਆ। ਇਸ ਦੌਰਾਨ ਤਾਂਤਰਿਕ ਫ਼ੋਨ ਰਾਹੀਂ ਵੀ ਤਜਿੰਦਰ ਸਿੰਘ ਨੂੰ 20 ਹਜ਼ਾਰ ਹੋਰ ਦੇਣ ਲਈ ਧਮਕੀਆਂ ਦੇਕੇ ਕਹਿੰਦਾ ਰਿਹਾ ਕਿ ਜੇ ਇਹ ਨਾ ਦਿੱਤੇ ਤਾਂ ਘਰ ਦਾ ਹੋਰ ਨੁਕਸਾਨ ਹੋਵੇਗਾ।

ਹੁਣ ਤਜਿੰਦਰ ਸਿੰਘ ਸਮਝ ਗਿਆ ਸੀ ਕਿ ਉਸ ਨਾਲ ਠੱਗੀ ਹੋ ਗਈ ਹੈ, ਜਿਸ ਕਰਕੇ ਉਸਨੇ ਤਰਕਸ਼ੀਲ ਆਗੂ ਜਸਵੰਤ ਜੀਰਖ ਨਾਲ ਸੰਪਰਕ ਕਰਕੇ ਸਾਰੀ ਕਹਾਣੀ ਬਿਆਨ ਕੀਤੀ ਅਤੇ ਲਿਖਤੀ ਤੌਰ ਤੇ ਤਾਂਤਰਿਕ ਖ਼ਿਲਾਫ਼ ਕਾਰਵਾਈ ਕਰਨ ਵਿੱਚ ਮੱਦਦ ਕਰਨ ਲਈ ਅਪੀਲ ਕੀਤੀ। ਤਰਕਸ਼ੀਲ ਸੁਸਾਇਟੀ ਦੇ ਆਗੂਆਂ ਜਸਵੰਤ ਜੀਰਖ, ਗੁਰਮੇਲ ਸਿੰਘ, ਬਲਵਿੰਦਰ ਸਿੰਘ, ਸਤੀਸ਼ ਸੱਚਦੇਵਾ ਨੇ ਸਬੰਧਤ ਪੁਲੀਸ ਸਟੇਸ਼ਨ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਉਪਰੋਕਤ ਤਾਂਤਰਿਕ ਖ਼ਿਲਾਫ਼ ਕਾਰਵਾਈ ਕਰਨ ਲਈ ਅਪੀਲ ਕੀਤੀ। ਤਰਕਸ਼ੀਲ ਆਗੂਆਂ ਦੀ ਹਾਜ਼ਰੀ ਵਿੱਚ ਪੁਲੀਸ ਵੱਲੋਂ ਕਾਰਵਾਈ ਕਰਦਿਆਂ ਤਾਂਤਰਿਕ ਨੂੰ ਤਲਬ ਕਰ ਲਿਆ, ਜਿੱਥੇ ਉਸਨੇ ਮੰਨਿਆ ਕਿ ਮੈਂ ਅੱਜ ਤੋਂ ਬਾਅਦ ਅਜਿਹਾ ਗਲਤ ਕੰਮ ਨਹੀਂ ਕਰਾਂਗਾ। ਤਜਿੰਦਰ ਸਿੰਘ ਪਾਸੋਂ ਬਟੋਰੇ 24500/- ਰੁ. ਵੀ ਉਸਨੇ ਮੌਕੇ ਤੇ ਵਾਪਸ ਕੀਤੇ ਅਤੇ ਆਪਣਾ ਤਾਂਤਰਿਕ ਪੁਣਾ ਛਾਡਣ ਦਾ ਵੀ ਲਿਖਤੀ ਵਾਅਦਾ ਕਰਕੇ ਮੁਆਫੀ ਮੰਗੀ। ਤਾਂਤਰਿਕ ਨੇ ਆਪਣਾ ਅਸਲੀ ਨਾਮ ਰਜਵਾਨ ਮਲਿਕ ਪੁੱਤਰ ਨਜਾਮੂ ਦੀਨ ਜ਼ਿਲ੍ਹਾ ਮੁਜ਼ੱਫਰ ਨਗਰ (ਯੂ ਪੀ) ਦੱਸਿਆ। ਇਸ ਸਮੇਂ ਸੇਵਾ ਮੁਕਤ ਰੇਲਵੇ ਮੁਲਾਜ਼ਮਾਂ ਦੀ ਜੱਥੇਬੰਦੀ ਦੇ ਪ੍ਰਧਾਨ ਭਜਨੀਕ ਸਿੰਘ ਨਾਲ ਹੋਰ ਮੋਹਤਬਰ ਵਿਅਕਤੀ ਵੀ ਹਾਜ਼ਰ ਸਨ। ਜੱਥੇਬੰਦਕ ਮੁੱਖੀ ਜਸਵੰਤ ਜੀਰਖ ਨੇ ਇਸ ਸਮੇਂ ਹਾਜ਼ਰ ਲੋਕਾਂ ਨੂੰ ਅਜਿਹੇ ਤਾਂਤਰਿਕਾਂ, ਜੋਤਸ਼ੀਆਂ ਅਤੇ ਕਰਾਮਾਤੀ ਅਖਵਾਉਣ ਵਾਲੇ ਬਾਬਿਆਂ ਦੇ ਚੁੰਗਲ 'ਚੋਂ ਨਿੱਕਲਕੇ ਵਿਗਿਆਨਿਕ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਬਣਨ ਦੀ ਅਪੀਲ ਕੀਤੀ। ਤਰਕਸ਼ੀਲ ਸੁਸਾਇਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਅਜਿਹੇ ਤਾਂਤਰਿਕਾਂ ਦੇ ਭੇਸ ਵਿੱਚ ਠੱਗੀ ਦੀਆਂ ਦੁਕਾਨਾਂ ਚਲਾ ਰਹੇ ਸਮਾਜ ਵਿਰੋਧੀ ਅਨਸਰਾਂ ਦੀਆਂ ਦੁਕਾਨਾਂ ਬੰਦ ਕੀਤੀਆਂ ਜਾਣ।



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070

# ਭਾਰਤੀ ਲੋਕ ਸਭਾ ਚੋਣਾਂ ਅਤੇ ਪਰਵਾਸੀ ਭਾਰਤੀ



ਭਾਰਤ ਦੇ ਵਿਦੇਸ਼ ਮੰਤਰਾਲੇ(ਮਨਿਸਟਰੀ ਆਫ਼ ਫੌਰੈਨ ਅਫ਼ੇਅਰਜ਼ ਇੰਡੀਆ) ਦੇ ਮੁਤਾਬਿਕ ਲਗਭਗ 3.10 ਕਰੋੜ ਐਨ.ਆਰ.ਆਈ. (ਨਾਨ ਰੈਜੀਡੈਂਟ ਇੰਡੀਅਨਜ਼) ਦੁਨੀਆਂ ਦੇ ਵੱਖੋ-ਵੱਖਰੇ ਦੇਸ਼ਾਂ ਵਿੱਚ ਰਹਿ ਰਹੇ ਹਨ। ਆਰ.ਪੀ.ਐਕਟ (ਰਿਪਰੈਜੇਨਟੇਸ਼ਨ ਆਫ਼ ਪੀਪਲਜ਼ ਐਕਟ) 2018 ਵਿੱਚ ਇਹ ਦਰਸਾਇਆ ਗਿਆ ਹੈ ਕਿ ਜੋ ਐਨ.ਆਰ.ਆਈ. ਭਾਰਤੀ ਮਤਦਾਤਾ ਸੂਚੀ ਵਿੱਚ ਦਰਜ ਹੈ, ਉਹ ਵਿਦੇਸ਼ ਰਹਿੰਦੇ ਹੋਏ ਵੀ ਆਪਣੇ ਖੇਤਰ ਵਿੱਚ ਆਪਣੇ ਦੋਸਤ ਜਾਂ ਰਿਸ਼ਤੇਦਾਰ ਨੂੰ ਪ੍ਰਾਕਸੀ ਨੀਅਤ ਕਰਕੇ ਆਪਣੇ ਵੋਟ ਦੀ ਵਰਤੋਂ ਕਰ ਸਕਦਾ ਹੈ। ਨਿਯੁਕਤ ਕੀਤਾ ਹੋਇਆ ਪ੍ਰਕਸੀ ਮਤਦਾਨ ਕੇਂਦਰ ਜਾ ਕੇ ਸਬੰਧਤ ਐਨ.ਆਰ.ਆਈ ਦੇ ਵਲੋਂ ਵੋਟ ਪਾ ਸਕਦਾ ਹੈ। ਲੇਕਿਨ ਅਸਲ ਵਿੱਚ ਸਿਆਸੀ ਦਲਾਂ ਵਿੱਚ ਇਸ ਮਸਲੇ 'ਤੇ ਸਹਿਮਤੀ ਨਹੀਂ ਬਣ ਸਕੀ। ਪੰਜਾਬ ਦੇ ਸਿਰਫ਼ 393 ਐਨ.ਆਰ.ਆਈ. ਲੋਕਾਂ ਨੇ ਆਪਣੀ ਵੋਟ ਬਣਵਾਈ ਹੈ, ਜਿਹਨਾ ਵਿਚੋਂ ਬਹੁਤ ਘੱਟ ਲੋਕ ਕਿਰਾਇਆ ਖਰਚ ਕੇ, ਵਿਦੇਸ਼ਾਂ ਵਿੱਚੋਂ ਆਕੇ, ਵੋਟ ਪਾ ਸਕਣਗੇ। ਭਾਵੇਂ ਕਿ ਪੰਜਾਬ ਵਿਚੋਂ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾ ਕੇ ਵਸੇ ਲੱਖਾਂ ਲੋਕਾਂ ਦਾ ਆਪਣੇ ਪਿੰਡਾਂ-ਕਸਬਿਆਂ ਲਈ ਅੰਤਾਂ ਦਾ ਮੋਹ ਹੈ, ਉਹ ਆਪਣੇ ਜਨਮ ਸਥਾਨ ਨੂੰ ਚੰਗੇਰਾ ਬਨਾਉਣ ਲਈ ਸਦਾ ਉਤਸਕ ਦਿਸਦੇ ਹਨ, ਅਤੇ ਸਮੇਂ ਸਮੇਂ ਉਹ ਪਿੰਡ ਪੰਚਾਇਤਾਂ, ਵਿਧਾਨ ਸਭਾ ਚੋਣਾਂ ਵਿੱਚ ਡੂੰਘੀ ਦਿਲਚਸਪੀ ਲੈਂਦੇ ਰਹੇ ਹਨ, ਪਰ 2019 ਦੀਆਂ ਲੋਕ ਸਭਾ ਚੋਣਾਂ ਲਈ ਉਹ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਰੱਖ ਰਹੇ, ਕੀ ਉਹਨਾ ਦਾ ਚੋਣਾਂ ਪ੍ਰਤੀ ਮੋਹ ਭੰਗ ਹੋ ਗਿਆ ਹੈ?

ਪੰਜਾਬੀਆਂ ਦੇ ਲੋਕ ਸਭਾ 'ਚ ਮੋਹ ਭੰਗ ਹੋਣ ਦਾ ਕਾਰਨ ਉਹ ਨੇਤਾ ਲੋਕ ਹਨ, ਜਿਹਨਾ ਨੇ ਰਾਜਨੀਤੀ ਨੂੰ ਲੋਕ ਸੇਵਾ ਵਜੋਂ ਨਹੀਂ ਇੱਕ ਧੰਦੇ ਵਜੋਂ ਅਪਨਾਇਆ ਹੋਇਆ ਹੈ ਅਤੇ ਜਿਹੜੇ ਆਪਣੇ ਹਿੱਤਾਂ ਦੀ ਖਾਤਰ ਲੋਕ ਹਿੱਤ ਵੇਚਣ ਤੋਂ ਗੁਰੇਜ਼ ਨਹੀਂ ਕਰਦੇ। ਪ੍ਰਵਾਸੀ ਵੀਰਾਂ ਨੇ ਕਦੇ ਲੋਕ ਭਲਾਈ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਭਰਪੂਰ ਸਹਿਯੋਗ ਦਿੱਤਾ। ਫਿਰ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ ਪੀ ਪੀ ਦਾ ਪੂਰਾ ਸਾਥ ਦਿੱਤਾ। ਆਮ ਆਦਮੀ ਪਾਰਟੀ ਨੂੰ ਤਾਂ ਉਹਨਾ ਤਨ, ਮਨ, ਧਨ ਨਾਲ ਸਹਾਇਤਾ ਦਿੱਤੀ, ਇਸ ਨੂੰ ਕਬੂਲਿਆ ਅਤੇ ਪੰਜਾਬ 'ਚ ਆਕੇ ਵੀ ਇਸਦੇ ਹੱਕ ਵਿੱਚ ਪ੍ਰਚਾਰ ਕੀਤਾ ਪਰ ਆਮ ਆਦਮੀ ਪਾਰਟੀ ਦੇ ਨੇਤਾ ਪ੍ਰਵਾਸੀ ਪੰਜਾਬੀਆਂ ਦੇ ਪਿਆਰ ਦੇ ਹਾਣ ਦੇ ਨਾ ਹੋ ਸਕੇ। 'ਆਪ' ਦਾ ਝਾੜੂ ਤੀਲਾ ਤੀਲਾ ਹੋ ਗਿਆ ਜਾਂ ਕਰ ਦਿੱਤਾ ਗਿਆ ਤੇ ਪ੍ਰਵਾਸੀ ਪੰਜਾਬੀਆਂ ਦੇ ਦਿਲ ਹੀ ਜਿਵੇਂ ਟੁੱਟ ਗਏ।

ਪ੍ਰਵਾਸੀ ਪੰਜਾਬੀ ਲੰਮੇ ਸਮੇਂ ਤੋਂ ਹੀ ਦੇਸ਼ ਦੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨਾਲ ਜੁੜੇ ਹੋਏ ਹਨ। ਭਾਰਤ ਵਿੱਚ 1969 ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਦੀਆਂ ਕਈ ਇਕਾਈਆਂ ਸਥਾਪਿਤ ਹੋਈਆਂ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਅਤੇ ਹੁਣ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਖਹਿਰਾ ਅਤੇ ਲੁਧਿਆਣਾ ਦੇ ਬੈਂਸ ਭਰਾਵਾਂ ਦੀ ਪਾਰਟੀ ਲੋਕ ਇਨਸਾਫ ਪਾਰਟੀ ਵਲੋਂ ਵੀ ਆਪਣੇ ਵਿਦੇਸ਼ੀ ਸਮਰਥਕਾਂ, ਸੰਸਥਾਵਾਂ ਨਾਲ ਗੂੜ੍ਹੇ ਸਬੰਧ ਬਣਾ ਰੱਖੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ, ਉਹਨਾ ਦੀ ਪਤਨੀ ਪ੍ਰਨੀਤ ਕੌਰ, ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਕੌਰ ਬਰਾੜ, ਕਾਂਗਰਸ ਪਾਰਟੀ ਦੇ ਹੱਕ ਵਿੱਚ ਸਮੇਂ ਸਮੇਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਸਿੱਖ ਖੇਡਾਂ ਜਾਂ ਹੋਰ ਸਮਾਗਮਾਂ ਸਮੇਂ ਪਬਲਿਕ ਅਤੇ ਪ੍ਰਾਈਵੇਟ ਮਿਲਣੀਆਂ ਕਰਦੇ ਰਹੇ ਸਨ ਅਤੇ ਪੰਜਾਬੀ ਮੀਡੀਏ ਦੇ ਪ੍ਰਤੀਨਿਧਾਂ ਨਾਲ ਮਿਲਕੇ ਆਪਣੇ ਪਾਰਟੀ ਪ੍ਰੋਗਰਾਮਾਂ ਦਾ ਪ੍ਰਚਾਰ ਕਰਕੇ ਵੱਡੀ ਮਾਇਕ ਸਹਾਇਤਾ ਅਤੇ ਸਹਿਯੋਗ ਆਪਣੀ ਪਾਰਟੀ ਲਈ ਇੱਕਠੀ ਕਰਦੇ ਰਹੇ। ਇਸ ਲਿਸਟ ਵਿੱਚ ਹੋਰ ਛੋਟੇ ਵੱਡੇ ਕਾਂਗਰਸੀ ਨੇਤਾਵਾਂ ਤੋਂ ਬਿਨ੍ਹਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਨਾਮ ਵੀ ਵੱਜਦਾ ਹੈ। ਮਹਿੰਦਰ ਸਿੰਘ ਗਿਲਜੀਆਂ ਅਮਰੀਕਾ ਵਿੱਚ ਅਤੇ ਓਵਰਸੀਜ਼ ਕਾਂਗਰਸ ਦੇ ਯੂ.ਕੇ. ਦੇ ਨੇਤਾ ਦਲਜੀਤ ਸਿੰਘ ਸਹੋਤਾ ਅਤੇ ਇਟਲੀ ਦੇ ਕਰਮਜੀਤ ਸਿੰਘ ਢਿਲੋਂ ਆਦਿ ਇਹੋ ਜਿਹੇ ਪ੍ਰਵਾਸੀ ਪੰਜਾਬੀ ਹਨ, ਜਿਹੜੇ ਕਾਂਗਰਸ ਦੀ ਉੱਚ ਲੀਡਰਸ਼ਿਪ ਨੂੰ ਇਹਨਾ ਦੇਸ਼ਾਂ 'ਚ ਸਵਾਗਤ ਕਰਨ ਵੇਲੇ ਮੋਹਰੀ ਰੋਲ ਅਦਾ ਕਰਦੇ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਕਦੇ ਪ੍ਰਵਾਸੀ ਪੰਜਾਬੀਆਂ 'ਚ ਵੱਡਾ ਅਸਰ ਬਣਾਇਆ ਸੀ, ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਮੁਲਕਾਂ 'ਚ ਆਪਣੀਆਂ ਇਕਾਈਆਂ ਖੋਲ੍ਹੀਆਂ, ਗੁਰਦੁਆਰਿਆਂ 'ਚ ਆਪਣੀ ਸਿਆਸਤ ਕੀਤੀ। ਪਰ ਪਿਛਲੀਆਂ ਲੋਕ ਸਭਾ ਚੋਣਾਂ 'ਚ ਵੱਡੀ ਹਾਰ ਨੂੰ ਉਹਨਾਂ ਨੇ ਪ੍ਰਵਾਸੀ ਪੰਜਾਬੀਆਂ ਕਾਰਨ ਆਪਣੀ ਹਾਰ ਹੋਈ ਮੰਨਿਆ, ਕਿਉਂਕਿ ਪ੍ਰਵਾਸੀ ਪੰਜਾਬੀਆਂ ਨੇ ਖੁਲ੍ਹੇ ਆਮ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ। ਸਿੱਟੇ ਵਜੋਂ ਆਮ ਆਦਮੀ ਪਾਰਟੀ ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਇਸੇ ਗੁੱਸੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵਿਦੇਸ਼ਾਂ ਵਿੱਚ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਦੀਆਂ ਇਕਾਈਆਂ ਨੂੰ "ਨਾਟ ਰਿਕੁਆਇਰਡ ਇੰਡੀਅਨਜ਼" ਗਰਦਾਨਦੇ ਹੋਏ ਭੰਗ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਪ੍ਰਵਾਸੀ ਸੰਮੇਲਨ, ਜਿਹਨਾਂ ਵਿੱਚ ਆਪਣੇ ਚਹੇਤਿਆਂ ਨੂੰ ਸੱਦਕੇ ਸਨਮਾਨਿਆ ਜਾਂਦਾ ਸੀ, ਉਹਨਾਂ ਨੂੰ ਵੀ ਆਈ ਪੀ ਟਰੀਟਮੈਂਟ ਦਿੱਤਾ ਜਾਂਦਾ ਸੀ, ਸਰਕਾਰੀ ਗੱਡੀਆਂ 'ਚ ਹੂਟੇ ਦਿੱਤੇ ਜਾਂਦੇ ਸਨ, ਹੋਟਲਾਂ 'ਚ ਉਹਨਾ ਦੀ ਆਓ ਭਗਤ ਹੁੰਦੀ ਸੀ, ਬੰਦ ਕਰ ਦਿੱਤੇ ਗਏ। ਪਰ ਜਦੋਂ ਪ੍ਰਵਾਸੀ ਸਹਿਯੋਗ ਵੋਟਾਂ ਨੋਟਾਂ ਬਿਨ੍ਹਾਂ ਨਾ ਸਰਿਆ ਤਾਂ ਬਾਅਦ ਵਿੱਚ ਛੇਤੀ ਹੀ ਅਮਰੀਕਾ, ਕੈਨੇਡਾ ਅਤੇ ਅਸਟ੍ਰੇਲੀਆ 'ਚ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਇਕਾਈਆਂ ਸਥਾਪਤ ਕੀਤੀਆਂ। ਪਰ ਸ਼੍ਰੋਮਣੀ ਅਕਾਲੀ ਦਲ ਦੀ ਉਪਰਲੀ ਲੀਡਰਸ਼ਿਪ, ਕੋਟਕਪੂਰਾ ਗੋਲੀ ਕਾਂਡ ਅਤੇ ਬਹਿਬਲ ਕਲਾਂ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਾਰਨ, ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਬਾਦਲਾਂ ਵਿਰੁੱਧ ਸਿੱਖਾਂ 'ਚ ਪੈਦਾ ਹੋਏ ਰੋਸ ਕਾਰਨ, ਉਹਨਾ ਦੇਸ਼ਾਂ 'ਚ ਆਪਣੇ ਪੈਰ ਨਹੀਂ ਜਮ੍ਹਾ ਸਕੀ। ਕਾਂਗਰਸੀ ਨੇਤਾਵਾਂ ਖਾਸ ਕਰਕੇ ਪੰਜਾਬੀ ਕਾਂਗਰਸੀ ਨੇਤਾਵਾਂ ਨੂੰ ਵੀ ਲਗਭਗ ਇਹੋ ਜਿਹੀ ਸਥਿਤੀ ਦਾ ਹੀ ਸਾਹਮਣਾ ਕਰਨਾ ਪਿਆ, ਜਿਸਦੇ ਉੱਚ ਨੇਤਾ ਸਮੇਤ ਮੁੱਖ ਮੰਤਰੀ ਅਮਰਿੰਦਰ ਸਿੰਘ ਪ੍ਰਵਾਸੀ ਪੰਜਾਬੀਆਂ ਦੇ ਕੋਲ ਨਾ ਪੁੱਜ ਸਕੇ ਅਤੇ ਨਾ ਹੀ ਉਹਨਾ ਦੀ ਹਿਮਾਇਤ ਪ੍ਰਾਪਤ ਕਰ ਸਕੇ।

ਅਕਾਲੀ ਅਤੇ ਕਾਂਗਰਸ ਦੇ ਪੰਜਾਬੀ ਆਗੂਆਂ ਨਾਲੋਂ ਆਮ ਆਦਮੀ ਪਾਰਟੀ ਦੇ ਆਗੂ ਵਿਦੇਸ਼ਾਂ ਵਿੱਚ ਵਧੇਰੇ ਸਰਗਰਮ ਹਨ। ਭਾਵੇਂ ਕਿ ਉਹਨਾ ਵਿਚੋਂ ਟੁੱਟਕੇ ਬਹੁਤ ਲੋਕ ਸੁਖਪਾਲ ਸਿੰਘ ਖਹਿਰਾ ਅਤੇ ਬੈਂਸ ਭਰਾਵਾਂ ਦੀਆਂ ਪਾਰਟੀਆਂ ਨਾਲ ਜੁੜੇ ਹਨ, ਪਰ ਖੱਖੜੀ ਖੱਖੜੀ ਹੋਈਆਂ ਇਹਨਾ ਧਿਰਾਂ ਨਾਲ ਵੀ ਪ੍ਰਵਾਸੀ ਪੰਜਾਬੀਆਂ ਦਾ ਹੁਣ ਬਹੁਤਾ ਤੇਹ-ਪਿਆਰ ਵੇਖਣ ਨੂੰ ਨਹੀਂ ਮਿਲ ਰਿਹਾ। ਕਦੇ ਕੇਜਰੀਵਾਲ, ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ ਜਿਹੇ ਨੇਤਾਵਾਂ ਨੂੰ ਪ੍ਰਵਾਸੀ ਹੱਥੀਂ ਛਾਵਾਂ ਕਰਦੇ ਸਨ, ਉਹਨਾ ਦੇ ਇੱਕ ਇਸ਼ਾਰੇ ਉਤੇ ਮਰ ਮਿਟਣ ਤੱਕ ਜਾਂਦੇ ਸਨ। ਹਜ਼ਾਰਾਂ, ਲੱਖਾਂ ਡਾਲਰ ਉਹਨਾ ਆਮ ਆਦਮੀ ਪਰਟੀ ਲਈ ਕੁਰਬਾਨ ਕਰ ਦਿੱਤੇ ਪਰ ਅੰਤ ਵਿੱਚ ਉਹਨਾ ਪੱਲੇ ਨਿਰਾਸ਼ਤਾ ਆਈ।

ਇਹੀ ਨਿਰਾਸ਼ਤਾ 2019 ਲੋਕ ਸਭਾ ਚੋਣਾਂ 'ਚ ਸਰਗਰਮੀ ਨਾਲ ਭਾਗ ਨਾ ਲੈਣ ਦਾ ਕਾਰਨ ਬਣੀ ਹੋਈ ਹੈ। ਹੁਣ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਤੋਂ ਵੀ ਕੁਝ ਪ੍ਰਵਾਸੀਆਂ ਨੂੰ ਆਸਾਂ ਸਨ ਕਿ ਇਹ ਸਰਕਾਰ ਉਹਨਾ ਦੀ ਜ਼ਮੀਨ ਜਾਇਦਾਦ ਦੀ ਰਾਖੀ ਲਈ ਵਿਸ਼ੇਸ਼ ਉਪਰਾਲੇ ਕਰੇਗੀ। ਉਹਨਾ ਨੂੰ ਬਣਦਾ ਸਰਦਾ ਸਤਿਕਾਰ ਦੇਵੇਗੀ ਪਰ ਕਾਂਗਰਸੀ ਸਰਕਾਰ ਵਲੋਂ ਪ੍ਰਵਾਸੀਆਂ ਦੀ ਐਨ.ਆਰ.ਆਈ. ਸਭਾ ਜਲੰਧਰ ਦੀ ਚੋਣ ਕਰਾਉਣ ਦਾ ਉਪਰਾਲਾ ਤੱਕ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਪ੍ਰਵਾਸੀ ਸੰਮੇਲਨ, ਜੋ ਹਰ ਵਰ੍ਹੇ ਕਰਾਏ ਜਾਂਦੇ ਸਨ, ਅਤੇ ਜਿਸਦੀ ਸ਼ੁਰੂਆਤ ਕਾਂਗਰਸ ਰਾਜ ਵੇਲੇ ਕੀਤੀ ਗਈ ਸੀ, ਕਰਾਉਣ ਦਾ ਉਦਮ ਕੀਤਾ ਜਾ ਰਿਹਾ ਹੈ। ਜਿਹੜੇ ਕਾਨੂੰਨ ਪੰਜਾਬੀ ਪ੍ਰਵਾਸੀਆਂ ਲਈ ਬਣੇ ਹੋਏ ਹਨ, ਉਹ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਹੇ। ਸਿੱਟੇ ਵਜੋਂ ਪ੍ਰਵਾਸੀ ਪੰਜਾਬੀਆਂ ਦੀ ਸਿਆਸੀ ਲੋਕਾਂ, ਸਿਆਸੀ ਪਾਰਟੀਆਂ ਅਤੇ ਇਥੋਂ ਦੇ ਪ੍ਰਸ਼ਾਸਨਿਕ ਪ੍ਰਬੰਧ ਪ੍ਰਤੀ ਉਦਾਸੀਨਤਾ ਦਾ ਵਧਣਾ ਸੁਭਾਵਕ ਹੈ।

2019 ਦੀਆਂ ਲੋਕ ਸਭਾ ਚੋਣਾਂ 'ਚ ਧਰਮਾਂ, ਵਰਗਾਂ, ਜਾਤਾਂ, ਫਿਰਕਿਆਂ ਅਤੇ ਘੱਟ ਗਿਣਤੀ ਧੜਿਆਂ ਵਿੱਚ ਵੰਡ ਸਾਫ਼ ਦਿਖਾਈ ਦਿੰਦੀ ਹੈ। ਆਰਥਿਕ ਅਪਰਾਧੀ ਅਤੇ ਅਮੀਰ ਵੱਧ ਚੜ੍ਹਕੇ ਚੋਣਾਂ ਲੜ ਰਹੇ ਹਨ। ਕਾਲੇ ਧੰਨ ਦੀ ਵਰਤੋਂ ਸ਼ਰੇਆਮ ਹੋ ਰਹੀ ਹੈ। ਭ੍ਰਿਸ਼ਟ ਆਗੂਆਂ ਅਤੇ ਅਧਿਕਾਰੀਆਂ ਵਲੋਂ ਗੈਰ-ਸੰਵਿਧਾਨਿਕ ਅਤੇ ਗੈਰ-ਕਾਨੂੰਨੀ ਛੋਟਾਂ ਅਤੇ ਆਰਥਿਕ ਸਹੂਲਤਾਂ ਕਾਰਨ ਭਾਰਤ ਕਈ ਪੱਖੋਂ ਬਿਮਾਰ ਲੋਕ ਰਾਜ ਦਾ ਨਮੂਨਾ, ਝਲਕਾਰਾ ਅਤੇ ਪ੍ਰਭਾਵ ਦੇਣ ਲੱਗ ਪਿਆ ਹੈ। ਇਸੇ ਕਰਕੇ ਪ੍ਰਵਾਸੀ ਭਾਰਤੀ ਆਪਣੇ ਪਿਆਰੇ ਦੇਸ਼ 'ਚ ਕੁਝ ਸੁਧਾਰ ਲਈ ਤਤਪਰ ਦਿਸਦੇ ਸਨ। ਲਗਭਗ ਡੇਢ ਸੌ ਸਾਲਾਂ ਤੋਂ ਭਾਰਤ ਤੋਂ ਬਾਹਰ ਵੱਸਦੇ ਅਤੇ ਵਿਚਰਦੇ ਪ੍ਰਵਾਸੀ ਅਤੇ ਵਿਦੇਸ਼ੀ ਭਾਰਤੀਆਂ ਦਾ ਇੱਕ ਵਿਸ਼ੇਸ਼ ਵਰਗ ਹੈ, ਜਿਸ ਵਿੱਚ ਵਧੇਰੇ ਮਿਹਨਤਕਸ਼ ਅਤੇ ਕਾਬਲ ਪੰਜਾਬੀਆਂ ਅਤੇ ਧੁਰ-ਪੂਰਬ ਤੇ ਅਫ਼ਰੀਕਾ ਮਹਾਂਦੀਪ ਵਿੱਚ ਵੱਸਦੇ ਅਤੇ ਵਪਾਰ ਕਰਦੇ ਗੁਜਰਾਤੀਆਂ ਦਾ ਹੈ, ਜੋ ਇਸ ਵੇਲੇ ਉਤਰੀ ਅਮਰੀਕਾ, ਯੂਰਪ, ਅਫ਼ਰੀਕਾ ਅਤੇ ਅਸਟਰੇਲੀਆ ਮਹਾਂਦੀਪਾਂ ਦੇ 49 ਦੇਸ਼ਾਂ ਵਿੱਚ ਘੁੱਗ ਵਸਦੇ ਅਤੇ 160 ਦੇਸ਼ਾਂ ਵਿੱਚ ਡੰਗ ਟਪਾਊ ਅਤੇ ਅਸਥਾਈ ਰੁਜ਼ਗਾਰ ਤੇ ਵਪਾਰ ਪੱਖੋਂ ਵਿਚਰਦੇ ਹਨ ਅਤੇ ਜਿਹੜੇ ਆਪਣੀਆਂ ਜੜ੍ਹਾਂ ਅਤੇ ਪਿਤਾ-ਪੁਰਖਾਂ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਧਾਰਮਿਕ ਅਸਥਾਨਾਂ ਨਾਲ ਜੁੜੇ ਹੋਏ ਹਨ।

*ਪਿਛਲੀਆਂ ਲੋਕ ਸਭਾ ਚੋਣਾਂ 'ਚ ਵੱਡੀ ਹਾਰ ਨੂੰ ਉਹਨਾਂ ਨੇ ਪ੍ਰਵਾਸੀ ਪੰਜਾਬੀਆਂ ਕਾਰਨ ਆਪਣੀ ਹਾਰ ਹੋਈ ਮੰਨਿਆ, ਕਿਉਂਕਿ ਪ੍ਰਵਾਸੀ ਪੰਜਾਬੀਆਂ ਨੇ ਖੁਲ੍ਹੇ ਆਮ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ। ਸਿੱਟੇ ਵਜੋਂ ਆਮ ਆਦਮੀ ਪਾਰਟੀ ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਇਸੇ ਗੁੱਸੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵਿਦੇਸ਼ਾਂ 'ਚ ਸਥਾਪਤ ਸ਼੍ਰੋਮਣੀ ਅਕਾਲੀ ਦਲ ਦੀਆਂ ਇਕਾਈਆਂ ਨੂੰ "ਨਾਟ ਰਿਕੁਆਇਰਡ ਇੰਡੀਅਨਜ਼" ਗਰਦਾਨਦੇ ਹੋਏ ਭੰਗ ਕਰ ਦਿੱਤਾ।*

ਪ੍ਰਵਾਸੀ ਪੰਜਾਬੀਆਂ ਪੰਜਾਬ ਦੇ ਵਿਕਾਸ ਪਾਉਣ ਦਾ ਯਤਨ ਕੀਤਾ। ਧਰਮ ਅਸਥਾਨ, ਹਸਪਤਾਲ,ਸੀਵਰੇਜ, ਸਟੇਡੀਅਮ ਆਦਿ ਦੀ ਉਸਾਰੀ ਕਰਾਈ। ਟੂਰਨਾਮੈਂਟ ਕਰਵਾਏ, ਖੇਡਾਂ ਨੂੰ ਉਤਸ਼ਾਹਿਤ ਕੀਤਾ। ਪਰ ਉਹਨਾ ਦੀ ਵਿਸ਼ੇਸ਼ ਤਾਂਘ ਆਪਣੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਹੈ। ਉਹ ਆਪਣੇ ਪਿੰਡਾਂ ਸ਼ਹਿਰਾਂ 'ਚ ਉਸੇ ਕਿਸਮ ਦੀਆਂ ਸਹੂਲਤਾਂ, ਨਾਗਰਿਕ ਹੱਕ ਦਵਾਉਣ ਦੇ ਚਾਹਵਾਨ ਹਨ, ਜਿਹਨਾ ਨੂੰ ਉਹ ਆਪ ਹੰਢਾ ਰਹੇ ਹਨ। ਇਸੇ ਕਰਕੇ ਉਹ ਆਪਣੇ ਦੇਸ਼ 'ਚ ਸੁਚੱਜੀ ਸਰਕਾਰ ਦੇ ਚਾਹਵਾਨ ਰਹੇ ਹਨ।

ਪਰ ਕੁਰਸੀਆਂ ਹਥਿਆਉਣ ਲਈ ਹਰ ਹੀਲਾ ਵਰਤਣ ਵਾਲੇ ਨੇਤਾਵਾਂ ਨੇ ਪਿਛਲੇ ਸਮੇਂ 'ਚ ਪ੍ਰਵਾਸੀਆਂ ਦੇ ਸੁਫ਼ਨੇ ਚੂਰ- ਚੂਰ ਕੀਤੇ ਹਨ। ਸ਼ਾਇਦ ਇਸੇ ਕਰਕੇ ਪ੍ਰਵਾਸੀ ਖਾਸ ਕਰਕੇ ਕੈਨੇਡਾ, ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀ "ਗੰਦਲੀ ਭਾਰਤੀ ਸਿਆਸਤ" ਤੋਂ ਮੂੰਹ ਫੇਰ ਬੈਠੇ ਹਨ ਅਤੇ 2019 ਦੀਆਂ ਲੋਕ ਸਭਾ ਚੋਣਾਂ 'ਚ ਕੋਈ ਖਾਸ ਦਿਲਚਸਪੀ ਨਹੀਂ ਦਿਖਾ ਰਹੇ............."ਬਾਅਜ ਆਏ ਐਸੀ ਮੁਹੱਬਤ ਸੇ, ਉਠਾ ਲੋ ਪਾਨਦਾਨ ਅਪਨਾ..........."।



# ਫੋਰਡ ਸਰਕਾਰ ਦੀਆਂ ਸਿਖਿਆ ਨੀਤੀਆਂ ਖਿਲਾਫ਼ ਰੋਸ ਮੁਜ਼ਾਹਰੇ






ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਓਨਟਾਰੀਓ ਦੀ ਡੱਗ ਫੋਰਡ ਸਰਕਾਰ ਦੀਆਂ ਸਿਖਿਆ ਨੀਤੀਆਂ ਖਿਲਾਫ ਬੀਤੇ ਦਿਨੀ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਲੋਂ ਰੋਸ ਮੁਜ਼ਾਹਰੇ ਕੀਤੇ ਗਏ। ਪਹਿਲਾਂ 4 ਅਪਰੈਲ ਨੂੰ 700 ਸਕੂਲਾਂ ਦੇ ਇੱਕ ਲੱਖ ਤੋਂ ਵੱਧ ਵਿਦਿਆਰਥੀਆਂ ਨੇ ਅਪਣੀਆਂ ਜਮਾਤਾਂ ਵਿਚੋਂ ਬਾਹਰ ਆ ਕੇ ਸੜਕਾਂ ਤੇ ਰੋਸ ਮੁਜ਼ਾਹਰਾ ਕੀਤਾ ਅਤੇ ਫਿਰ 6 ਅਪਰੈਲ ਨੂੰ 5 ਅਧਿਆਪਕ ਜਥੇਬੰਦੀਆਂ ਦੇ ਸੱਦੇ ਤੇ 10.000 ਤੋਂ ਵੱਧ ਵਿਦਿਆਰਥੀ, ਉਨ੍ਹਾਂ ਦੇ ਮਾਪੇ ਅਤੇ ਅਧਿਆਪਕ ਓਨਟਾਰੀਓ ਦੀ ਵਿਧਾਨ ਸਭਾ, ਕਿਊਨ ਪਾਰਕ ਦੇ ਸਾਹਮਣੇ ਇਕੱਠੇ ਹੋਏ ਤੇ ਰੈਲੀ ਕੀਤੀ। ਓਨਟਾਰੀਓ ਸਰਕਾਰ ਨੇ ਸੈਕੰਡਰੀ ਸਕੂਲਾਂ ਵਿਚ ਇੱਕ ਕਲਾਸ ਵਿਚ ਔਸਤ ਵਿਦਿਆਰਥੀਆਂ ਦੀ ਗਿਣਤੀ 22 ਤੋਂ ਵਧਾ ਕੇ 28 ਅਤੇ ਪ੍ਰਾਇਮਰੀ ਸਕੂਲਾਂ ਵਿਚ 1 ਵਿਦਿਆਰਥੀ ਪ੍ਰਤੀ ਕਲਾਸ ਵਿਚ ਵਧਾ ਕੇ 24.5 ਕਰਨ ਦਾ ਫੈਸਲਾ ਕੀਤਾ ਹੈ। ਅਸਲ ਵਿਚ ਚੰਗੇ ਪੜ੍ਹਨ ਵਾਲੇ ਵਿਦਿਆਥੀਆਂ ਦੀਆਂ ਜਮਾਤਾਂ ਵਿਚ ਤਾਂ ਪਹਿਲਾਂ ਹੀ ਇੱਕ ਕਲਾਸ ਵਿਚ 30-32 ਵਿਦਿਆਰਥੀ ਹੁੰਦੇ ਹਨ, ਪਰ ਜਿਨ੍ਹਾਂ ਵਿਦਿਆਰਥੀਆਂ ਨੂੰ ਪੜਾਈ ਵਿਚ ਦਿਕਤ ਆ ਰਹੀ ਹੁੰਦੀ ਹੈ, ਉਨ੍ਹਾਂ ਦੀਆਂ ਕਲਾਸਾਂ ਵਿਚ 10-15 ਵਿਦਿਆਰਥੀ ਹੀ ਹੁੰਦੇ ਹਨ, ਜਿਵੇਂ ਭਾਰਤ ਵਰਗੇ ਦੇਸ਼ ਤੋਂ ਨਵੇਂ ਆਏ ਵਿਦਿਆਰਥੀਆਂ ਨੂੰ ਅੰਗਰੇਜ਼ੀ ਸਖਾਉਣ ਵਾਲੀ ਕਲਾਸ। ਇਨ੍ਹਾਂ ਵਿਦਿਆਰਥੀਆਂ ਨੂੰ ਜਿਨੀ ਦੇਰ ਅਧਿਆਪਕ ਪੂਰਾ ਸਮਾਂ ਨਹੀਂ ਦਿੰਦਾ, ਉਹ ਵਿਸ਼ੇ ਵਿਚ ਚਲਣ ਤੋਂ ਅਸਮਰਥ ਹੁੰਦੇ ਹਨ। ਕਿਨੇ ਵਿਦਿਆਰਥੀ ਕਿਸ ਜਮਾਤ ਵਿਚ ਰੱਖਣੇ ਹਨ, ਇਹ ਫੈਸਲਾ ਸਕੂਲ ਪੱਧਰ ਤੇ ਹੁੰਦਾ ਹੈ, ਪਰ ਸਕੂਲ ਨੂੰ ਕੁੱਲ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਅਧਿਆਪਕਾਂ ਦੀਆਂ ਅਸਾਮੀਆਂ ਲਈ ਫੰਡ ਮਿਲਦੇ ਹਨ। ਸੋ ਕੱਟ ਲਾਉਣ ਦਾ ਨੁਕਸਾਨ ਚੰਗਾ ਪੜ੍ਹਨ ਵਾਲੇ ਵਿਦਿਆਰਥੀਆਂ ਤੇ ਵੱਧ ਪੈਣ ਦੇ ਆਸਾਰ ਹਨ, ਕਿਉਂਕਿ ਅਜਿਹੀਆਂ ਜਮਾਤਾਂ ਵਿਚ ਹੀ ਵਿਦਿਆਰਥੀਆਂ ਦੀ ਗਿਣਤੀ ਵੱਧਾਈ ਜਾ ਸਕਦੀ ਹੈ ਅਤੇ ਗਿਣਤੀ ਹੋਰ ਵਧਣ ਕਾਰਨ, ਉਹ ਅਧਿਆਪਕ ਤੋਂ ਘੱਟ ਸੇਧ ਲੈ ਸਕਣਗੇ।

ਵਿਦਿਆ ਮੰਤਰੀ ਲੀਸਾ ਥੌਮਸਨ ਨੇ ਇਨ੍ਹਾਂ ਰੋਸ ਮੁਜਾਹਰਿਆਂ ਨੂੰ ਸਿਆਸੀ ਸਟੰਟ ਦਾ ਨਾ ਦੇ ਕੇ ਇਨ੍ਹਾਂ ਲਈ ਅਧਿਆਪਕ ਯੁਨੀਅਨਾਂ ਨੂੰ ਜਿਮੇਵਾਰ ਠਹਿਰਾਇਆ। ਉਨ੍ਹਾਂ ਮੁਤਾਬਿਕ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਬਾਹਰ ਜਾਣ ਤੋਂ ਰੋਕਣਾ ਚਾਹੀਦਾ ਸੀ, ਜੋ ਉਨ੍ਹਾਂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਅਜਿਹੇ ਦਬਾ ਕਾਰਨ ਵਿਦਿਆ ਖੇਤਰ ਵਿਚ ਜਰੂਰੀ ਸੁਧਾਰ ਕਰਨ ਤੋਂ ਨਹੀਂ ਰੁਕੇਗੀ। ਬੇਸ਼ੱਕ ਓਨਟਾਰੀਓ ਵਿਚ ਰਾਜ ਕਰ ਰਹੀ ਪਾਰਟੀ ਧੁਰ ਸੱਜੇ ਪੱਖੀ ਵਿਚਾਰਧਾਰਾ ਦੀ ਧਾਰਨੀ ਹੈ, ਪ੍ਰੰਤੂ ਬਚੱਤ ਕਰਨ ਦੇ ਪਰਦੇ ਹੇਠ, ਇਹ ਸਰਕਾਰ ਵਿਦਿਆ ਤੇ ਹੋ ਰਹੇ ਜ਼ਰੂਰੀ ਖਰਚ ਵਿਚ ਵੀ ਕਟੌਤੀਆਂ ਕਰੇਗੀ, ਦਾ ਅਹਿਸਾਸ ਲੋਕਾਂ ਨੂੰ ਵਿਦਿਆ ਮੰਤਰੀ ਲੀਸਾ ਥੌਮਸਨ ਦੇ ਬਿਆਨਾ ਤੋਂ ਬਾਅਦ ਹੀ ਲੱਗਾ। ਬੇਸ਼ੱਕ ਚੋਣਾਂ ਮੌਕੇ ਪਾਰਟੀ ਨੇ ਸਕੂਲਾਂ ਵਿਚ ਲਿਬਰਲ ਪਾਰਟੀ ਵਲੋਂ ਲਾਗੂ ਕੀਤੇ ਨਵੇਂ ਸੈਕਸ ਸਬੰਧੀ ਸਲੇਬਸ ਨੂੰ ਬਦਲਣ ਦੀ ਗਲ ਕੀਤੀ ਸੀ ਪਰ ਵੱਡੇ ਪੱਧਰ ਤੇ ਫੰਡ ਕਟੌਤੀ ਬਾਰੇ ਕੋਈ ਵੀ ਨੀਤੀ ਲੋਕਾਂ ਵਿਚ ਨਹੀਂ ਸੀ ਰੱਖੀ। ਮੰਤਰੀ ਮੁਤਾਬਿਕ ਸਰਕਾਰ ਅਗਲੇ ਚਾਰ ਸਾਲਾਂ ਵਿਚ ਅਧਿਆਪਕਾਂ ਦੀਆਂ 3475 ਅਸਾਮੀਆਂ ਖਤਮ ਕਰਕੇ 85 ਕਰੋੜ 10 ਲੱਖ ਡਾਲਰ ਬਚਾਏਗੀ। ਮੰਤਰੀ ਦਾ ਕਹਿਣਾ ਹੈ ਕਿ ਪਿਛਲੀ ਲਿਬਰਲ ਸਰਕਾਰ ਸਮੇਂ ਵਿਦਿਆ ਮਹਿਕਮੇ ਨੂੰ ਸਰਕਾਰ ਨਹੀਂ ਸਗੋਂ ਅਧਿਆਪਕ ਜਥੇਬੰਦੀਆਂ ਹੀ ਚਲਾ ਰਹੀਆਂ ਸਨ ਅਤੇ ਸਾਰੀਆਂ ਨੀਤੀਆਂ ਸਰਕਾਰ ਅਧਿਆਪਕ ਯੁਨੀਅਨਾਂ ਦੇ ਦਬਾ ਹੇਠ ਬਣਾ ਰਹੀ ਸੀ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਅਜਿਹਾ ਨਹੀਂ ਹੋਣ ਦੇਵੇਗੀ।

ਇਸ ਦੇ ਉਲਟ ਬ੍ਰਿਟਿਸ਼ ਕੋਲੰਬੀਆ ਦੇ ਐਨ ਡੀ ਪੀ ਸਰਕਾਰ ਦੇ ਸਿਖਿਆ ਮੰਤਰੀ ਰੌਬ ਫਲੈਮਿੰਗ ਨੇ ਕਿਹਾ ਹੈ ਕਿ ਸਾਡੀ ਸਰਕਾਰ ਓਨਟਾਰੀਓ ਤੋਂ ਉਲਟ ਕਲਾਸਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਾ ਰਹੀ ਹੈ ਅਤੇ ਹੋਰ ਅਧਿਆਪਕ ਭਰਤੀ ਕਰਨ ਜਾ ਰਹੀ ਹੈ। ਉਨ੍ਹਾਂ ਓਨਟਾਰੀਓ ਵਿਚ ਬੇਰੁਜ਼ਗਾਰ ਅਧਿਆਪਕਾਂ ਨੂੰ ਬੀ ਸੀ ਵਿਚ ਆ ਕੇ ਕੰਮ ਕਰਨ ਦਾ ਸੱਦਾ ਦਿੱਤਾ। ਅਸਲ ਵਿਚ ਉਥੇ ਵੀ ਸਰਕਾਰ ਨੂੰ ਸਿੱਧੇ ਰਾਹ ਲਿਆਉਣ ਲਈ ਅਧਿਆਪਕ ਯੁਨੀਅਨ ਨੂੰ ਲੰਬੀ ਕਾਨੂੰਨੀ ਲੜਾਈ ਲੜਨੀ ਪਈ। ਬੀ ਸੀ ਦੀ ਸਰਕਾਰ ਨੇ ਅਧਿਆਪਕਾਂ ਨਾਲ ਹੋਣ ਵਾਲੇ ਕੰਟਰੈਕਟ (ਤਨਖਾਹਾਂ ਅਤੇ ਹੋਰ ਸਹੂਲਤਾਂ ਸਬੰਧੀ ਸਰਕਾਰ ਅਤੇ ਅਧਿਆਪਕਾਂ ਵਿਚਕਾਰ ਸਮਝੌਤਾ) ਸਮੇਂ 2002 ਵਿਚ ਕਲਾਸ ਵਿਚ ਔਸਤ ਕਿਨੇ ਵਿਦਿਆਰਥੀ ਹੋਣਗੇ ਦੀ ਧਾਰਾ ਕੱਢ ਲਈ ਸੀ। ਇਸ ਦੇ ਖਿਲਾਫ ਯੁਨੀਅਨ ਵਲੋਂ ਮੁਕੱਦਮਾ ਲੜਿਆ ਗਿਆ ਜਿਸ ਦਾ ਫੈਸਲਾ ਕਨੇਡਾ ਦੀ ਸੁਪਰੀਮ ਕੋਰਟ ਨੇ 10 ਨਵੰਬਰ 2016 ਨੂੰ ਦੇ ਕੇ ਸਰਕਾਰ ਨੂੰ 2002 ਵਿਚ ਜੋ ਕਲਾਸਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਸੀ, ਉਥੇ ਲਿਆਉਣ ਦਾ ਹੁਕਮ ਦਿੱਤਾ, ਜਿਸ ਤੇ ਅਮਲ ਕਰਦਿਆਂ ਸਰਕਾਰ ਨੂੰ 25-30 ਕਰੋੜ ਵਾਧੂ ਖਰਚ ਕਰਨਾ ਪੈ ਰਿਹਾ ਹੈ। ਇਸ ਫੈਸਲੇ ਨਾਲ ਸਰਕਾਰ ਨੂੰ ਜੋ ਬੀਤੇ 15 ਸਾਲਾਂ ਵਿਚ 3500 ਅਸਾਮੀਆਂ ਘਟਾਈਆਂ ਸਨ, ਭਰਨੀਆਂ ਪੈ ਰਹੀਆਂ ਹਨ। ਉਥੇ ਹੁਣ ਅਧਿਆਪਕਾਂ ਦੀ ਕਮੀ ਹੈ ਅਤੇ ਸਰਕਾਰ ਓਨਟਾਰੀਓ ਵਿਚੋਂ ਅਧਿਆਪਕ ਭਰਤੀ ਕਰ ਰਹੀ ਹੈ।

# ਪ੍ਰੋਲੇਤਾਰੀ ਜਮਾਤ ਦੇ ਸੰਗੀ ਗੈਰ ਸੰਗਠਤ ਕਾਮੇ

**ਡਾ. ਬਲਜਿੰਦਰ ਸਿੰਘ**

ਮਾਰਕਸਵਾਦੀ ਪ੍ਰੀਭਾਸ਼ਾ ਅਨੁਸਾਰ ਇਨਕਲਾਬ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਪ੍ਰੋਲੇਤਾਰੀ ਜਮਾਤ ਭਾਵ ਮਜ਼ਦੂਰ ਜਮਾਤ ਤੋਂ ਇਲਾਵਾ ਵੀ ਲੁੱਟੇ ਪੁੱਟੇ ਜਾਂਦੇ ਲੋਕਾਂ ਦੀ ਅਜਿਹੀ ਇੱਕ ਬਹੁਤ ਹੀ ਲੰਬੀ ਕਤਾਰ ਹੈ ਜਿਸਨੂੰ ਇਨਕਲਾਬ ਲਈ ਸੰਘਰਸ਼ ਕਰਨ ਦੇ ਲੰਮੇ ਦਾਅ ਤੋਂ ਮਜ਼ਦੂਰ ਜਮਾਤ ਨੇ ਆਪਣੇ ਪੱਖ ਵਿੱਚ ਜਿੱਤਣਾ ਹੈ। ਸਾਮਰਾਜਵਾਦ ਨੇ ਨਵ-ਬਸਤੀਵਾਦੀ ਲੋਟੂ ਪ੍ਰਬੰਧ ਦੇ ਰੂਪ 'ਚ ਆਪਣੀ ਲੁੱਟ-ਖਸੁੱਟ ਵਧਾਉਣ ਰਾਹੀਂ ਸਮਾਜ ਦੇ ਬਹੁਤ ਵੱਡੇ ਹਿੱਸਿਆਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਹੁਣ ਉਸਦੇ ਨਵ-ਉਦਾਰਵਾਦ ਨੇ ਲੋਕਾਂ ਨੂੰ ਭੁੱਖ ਮਰੀ ਦੀ ਕਗਾਰ 'ਤੇ ਪਹੁੰਚਾ ਦਿੱਤਾ ਹੈ। ਸਾਡੇ ਮੁਲਕ ਦੇ ਅਣਸਾਂਵੇਂ ਸਨਅਤੀ ਵਿਕਾਸ ਕਾਰਨ ਜਿੱਥੇ ਮਜ਼ਦੂਰ ਗਮਾਤ ਦੇ ਬਹੁਤ ਨਿਗੂਣੇ ਹਿੱਸੇ ਹੀ ਜਥੇਬੰਦ ਹਨ ਅਤੇ ਬਾਕੀ ਨਵ-ਉਦਾਰਵਾਦੀ ਨੀਤੀਆਂ ਤਹਿਤ ਕੀਤੀ ਢਾਂਚਾ ਢਲਾਈ ਕਾਰਨ ਵੰਡੇ ਹੋਏ ਹਨ। ਇਨਕਲਾਬ ਦਾ ਮੁਹਰੈਲ ਬਨਣ ਵਾਲੀ ਮਜ਼ਦੂਰ ਜਮਾਤ ਦੀ ਅਜਿਹੀ ਹਾਲਤ ਦੇ ਸਨਮੁੱਖ ਭਾਰਤ ਵਰਗੇ ਮੁਲਕ ਅੰਦਰ ਇਹ ਜਰੂਰੀ ਬਣ ਜਾਂਦਾ ਹੈ ਕਿ ਸਾਮਰਾਜ ਅਤੇ ਉਹਦੇ ਭਾਈਵਾਲਾਂ ਦੀਆਂ ਲੋਟੂ ਨੀਤੀਆਂ ਦਾ ਖਮਿਆਜਾ ਭੁਗਤ ਰਹੇ ਨਪੀੜੇ ਜਾਂਦੇ ਉਹਨਾ ਵਰਗੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਏਕੇ ਦੀ ਅਹਿਮੀਅਤ ਨੂੰ ਪਹਿਚਾਣਦਿਆਂ ਉਹਨਾਂ ਸਾਰਿਆਂ ਦਾ ਵਿਸ਼ਾਲ ਸਾਂਝਾ ਮੋਰਚਾ ਉਸਾਰਣ ਵੱਲ ਕਦਮ ਵਧਾਏ ਜਾਣ।



ਪੇਂਡੂ ਮਜ਼ਦੂਰਾਂ ਅਤੇ ਮਿਹਨਤਕਸ਼ ਕਿਸਾਨਾਂ ਤੋਂ ਇਲਾਵਾ ਆਪਣੇ ਆਲੇ ਦੁਆਲੇ ਨਿਗਾਹ ਮਾਰਨ ਨਾਲ ਹੀ ਸਾਨੂੰ ਹੇਠ ਲਿਖੇ ਕੰਮਾ-ਕਾਰਾਂ, ਧੰਦਿਆਂ 'ਚ ਰੁੱਝੇ ਹੋਏ ਕਾਮੇ ਲੋਕ ਮਿਲ ਜਾਣਗੇ। ਪਿੰਡਾਂ 'ਚ ਫੇਰੀਆਂ ਲਾਉਣ ਵਾਲੇ, ਹੱਥ ਰੇਹੜੀਆਂ 'ਤੇ ਸਬਜ਼ੀ ਫਲ ਅਤੇ ਹੋਰ ਸਮਾਨ ਵੇਚਣ ਵਾਲੇ, ਸ਼ਹਿਰਾਂ 'ਚ ਰਿਕਸ਼ਾ ਚਾਲਕ, ਆਟੋ ਚਾਲਕਾਂ, ਗੁਦਾਮਾਂ-ਦੁਕਾਨਾਂ- ਸ਼ੋਅ -ਰੂਮਾਂ ਤੋਂ ਗਾਹਕਾਂ ਦੇ ਘਰਾਂ ਤੱਕ ਸਮਾਨ ਪਹੁੰਚਾਉਣ ਵਾਲੇ ਰਿਕਸ਼ਾ-ਰੇਹੜੀ ਅਤੇ ਛੋਟੇ ਵਾਹਣ ਚਾਲਕ, ਸੜਕ ਕਿਨਾਰੇ ਹਜਾਮਤ ਬਨਾਉਣ ਵਾਲੀਆਂ ਅਤੇ ਹੋਰ ਕਾਰੋਬਾਰੀ ਛੋਟੀਆਂ ਦੁਕਾਨਾਂ, ਸ਼ੋਅ-ਰੂਮਾਂ ਅਤੇ ਬਹੁਕੌਮੀ ਕਾਰਪੋਰਸ਼ਨਾਂ ਨਾਲ ਜੁੜੇ ਉਹਨਾਂ ਦੇ ਵਪਾਰ ਨੂੰ ਵਧਾਉਣ ਲਈ ਪ੍ਰਚਾਰ 'ਚ ਰੁੱਝੇ ਕਰਮਚਾਰੀ। ਮੋਟਰਸਾਈਕਲਾਂ, ਬੱਸਾਂ, ਕਾਰਾਂ ਅਤੇ ਟਰੱਕਾਂ ਆਦਿ ਦੀ ਰਿਪੇਅਰ, ਵੈਲਡਿੰਗ ਕਰਨ ਵਾਲੇ ਮਜ਼ਦੂਰ, ਸ਼ਹਿਰਾਂ ਅਤੇ ਪਿੰਡਾਂ ਦੇ ਸਫਾਈ ਮਜ਼ਦੂਰ, ਕਬਾੜ ਆਦਿ ਚੁਗਣ ਵਾਲੀਆਂ ਔਰਤਾਂ ਅਤੇ ਬੱਚੇ, ਉਸਾਰੀ ਮਜ਼ਦੂਰ, ਪਲੰਬਰ, ਅਲੈਕਟਰੀਸ਼ਨ, ਤਰਖਾਣ, ਲੋਹੇ -ਸਟੀਲ ਦਾ ਕੰਮ ਕਰਨ ਵਾਲੇ, ਰੰਗ ਰੋਗਣ ਤੇ ਪੀ ਓ ਪੀ ਕਰਨ ਵਾਲੇ, ਮਾਰਬਲ ਟਾਈਲਾਂ ਲਾਉਣ ਵਾਲੇ, ਮਾਲੀ, ਘਰੇਲੂ ਨੌਕਰ, ਕਾਰਪੋਰੇਸ਼ਨਾਂ ਨਾਲ ਜੁੜੀਆਂ ਸਰਗਰਮੀਆਂ 'ਚ ਰੁੱਝੇ ਲੋਕ, ਚੁੰਨੀਆਂ ਰੰਗਣ ਵਾਲੇ, ਕੱਪੜਿਆ ਦੀ ਸਿਲਾਈ, ਕਢਾਈ ਕਰਨ ਵਾਲੇ ਕਾਰੀਗਰ, ਦੁਕਾਨਾਂ 'ਤੇ ਕੰਮ ਕਰਨ ਵਾਲੇ, ਸੜਕਾਂ ਪੁਲਾਂ ਦੀ ਉਸਾਰੀ 'ਚ ਲੱਗੇ ਮਜ਼ਦੂਰ, ਢਾਬਿਆਂ, ਰੈਸਟੋਰੈਂਟਾਂ ਅਤੇ ਹੋਰ ਖਾਣ ਪੀਣ ਵਾਲੀਅ ਵਸਤਾਂ ਬਣਾਉਣ ਅਤੇ ਵਰਤਾਉਣ ਅਤੇ ਰੇਹੜੀਆਂ ਆਦਿ ਦੇ ਕੰਮ ਵਿੱਚ ਲੱਗੇ ਮਜ਼ਦੂਰ, ਤਹਿਸੀਲਾਂ, ਕਚਿਹਰੀਆਂ ਦੇ ਟਾਈਪਿਸਟ, ਅਰਜੀ ਨਵੀਸ ਅਤੇ ਫੋਟੋ ਕਾਪੀਆਂ ਕਰਨ ਵਾਲੇ, ਫਾਰਮ ਵੇਚਣ ਅਤੇ ਭਰਨ ਵਾਲੇ, ਆਨ ਲਾਈਨ ਭੁਗਤਾਨ ਕਰਨ ਵਾਲੇ ਲੋਕ, ਅਖਬਾਰਾਂ ਅਤੇ ਇਸ਼ਤਿਹਾਰਾਂ ਦੀ ਵੰਡ ਵੰਡਾਈ ਵਿੱਚ ਲੱਗੇ ਕਾਮੇ, ਟੈਕਸੀ ਚਾਲਕ, ਫਿਲਿਪਕਾਰਡ, ਐਮਾਜੋਨ, ਜੁਮੈਟੋ,ਸਵਿਗੀ, ਸਨੇਪਡਿਲਾ ਆਦਿ ਬਹੁਕੌਮੀ ਕੰਪਨੀਆਂ ਦਾ ਵਪਾਰ ਘਰੋ ਘਰੀ ਪਹੁੰਚਾਉਣ ਵਾਲੇ ਕਰੀਅਰ, ਬੁਆਏਜ਼, ਰਸੋਈ ਗੈਸ ਡਲਿਵਰੀ ਬੁਆਏ ਅਤੇ ਪੈਟਰੋਲ ਪੰਪਾਂ ਦੇ ਕਰਮਚਾਰੀ, ਥਾਂ ਥਾਂ ਲੱਗੇ ਸਕਿਊਰਿਟੀ ਗਾਰਡ, ਚੌਕੀਦਾਰ, ਦਿਹਾੜੀ ਦਾਰ ਕਾਮੇ ਅਤੇ ਦਿਹਾੜੀਦਾਰ ਡਰਾਈਵਰ, ਨਾਲੀਆਂ ਸਾਫ਼ਕਰਨ ਵਾਲੇ, ਸੀਵਰੇਜ਼ ਕਾਮੇ, ਸਿਰਾਂ 'ਤੇ ਮਨੁਖੀ ਮੈਲਾ ਢੋਣ ਵਾਲੇ ਮਜ਼ਦੁਰ, ਮੁਰਦਾਰ ਚੁੱਕਣ ਵਾਲੇ, ਚਮੜਾ ਦੀ ਰੰਗਾਈ ਅਤੇ ਚਮੜਾ ਤਿਆਰ ਕਰਨ ਵਾਲੇ, ਪ੍ਰਾਈਵੇਟ ਨਰਸਿੰਗ ਹੋਮਾਂ ਅਤੇ ਹਸਪਤਾਲਾਂ ਵਿੱਚ ਲੱਗੇ ਫਾਰਮਾਸਿਸਟ, ਨਰਸਾਂ ਅਤੇ ਹੋਰ ਅਮਲਾ ਫੈਲਾ ਆਦਿ ਆਦਿ।

ਇਹ ਲੰਮੀ ਫਹਿਰਸਤ ਇੱਥੇ ਖਤਮ ਨਹੀਂ ਹੁੰਦੀ। ਹੋਰ ਅਨੇਕਾਂ ਕਿਸਮਾਂ ਦੇ ਕੰਮ ਹਨ ਜਿਹਨਾ ਰਾਹੀਂ ਮਿਹਨਤੀ ਲੋਕ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ 'ਚ ਰੁੱਝੇ ਹੋਏ ਹਨ।

ਇਹ ਸਾਰੇ ਮਿਹਨਤਕਸ਼ ਭਾਵੇਂ ਵੱਖ -ਵੱਖ ਕਿਤਿਆ 'ਚ, ਖੇਤਰਾਂ 'ਚ ਲੱਗੇ ਹੋਏ ਹਨ, ਇਹਨਾਂ ਦੇ ਕੰਮਾਂ ਦਾ ਖਾਸਾ ਵੀ ਇੱਕ ਦੂਜੇ ਤੋਂ ਅਲਿਹਦਾ ਹੈ ਪਰ ਇਹਨਾ ਹਿੱਸਿਆਂ ਵਿੱਚ ਇੱਕ ਗੱਲ ਸਾਂਝੀ ਹੈ। ਇਹਨਾਂ ਸਾਰਿਆਂ ਨੂੰ ਇਕੱਠਿਆਂ ਦੇਖਿਆ ਜਾਵੇ ਇਹ ਮਜ਼ਦੂਰ ਜਮਾਤ ਦਾ ਗੈਰ ਜਥੇਬੰਦ, ਵੈਰ ਰਵਾਇਤੀ ਹਿੱਸਾ ਬਣਦਾ ਹੈ। ਇਹਨਾਂ ਦੀਆਂ ਸਾਝਾਂ ਹਨ: –

ਇਹਨਾਂ ਦਾ ਕੋਈ ਸਥਾਈ ਕਾਰੋਬਾਰ ਨਹੀਂ,

ਇਹ ਆਪਣਾ ਕਾਰੋਬਾਰ ਬਦਲਦੇ ਰਹਿੰਦੇ ਹਨ,

ਇਹਨਾਂ 'ਚੋਂ ਬਹੁਤਿਆਂ ਦਾ ਆਪਣਾ ਕੋਈ ਸਥਾਈ ਟਿਕਾਣਾ ਨਹੀਂ ਹੈ।

ਇਹਨਾਂ ਦੀ ਸਿਹਤ ਸੁਰੱਖਿਆ ਦੀ ਕੋਈ ਭਰੋਸੇਯੋਗ ਛਤਰੀ ਨਹੀਂ ਹੈ।

ਵਿਦਿਅਕ ਸਹੂਲਤਾਂ ਵੀ ਇਹਨਾਂ ਦੀ ਪਹੁੰਚ ਤੋਂ ਬਾਹਰ ਹਨ।

ਜੀਵਨ ਬੀਮਾਂ ਜਾਂ ਦੁਰਘਟਨਾ ਬੀਮਾ ਵਰਗੀਆਂ ਸਰਕਾਰੀ ਸਕੀਮਾਂ ਇਹਨਾਂ ਨੂੰ ਨਸੀਬ ਨਹੀਂ।

ਪੀਣ ਵਾਲੇ ਪਾਣੀ ਅਤੇ ਸਫਾਈ ਵਰਗੀਆਂ ਜਨ ਸਿਹਤ ਸਹੂਲਤਾਂ, ਰਿਹਾਇਸ਼ੀ ਥਾਵਾਂ ਪ੍ਰਦੂਸ਼ਣ ਪ੍ਰਭਾਵਤ ਹੋਣ ਕਰਕੇ ਬਿਮਾਰੀਆਂ, ਖਰਾਬ ਸਿਹਤ ਅਤੇ ਉਮਰ ਦਾ ਘੱਟ ਹੋਣਾ ਆਮ ਵਰਤਾਰਾ ਹੈ।

ਮਿਆਰੀ ਸਿਹਤ ਸਹੂਲਤਾਂ ਦੀ ਅਣਹੋਂਦ।

ਇਹ ਬਹੁਤ ਬੁਰੀ ਤਰ੍ਹਾਂ ਖਿੰਡੇ ਹੋਏ ਹਨ ਅਤੇ ਇਹਨਾਂ ਅੰਦਰ ਟਰੇਡ ਯੂਨੀਅਨ ਜਾਂ ਦਮਦਾਰ ਜਥੇਬੰਦੀ ਦੀ ਰੜਕਵੀਂ ਅਣਹੋਂਦ ਹੈ।

ਮਜ਼ਦੂਰ ਜਮਾਤ ਦੀ ਬੰਦ ਖਲਾਸੀ ਲਈ ਅਜਿਹੀ ਵਿਸ਼ਾਲ ਹਿੱਸਿਆਂ 'ਚ ਪਈ ਇਲਕਲਾਬੀ ਸਮਰੱਥਾ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਗੈਰ ਰਵਾਇਤੀ ਵਰਗਾਂ ਨੂੰ ਜਥੇਬੰਦ ਕਰਲ ਲਈ ਕਦਮ ਚੁੱਕਣੇ ਚਾਹੀਦੇ ਹਨ।

## ਪ੍ਰੋਫੈਸਰ ਹਰਗੋਪਾਲ ਅਤੇ ਹੋਰ ਬੁੱਧੀਜੀਵੀਆਂ ਦੀ ਗਿਰ.ਫ਼ਤਾਰੀ ਵਿਰੁੱਧ ਆਵਾਜ਼ ਉਠਾਓ-ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਬਠਿੰਡਾ

**ਬਠਿੰਡਾ/ਬਲਜਿੰਦਰ**

ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਬਠਿੰਡਾ ਅੱਜ ਇਥੇ ਜਾਰੀ ਕੀਤੇ ਇਕ ਪ੍ਰੈੱਸ ਬਿਆਨ ਵਿੱਚ ਤੇਲੰਗਾਨਾ ਸਰਕਾਰ ਦੇ ਇਸ਼ਾਰੇ 'ਤੇ ਪਬਲਿਕ ਮੀਟਿੰਗ ਕਰ ਰਹੇ ਲੋਕਪੱਖੀ ਬੁੱਧੀਜੀਵੀਆਂ ਪ੍ਰੋਫੈਸਰ ਹਰਗੋਪਾਲ, ਵੇਨੂਗੋਪਾਲ, ਪ੍ਰੋਫੈਸਰ ਕਾਤਿਆਯਾਨੀ ਅਤੇ ਹੋਰ ਜਮਹੂਰੀ ਕਰਕੁੰਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਕਿਹਾ ਕਿ ਇਹ ਬੁੱਧੀਜੀਵੀ ਅਤੇ ਕਾਰਕੁੰਨ ਇਨਕਲਾਬੀ ਬੁੱਧੀਜੀਵੀ ਪ੍ਰੋਫੈਸਰ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਤੇ ਕਾਰਕੁੰਨਾਂ ਨੂੰ ਸ਼ਹਿਰੀ ਮਾਓਵਾਦੀ ਕਰਾਰ ਦੇ ਕੇ ਜੇਲ੍ਹ ਵਿਚ ਡੱਕਣ ਵਿਰੁੱਧ ਲਗਾਤਾਰ ਆਵਾਜ਼ ਉਠਾਉਂਦੇ ਆ ਰਹੇ ਹਨ। ਅੱਜ ਵੀ ਡੈਮੋਕਰੇਟਿਕ ਟੀਚਰਜ਼ ਫੋਰਮ ਵੱਲੋਂ ਇਸ ਮੁੱਦੇ ਉੱਪਰ ਪ੍ਰੋਗਰਾਮ ਲਏ ਗਏ ਸਨ ਜਿਹਨਾਂ ਨੂੰ ਅਸਫ਼ਲ ਬਣਾਉਣ ਲਈ ਤੇਲੰਗਾਨਾ ਪੁਲਿਸ ਉਸੇ ਤਰਜ਼ 'ਤੇ ਇਕੱਠ ਉੱਪਰ ਆ ਝਪਟੀ ਜਿਵੇਂ ਇਕ ਸਦੀ ਪਹਿਲਾਂ ਅੱਜ ਦੇ ਦਿਨ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ਼ ਵਿਚ ਬਸਤੀਵਾਦੀ ਦਮਨ ਵਿਰੁੱਧ ਜੁੜੇ ਲੋਕਾਂ ਦਾ ਬਸਤੀਵਾਦੀ ਰਾਜ ਮਸ਼ੀਨਰੀ ਵੱਲੋਂ ਕਤਲੇਆਮ ਕੀਤਾ ਗਿਆ ਸੀ। ਸੱਤ ਦਹਾਕਿਆਂ ਤੋਂ ਲਗਾਤਾਰ ਜਾਰੀ ਆਪਣੇ ਹੀ ਲੋਕਾਂ ਖ਼ਿਲਾਫ਼ ਭਾਰਤੀ ਰਾਜ ਵੱਲੋਂ ਚਲਾਈ ਜਾ ਰਹੀ ਜੰਗ ਇਸਦਾ ਸਬੂਤ ਹੈ ਕਿ ਇਹ ਰਾਜ ਬਦਲੇ ਹੋਏ ਰੂਪ ਵਿਚ ਬਸਤੀਵਾਦੀ ਰਾਜ ਦੀ ਹੀ ਲਗਾਤਾਰਤਾ ਹੈ। ਇਸ ਦੇ ਯੂਪੀਏ, ਟਾਡਾ, ਪੋਟਾ, ਅਫਸਪਾ ਵਰਗੇ ਕਾਨੂੰਨ ਅਤੇ ਅੰਗਰੇਜ਼ਾਂ ਦੇ ਜ਼ਮਾਨੇ ਦੀਆਂ "ਰਾਜ ਧਰੋਹ", "ਰਾਜ ਵਿਰੁੱਧ ਜੰਗ ਦੀ ਸਾਜ਼ਿਸ਼" ਅਤੇ "ਰਾਜ ਵਿਰੁੱਧ ਜੰਗ ਛੇੜਣ" ਦੀਆਂ ਧਾਰਾਵਾਂ ਨਾਲ ਮੋਹ ਅਤੇ ਇਹਨਾਂ ਦੀ ਲੋਕ ਸੰਘਰਸ਼ਾਂ ਵਿਰੁੱਧ ਬੇਦਰੇਗ ਵਰਤੋਂ ਅੰਗਰੇਜ਼ ਬਸਤੀਵਾਦੀਆਂ ਨੂੰ ਵੀ ਮਾਤ ਪਾਉਂਦੇ ਹਨ। ਸਭਾ ਮੰਗ ਕਰਦੀ ਹੈ ਕਿ ਗ੍ਰਿਫ਼ਤਾਰ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਸਾਰੇ ਹੀ ਕਾਲੇ ਕਾਨੂੰਨ ਖ਼ਤਮ ਕੀਤੇ ਜਾਣ। ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁੰਨਾਂ ਵਿਰੁੱਧ ਦਰਜ ਬੇਬੁਨਿਆਦ ਮੁਕੱਦਮੇ ਵਾਪਸ ਲੈ ਕੇ ਉਹਨਾਂ ਨੂੰ ਤੁਰੰਤ ਅਤੇ ਬਿਨਾ ਸ਼ਰਤ ਰਿਹਾਅ ਕੀਤਾ ਜਾਵੇ।

# ਕੈਨੇਡਾ ਉਂਟਾਰੀਓ ਦੇ ਸ਼ਹਿਰਾਂ 'ਚ ਜਲ੍ਹਿਆਂਵਾਲਾ ਕਾਂਡ ਸ਼ਤਾਬਦੀ ਸਮਾਰੋਹਾਂ ਦੀ ਲੜੀ










**ਹਰਜੀਤ ਬੇਦੀ/ਡਾ: ਹਰਦੀਪ ਸਿੰਘ**







ਜਲ੍ਹਿਆਂਵਾਲਾ ਬਾਗ ਕਾਂਡ ਸ਼ਤਾਬਦੀ ਸਮਾਰੋਹ ਲੜੀ ਤਹਿਤ ਨਾਰਥ ਅਮੈਰਕਿਨ ਤਰਕਸ਼ੀਲ ਸੁਸਾਇਟੀ ਅਤੇ ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਾਂਝੇ ਪ੍ਰਬੰਧਾਂ ਰਾਹੀਂ ਓਟੰਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਵਿੱਚ 14 ਅਪਰੈਲ ਅਤੇ ਹੈਮੀਲਟਨ ਵਿਖੇ 21 ਅਪ੍ਰੈਲ ਨੂੰ ਪ੍ਰੋਗਰਾਮ ਕਰਵਾਏ ਗਏ ਜਿਸ ਵਿੱਚ ਦਰਸ਼ਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਨਾਟਕਾਂ ਅਤੇ ਗੀਤਾਂ ਦੇ ਇਨ੍ਹਾਂ ਸਮਾਗਮਾਂ ਵਿੱਚ ਹਰ ਉਮਰ ਅਤੇ ਵਰਗ ਦੇ ਲੋਕ ਜਲ੍ਹਿਆਂਵਾਲਾ ਬਾਗ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚੇ। ਭਾਰਤ ਤੋਂ ਵਿਸ਼ੇਸ਼ ਪੁਹੁੰਚੇ ਨਿਰਦੇਸ਼ਕ ਹਰਵਿੰਦਰ ਦੀਵਾਨਾ ਵਲੋਂ ਜੋਸ਼ ਭਰਪੂਰ ਨਾਟਕ ਅਤੇ ਕੋਰੀਓਗਰਾਫੀਆਂ ਅਤੇ ਮਾਸਟਰ ਰਾਮ ਕੁਮਾਰ ਭਦੌੜ ਦੇ ਇਨਕਲਾਬੀ ਗੀਤਾਂ ਨੇ ਇਸ ਪਰੋਗਰਾਮ ਨੂੰ ਦਰਸ਼ਕਾਂ ਵੱਲੋਂ ਖੂਬ ਪ੍ਰਸ਼ੰਸਾ ਕੀਤੀ ਗਈ। ਵੱਖੋ-ਵੱਖਰੇ ਬੁਲਾਰਿਆਂ ਨੇ ਜਲ੍ਹਿਆਂਵਾਲਾ ਬਾਗ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ, ਮੌਜੂਦਾ ਸਮੇਂ ਅੰਦਰ ਵੀ ਸੰਸਾਰ ਪੱਧਰ 'ਤੇ ਸਾਮਰਾਜੀ ਲੋਕ-ਮਾਰੂ ਸਾਜਿਸ਼ਾਂ ਬਾਰੇ ਜਾਣਕਾਰੀ ਦਿੱਤੀ। ਹਰ ਕਿਸਮ ਦੀ ਰੰਗ, ਧਰਮ, ਨਸਲ, ਕੌਮ, ਦੇਸ਼ ਅਤੇ ਲਿੰਗ ਆਧਾਰਤ ਨਫਰਤ ਸਿਆਸਤ ਅਤੇ ਹਿੰਸਾ ਦੀ ਨਿੰਦਾ ਕੀਤੀ। ਸਰਮਾਏਦਾਰੀ ਪ੍ਰਬੰਧ ਦੀ ਇਸ ਨਫਰਤ ਅਤੇ ਲੁੱਟ ਪ੍ਰਤੀ ਲੋਕਾਂ ਦੀ ਜੱਥੇਬੰਧਕ ਤਾਕਤ ਰਾਹੀਂ ਇਸ ਨੂੰ ਰੋਕ ਲਗਾਕੇ, ਲੋਕ ਪੱਖੀ ਸਮਾਜ ਦੀ ਉਸਾਰੀ ਵੱਲ ਵਧਿਆ ਜਾ ਸਕਦਾ ਹੈ। ਵਰਨਣਯੋਗ ਹੈ ਕਿ ਜਲ੍ਹਿਆਂਵਾਲਾ ਬਾਗ ਦਾ ਇਹ 1919 ਦਾ ਖ਼ੂਨੀ ਕਾਂਡ ਬ੍ਰਿਟਿਸ਼ ਸਾਮਰਾਜ ਵੱਲੋਂ ਨਿਹੱਥੇ ਲੋਕਾਂ ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਭੁੰਨਣਾ ਸਾਮਰਾਜੀ ਜ਼ਬਰ ਅਤੇ ਜੰਗਲੀਪੁਣੇ ਦੀ ਭਿਆਨਕ ਉਦਾਹਰਣ ਹੈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸ਼ਹੀਦ ਅਤੇ ਜ਼ਖਮੀ ਹੋਏ।

ਬਰੈਂਪਟਨ ਸ਼ਹਿਰ ਵਿੱਚ 14 ਅਪਰੈਲ ਵਾਲੇ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਬਲਦੇਵ ਰਹਿਪਾ ਨੇ ਦਰਸ਼ਕਾਂ ਦੇ ਸਵਾਗਤ ਨਾਲ ਕੀਤੀ ਅਤੇ ਕੁਲਦੀਪ ਚਾਹਲ ਦੀ ਸਫਲ ਮੰਚ ਸੰਚਾਲਨਾ ਵਿੱਚ ਪ੍ਰੋਗਰਾਮ ਨੇ ਚੰਗਾ ਰੰਗ ਬੰਨ੍ਹਿਆ। ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ, ਚੇਤਨਾ ਕਲਾ ਕੇਂਦਰ ਬਰਨਾਲਾ ਦੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਵਿੱਚ ਅਮੋਲਕ ਸਿੰਘ ਦਾ ਲਿਖਿਆ ਨਾਟਕ "ਜਲ੍ਹਿਆਂਵਾਲਾ ਬਾਗ ਦੀ ਵੰਗਾਰ" ਵਿੱਚ ਕਲਾਕਾਰਾਂ ਨੇ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੰਦਿਆਂ, ਭਾਰਤੀ ਆਜ਼ਾਦੀ ਦੇ ਇਤਿਹਾਸ ਬਾਰੇ ਸਫਲ ਜਾਣਕਾਰੀ ਦਿੱਤੀ। ਨਾਟਕ ਨੇ ਉਸ ਸਮੇਂ ਦੇ ਸ਼੍ਰੋਮਣੀ ਧਾਰਮਿਕ ਸੰਸਥਾਨਾਂ ਦੇ ਨੇਤਾਵਾਂ ਦੁਆਰਾ ਜਲ੍ਹਿਆਂਵਾਲਾ ਬਾਗ ਦੇ ਕਾਤਲ ਜਨਰਲ ਡਾਇਰ ਨੂੰ ਸਨਮਾਨਿਤ ਕਰਨ ਦੇ ਲੋਕ-ਦੋਖੀ ਕਿਰਦਾਰ ਨੂੰ ਨੰਗਾਂ ਕਰਦਿਆਂ ਸ਼ਹੀਦ ਉਧਮ ਸਿੰਘ ਦੀ ਕੁਰਬਾਨੀ ਦੀ ਕਥਾ ਦੀ ਸਫਲ ਪੇਸ਼ਕਾਰੀ ਕੀਤੀ। ਵਹਿਮਾਂ ਭਰਮਾਂ ਦੇ ਖਿਲਾਫ ਵਿਗਿਆਨਕ ਸੋਚ ਨੂੰ ਅਪਣਾਉਣ ਦਾ ਸੁਨੇਹਾ ਦਿੰਦੇ ਦਰਸ਼ਨ ਮਿੱਤਵਾ ਲਿਖਿਤ ਨਾਟਕ "ਪ੍ਰੇਤ" ਦਾ ਸਫਲ ਮੰਚਨ ਕੀਤਾ ਗਿਆ। ਜਿਨ੍ਹਾਂ ਨੂੰ ਦਰਸ਼ਕਾਂ ਵਲੋਂ ਭਰਪੂਰ ਦਾਦ ਮਿਲੀ। ਕੈਨੇਡਾ ਦੇ ਨਾਟਕ ਕਲਾਕਾਰਾਂ ਸਮਰਪ੍ਰੀਤ, ਅੰਤਰਪ੍ਰੀਤ, ਪਰਮਜੀਤ ਦਿਓਲ, ਬਿਕਰਮਜੀਤ ਰੱਖੜਾ, ਬਲਤੇਜ ਸਿੱਧੂ, ਡਾ: ਰਮਨ, ਕਰਮਜੀਤ ਗਿੱਲ, ਬਲਰਾਜ ਸ਼ੌਕਰ, ਨਿਰਮਲ ਸੰਧੂ, ਮਨੀ ਗਿੱਲ, ਅਕਾਸ਼ਪ੍ਰੀਤ, ਹਰਜਾਪ ਆਦਿ ਨੇ ਆਪਣੇ ਪਾਤਰਾਂ ਵਿੱਚ ਪੂਰੀ ਤਰ੍ਹਾਂ ਢਲ ਕੇ ਪੇਸ਼ਕਾਰੀ ਕੀਤੀ ਅਤੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਣ ਅਤੇ ਤੋਰਨ ਵਿੱਚ ਪੂਰੀ ਤਰ੍ਹਾਂ ਸਫਲ ਰਹੇ। ਕੋਰੀਓਗਰਾਫੀਆਂ ਕਲਾ ਅਤੇ ਵਿਸ਼ੇ ਪੱਖੋਂ ਕਮਾਲ ਦੀਆਂ ਸਨ। ਖਾਸ ਤੌਰ 'ਤੇ "ਮੈਂ ਧਰਤੀ ਪੰਜਾਬ ਦੀ" ਨੇ ਦਰਸ਼ਕਾਂ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ ਤੇ ਅਦਾਕਾਰਾ ਅੰਤਰਪ੍ਰੀਤ ਦੀ ਕਲਾ ਨੂੰ ਦਰਸ਼ਕਾਂ ਵਲੋਂ ਬੇਹੱਦ ਸਲਾਹਿਆ ਗਿਆ। ਮਾਸਟਰ ਰਾਮ ਕੁਮਾਰ ਭਦੌੜ ਦੀ ਨਿਰਦੇਸ਼ਨਾਂ ਵਾਲੀ ਸੰਗੀਤ ਮੰਡਲੀ ਦੇ ਕੈਨੇਡੀਅਨ ਗਾਇਕ ਸੁਖਦੇਵ ਸਿੰਘ ਆਦਿ ਨੇ ਇਨਕਲਾਬੀ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਾਂਧਜਲੀ ਦਿੱਤੀ। ਇਸ ਤੋਂ ਬਿਨਾਂ ਫ੍ਰੈਡਰਿਕ ਬੈਂਟਿੰਗ ਸਕੂਲ ਬਰੈਂਪਟਨ ਦੇ ਬੱਚਿਆਂ ਨੇ ਭਗਤ ਸਿੰਘ ਬਾਰੇ ਕੋਰੀਓਗ੍ਰਾਫੀ ਪੇਸ਼ ਕੀਤੀ।

ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਅਤੇ ਇੰਡੋ-ਕੈਨੇਡਿਅਨ ਵਰਕਰਜ਼ ਐਸੋਸੀਏਸ਼ਨ ਦੇ ਹਰਿੰਦਰ ਹੁੰਦਲ ਨੇ ਵੀ ਆਪਣੇ ਵਿਚਾਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ। ਮਾਸਟਰ ਰਾਮ ਕੁਮਾਰ ਦੀ ਅਗਵਾਈ ਵਿੱਚ ਲੋਕ ਮੰਡਲੀ ਭਦੌੜ ਦੇ ਕਲਾਕਾਰਾਂ ਸੁਖਦੇਵ ਆਦਿ ਨੇ ਲੋਕ ਪੱਖੀ ਗੀਤ ਪੇਸ਼ ਕਰ ਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ। ਇਸ ਮੌਕੇ ਸੁਰਜੀਤ ਸਹੋਤਾ ਅਤੇ ਸਾਥੀਆਂ ਵਲੋਂ ਲੱਚਰ ਸਾਹਿਤ ਦਾ ਬਦਲ ਪੇਸ਼ ਕਰਦੇ ਅਗਾਂਹਵਧੂ ਅਤੇ ਲੋਕ-ਪੱਖੀ ਪੁਸਤਕਾਂ ਦੀ ਪ੍ਰਦਰਸ਼ਨੀ ਲਾਈ ਗਈ। ਅੰਤ ਵਿੱਚ ਡਾ: ਬਲਜਿੰਦਰ ਸੇਖੋਂ ਨੇ ਸਾਰੇ ਦਰਸ਼ਕਾਂ, ਸਪਾਂਸਰਾਂ, ਕਲਾਕਾਰਾਂ, ਵੱਖ-ਵੱਖ ਜਥੇਬੰਦੀਆਂ ਅਤੇ ਵਾਲੰਟੀਅਰਜ਼ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਬਲਦੇਵ ਰਹਿਪਾ ਅਤੇ ਕੁਲਦੀਪ ਰੰਧਾਵਾ ਨੇ ਬੜੀ ਤਰਤੀਬ ਨਾਲ ਨਿਭਾਈ।

ਨੌਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਜਲ੍ਹਿਆਂਵਾਲਾ ਬਾਗ ਕਾਂਡ ਦਾ ਸ਼ਤਾਬਦੀ ਸਮਾਰੋਹ 21 ਅਪਰੈਲ 2019 ਦਿਨ ਐਤਵਾਰ ਨੂੰ 3:00 ਵਜੇ ਹੈਮਿਲਟਨ ਕੰਨਵੈਨਸ਼ਨ ਸੈਂਟਰ ਵਿੱਚ ਮਨਾਇਆ ਗਿਆ। ਇਸ ਪਰੋਗਰਾਮ ਵਿੱਚ ਤਰਕਸ਼ੀਲ ਸੁਸਾਇਟੀ ਦੇ ਵਿਸ਼ੇਸ਼ ਸੱਦੇ 'ਤੇ ਆਏ ਨਾਟਕਕਾਰ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੇ ਜਾ ਰਹੇ ਨਾਟਕਾਂ ਅਮੋਲਕ ਸਿੰਘ ਦਾ ਲਿਖਿਆ "ਜਲ੍ਹਿਆਂਵਾਲਾ ਬਾਗ ਦੀ ਵੰਗਾਰ" ਅਤੇ ਦਰਸ਼ਨ ਮਿੱਤਵਾ ਦਾ "ਪ੍ਰੇਤ" ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੇ ਗਏ। ਬੁਲਾਰਿਆਂ ਵਲੋਂ ਵਿਚਾਰ ਵੀ ਪੇਸ਼ ਕੀਤੇ ਗਏ ਕਿ ਰੰਗ, ਨਸਲ, ਕੌਮ, ਦੇਸ਼, ਧਰਮ, ਲਿੰਗ ਅਧਾਰਤ ਨਫਰਤ ਅਤੇ ਹਿੰਸਾ ਨੂੰ ਕਿਸੇ ਵੀ ਸਭਿਅਕ ਸਮਾਜ ਵਿੱਚ ਥਾਂ ਨਹੀ। ਅੱਜ ਦੇ ਸਰਮਾਏਦਾਰੀ ਦੌਰ ਵਿੱਚ ਨਸਲਵਾਦ ਅਤੇ ਰਾਸ਼ਟਰਵਾਦ ਦੇ ਨਾਂ 'ਤੇ ਲੋਕਾਂ ਵਿੱਚ ਪਾਈਆਂ ਜਾ ਰਹੀਆਂ ਵੰਡੀਆਂ ਦੇ ਖਤਰੇ ਬਹੁਤ ਹੀ ਚਿੰਤਾ ਭਰਪੂਰ ਹਨ। ਸਾਮਰਾਜੀ ਜੰਗਾਂ ਦਾ ਟਾਕਰਾ ਕਰਕੇ ਲੋਕਪੱਖੀ ਸਮਾਜਵਾਦੀ ਸਮਾਜ ਦੀ ਉਸਾਰੀ ਕੀਤੀ ਜਾ ਸਕਦੀ ਹੈ। ਇਸ ਪ੍ਰੋਗਰਾਮ ਨੂੰ ਬੁੱਧ ਸਿੰਘ ਢਿੱਲੋਂ, ਕਮਲ ਸਰਾਂ, ਸ਼ਰਨਜੀਤ ਸਿੰਘ ਲਾਡੀ, ਗੁਰਚਰਨ ਧਾਲੀਵਾਲ ਆਦਿ ਨੇ ਸੰਬੋਧਨ ਕੀਤਾ ।

ਇਨ੍ਹਾਂ ਪ੍ਰੋਗਰਾਮਾਂ ਵਿੱਚ ਤਰਕਸ਼ੀਲ ਅਤੇ ਇਨਕਲਾਬੀ ਸਾਹਿਤ ਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ। ਜਿਸ ਵਿੱਚ ਤਰਕਸ਼ੀਲ ਸੁਸਾਇਟੀ, ਪ੍ਰੋਗਰੈਸਿਵ ਪਾਕਿਸਤਾਨੀ ਪੀਪਲਜ਼ ਅਲਾਇੰਸ, ਪੇਪਰ 'ਸਰੋਕਾਰਾਂ ਦੀ ਆਵਾਜ਼' ਦੀ ਸਟਾਲ ਪ੍ਰਮੁੱਖ ਸਨ। ਪੰਜਾਬੀ, ਹਿੰਦੀ, ਉਰਦੂ ਅਤੇ ਇੰਗਲਿਸ਼ ਇਨਕਲਾਬੀ ਸਾਹਿਤ ਵੰਡਿਆ ਗਿਆ।

Veerpal Brar, RIBO
[Broker]
veerpal@custominsure.ca

CI CUSTOM INSURANCE
INSURANCE BROKERS
A DIVISION OF ORACLE RMS

Tel: (416) 816-4595 ext 103
Direct: (416) 712-3737
Fax: (416) 710-8976
Unit 8 - 670 Rexdale Blvd, Etobicoke, ON, M9W 0B5
AUTO · HOME · COMMERCIAL · LIFE


For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD.

Taranjit "T.J" Mand
Real Estate Associate
MaxValue Reality Ltd.

# ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ














**ਸਰੀ/ਪਰਮਿੰਦਰ ਸਵੈਚ**

21 ਅਪਰੈਲ਼, 2019 ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਸ਼ਤਾਬਦੀ ਦੇ ਮੌਕੇ ਤੇ ਗਰੈਂਡ ਤਾਜ ਬੈਂਕੁਇਟ ਹਾਲ ਸਰ੍ਹੀ ਵਿੱਚ ਸ਼ਹੀਦਾਂ ਨੂੰ ਸ਼ਰਧਾਂਜ਼ਲੀਆਂ ਦਿੱਤੀਆਂ ਗਈਆਂ, ਜਿਸ ਵਿੱਚ ਬਹੁਤ ਸਾਰੇ ਲੋਕਾਂ ਨੇ ਪਹੁੰਚ ਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕੀਤਾ ਅਤੇ ਉਸ ਖ਼ੂਨੀ ਸਾਕੇ ਪਿੱਛੇ ਅੰਗਰੇਜ਼ ਬਸਤੀਵਾਦੀ ਹਕੂਮਤ ਦੇ ਜ਼ੁਲਮਾਂ ਦੀ ਦਾਸਤਾਨ ਅਤੇ ਰੋਲਟ ਐਕਟ ਵਰਗੇ ਕਾਲੇ ਕਾਨੂੰਨਾਂ ਦੀਆਂ ਪਰਤਾਂ ਨੂੰ ਫਰੋਲ਼ਿਆ। ਅੱਜ ਦੇ ਪ੍ਰੋਗਰਾਮ ਦੀ ਸਟੇਜ ਦੀ ਕਾਰਵਾਈ ਸੰਭਾਲਦੇ ਹੋਏ ਕ੍ਰਿਪਾਲ ਬੈਂਸ ਨੇ ਜਿੱਥੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ, ਉੱਥੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਸੰਖੇਪ ਜਾਣਕਾਰੀ ਵੀ ਦਿੱਤੀ। ਤਰਕਸ਼ੀਲ ਸੁਸਾਇਟੀ ਦੇ ਸਕੱਤਰ ਨਿਰਮਲ ਸਿੰਘ ਕਿੰਗਰਾ ਨੇ ਇਸ ਸਾਕੇ ਨੂੰ ਸਮਰਪਿਤ ਆਪਣੀ ਨਵਲਿਖਤ ਕਵਿਤਾ ਦੇ ਰੂਪ ਵਿੱਚ ਸ਼ਹੀਦਾਂ ਨੂੰ ਯਾਦ ਕੀਤਾ। ਲਖਬੀਰ ਖੁਣਖੁਣ ਨੇ ਅੰਗਰੇਜ਼ ਬਸਤੀਵਾਦੀ ਹਕੂਮਤ ਦੇ ਜ਼ੁਲਮਾਂ ਬਾਰੇ ਵਿਸਥਾਰ ਪੂਰਵਕ ਗੱਲ ਕੀਤੀ।

ਪੰਜਾਬੀ ਕਮਿਊਨਿਟੀ ਦੇ ਚਿੰਤਕ ਤੇ ਆਲੋਚਕ ਡਾ. ਸਾਧੂ ਸਿੰਘ ਨੇ ਵੀ ਆਪਣੇ ਭਾਵਪੂਰਤ ਸ਼ਬਦਾਂ ਵਿੱਚ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਗ਼ਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ ਦੇ ਪੋਤੇ ਮਨਜੀਤ ਢਿੱਲੋਂ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਇੱਕ ਕਵਿਤਾ ਸਾਂਝੀ ਕੀਤੀ। ਬੱਬਰ ਅਕਾਲੀ ਲਹਿਰ ਦੇ ਸ਼ਹੀਦ ਧੰਨਾ ਸਿੰਘ ਬਹਿਬਲਪੁਰ ਦੇ ਸਪੁੱਤਰ ਦੇਸ਼ਭਗਤ ਬਖਸ਼ੀਸ਼ ਸਿੰਘ ਨਾਗਰਾ ਜਿੰਨਾ ਦੀ ਉਮਰ 99 ਸਾਲ ਹੋ ਚੁੱਕੀ ਹੈ ਨੇ ਆਪਣਾ ਭਾਈਚਾਰਕ ਸਾਂਝ ਦਾ ਸੰਦੇਸ਼ ਭੇਜਿਆ ਜੋ ਕ੍ਰਿਪਾਲ ਬੈਂਸ ਦੁਆਰਾ ਸਾਂਝਾ ਕੀਤਾ ਗਿਆ। ਤ੍ਰਿਲੋਚਨ ਦੂਹੜੇ ਨੇ ਵੀ ਅੱਜ ਦੇ ਹਲਾਤਾਂ ਤੇ ਢੁੱਕਵੀਂ ਕਵਿਤਾ ਸਾਂਝੀ ਕੀਤੀ। ਪਾਕਿਸਤਾਨੀ ਕਮਿਊਨਿਟੀ ਦੀ ਕਾਰਕੁੰਨ ਸ਼ਹਿਨਾਜ਼ ਦੀਦੀ ਨੇ ਜਿੱਥੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਬਾਰੇ ਗੱਲ ਕੀਤੀ ਤੇ ਨਾਲ ਦੀ ਨਾਲ 1947 ਵਿੱਚ ਦੇਸ਼ ਦੀ ਵੰਡ ਸਮੇਂ ਬਣੇ ਪਾਕਿਸਤਾਨ ਦੇ ਅੱਜ ਦੇ ਹਲਾਤਾਂ ਬਾਰੇ ਵੀ ਸਭ ਨੂੰ ਜਾਣੂ ਕਰਵਾਇਆ। ਇੱਕ ਹੋਰ ਜਥੇਬੰਦੀ ਕੈਨੇਡਾ ਫਲਸਤੀਨ ਐਸੋਸ਼ੀਏਸ਼ਨ ਵਲੋਂ ਬੋਲਦਿਆਂ ਹੈਨਾ ਕਵਾਸ ਨੇ ਬ੍ਰਿਟਿਸ਼ ਨੇ ਜੋ ਫਲਸਤੀਨ ਜਾਂ ਹੋਰ ਦੇਸ਼ਾਂ ਜਿੰਨਾ ਤੇ ਜ਼ੁਲਮ ਕੀਤੇ, ਉਹਨਾਂ ਬਾਰੇ ਦੱਸਿਆ।

ਰੈਵੋਲਿਊਸ਼ਨਰੀ ਪੀਪਲਜ਼ ਮੂਵਮੈਂਟ ਵਲੋਂ ਸੋਨੀ, ਇੰਟਰਨੈਸ਼ਨਲ ਲੀਗ ਆਫ ਪੀਪਲਜ਼ ਸਟਰਗਲਜ਼ ਵਲੋਂ ਆਇਨਿਸ ਤੇ ਰੈਵੋਲਿਊਸ਼ਨਰੀ ਸਟੂਡੈਂਟਸ ਮੂਵਮੈਂਟ ਵਲੋਂ ਸੇਠ ਨੇ ਜਿੱਥੇ ਸ਼ਹੀਦਾਂ ਨੂੰ ਸ਼ਰਧਾਂਜ਼ਲੀਆਂ ਦਿੱਤੀਆਂ ਉੱਥੇ ਸਮਾਜ ਵਿੱਚ ਆਪਣੇ ਤੁਜਰਬੇ ਵੀ ਸਾਂਝੇ ਕੀਤੇ। ਲੱਖਾ ਤੇ ਨਾਜ਼ ਦੀ ਨੰਬਰ 1 ਗਾਇਕ ਜੋੜੀ ਨੇ ਗੀਤਾਂ ਦੇ ਰੂਪ ਵਿੱਚ ਸ਼ਰਧਾਂਜ਼ਲੀ ਦਿੱਤੀ ਤੇ ਬਹੁਤ ਹੀ ਭਾਵਪੂਰਤ ਭਗਤ ਸਿੰਘ ਦੀ ਘੋੜੀ ਗਾ ਕੇ ਲੋਕਾਂ ਦੀਆਂ ਅੱਖਾਂ ਵਿੱਚ ਹੰਝੂ ਲੈ ਆਂਦੇ। ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ ਨੇ ਕੁੰਜੀਵਤ ਭਾਸ਼ਨ ਦਿੰਦਿਆਂ ਇਤਿਹਾਸਕ ਵਰਤਾਰੇ ਤੇ ਚਾਨਣਾ ਪਾਇਆ ਅਤੇ ਅੱਜ ਦੇ ਹਲਾਤਾਂ ਬਾਰੇ ਵੀ ਗੱਲਬਾਤ ਸਾਂਝੀ ਕੀਤੀ। ਮਨਜੀਤ ਮੱਲ੍ਹਾ ਨੇ ਇੱਕ ਗੀਤ 'ਆ ਦੋਸਤ ਕੁੱਝ ਬੀਜ ਬੀਜੀਏ, ਕਲਮਾਂ ਲਾਈਏ' ਗਾ ਕੇ ਸੁਣਾਇਆ। ਲੋਕ ਸੰਗੀਤ ਮੰਡਲੀ ਭਦੌੜ ਦੇ ਬਾਨੀ ਪਿਆਰਾ ਸਿੰਘ ਚਾਹਲ ਨੇ ਸ਼ਹੀਦਾਂ ਨੂੰ ਸਮਰਪਿਤ ਗ਼ਜ਼ਲ ਗਾ ਕੇ ਸੁਣਾਈ। ਪਰਮਿੰਦਰ ਸਵੈਚ ਨੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦਿਆ ਕਿਹਾ ਕਿ ਉਨ੍ਹਾਂ ਦੇ ਅਧੂਰੇ ਸੁਫਨੇ ਤਾਂ ਹੀ ਪੂਰੇ ਹੋ ਸਕਦੇ ਹਨ ਅਗਰ ਅਸੀਂ ਅੱਜ ਜਿੱਥੇ ਵੀ ਰਹਿ ਰਹੇ ਹਾਂ, ਉੱਥੇ ਮਨੁੱਖਤਾ ਦੇ ਹੱਕਾਂ ਦੀ ਪ੍ਰੈਹਵੀ ਕਰੀਏ ਤੇ ਆਲੇ ਦੁਆਲੇ ਜੋ ਕੁੱਝ ਗਲਤ ਹੋ ਰਿਹਾ ਹੈ, ਉਸ 'ਤੇ ਕੈੜ੍ਹੀ ਨਜ਼ਰ ਵੀ ਰੱਖੀਏ ਅਤੇ ਉਸ ਵਲੋਂ ਤਿਆਰ ਕਰਵਾਏ ਗਏ ਇਨਕਲਾਬੀ ਗਿੱਧੇ ਬਾਰੇ ਦੱਸਿਆ ਤੇ ਕਿਹਾ ਕਿ ਹੁਣ ਸਾਨੂੰ ਲੋਕਾਂ ਦੀ ਅਸਲੀ ਰਗ ਸਮਝਣ ਦੀ ਲੋੜ ਹੈ। ਜੇ ਲੋਕਾਂ ਦੀ ਪਸੰਦ ਗਿੱਧੇ ਭੰਗੜੇ ਹਨ ਤਾਂ ਉਹਨਾਂ ਵਿੱਚੋਂ ਲੱਚਰਤਾ ਦਾ ਅੰਸ਼ ਕੱਢ ਕੇ ਅਗਾਂਹਵਧੂ ਸੋਚ ਨੂੰ ਅਪਣਾ ਕੇ ਇਸ ਵਿਧਾ ਨੂੰ ਵਰਤਿਆ ਜਾਣਾ ਚਾਹੀਦਾ ਹੈ। ਇਸ ਇਨਕਲਾਬੀ ਗਿੱਧੇ ਵਿੱਚ ਹਰਪ੍ਰੀਤ ਆਹਲੂਵਾਲੀਆ, ਰਣਜੀਤ ਕੌਰ, ਮਨਜੀਤ ਲਿੱਧੜ, ਕੁਲਦੀਪ ਥਾਂਦੀ, ਹਰਬੰਸ ਪੁਰੇਵਾਲ, ਪੁਨੀਤ ਗਿੱਲ, ਮਹਿਕ ਔਜਲਾ, ਅਮਨਦੀਪ ਕਲੇਰ, ਬਿਮਲ ਕਾਹਲੋਂ, ਪਰਮਜੀਤ ਸੁੰਨੜ ਤੇ ਪਰਮਿੰਦਰ ਸਵੈਚ ਵਲੋਂ ਬਹੁਤ ਹੀ ਜਬਰਦਸਤ ਪੇਸ਼ਕਾਰੀ ਕੀਤੀ ਗਈ ਤੇ ਅੰਤ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਗ਼ਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਬੋਲੀਆਂ ਨਾਲ ਅੰਤ ਕੀਤਾ ਗਿਆ। ਅੰਤ ਵਿੱਚ ਕ੍ਰਿਪਾਲ ਬੈਂਸ ਨੇ ਲੋਕਾਂ ਸਾਮਣੇ ਚਾਰ ਮਤੇ ਵੀ ਲਿਆਂਦੇ ਜੋ ਪਾਸ ਕਰਵਾਏ ਗਏ।

1. ਭਾਰਤੀ ਲੋਕਾਂ ਤੇ ਰਾਜ ਕਰ ਰਹੀਆਂ ਰਾਜਨੀਤਕ ਪਾਰਟੀਆਂ ਜੋ ਮਿਲਟਰੀ, ਪੈਰਾ ਮਿਲਟਰੀ ਅਤੇ ਕਾਲੇ ਕਾਨੂੰਨਾਂ ਦਾ ਸਹਾਰਾ ਲੈ ਕੇ ਲੋਕ ਪੱਖੀ ਲੋਕਾਂ, ਬੁੱਧੀਜੀਵੀਆਂ, ਘੱਟ ਗਿਣਤੀਆਂ, ਆਦਿ ਵਾਸੀਆਂ, ਦਲਿਤਾਂ ਆਦਿ ਤੇ ਜਬਰ ਢਾਹ ਰਹੀਆਂ ਹਨ ਅਤੇ ਜਿੰਨਾ ਨੂੰ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ, ਉਹਨਾਂ ਨੂੰ ਬਿਨਾਂ ਸ਼ਰਤ 'ਤੇ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

2. ਦੂਜਾ ਮਤਾ ਇਹ ਪੇਸ਼ ਕੀਤਾ ਗਿਆ ਕਿ ਸ਼ਹੀਦ ਭਾਈ ਮੇਵਾ ਸਿੰਘ ਜਿਸ ਨੂੰ ਕੈਨੇਡੀਅਨ ਬਸਤੀਵਾਦੀ ਸਰਕਾਰ ਨੇ ਵਿਲੀਅਮ ਹਾਪਕਿਨਸਨ ਦੇ ਕਤਲ ਦੇ ਸਬੰਧ ਵਿੱਚ ਫਾਂਸੀ ਲਗਾ ਦਿੱਤਾ ਸੀ। ਉਸਨੇ ਕੈਨੇਡੀਅਨ ਕਦਰਾਂ ਕੀਮਤਾਂ ਤੇ ਕਾਨੂੰਨ ਦੀ ਰਾਖੀ ਕਰਦੇ ਹੋਏ ਝੂਠੀ ਗਵਾਹੀ ਦੇਣ ਤੋਂ ਇਨਕਾਰ ਕੀਤਾ ਸੀ ਤਾਂ ਉਸਨੂੰ ਜ਼ਲੀਲ ਕੀਤਾ ਜਾ ਰਿਹਾ ਸੀ। ਉਸਨੇ ਆਪਣੀ ਕੌਮੀ ਅਣਖ ਇੱਜ਼ਤ ਦੀ ਰਾਖੀ ਕਰਦੇ ਹੋਏ ਇਹ ਕਦਮ ਚੁੱਕਿਆ ਸੀ। ਕਾਰਣਾਂ ਨੂੰ ਜਾਣੇ ਬਿਨਾਂ ਉਸਨੂੰ ਫਾਂਸੀ ਦੇਣਾ ਇੱਕ ਬੱਜਰ ਗਲਤੀ ਸੀ। ਅਸੀਂ ਮੰਗ ਕਰਦੇ ਹਾਂ ਕਿ ਉਸਨੂੰ ਕੈਨੇਡੀਅਨ ਕੌਮੀ ਸ਼ਹੀਦ ਦਾ ਦਰਜ਼ਾ ਮਿਲਣਾ ਚਾਹੀਦਾ ਹੈ।

3. ਤੀਸਰੀ ਮਤਾ ਇਹ ਸੀ ਕਿ ਜੋ ਇਸ ਸਮੇਂ ਭਾਰਤ ਵਿੱਚ ਲੋਕਤੰਤਰੀ ਢਾਂਚੇ ਨਾਲ ਵੋਟ ਸਿਸਟਮ ਦਾ ਡਰਾਮਾ ਕੀਤਾ ਜਾ ਰਿਹਾ ਹੈ। ਇਸਨੇ ਲੋਕਾਂ ਦੇ ਪਿੜ ਪੱਲੇ ਨਾ ਅੱਜ ਤੱਕ ਕੁਝ ਪਾਇਆ ਹੈ ਤੇ ਨਾ ਪਾਉਣਾ ਹੈ। ਇਹ ਉੱਥੋਂ ਦੀ 17ਵੀਂ ਪਾਰਲੀਮੈਂਟ ਦੀ ਇਲੈਕਸ਼ਨ ਹੈ। ਅਸੀਨ ਲੋਕਾਂ ਦੇ ਹੱਕਾਂ ਤੇ ਖੁਸ਼ਹਾਲੀ ਲਈ ਲੜੇ ਜਾਂਦੇ ਸੰਘਰਸ਼ਾਂ ਦੀ ਹਮਾਇਤ ਵਿੱਚ ਖੜ੍ਹੇ ਹਾਂ।

4. ਚੌਥਾ ਤੇ ਆਖਰੀ ਮਤਾ ਇਹ ਸੀ ਕਿ ਭਾਰਤੀ ਜਾਂ ਪਾਕਿਸਤਾਨੀ ਸਰਕਾਰ ਜੋ ਪੁਲਵਾਮਾ ਵਰਗੇ ਅਟੈਕ ਕਰਵਾ ਕੇ ਉਹ ਘਟਨਾਵਾਂ ਨੂੰ ਵਰਤ ਕੇ ਜੋ ਜੰਗੀ ਮਾਹੌਲ ਪੈਦਾ ਕਰ ਰਹੀਆਂ ਹਨ, ਅਸੀਂ ਉਸਦੀ ਨਿੰਦਾ ਕਰਦੇ ਹਾਂ।

ਦੋਨਾਂ ਦੇਸ਼ਾਂ ਦੇ ਲੋਕ ਅਮਨ ਚਾਹੁੰਦੇ ਹਨ ਅਸੀਂ ਉਹਨਾਂ ਦੀ ਹਮਾਇਤ ਵਿੱਚ ਖੜ੍ਹੇ ਹਾਂ। ਅੰਤ ਵਿੱਚ ਸਾਰੇ ਪਹੁੰਚੇ ਲੋਕਾਂ ਦਾ ਅਤੇ ਵਲੰਟੀਅਰਾਂ ਜੋ ਲੰਮੇ ਸਮੇਂ ਤੋਂ ਇਹਨਾਂ ਪ੍ਰੋਗਰਾਮਾਂ ਦੀ ਜੀ ਜਾਨ ਨਾਲ ਤਿਆਰੀ ਕਰ ਰਹੇ ਸਨ, ਉਹਨਾਂ ਦਾ ਵੀ ਧੰਨਵਾਦ ਕਮਲਜੀਤ ਥਿੰਦ ਨੇ ਕੀਤਾ।



# ਜਲ੍ਹਿਆਂ ਵਾਲਾ

## ਸੁਰਿੰਦਰ ਧੰਜਲ

## (ਤਿਆਰੀ ਅਧੀਨ ਨਾਟਕ ਦਾ ਛੇਵਾਂ ਦ੍ਰਿਸ਼)

(ਚਾਚਾ ਚਾਨਣ ਸਿੰਘ ਚੌਕੀਦਾਰ, ਚੌਕੀਦਾਰਨੀ ਚਾਚੀ ਪੰਜਾਬ ਕੌਰ, ਤਾਇਆ ਹਸਮੁਖ ਸਿੰਘ ਅਮਲੀ - ਤਿੰਨੇ ਸਟੇਜ ਦੇ ਖੱਬੇ ਖੂੰਜੇ, ਲੇਖਕ ਕੋਲ ਬੈਠੇ ਸੁਣ ਰਹੇ ਹਨ...

ਪਰਦੇ ਪਿੱਛੋਂ ਆਵਾਜ਼: ਸਮਾਂ, ਜਲ੍ਹਿਆਂ ਵਾਲਾ ਕਾਂਡ ਤੋਂ ਦੋ ਕੁ ਮਹੀਨੇ ਬਾਅਦ: ਜੂਨ 1919 ਦਾ ਮੱਧ!)

**ਲੇਖਕ:** (ਸਟੇਜ ਦੇ ਖੱਬੇ ਖੂੰਜਿਓਂ)

ਦੂਜੀ ਗੱਲ, ਜੋ ਕੋਈ ਵੀ ਜਾਬਰ, ਪੰਜਾਬ ਦੀ ਜਵਾਨੀ ਕੋਲੋਂ ਕਦੇ ਵੀ ਖੋਹ ਨਹੀਂ ਸਕਿਆ, ਉਹ ਹੈ: ਪੰਜਾਬੀਆਂ ਅੰਦਰ ਜਗਦੀ ਅਤੇ ਮਘਦੀ, ਆਜ਼ਾਦ ਰਹਿਣ ਦੀ ਲੋਚਾ - ਆਜ਼ਾਦ ਰਹਿਣ ਦਾ ਬੁਲੰਦ ਪਰਚਮ! ਪੰਜਾਬ ਦੇ ਇੱਕ ਪਿੰਡ ਦਾ ਇੱਕ ਦੇਸ਼-ਭਗਤ ਖ਼ੁਫ਼ੀਆ ਸਕੂਲ (ਮਦਰੱਸਾ), ਜਿੱਥੇ ਮੁਨਸ਼ੀ ਗੁਰਮੁਖ ਦੀਨ ਸ਼ਰਮਾ, ਵਿਦਿਆਰਥੀਆਂ ਨੂੰ ਨਵਾਂ ਸਬਕ ਪੜ੍ਹਾ ਰਿਹਾ ਹੈ। ਕੋਈ ਪਤਾ ਨਹੀਂ ਮੁਨਸ਼ੀ ਜੀ ਸਿੱਖ ਹੈ, ਹਿੰਦੂ ਹੈ, ਜਾਂ ਮੁਸਲਮਾਨ-ਗੁਰਮੁਖ ਤੋਂ ਲਗਦਾ ਹੈ ਉਹ ਸਿੱਖ ਹੈ, ਦੀਨ ਤੋਂ ਲੱਗਦਾ ਹੈ ਉਹ ਮੁਸਲਮਾਨ ਹੈ, ਸ਼ਰਮਾ ਤੋਂ ਲੱਗਦਾ ਹੈ ਉਹ ਹਿੰਦੂ ਹੈ। ਕਦੇ ਉਹ ਪੱਗ ਬੰਨ੍ਹ ਕੇ ਸਕੂਲ ਆਉਂਦਾ ਹੈ, ਕਦੇ ਸਿਰ 'ਤੇ ਕੁੱਲ੍ਹਾ, ਤੇ ਕਦੇ ਟੋਪੀ। ਲਗਦਾ ਹੈ ਜਲ੍ਹਿਆਂਵਾਲੇ ਬਾਗ ਵਿੱਚ ਹਿੰਦੂਆਂ, ਸਿੱਖਾਂ, ਤੇ ਮੁਸਲਮਾਨਾਂ ਦੇ ਸਾਂਝੇ ਡੁੱਲ੍ਹੇ ਖ਼ੂਨ ਦੀ ਰੂਹ, ਮੁਨਸ਼ੀ ਜੀ ਦੀ ਰੂਹ ਵਿੱਚ ਆ ਸਮਾਈ ਹੈ!

(ਰੋਸ਼ਨੀ ਸੱਜੇ ਖੂੰਜੇ ਤੇ ਪੈਂਦੀ ਹੈ!)

ਬਾਰਾਂ ਚੌਦਾਂ ਸਾਲ ਦੀ ਉਮਰ ਦਾ ਇੱਕ ਸ਼ਗਿਰਦ (ਸਾਗਰ), ਬਾਕੀ ਸ਼ਗਿਰਦਾਂ - ਦੀਪਕ, ਗਿਆਨ, ਰੋਸ਼ਨੀ, ਕ੍ਰਾਂਤੀ, ਵਿੱਦਿਆ, ਜੀਵਨ, ਜੋਤੀ, ਉਜਾਗਰ, ਕਿਰਨ, ਪ੍ਰਭਾਤ, ਅੰਬਰ, ਸਸ਼ੂਰਜ, ਚੰਦਰ, ਤਾਰਾ - ਨੂੰ ਇੱਕ ਬੋਤਲ ਦਿਖਾਉਂਦਾ ਹੈ, ਜਿਸ ਵਿੱਚ ਲਹੂ ਰੰਗੀ ਮਿੱਟੀ ਭਰੀ ਹੋਈ ਹੈ।

**ਦੀਪਕ:** (ਸਾਗਰ ਨੂੰ ਜੱਫੀ ਪਾਉਂਦਾ ਹੋਇਆ)

ਚੰਗਾ ਹੋ ਗਿਆ, ਤੂੰ ਆ ਗਿਐਂ ਸਾਗਰ - ਤੇਰੇ ਤੇ ਭਗਤ ਬਿਨਾਂ ਸੁੰਨਾ ਸੁੰਨਾ ਲਗਦਾ ਸੀ ਸਾਰਾ ਮਦਰੱਸਾ!

**ਸਾਗਰ:** ਮੈਨੂੰ ਤੇ ਭਗਤ ਨੂੰ ਅੰਮ੍ਰਿਤਸਰ ਗਿਆਂ ਨੂੰ ਕੁੱਝ ਵਕਤ ਤਾਂ ਲੱਗ ਹੀ ਜਾਣਾ ਸੀ।

**ਗਿਆਨ:** ਮੁਨਸ਼ੀ ਜੀ ਨੇ ਕਿਹਾ ਸੀ, ਅੱਜ ਤੋਂ ਅੰਗਰੇਜ਼ੀ ਦੇ ਨਵੇਂ ਸਬਕ ਪੜ੍ਹਾਏ ਜਾਇਆ ਕਰਨਗੇ। ਓਨੀ ਦੇਰ, ਤੂੰ ਜਲ੍ਹਿਆਂ ਵਾਲੇ ਦੀ ਖ਼ਬਰਸਾਰ ਸੁਣਾ...!

**ਸਾਗਰ:** ਕਿਉਂ ਨਾ ਥੋੜ੍ਹਾ ਵਕਤ ਉਡੀਕ ਲਈਏ? ਮੁਨਸ਼ੀ ਜੀ ਦੇ ਆਇਆਂ ਤੋਂ ਇੱਕੋ ਵਾਰ ਸੁਣਾ ਦੇਵਾਂਗਾ ਗੱਲਬਾਤ!

(ਮੁਨਸ਼ੀ ਜੀ ਦਾਖ਼ਲ ਹੁੰਦੇ ਨੇ।)

**ਮੁਨਸ਼ੀ ਜੀ:** ਹਾਂ ਬਈ ਸਾਗਰ! ਕੀ ਖ਼ਬਰਸਾਰ ਹੈ ਅੰਮ੍ਰਿਤਸਰ ਦੀ?

**ਸਾਗਰ:** ਮੁਨਸ਼ੀ ਜੀ, ਖ਼ਬਰਸਾਰ ਤਾਂ ਸਾਰੇ ਹਿੰਦੁਸਤਾਨ ਨੂੰ ਪਤਾ ਈ ਆ ਕਿ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਦੇ ਹੁਕਮ ਦੇਣ 'ਤੇ ਬ੍ਰਗੇਡੀਅਰ ਜਨਰਲ ਡਾਇਰ ਨੇ ਨਿਹੱਥੀ ਜਨਤਾ ਦੇ ਪੁਰ-ਅਮਨ ਜਲਸੇ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ - ਮੱਕੀ ਦੇ ਦਾਣਿਆਂ ਵਾਂਗ ਭੁੰਨ ਦਿੱਤੇ ਹਿੰਦੁਸਤਾਨੀ-ਕੀ ਸਿੱਖ, ਕੀ ਹਿੰਦੂ, ਕੀ ਮੁਸਲਮਾਨ-ਬੱਚੇ, ਬਜ਼ੁਰਗ, ਮਾਵਾਂ, ਧੀਆਂ, ਛੋਟੇ-ਵੱਡੇ, ਸਾਰਿਆਂ ਨੂੰ ਬੇਰਹਿਮੀ ਨਾਲ, ਬੇਕਿਰਕੀ ਨਾਲ ਭੁੰਨ ਸੁੱਟਿਆ-ਦੇਖਣ ਵਾਲੇ ਦੱਸਦੇ ਸੀ ਬਈ ਭਗਤ ਦੇ ਚਾਚਾ ਅਜੀਤ ਸਿੰਘ ਹੁਰਾਂ ਦੀ 'ਪੱਗੜੀ ਸੰਭਾਲ ਜੱਟਾ'ਵਾਲੀ ਪੱਗ ਸ਼ਰੇਆਮ ਪੈਰਾਂ 'ਚ ਰੁਲ ਗਈ...

**ਮੁਨਸ਼ੀ ਜੀ:** ਕੋਈ ਹੋਰ ਗੱਲ? ਕੋਈ ਖ਼ਾਸ ਗੱਲ?

**ਸਾਗਰ:** ਜੀ ਸੁਣਿਐ ਬਈ ਜ਼ਖ਼ਮੀਆਂ ਦੀ ਸੇਵਾ ਸੰਭਾਲ ਕਰਨ ਵਾਲ਼ਿਆਂ ਦੀ ਵੀ ਕੋਈ ਕਮੀ ਨਹੀਂ ਸੀ - ਅੰਬਰਸਰ ਦੇ ਕਿਸੇ ਯਤੀਮਖ਼ਾਨੇ 'ਚੋਂ ਆਏ ਮੈਥੋਂ ਥੋੜੀ ਜ਼ੀ ਵੱਡੀ ਉਮਰ ਦੇ ਮੁੰਡਿਆਂ ਨੇ ਜ਼ਖ਼ਮੀਆਂ ਦੀ ਬਹੁਤ ਸੇਵਾ ਸੰਭਾਲ ਕੀਤੀ, ਮੱਲਮ-ਪੱਟੀ ਕੀਤੀ-ਭੰਬੀਰੀ ਵਾਂਗੂ ਘੁੰਮਦੇ ਰਹੇ, ਇੱਕ ਸਿਰੇ ਤੋਂ ਦੂਜੇ ਸਿਰੇ ਤੱਕ-ਲੋਕ ਇਹੀ ਕਹਿ ਰਹੇ ਸੀ ਬਈ ਜੀਹਦੇ ਮਾਂ-ਬਾਪ ਨਾ ਹੋਣ ਆਬਦੇ, ਓਸੇ ਨੂੰ ਹੀ ਦੂਜਿਆਂ ਦੇ ਮਾਂ-ਬਾਪ ਦੇ ਵਿਛੋੜੇ ਦੇ ਸੱਲ ਦਾ ਜ਼ਾਦਾ ਪਤਾ ਹੁੰਦੈ...

**ਮੁਨਸ਼ੀ ਜੀ:** ਠੀਕ ਫ਼ਰਮਾਇਐ ਸਾਗਰ! ਕੋਈ ਨਿਸ਼ਾਨੀ? ਕੋਈ ਨਿਸ਼ਾਨੀ ਵੀ ਲਿਆਏ ਓਂ, ਤੂੰ ਤੇ ਭਗਤ?

**ਸਾਗਰ:** ਜੀ ਮੈਂ ਓਸੇ ਪਾਸੇ ਹੀ ਆ ਰਿਹਾ ਸੀ - ਆਹ ਬੋਤਲ ਵਿੱਚ ਮਿੱਟੀ ਆ (ਬੋਤਲ ਦਿਖਾਉਂਦੇ ਹੋਏ, ਜਿਸ ਵਿੱਚ ਲਹੂ ਨਾਲ਼ ਰੰਗੀ ਹੋਈ ਮਿੱਟੀ ਹੈ) ਜੋ ਮੈਂ ਤੇ ਭਗਤ, ਜਲ੍ਹਿਆਂ ਵਾਲੇ 'ਚੋਂ ਲੈ ਆਏ ਹਾਂ - ਖ਼ੂਨ ਰੰਗੀ ਇਸ ਮਿੱਟੀ 'ਚ ਪਤਾ ਨ੍ਹੀਂ ਕਿੰਨੇ ਤੁਪਕੇ ਸਿੱਖ ਲਹੂ ਦੇ ਨੇ, ਕਿੰਨੇ ਹਿੰਦੂ ਲਹੂ ਦੇ ਤੇ ਕਿੰਨੇ ਮੁਸਲਮਾਨ ਲਹੂ ਦੇ - ਜਦੋਂ ਵੀ ਮੈਂ ਇਸ ਬੋਤਲ ਨੂੰ ਹੱਥ ਲਾਉਂਦਾ ਹਾਂ, ਮੇਰਾ ਹੱਥ ਤਪਣ ਲੱਗ ਜਾਂਦਾ ਹੈ ਤੇ ਫੇਰ ਹੌਲ਼ੀ ਹੌਲ਼ੀ ਸਾਰਾ ਸਰੀਰ ਤਪਣ ਲੱਗ ਜਾਂਦਾ ਹੈ...!

(ਇਉਂ ਕਹਿੰਦਿਆਂ, ਬੋਤਲ ਮੁਨਸ਼ੀ ਜੀ ਦੇ ਹੱਥ 'ਚ ਫੜਾ ਦਿੰਦਾ ਹੈ।)

**ਮੁਨਸ਼ੀ ਜੀ:** ਇਹ ਨਿਰਦੋਸ਼ਿਆਂ ਦੇ ਲਹੂ ਨਾਲ਼ ਰੰਗੀ ਹੋਈ ਮਿੱਟੀ ਲਿਆ ਕੇ ਬਹੁਤ ਚੰਗਾ ਕੀਤਾ ਹੈ ਤੂੰ ਤੇ ਭਗਤ ਨੇ! ਲਹੂ ਭਿੱਜੀ ਇਹ ਮਿੱਟੀ ਸਾਨੂੰ ਸਾਰਿਆਂ ਨੂੰ ਹਮੇਸ਼ਾਂ ਯਾਦ ਦਿਵਾਉਂਦੀ ਰਹੂਗੀ ਕਿ ਵਿਦੇਸ਼ੀ ਗ਼ੁਲਾਮੀ ਕੀ ਹੁੰਦੀ ਆ...!

**ਸ਼ਗਿਰਦ:** ਹਾਂ ਜੀ, ਮੁਨਸ਼ੀ ਜੀ, ਵਿਦੇਸ਼ੀ ਗ਼ੁਲਾਮੀ ਤੋਂ ਛੁਟਕਾਰਾ ਪਾਉਣਾ ਬਹੁਤ ਜ਼ਰੂਰੀ ਹੈ...

**ਮੁਨਸ਼ੀ ਜੀ:** ...ਤੇ ਇਹ ਬੋਤਲ ਸਾਨੂੰ ਹਮੇਸ਼ਾਂ ਸਾਡੀ ਗ਼ੁਲਾਮੀ ਦਾ ਅਹਿਸਾਸ ਕਰਵਾਉਂਦੀ ਰਹੂਗੀ-ਆਜ਼ਾਦੀ ਲਈ ਪ੍ਰੇਰਨਾ ਦਿੰਦੀ ਰਹੂਗੀ-ਚਾਚਾ ਅਜੀਤ ਸਿੰਘ ਵਾਂਗ ਪੱਗੜੀ ਸੰਭਾਲਣ ਦੀ ਜਾਚ ਸਿਖਾਉਂਦੀ ਰਹੂਗੀ!

(ਪਰਦੇ ਪਿੱਛੋਂ ਪਗੜੀ ਸੰਭਾਲ ਓ ਜੱਟਾ, ਪਗੜੀ ਸੰਭਾਲ ਓਏ ਗੀਤ ਵੱਜਦਾ ਹੈ।)

ਬਾਰਾਂ ਕੁ ਸਾਲ ਪਹਿਲਾਂ ਚਾਚਾ ਅਜੀਤ ਸਿੰਘ ਦੀ ਚਲਾਈ ਲਹਿਰ ਵੇਲ਼ੇ, ਦੇਸ਼ ਭਗਤ ਕਵੀ ਬਾਂਕੇ ਦਿਆਲ ਦਾ ਲਿਖਿਆ ਇਹ ਗੀਤ, ਹਰਮਨ-ਪਿਆਰਾ ਬਣ ਕੇ ਲੋਕਾਂ ਦੇ ਮਨਾਂ 'ਤੇ ਛਾ ਗਿਆ ਸੀ-ਸਰਦਾਰ ਅਜੀਤ ਸਿੰਘ ਹੋਰਾਂ ਦੀ ਲਹਿਰ ਦੀ ਹਰਮਨ-ਪਿਆਰਤਾ ਅਜਾਈਂ ਨਹੀਂ ਜਾਵੇਗੀ! 'ਬਾਲ-ਲਾਲ-ਪਾਲ'ਦੀ ਹਰਮਨ-ਪਿਆਰਤਾ ਅਜਾਈਂ ਨਹੀਂ ਜਾਵੇਗੀ...!!

**ਸਾਗਰ:** ਬਾਲ-ਲਾਲ-ਪਾਲ ਕੌਣ ਨੇ ਮੁਨਸ਼ੀ ਜੀ...?

**ਮੁਨਸ਼ੀ ਜੀ:** ਇਹ ਤਿੰਨੇ ਆਪਣੇ ਹਰਮਨ ਪਿਆਰੇ ਨੇਤਾ ਨੇ, ਜਿਹੜੇ ਵਿਦੇਸ਼ੀ ਗ਼ੁਲਾਮੀ ਦਾ ਜੂਲ਼ਾ ਲਾਹੁਣ ਲਈ ਤਨੋਂ-ਮਨੋਂ-ਧਨੋਂ ਲੱਕ ਬੰਨ੍ਹ ਕੇ ਨਿਕਲ ਪਏ ਨੇ ...

**ਰੋਸ਼ਨੀ:** ਜੀ ਕੌਣ ਨੇ ਇਹ...?

**ਮੁਨਸ਼ੀ ਜੀ:**ਬਾਲ ਹੈ ਬਾਲ ਗੰਗਾਧਰ ਤਿਲਕ, ਲਾਲ ਹੈ ਲਾਲਾ ਲਾਜਪਤ ਰਾਏ ਤੇ ਪਾਲ ਹੈ ਬਿਪਨ ਚੰਦਰ ਪਾਲ। ਹੁਣ ਜਲ੍ਹਿਆਂ ਵਾਲੇ ਨੇ ਸਾਰਾ ਕੁਝ ਹੀ ਬਦਲ ਕੇ ਰੱਖ ਦਿੱਤਾ। ਅੱਜ ਤੋਂ ਆਪਾਂ ਅੰਗਰੇਜ਼ੀ ਦਾ ਸਬਕ ਪਹਿਲਾਂ ਨਾਲ਼ੋਂ ਅਲੱਗ ਤਰ੍ਹਾਂ ਨਾਲ਼ ਪੜ੍ਹਿਆ ਕਰਾਂਗੇ ...

**ਕ੍ਰਾਂਤੀ, ਰੋਸ਼ਨੀ, ਵਿੱਦਿਆ:** (ਕਈ ਸ਼ਗਿਰਦ ਇਕੱਠੇ)

ਜੀ, ਕੀ ਮਤਲਬ?

**ਮੁਨਸ਼ੀ ਜੀ:** ਅੱਜ ਤੋਂ ਏ ਫ਼ਾਰ ਅੰਮ੍ਰਿਤਸਰ, ਡੀ ਫ਼ਾਰ ਡਾਇਰ, ਜੇ ਫ਼ਾਰ ਜਲ੍ਹਿਆਂਵਾਲਾ, ਅਤੇ ਓ ਫ਼ਾਰ 'ਓਡਵਾਇਰ' ਹੋਵੇਗਾ। ਚਲੋ, ਆਪਾਂ ਸਾਰੇ ਮਿਲ ਕੇ ਨਵੀਂ ਫੱਬੀ-ਅੱਖਰੀ ਬਣਾਈਏ!

**ਕ੍ਰਾਂਤੀ:** ਜੀ, ਕਿਸੇ ਅੱਖਰ ਦੇ ਇੱਕ ਤੋਂ ਵੱਧ ਲਫ਼ਜ਼ ਵੀ ਹੋ ਸਕਦੇ ਹਨ?

**ਮੁਨਸ਼ੀ ਜੀ:** ਹਾਂ ਹਾਂ, ਕਿਉਂ ਨਹੀਂ, ਕਿਉਂ ਨਹੀਂ! ਚਲੋ ਸਾਰੇ ਇਕੱਠੇ ਸ਼ੁਰੂ ਕਰੀਏ...

(ਮੁਨਸ਼ੀ ਜੀ ਅਤੇ ਸ਼ਗਿਰਦ, ਬੜੇ ਉਤਸ਼ਾਹ ਨਾਲ਼, ਅੰਗਰੇਜ਼ੀ ਦੀ ਨਵੀਂ ਫੱਬੀ-ਅੱਖਰੀ ਉੱਚੀ ਉੱਚੀ ਦੁਹਰਾਉਂਦੇ ਹਨ। ਪਹਿਲਾਂ ਮੁਨਸ਼ੀ ਜੀ ਕਿਸੇ ਅੱਖਰ ਨਾਲ਼ ਸ਼ੁਰੂ ਹੋਣ ਵਾਲ਼ਾ ਨਵਾਂ ਲਫ਼ਜ਼ ਬੋਲਦਾ ਹੈ, ਪਿੱਛੇ ਪਿੱਛੇ ਸ਼ਗਿਰਦ, ਚਾਂਭਲ਼ ਚਾਂਭਲ਼ ਕੇ, ਹਰ ਅੱਖਰ ਨਾਲ਼ ਸ਼ੁਰੂ ਹੋਣ ਵਾਲ਼ੇ ਦੋ ਦੋ, ਤਿੰਨ ਤਿੰਨ, ਕਈ ਵਾਰ ਵੱਧ ਲਫ਼ਜ਼ ਬੋਲਦੇ ਹਨ) :

ਏ ਫ਼ਾਰ ਅੰਮ੍ਰਿਤਸਰ, ਏ ਫ਼ਾਰ ਅਜੀਤ ਸਿੰਘ, ਏ ਫ਼ਾਰ All -

ਬੀ ਫ਼ਾਰ ਬੰਬ, ਬੀ ਫ਼ਾਰ British, ਬੀਫ਼ਾਰ ਬਲਵੰਤ ਸਿੰਘ ਖ਼ੁਰਦਪੁਰ, ਬੀ ਫ਼ਾਰ ਬਾਲ ਗੰਗਾਧਰ ਤਿਲਕ, ਬੀ ਫ਼ਾਰ ਬਿਪਨ ਚੰਦਰ ਪਾਲ-

ਸੀ ਫ਼ਾਰ ਕਾਂਗਰਸ, ਸੀ ਫ਼ਾਰ conquer, ਸੀ ਫ਼ਾਰ ਚੁਣਟਰੇ, ਸੀ ਫ਼ਾਰ constitution -

ਡੀ ਫ਼ਾਰ death, ਡੀ ਫ਼ਾਰ dog, ਡੀ ਫ਼ਾਰ ਡਾਇਰ, ਡੀ ਫ਼ਾਰ dirty, ਡੀ ਫ਼ਾਰ donkey -

ਡੀ ਫ਼ਾਰ dog ਡਾਇਰ (ਸਾਰੇ ਹੱਸਦੇ ਹਨ)

ਡੀ ਫ਼ਾਰ dirty ਡਾਇਰ (ਸਾਰੇ ਜ਼ੋਰ ਨਾਲ਼ ਹੱਸਦੇ ਹਨ)

ਡੀ ਫ਼ਾਰ donkey ਡਾਇਰ (ਸਾਰੇ ਹੋਰ ਜ਼ੋਰ ਨਾਲ਼ ਹੱਸਦੇ ਹਨ)

ਈ ਫ਼ਾਰ ਗੰਦੇ egg, ਈ ਫ਼ਾਰ English, ਈ ਫ਼ਾਰ England, ਈ ਫ਼ਾਰ exile -

ਐੱਫ ਫ਼ਾਰ foreigner, ਐੱਫ ਫ਼ਾਰ freedom, ਐੱਫ ਫ਼ਾਰ fighter-

ਜੀ ਫ਼ਾਰ guns, ਜੀ ਫ਼ਾਰ ਗੁਰਦਿੱਤ ਸਿੰਘ, ਜੀ ਫ਼ਾਰ ਗ਼ਦਰ

ਐੱਚ ਫ਼ਾਰ ਹਿੰਦੁਸਤਾਨ, ਐੱਚ ਫ਼ਾਰ ਹਰਨਾਮ ਸਿੰਘ ਕਾਹਰੀ ਸਾਹਰੀ, ਐੱਚ Hopkinson -

ਆਈ India, ਆਈ ਫ਼ਾਰ independence -

ਜੇ ਫ਼ਾਰ ਜਲ੍ਹਿਆਂਵਾਲਾ, ਜੇ ਫ਼ਾਰ justice, ਜੇਫ਼ਾਰ jump with happiness

(ਸਾਰੇ ਖ਼ੁਸ਼ੀ ਨਾਲ਼ ਭੁੜਕਦੇ ਹਨ)

ਕੇ ਫ਼ਾਰ ਕਾਮਾਗਾਟਾਮਾਰੂ, ਕੇ ਫ਼ਾਰ ਕਰਤਾਰ ਸਿੰਘ ਸਰਾਭਾ, ਕੇ ਫ਼ਾਰ king,

ਕੇ ਫ਼ਾਰ ਕੁੱਤਾ king (ਸਾਰੇ ਹੱਸਦੇ ਹਨ)

ਐੱਲ ਫ਼ਾਰ ਲਾਲਾ ਲਾਜਪਤ ਰਾਏ, ਐੱਲਫ਼ਾਰ lion, ਐੱਲ ਫ਼ਾਰ light

ਐੱਮ ਫ਼ਾਰ ਮੰਗਲ ਪਾਂਡੇ, ਐੱਮ ਫ਼ਾਰ ਮੇਵਾ ਸਿੰਘ, ਐੱਮ ਫ਼ਾਰ movement

ਐੱਨ ਫ਼ਾਰ nation, ਐੱਨ ਫ਼ਾਰ new, ਐੱਨਫ਼ਾਰ night

ਓ ਫ਼ਾਰ ਓਡਵਾਇਰ, ਓ owl, ਓ ਫ਼ਾਰ ox

ਪੀ ਫ਼ਾਰ pistol, ਪੀ ਫ਼ਾਰ protest, ਪੀ ਫ਼ਾਰ people, ਪੀ ਫ਼ਾਰ permanent peace

ਕਿਊ ਫ਼ਾਰ queen, ਕਿਊ ਫ਼ਾਰ quick

ਆਰ ਫ਼ਾਰ revolution, ਆਰ ਫ਼ਾਰ ਰਿਵਾਲਵਰ, ਆਰ ਫ਼ਾਰ ਰਾਣੀ ਝਾਂਸੀ

ਐੱਸ ਫ਼ਾਰ slavery, ਐੱਸ ਫ਼ਾਰ Sun, ਐੱਸ ਫ਼ਾਰ struggle

ਟੀ ਫ਼ਾਰ Teacher, ਟੀ ਫ਼ਾਰ torch, ਟੀ ਫ਼ਾਰ truth, ਟੀ ਫ਼ਾਰ team-

ਯੂ ਫ਼ਾਰ Union Jack, ਯੂ ਫ਼ਾਰ unity-

ਵੀ ਫ਼ਾਰ victory, ਵੀ ਫ਼ਾਰ Viceroy, ਵੀ ਫ਼ਾਰ ਵਿਸ਼ਨੂੰ ਗਣੇਸ਼ ਪਿੰਗਲੇ -

ਡਬਲਯੂ ਫ਼ਾਰ We, ਡਬਲਯੂ ਫ਼ਾਰ warrant, ਡਬਲਯੂ ਫ਼ਾਰ writers-



ਐਕਸ ਫ਼ਾਰ x-ray,

ਵਾਈ ਫ਼ਾਰ you, ਵਾਈ ਫ਼ਾਰ young-

ਜ਼ੈੱਡ ਫ਼ਾਰ zero, ਜ਼ੈੱਡਫ਼ਾਰ ਜ਼ਿੰਦਾਬਾਦ-

**ਮੁਨਸ਼ੀ ਜੀ:** ਪਿਆਰੇ ਸ਼ਗਿਰਦੋ, ਹੁਣ ਤੁਸੀਂ ਅੰਗਰੇਜ਼ੀ ਦੇ ਲਫ਼ਜ਼ਾਂ ਨੂੰ, ਜਾਣੀ ਹੁਣੇ ਹੁਣੇ ਸਿੱਖੇ ਅੰਗਰੇਜ਼ੀ ਦੇ ਲਫ਼ਜ਼ਾਂ ਨੂੰ ਵਰਤ ਕੇ ਵਾਕ ਬਣਾਉਣੇ ਨੇ... ਜੀਹਦੇ ਨਾਲ ਦੇਸ਼ ਭਗਤੀ ਦਾ, ਕੌਮੀ ਏਕਤਾ ਦਾ, ਆਜ਼ਾਦੀ ਦਾ, ਪਰਚਮ ਬੁਲੰਦ ਹੋਵੇ।

(ਸ਼ਗਿਰਦ ਵਾਰੀ ਵਾਰੀ ਸਿਰ ਖੜ੍ਹੇ ਹੋਈ ਜਾਂਦੇ ਹਨ ਅਤੇ ਪੂਰੇ ਜੋਸ਼ ਨਾਲ਼, ਇੱਕ ਤੋਂ ਬਾਦ ਇੱਕ, ਬੋਲਦੇ ਰਹਿੰਦੇ ਹਨ।)

**ਪਹਿਲਾ ਸ਼ਗਿਰਦ:** ਏ ਫ਼ਾਰ ਅੰਮ੍ਰਿਤਸਰ, ਵਿੱਚ, ਬੀ ਫ਼ਾਰ Britishers ਨੇ ਜੋ ਕੀਤਾ ਹੈ, ਸੀ ਫ਼ਾਰ ਕਾਂਗਰਸ ਉਹਦੇ ਬਾਰੇ ਕੁਝ ਕਰੇ ਜਾਂ ਨਾ ਕਰੇ, ਪਰ ਡੀ ਫ਼ਾਰ dog, ਤੇ ਡੀ ਫ਼ਾਰ ਡਾਇਰ ਨੂੰ, ਜਾਣੀ ਕਿ ਈ ਫ਼ਾਰ ਗੰਦੇ egg ਨੂੰ, ਤੇ ਐੱਫ ਫ਼ਾਰ foreigner ਨੂੰ, ਐੱਫ ਫ਼ਾਰ freedom fighter, ਜੀ ਫ਼ਾਰ guns ਨਾਲ ਉਡਾ ਕੇ ਰੱਖ ਦੇਣਗੇ...!

**ਦੂਜਾ ਸ਼ਗਿਰਦ:** ਜੀ ਫ਼ਾਰ guns ਨਾਲ ਡੀ ਫ਼ਾਰ Dyer ਨੇ ਜਿਵੇਂ ਐੱਚ ਫ਼ਾਰ ਹਿੰਦੁਸਤਾਨੀਆਂ ਨੂੰ, ਜਾਣੀ ਆਈ Indians ਨੂੰ, ਜੇ ਫ਼ਾਰ ਜਲ੍ਹਿਆਂਵਾਲਾ ਵਿੱਚ ਗੋਲ਼ੀਆਂ ਨਾਲ ਭੁੰਨਿਆ ਹੈ, ਸਮਝੋ ਕਿ ਆਈ ਫ਼ਾਰ independence, ਆਈ ਕਿ ਆਈ..., independence ਆਈ ਕਿ ਆਈ, independence ਆਈ ਕਿ ਆਈ...!

**ਤੀਸਰਾ ਸ਼ਗਿਰਦ:**

(ਸੋਚ ਸੋਚ ਕੇ ਬੋਲਦਾ ਹੋਇਆ)

ਕੇ ਫ਼ਾਰ ਕਰਤਾਰ ਸਿੰਘ ਸਰਾਭਾ, ਕੇ ਫ਼ਾਰ ਕਾਮਾਗਾਟਾਮਾਰੂ, ਕੇ ਫ਼ਾਰ king - ਬਣਗੀ ਗੱਲ, ਬਣਗੀ ਗੱਲ...

ਹਾਂ ਜੀ ਮੁਨਸ਼ੀ ਜੀ! ਕੇ ਫ਼ਾਰ ਕਾਮਾਗਾਟਾਮਾਰੂ ਦਾ ਜੀ ਫ਼ਾਰ ਗੁਰਦਿੱਤ ਸਿੰਘ, ਜੀ ਫ਼ਾਰ ਗਦਰ ਦਾ ਕੇ ਫ਼ਾਰ ਕਰਤਾਰ ਸਿੰਘ ਸਰਾਭਾ, ਜੀ ਫ਼ਾਰ ਗਦਰ ਦਾ ਐੱਚ ਫ਼ਾਰ ਹਰਨਾਮ ਸਿੰਘ ਕਾਹਰੀ ਸਾਹਰੀ, ਜੀ ਫ਼ਾਰ ਗਦਰ ਦਾ ਬੀ ਫ਼ਾਰ ਬਲਵੰਤ ਸਿੰਘ ਖ਼ੁਰਦਪੁਰ,

ਡੀ ਫ਼ਾਰ died, ਆਈ ਫ਼ਾਰ India, ਆਈ ਫ਼ਾਰ independence...

ਡੀ ਫ਼ਾਰ down with the ਕੇ ਫ਼ਾਰ king, down with the king, down with the king...

**ਚੌਥਾ ਸ਼ਗਿਰਦ:** ਐੱਲ ਫ਼ਾਰ ਲਾਜਪਤ ਰਾਏ, ਐੱਮ ਫ਼ਾਰ ਮੰਗਲ ਪਾਂਡੇ, ਐੱਮ ਫ਼ਾਰ ਮੇਵਾ ਸਿੰਘ, ਏ ਫ਼ਾਰ All, ਡੀ ਫ਼ਾਰ died, ਐੱਨਫ਼ਾਰ ਨਿਊ, ਐੱਨ ਫ਼ਾਰ ਨੇਸ਼ਨ, ਐੱਲ ਫ਼ਾਰ ਲਾਈਟ: All died for new Nation, new light.

**ਪੰਜਵਾਂ ਸ਼ਗਿਰਦ:** ਓ ਫ਼ਾਰ ਓਡਵਾਇਰ, used ਪੀ pistol onਪੀ ਫ਼ਾਰ protesting people, to saveਕਿਊਫ਼ਾਰ queen!

ਆਰ ਫ਼ਾਰ Revolution, andਐੱਸ ਫ਼ਾਰ struggle will endਐੱਸਫ਼ਾਰ slavery.

**ਛੇਵਾਂ ਸ਼ਗਿਰਦ:** ਟੀ ਫ਼ਾਰ Teacher, ਟੀ ਫ਼ਾਰ torch, ਟੀ ਫ਼ਾਰ truth, ਟੀ ਫ਼ਾਰ team: Teacher is a torch for truth team.

**ਸੱਤਵਾਂ ਸ਼ਗਿਰਦ:** ਯੂ ਫ਼ਾਰ Union Jack-ਮੁਰਦਾਬਾਦ, ਮੁਰਦਾਬਾਦ, ਮੁਰਦਾਬਾਦ ...

ਵੀ ਫਾਰ Viceroy- ਮੁਰਦਾਬਾਦ, ਮੁਰਦਾਬਾਦ, ਮੁਰਦਾਬਾਦ ...

ਡੀ ਫ਼ਾਰ Death, ਡਬਲਯੂ ਫ਼ਾਰ Warrant, ਯੂ ਫ਼ਾਰ Union Jack - Death Warrant for Union Jack ..., Death Warrant for Union Jack, Death Warrant for Union Jack...

**ਅਖੀਰਲਾ ਸ਼ਗਿਰਦ:**

ਵਾਈ 'You' and ਆਈ ਫ਼ਾਰ 'I' ਮਿਲਕੇ, ਬਣੇਗੀ ਯੂ ਫ਼ਾਰ unity ਬਣਾਂਗੇ ਡਬਲਯੂ ਫ਼ਾਰ We: Thenਵੀ ਫ਼ਾਰ Victory, ਜ਼ੈੱਡ ਫ਼ਾਰ ਜ਼ਿੰਦਾਬਾਦ, Victory ਜ਼ਿੰਦਾਬਾਦ, Victory ਜ਼ਿੰਦਾਬਾਦ, Victory ਜ਼ਿੰਦਾਬਾਦ...

ਵੀ ਫ਼ਾਰ Victory ਜ਼ੈੱਡ ਫ਼ਾਰ zero, Viceroy zero, Viceroy zero, Viceroy zero...

(ਮੁਨਸ਼ੀ ਜੀ ਦੇ ਚਿਹਰੇ ਤੇ, ਸ਼ਗਿਰਦਾਂ ਦੀ ਕਾਰਗੁਜ਼ਾਰੀ ਪ੍ਰਤੀ ਖ਼ੁਸ਼ੀ, ਤਸੱਲੀ, ਹੈਰਾਨੀ ਅਤੇ ਮੁਸਕਰਾਹਟ ਲਗਾਤਾਰ ਖੇਡਦੀਆਂ ਰਹਿੰਦੀਆਂ ਹਨ।)

(ਰੋਸ਼ਨੀ ਖੱਬੇ ਖੂੰਜੇ ਤੇ ਪੈਂਦੀ ਹੈ।)

ਲੇਖਕ: (ਖੱਬੇ ਖੂੰਜਿਓਂ)

ਡਬਲਯੂ ਫ਼ਾਰ Writers ਦੀ ਗੱਲ ਸਾਹਮਣੇ ਆਈ ਹੈ, ਤਾਂ ਕੁਝ ਲੇਖਕਾਂ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ! ਅੰਮ੍ਰਿਤਸਰ ਵਿੱਚ ਜਦੋਂ ਮਾਵਾਂ ਦੇ ਸੈਂਕੜੇ ਪੁੱਤ, ਨਿਹੱਥੇ ਮਰ ਰਹੇ ਸਨ, ਤਾਂ ਇੱਕ ਪਾਸੇ ਤਾਂ ਅੰਮ੍ਰਿਤਸਰ ਸ਼ਹਿਰ ਦੇ ਵਿੱਚੇ ਬੈਠਾ ਲੇਖਕ ਭਾਈ ਵੀਰ ਸਿੰਘ ਫੁੱਲਾਂ ਬਾਰੇ ਗੁਲਦਾਉਦੀਆਂ ਆਈਆਂ ਵਰਗੀਆਂ ਕਵਿਤਾਵਾਂ ਲਿਖ ਰਿਹਾ ਸੀ-ਜਦੋਂ ਕਿ ਦਸ਼ਜੇ ਪਾਸੇ ਦੂਰ ਬੰਗਾਲ ਚ ਬੈਠਾ ਰਬਿੰਦਰਨਾਥ ਟੈਗੋਰ ਜਲ੍ਹਿਆਂਵਾਲੇ ਹੱਤਿਆ ਕਾਂਡ ਤੋਂ ਦੁਖੀ ਹੋ ਕੇ 31 ਮਈ 1919 ਨੂੰ ਇੰਡੀਆ ਦੇ 'ਵਾਇਸਰਾਏ ਜੇਮਜ਼ ਚੈਮਸਫੋਰਡ'ਨੂੰ ਬੜੀ ਸਖ਼ਤ ਚਿੱਠੀ ਲਿਖ ਕੇ 'ਸਰ'ਦਾ ਖਿਤਾਬ ਵਾਪਸ ਕਰ ਦਿੰਦਾ ਹੈ। ਲੇਖਕ ਦੀ ਜ਼ਮੀਰ ਦਾ ਜਾਗਦੇ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ। ਬੇਜ਼ਮੀਰੇ ਲੇਖਕ ਦਾ ਜਿਊਂਦੇ ਰਹਿਣਾ, ਮੌਤ ਤੋਂ ਵੀ ਬਦਤਰ ਹੁੰਦਾ ਹੈ ...!

**ਚੌਕੀਦਾਰ:** ਬਈ ਲੇਖਕ ਗੱਭਰੂਆ! ਆਹ ਜਿਹੜਾ ਕੁਝ ਮੁਨਸ਼ੀ ਜੀ ਸ਼ਗਿਰਦਾਂ ਨੂੰ ਪੜ੍ਹਾ ਰਹੇ ਨੇ-ਏਹੋ ਜਿਆ ਤਾਂ ਕਦੇ ਸੁਣਿਆ ਈ ਨ੍ਹੀਂ? ਸ਼ਗਿਰਦਾਂ ਨੂੰ ਕੀ ਉਲਟੀਆਂ ਪੱਟੀਆਂ ਪੜ੍ਹਾਈ ਜਾਂਦੇ ਨੇ ਥੋਡੇ ਮੁਨਸ਼ੀ ਜੀ?

**ਤਾਇਆ ਹਸਮੁਖ ਸਿੰਘ ਅਮਲੀ:** ਛੋਟੇ ਭਾਈ ਚੌਕੀਦਾਰਾ! ਇਹਦੇ 'ਚ ਹੈਰਾਨ ਹੋਣ ਆਲੀ ਕੋਈ ਗੱਲ ਨ੍ਹੀਂ। ਟੀਵੀ ਦੇਖਦਾ ਹੁੰਨੈ ਕਦੇ ਕਿ ਨਹੀਂ...? ਆਚਾਰੀਆ ਚਾਣਕਯਾ ਦਾ ਕਥਨ ਹੈ: ਅਧਿਆਪਕ ਜਾਂ ਉਸਤਾਦ ਕੋਈ ਸਧਾਰਨ ਆਦਮੀ ਨਹੀਂ ਹੁੰਦਾ - ਨਿਰਮਾਣ 'ਤੇ ਤਬਾਹੀ ਉਹਦੀ ਬੁੱਕਲ 'ਚ

ਪਲਦੇ ਨੇ। ਜਿਹੋ ਜਿਹਾ ਇਹ ਖ਼ੁਫ਼ੀਆ ਸਕੂਲ ਤੂੰ ਦੇਖ ਰਿਹੈਂ, ਮੇਰਾ ਬਾਪੂ ਵੀ ਦੱਸਦਾ ਹੁੰਦਾ ਸੀ, ਬਈ ਹੁਸ਼ਿਆਰਪੁਰ 'ਚ ਇਸ ਤਰ੍ਹਾਂ ਦਾ ਇੱਕ ਆਸ਼ਰਮ ਹੁੰਦਾ ਸੀ – ਕਿਉਂ ਬਈ ਲੇਖਕ ਗੱਭਰੂਆ...

**ਲੇਖਕ:** ਹਾਂ ਤਾਇਆ ਹਸਮੁਖ ਸਿਆਂ ਤੇ ਚਾਚਾ ਚੌਕੀਦਾਰਾ! ਆਪਣੇ ਮਦਰੱਸੇ ਦੇ ਸ਼ਗਿਰਦ ਭਗਤ ਦੇ ਚਾਚਾ ਜੀ, ਪਗੜੀ ਸੰਭਾਲ ਜੱਟਾ ਲਹਿਰ ਦੀ ਰੂਹੇ-ਰਵਾਂ, ਸਰਦਾਰ ਅਜੀਤ ਸਿੰਘ ਵਰਗੇ ਦੇਸ਼-ਭਗਤਾਂ ਨੇ ਹੁਸ਼ਿਆਰਪੁਰ 'ਚ, ਤਿਲਕ ਆਸ਼ਰਮ ਸਥਾਪਤ ਕੀਤਾ ਸੀ, ਉੱਨੀ ਸੌ ਅੱਠ 'ਚ - ਸਰਦਾਰ ਅਜੀਤ ਸਿੰਘ ਦੇ ਆਪਣੇ ਸ਼ਬਦਾਂ ਵਿੱਚ ਇਹ ਆਸ਼ਰਮ ਕੌਮੀ ਰਾਜਨੀਤੀ ਦੀ ਇੱਕ ਛੋਟੀ ਜਿਹੀ ਯੂਨੀਵਰਸਿਟੀ ਬਣ ਜਾਣੀ ਚਾਹੀਦੀ ਹੈ, ਇੱਥੇ ਵਧੀਆ ਵਧੀਆ ਅਖ਼ਬਾਰ-ਨਵੀਸ, ਵਧੀਆ ਵਧੀਆ ਬੁਲਾਰੇ ਤੇ ਵਧੀਆ ਵਧੀਆ ਲੇਖਕ ਪੈਦਾ ਹੋਣੇ ਚਾਹੀਦੇ ਨੇ – ਜਿਹੜੇ ਲੋਕਾਂ 'ਚ ਨਵੇਂ ਨਰੋਏ ਰਾਜਨੀਤਕ ਵਿਚਾਰ ਫੈਲਾ ਸਕਣ ਮੁਨਸ਼ੀ ਜੀ ਵੀ ਇਹੀ ਕੰਮ ਕਰ ਰਹੇ ਨੇ ...

(ਰੋਸ਼ਨੀ ਮੁੜ ਸੱਜੇ ਖੂੰਜੇ ਮੁਨਸ਼ੀ ਜੀ ਤੇ ਪੈਂਦੀ ਹੈ।)

**ਮੁਨਸ਼ੀ ਜੀ:** ਜਦੋਂ ਜਲ੍ਹਿਆਂਵਾਲਾ ਬਾਗ਼ ਵਿੱਚ ਸੈਂਕੜੇ ਨਿਹੱਥੇ ਗੋਲੀਆਂ ਨਾਲ ਭੁੰਨੇ ਜਾਂਦੇ ਨੇ, ਤੇ ਹਜ਼ਾਰਾਂ ਫੱਟੜ ਕੀਤੇ ਜਾਂਦੇ ਨੇ, ਉਦੋਂ ਸ਼ਗਿਰਦਾਂ ਨੂੰ ਅੰਗਰੇਜ਼ਾਂ ਦੇ ਦੱਸੇ ਏਫ਼ਾਰ apple, ਬੀ ਫ਼ਾਰ banana, ਸੀ ਫ਼ਾਰ cat, ਅਤੇ ਆਰ ਫ਼ਾਰ rat ਨਹੀਂ ਪੜ੍ਹਾਏ ਜਾਂਦੇ, ਸਗੋਂ ਇਨਕਲਾਬ 'ਚੋਂ ਨਿੱਕਲੀ ਨਵੀਂ ਜ਼ੁਬਾਂ ਦੇ ਨਵੇਂ ਲਫ਼ਜ਼ ਪੜ੍ਹਾਏ ਜਾਂਦੇ ਨੇ – ਜਿਵੇਂ ਏ ਫ਼ਾਰ Amritsar, ਤੇ ਬੀ ਫ਼ਾਰ Bomb, ਤੇ ਜੇ ਫ਼ਾਰ ਜਲ੍ਹਿਆਂਵਾਲਾ...! ਅਜਿਹੇ ਸੰਕਟ ਸਮੇਂ ਕੁਛ ਨਵਾਂ ਪੜ੍ਹਾਉਣ ਤੋਂ ਬਗ਼ੈਰ ਕੌਮਾਂ ਜਿਊਂਦੀਆਂ ਨਹੀਂ ਰਹਿ ਸਕਦੀਆਂ... ਹਾਲਾਤ ਮੁਤਾਬਕ ਲਫ਼ਜ਼ ਵੀ ਬਦਲਣੇ ਪੈਂਦੇ ਨੇ, ਤਾਂ ਜੋ ਕੌਮਾਂ ਜਿਊਂਦੀਆਂ ਵਸਦੀਆਂ ਰਹਿ ਸਕਣ!

**ਸ਼ਗਿਰਦ:** ਮੁਨਸ਼ੀ ਜੀ, ਤੁਸੀਂ ਸਾਡੇ ਚੋਂ ਬਹੁਤਿਆਂ ਦੇ ਨਾਮ ਵੀ ਬਦਲ ਕੇ ਨਵੇਂ ਰੱਖ ਦਿੱਤੇ ਨੇ: ਗਿਆਨ, ਕ੍ਰਾਂਤੀ, ਸਾਗਰ, ਜੀਵਨ, ਜੋਤੀ, ਉਜਾਗਰ, ਦੀਪਕ, ਕਿਰਨ, ਰੋਸ਼ਨੀ, ਪ੍ਰਭਾਤ, ਵਿੱਦਿਆ, ਅੰਬਰ, ਸਸ਼ਰਜ, ਚੰਦਰ, ਤਾਰਾ...

**ਮੁਨਸ਼ੀ ਜੀ:** ਸਾਗਰ, ਦੀਪਕ, ਗਿਆਨ, ਰੋਸ਼ਨੀ! ਮੈਂ ਅੱਜ ਤੁਹਾਡੇ ਨਾਵਾਂ ਦੇ ਹਵਾਲੇ ਨਾਲ਼ ਗੱਲ ਕਰਾਂਗਾ। ਦੀਪਕ, ਇਹ ਸੱਚ ਹੈ ਕਿ ਇੱਕ ਦੀਪਕ ਪੂਰੇ ਦੇ ਪੂਰੇ ਘਰ ਦਾ ਹਨੇਰਾ ਨਹੀਂ ਮਿਟਾ ਸਕਦਾ, ਪਰ ਜਦੋਂ ਉਹ ਹੋਰ ਦੀਪਕਾਂ ਨੂੰ ਰੋਸ਼ਨ ਕਰ ਦਿੰਦਾ ਹੈ, ਤਾਂ ਪਸ਼ਰੇ ਦਾ ਪਸ਼ਰਾ ਘਰ ਜਗਮਗਾ ਉੱਠਦਾ ਹੈ। ਇਸੇ ਤਰਾਂ, ਗਿਆਨ ਅਤੇ ਹੌਸਲੇ ਦੀ ਚਿਣਗ ਆਰੰਭ ਤਾਂ ਭਾਵੇਂ ਕਿਸੇ ਇੱਕ ਤੋਂ ਹੀ ਹੁੰਦੀ ਹੈ, ਪਰ ਉਹ ਹੌਲ਼ੀ ਹੌਲ਼ੀ ਇੱਕ ਤੋਂ ਅਨੇਕ ਤੱਕ ਫੈਲਦੀ ਫੈਲਦੀ ਅਨਿਆਂ ਦੇ ਗਹਿਰੇ ਤੋਂ ਗਹਿਰੇ ਹਨੇਰੇ ਨੂੰ ਵੀ ਮਿਟਾ ਦਿੰਦੀ ਹੈ।

ਦੀਪਕ, ਗਿਆਨ, ਰੋਸ਼ਨੀ, ਕ੍ਰਾਂਤੀ: (ਇਕੱਠੇ)

ਮੁਨਸ਼ੀ ਜੀ! ਅਸੀਂ ਵੀ ਇੱਕਠੇ ਹੋਵਾਂਗੇ – ਕ੍ਰਾਂਤੀ ਦੇ ਦੀਪਕ ਜਗਾਵਾਂਗੇ!!

ਗਿਆਨ ਨਾਲ ਅਗਿਆਨਤਾ ਦੇ ਹਨੇਰੇ ਕੋਨਿਆਂ ਨੂੰ ਰੋਸ਼ਨ ਕਰਾਂਗੇ!!

ਗੁਲਾਮੀ ਦਾ, ਜ਼ੁਲਮ ਦਾ ਹਨੇਰਾ ਕਿਸੇ ਦਿਨ ਚੀਰ ਕੇ ਰੱਖ ਦੇਵਾਂਗੇ!

**ਮੁਨਸ਼ੀ ਜੀ:** ਸਾਗਰ, ਹੁਣ ਗੱਲ ਕਰਦੇ ਹਾਂ ਤੇਰੇ ਨਾਮ ਦੀ! ਸਾਗਰ ਦੀਆਂ ਲਹਿਰਾਂ ਚੁੱਪ ਚਾਪ, ਦਿਨ ਰਾਤ, ਸਾਗਰ ਦੇ ਕੰਢੇ ਪਈਆਂ ਚੱਟਾਨਾਂ ਵਿੱਚ ਵੱਜਦੀਆਂ ਰਹਿੰਦੀਆਂ ਨੇ। ਲੱਗਦਾ ਹੈ ਪਾਣੀ ਦੀਆਂ ਇਹ ਛੱਲਾਂ ਪਥਰੀਲੀਆਂ ਚੱਟਾਨਾਂ ਦਾ ਕੀ ਵਿਗਾੜ ਦੇਣਗੀਆਂ? ਪਰ ਹੌਲ਼ੀ ਹੌਲ਼ੀ ਉਹੀ ਲਹਿਰਾਂ, ਚੱਟਾਨਾਂ ਵਿਚ ਚੀਰ ਪਾ ਕੇ, ਕਿਸੇ ਦਿਨ ਉਹਨਾਂ ਨੂੰ ਦੋਫਾੜ ਕਰ ਦਿੰਦੀਆਂ ਨੇ।

ਸਾਗਰ, ਵਿੱਦਿਆ: (ਇਕੱਠੇ)

ਮੁਨਸ਼ੀ ਜੀ! ਇਸੇ ਤਰ੍ਹਾਂ ਤੁਹਾਡੇ ਸ਼ਿਸ਼ ਵੀ ਕਿਸੇ ਦਿਨ ਵਿੱਦਿਆ ਦੇ ਸਾਗਰ ਦੀਆਂ ਛੱਲਾਂ ਬਣਨਗੇ!

ਗੁਲਾਮੀ ਦੀਆਂ ਪਥਰੀਲੀਆਂ ਚੱਟਾਨਾਂ ਨੂੰ ਚੀਰ ਕੇ ਦੋਫਾੜ ਕਰ ਦੇਣਗੇ!!

**ਮੁਨਸ਼ੀ ਜੀ:** ਅੰਮ੍ਰਿਤਸਰ ਦੇ ਅਨਾਥ ਆਸ਼ਰਮ ਵਿੱਚ ਮੇਰਾ ਇੱਕ ਸ਼ਿਸ਼ ਹੁੰਦਾ ਸੀ ਊਧਮ ਸਿੰਘ – ਊਧੋ ਊਧੋ ਕਹਿੰਦੇ ਸੀ ਉਸਨੂੰ ਸਾਰੇ! ਪਤਾ ਨਹੀਂ ਅੱਜ-ਕਲ੍ਹ ਉਹ ਕਿੱਥੇ ਹੈ? ਨਾ ਤਾਂ ਮੈਨੂੰ ਊਧੋ ਭੁਲਦਾ ਹੈ, ਤੇ ਨਾ ਹੀ ਉਸ ਤੋਂ ਤਿੰਨ ਚਾਰ ਸਾਲ ਵੱਡਾ, ਕਰਤਾਰ ਸਿੰਘ ਸਰਾਭਾ, ਜਿਹੜਾ ਫ਼ੌਜੀਆਂ ਵਿੱਚ ਗ਼ਦਰ ਦਾ ਪ੍ਰਚਾਰ ਕਰਨ ਆਉਂਦਾ ਹੁੰਦਾ ਸੀ! ਤੇ ਤੀਜਾ, ਆਪਣੇ ਸਕੂਲ ਦਾ ਵਿਦਿਆਰਥੀ, ਬਾਰਾਂ ਕੁ ਸਾਲਾਂ ਦਾ ਭਗਤ ਸਿੰਘ! ਤਿੰਨਾਂ 'ਚ ਵੱਖ-ਵੱਖ ਸਮਿਆਂ 'ਤੇ ਬੜੀ ਅੱਗ, ਬੜੀ ਚਿਣਗ ਨਜ਼ਰ ਆਈ ਹੈ ਮੈਨੂੰ – ਜ਼ਰਸ਼ਰ ਤੁਹਾਡੇ ਵਰਗੇ ਸਾਰੇ ਅਜਿਹੇ ਗੱਭਰੂ ਕਿਸੇ ਨਾ ਕਿਸੇ ਦਿਨ ਹਿੰਦ ਦੀ ਗ਼ੁਲਾਮੀ ਦਾ ਹਨੇਰਾ ਚੀਰ ਦੇਣਗੇ!

(ਸਾਰੇ ਸ਼ਿਸ਼ ਉਤਸ਼ਾਹ ਨਾਲ਼ ਇਕੱਠੇ ਹੋ ਕੇ, ਮੁਨਸ਼ੀ ਜੀ ਸਮੇਤ ਗੋਲ਼ ਦਾਇਰਾ ਬਣਾਉਂਦੇ ਹਨ, ਅਤੇ ਗਾਉਣ ਲੱਗਦੇ ਹਨ।)

ਗਹਿਰਾ ਹੁੰਦਾ ਜਾਂਦਾ ਹਰ ਦਿਨ  
ਗਿਆਨ ਕ੍ਰਾਂਤੀ ਸਾਗਰ ਨੀ  
ਜੀਵਨ ਜੋਤੀ ਅਰਥ ਸੁਨਹਿਰੀ  
ਹੁੰਦੇ ਜਾਣ ਉਜਾਗਰ ਨੀ

ਹਿੰਦ 'ਤੇ ਘੋਰ ਗੁਲਾਮੀ ਵਾਲ਼ੀ  
ਗਹਿਰੀ ਜ਼ੁਲਮੀ ਰਾਤ ਪਈ  
ਦੀਪਕ ਕਿਰਨ ਰੋਸ਼ਨੀ ਮਿਲਕੇ  
ਆਉਂਦੀ ਨਵ-ਪ੍ਰਭਾਤ ਪਈ

ਜਦ ਵਿੱਦਿਆ ਅੰਬਰ 'ਤੇ ਚਮਕੇ  
ਸੂਰਜ ਚੰਦ ਸਿਤਾਰੇ ਨੀ  
ਤੇਰਾ ਸਸ਼ਰਜ ਡੁੱਬ ਜਾਵੇਗਾ  
ਜ਼ੁਲਮ ਦੀਏ ਸਰਕਾਰੇ ਨੀ।

# ਲੋਕੋ ਬਾਜ ਆਜੋ ਝੂਠੇ ਲੀਡਰਾਂ ਤੋਂ



**ਜਸਵੰਤ ਜੀਰਖ**

ਚੋਣਾਂ ਦੇ ਸੀਜਨ ਵਿੱਚ ਸੰਤ ਰਾਮ ਉਦਾਸੀ ਦਾ ਗੀਤ ਬਾਰ ਬਾਰ ਯਾਦ ਆਉਂਦਾ ਹੈ ਕਿ ਲੋਕੋ ਬਾਜ ਆ ਜਾਓ ਝੂਠੇ ਲੀਡਰਾਂ ਤੋਂ , ਇਹਨਾਂ ਦੇਸ਼ ਨੂੰ ਵੇਚਕੇ ਖਾ ਛੱਡਣਾ...। ਇਸ ਗੀਤ ਦਾ ਇਕ ਇਕ ਸ਼ਬਦ ਅੱਜ ਦੇ ਸਿਆਸੀ ਲੀਡਰਾਂ ਤੇ ਪੂਰਾ ਢੁੱਕਦਾ ਹੈ। ਲੀਡਰ ਭਾਵੇਂ ਕਿਸੇ ਵੀ ਪਾਰਟੀ ਦਾ ਹੋਵੇ, ਇਹਨਾਂ ਵਿੱਚ ਕੋਈ ਫਰਕ ਨਹੀਂ ਤੇ ਨਾ ਹੀ ਕਿਸੇ ਸਥਾਪਿਤ ਸਿਆਸੀ ਪਾਰਟੀ ਦਾ ਇਕ ਦੂਜੀ ਤੋਂ ਕੋਈ ਅੰਤਰ ਵਿਖਾਈ ਦਿੰਦਾ ਹੈ। ਦੇਸ਼ ਦੇ ਲੋਕਾਂ ਦੇ ਅਸਲ ਮੁੱਦਿਆਂ ਵੱਲ ਕਿਸੇ ਦਾ ਵੀ ਕੋਈ ਧਿਆਨ ਨਹੀਂ, ਸਗੋਂ ਆਪਸੀ ਮਿਹਣੇਬਾਜ਼ੀ, ਜਾਤ- ਧਰਮ ਦੇ ਨਾ ਤੇ ਮਨੁੱਖਤਾ ਨੂੰ ਵੰਡਕੇ ਆਪਣਾ ਉੱਲੂ ਸਿੱਧਾ ਕਰਨ ਦੀ ਅਤਿ ਘਟੀਆ ਕਾਰਗੁਜ਼ਾਰੀ ਹੀ ਵੇਖਣ ਸੁਣਨ ਨੂੰ ਮਿਲਦੀ ਹੈ। ਕਾਂਗਰਸ ਪਾਰਟੀ ਦਾ ਅਕਾਲੀਆਂ ਤੇ ਬੀਜੇਪੀ ਖ਼ਿਲਾਫ਼, ਅਤੇ ਅਕਾਲੀਆਂ ਤੇ ਬੀਜੇਪੀ ਵਾਲੇ ਕਾਂਗਰਸ ਖ਼ਿਲਾਫ਼, ਹੇਠਲੇ ਪੱਧਰ ਦਾ ਨਿੱਜੀ ਭੰਡੀ ਪ੍ਰਚਾਰ ਕਰਨ ਤੋਂ ਬਿਨਾਂ ਕੋਈ ਲੋਕਾਂ ਦਾ ਮੁੱਦਾ ਨਹੀਂ ਵੇਖਿਆ ਜਾ ਰਿਹਾ ਗੱਠਜੋੜ ਵਾਲੀਆਂ ਪਾਰਟੀਆਂ ਦਾ ਵੀ ਇਹੋ ਹਾਲ ਹੈ। ਲੋਕਾਂ ਦਾ ਇਕ ਵੀ ਮੁੱਦਾ ਇਹਨਾਂ ਦੇ ਏਜੰਡੇ ਦਾ ਹਿੱਸਾ ਨਹੀਂ ਹੈ। ਨਾ ਵਿੱਦਿਆ , ਨਾ ਗਰੀਬੀ, ਨਾ ਬੇਰੁਜਗਾਰੀ, ਨਾ ਸਿਹਤ, ਨਾ ਪਾਣੀ ਭਾਵ ਇਕ ਵੀ ਗੱਲ ਲੋਕਾਂ ਨੂੰ ਰਾਹਤ ਦੇਣ ਵਾਲੀ ਨਹੀਂ। ਇਕ ਦੂਜੇ ਪ੍ਰਤੀ ਜਾਤੀ ਇਲਜਾਮ ਬਾਜੀ ਤੋਂ ਬਿਨਾਂ ਕੋਈ ਵੀ ਗੱਲ ਦੇਸ਼ ਜਾਂ ਸੂਬੇ ਪ੍ਰਤੀ ਨਹੀਂ, ਜਿਸ ਤੋਂ ਕਿਸੇ ਲੋਕ ਸਮੱਸਿਆ ਦੀ ਚਿੰਤਾ ਬਾਰੇ ਕੋਈ ਰਣਨੀਤੀ ਜ਼ਾਹਰ ਹੁੰਦੀ ਹੋਵੇ ਅਜਿਹੇ ਸਿਆਸੀ ਆਗੂਆਂ ਦੀ ਗਿਣਤੀ ਆਟੇ ਵਿੱਚ ਲੂਣ ਵਾਲੀ ਕਹਾਵਤ ਅਨੁਸਾਰ ਹੈ, ਜੋ ਲੋਕਾਂ ਦੇ ਕੁੱਝ ਮੁੱਦਿਆਂ ਦੀ ਸਹੀ ਤਰਜਮਾਨੀ ਕਰਦੇ ਹਨ। ਪਰ ਸਥਾਪਤ ਘਾਗ ਲੀਡਰਾਂ ਨੂੰ ਉਹਨਾਂ ਵੱਲੋਂ ਉਠਾਏ ਜਾ ਰਹੇ ਲੋਕ ਮੁੱਦੇ ਨਹੀਂ ਭਾਉਂਦੇ। ਆਪਸੀ ਮੰਦ ਭਾਸ਼ਾ ਦੀ ਵਰਤੋਂ ਇਕ ਦੂਜੇ ਪ੍ਰਤੀ ਇਸ ਤਰ੍ਹਾਂ ਕੀਤੀ ਜਾਂਦੀ ਹੈ, ਜਿਵੇਂ ਇਹ ਕੋਈ ਇਲੈਕਸ਼ਨ ਨਾ ਲੜਦੇ ਹੋਣ, ਸਗੋਂ ਇਕ ਦੂਜੇ ਨੂੰ ਗਾਲੀ ਗਲੋਚ ਵਾਲੀ ਭਾਸ਼ਾ ਦਾ ਪ੍ਰਯੋਗ ਕਰਕੇ ਲੋਕਾਂ ਨੂੰ ਇਹ ਜਚਾਉਣਾ ਚਾਹੁੰਦੇ ਹੋਣ ਕਿ ਮੈਂ ਵੱਧ ਖੱਬੀ ਖਾਂ ਹਾਂ।

ਇਹਨਾਂ ਦੇ ਗ਼ੈਰ ਮਿਆਰੀ ਭੰਡੀ ਪ੍ਰਚਾਰ ਅਤੇ ਲੋਕਾਂ ਨੂੰ ਧਰਮਾਂ/ਦੇਵੀ ਦੇਵਤਿਆਂ ਦੇ ਨਾ ਤੇ ਪ੍ਰਭਾਵਿਤ ਕਰਕੇ ਵੋਟਾਂ ਬਟੋਰਨ ਦੇ ਯਤਨਾ ਨੂੰ ਠੱਲ ਪਾਉਣ ਲਈ ਮਾਨਯੋਗ ਸੁਪਰੀਮ ਕੋਰਟ ਨੂੰ ਦਖ਼ਲ ਦੇਣਾ ਪਿਆ ਹੈ। ਜਿਸ ਕਰਕੇ ਚੋਣ ਕਮਿਸ਼ਨ ਨੂੰ ਅਦਿੱਤਿਆ ਨਾਥ ਯੋਗੀ ਅਤੇ ਮਾਇਆ ਵਤੀ ਦੇ ਚੋਣ ਪ੍ਰਚਾਰ ਕਰਨ ਉੱਪਰ ਕ੍ਰਮਵਾਰ 72 ਅਤੇ 24 ਘੰਟੇ ਲਈ ਪਾਬੰਦੀ ਲਾਉਣੀ ਪਈ ਹੈ। ਚਾਹੀਦਾ ਤਾਂ ਇਹ ਹੈ ਕਿ ਅਜਿਹੇ ਲੋਕਾਂ ਨੂੰ ਚੋਣ ਪ੍ਰਕਿਰਿਆ 'ਚੋਂ ਹੀ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਵੇ ਇਹ ਵੀ ਤਹਿ ਕੀਤਾ ਜਾਵੇ ਕਿ ਹਰ ਪਾਰਟੀ ਵੱਲੋਂ ਜੋ ਚੋਣ ਮੈਨੀਫੈਸਟੋ ਜਾਰੀ ਕੀਤਾ ਜਾਂਦਾ ਹੈ, ਉਸ ਨੂੰ ਵੀ ਕਾਨੂੰਨੀ ਦਾਇਰੇ ਵਿੱਚ ਲਿਆਉਣਾ ਯਕੀਨੀ ਬਣੇ । ਜਿਹੜੀ ਵੀ ਪਾਰਟੀ ਸਰਕਾਰ ਬਣਾਉਣ ਵਿੱਚ ਸਫਲ ਹੋ ਜਾਂਦੀ ਹੈ, ਉਸ ਨੂੰ ਕਾਨੂੰਨੀ ਤੌਰ ਤੇ ਆਪਣੇ ਵੱਲੋਂ ਜਾਰੀ ਮੈਨੀਫੈਸਟੋ ਵਿੱਚ ਕੀਤੇ ਵਾਅਦਿਆਂ ਲਈ ਪਾਬੰਦ ਕੀਤਾ ਜਾਵੇ। ਲੋਕਾਂ ਨੂੰ ਮੂਰਖ ਬਣਾਕੇ ਉਹਨਾਂ ਦੀ ਅਗਿਆਨਤਾ ਅਤੇ ਧਾਰਮਿਕ ਭਾਵਨਾਵਾਂ ਦਾ ਫ਼ਾਇਦਾ ਉਠਾਕੇ, ਵੋਟਾਂ ਦੀ ਫਸਲ ਕੱਟਕੇ ਗੱਦੀਆਂ ਸਾਂਭ ਲੈਣ ਬਾਅਦ ਸਾਰੇ ਵਾਅਦੇ ਠੁੱਸ ਹੋ ਜਾਂਦੇ ਹਨ। ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠਣ ਬਾਅਦ ਕਾਲਾ ਧਨ ਕਢਾਕੇ 15-15 ਲੱਖ ਹਰ ਇਕ ਦੇ ਖਾਤਿਆਂ ਵਿੱਚ ਪਾਕੇ ਅੱਛੇ ਦਿਨਾਂ ਦੇ ਕੀਤੇ ਫ਼ੁਰਮਾਨਾ ਨੂੰ ਬੜੀ ਬੇਸ਼ਰਮੀ ਨਾਲ ਜੁਮਲੇ ਕਰਾਰ ਦੇਕੇ ਲੋਕਾਂ ਨੂੰ ਠੇਂਗਾ ਵਿਖਾ ਦਿੱਤਾ ਜਾਂਦਾ ਹੈ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਤਾਂ ਕੀ ਪੂਰਾ ਕਰਨਾ ਸੀ, ਉਲਟਾ ਨੋਟ ਬੰਦੀ ਕਰਕੇ ਕਰੋੜਾਂ ਨੌਕਰੀਆਂ ਖਤਮ ਕੀਤੀਆਂ ਅਤੇ ਸੈਂਕੜੇ ਗਰੀਬ ਲੋਕ ਬੈਂਕਾਂ ਅੱਗੇ ਲਾਈਨਾਂ 'ਚ ਖੜੇ ਆਪਣੀਆਂ ਜਾਨਾਂ ਗੁਆ ਬੈਠੇ। ਕਾਲਾ ਧਨ ਖਤਮ ਕਰਨ ਦੇ ਨਾ ਹੇਠ ਕਾਲੇ ਨੂੰ ਚਿੱਟਾ ਕਰਨ ਦਾ ਮੰਤਰ ਆਪਣੇ ਚਹੇਤਿਆਂ ਲਈ ਅੰਦਰ ਖਾਤੇ ਕੰਮ ਕਰ ਗਿਆ ।

ਪੰਜਾਬ 'ਚ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਹੱਥਾਂ ਵਿੱਚ ਧਾਰਮਿਕ ਗੁੱਟਕਾ ਫੜਕੇ ਪੰਜਾਬ 'ਚੋਂ 4 ਦਿਨਾਂ ਵਿੱਚ ਨਸ਼ੇ ਦਾ ਲੱਕ ਤੋੜ ਦੇਣ, ਘਰ-ਘਰ ਨੌਕਰੀ, ਨੌਜਵਾਨਾਂ ਨੂੰ ਮੋਬਾਇਲ, ਕਿਸਾਨੀ/ ਕਿਰਤੀਆਂ ਦੇ ਸਾਰੇ ਕਰਜ਼ੇ ਮੁਆਫ ਅਦਿ ਸੰਬੰਧੀ ਕੀਤੇ ਵਾਅਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਕਿੱਥੇ ਗਏ? ਕੋਈ ਪੁੱਛਣ ਵਾਲਾ ਨਹੀਂ । ਇਸ ਸਰਕਾਰ ਦਾ ਮੁਲਾਜ਼ਮਾਂ/ ਪੈਨਸ਼ਨਰਾਂ ਦੇ ਪੇ ਕਮਿਸ਼ਨ ਅਤੇ ਡੀ ਏ ਦੀਆਂ ਕਿਸ਼ਤਾਂ ਬਾਰੇ ਧਾਰਿਆ ਮੋਨ , ਸ਼ਾਇਦ ਹੁਣ ਮੁਲਾਜ਼ਮਾਂ ਦੇ ਸ਼ੰਘਰਸ ਦੁਆਰਾ ਹੀ ਟੁੱਟਣ ਦੀ ਉਡੀਕ ਕਰ ਰਿਹਾ ਹੈ।

ਮੋਦੀ ਸਰਕਾਰ ਨੇ ਲੋਕਾਂ ਦੁਆਰਾ ਭਰੇ ਦੇਸ਼ ਦੇ ਖ਼ਜ਼ਾਨੇ ਨੂੰ ਵੋਟਾਂ ਲੈਣ ਲਈ ਵਰਤਣ ਦਾ, ਹੁਣ ਇਕ ਹੋਰ ਨਿਵੇਕਲਾ ਢੰਗ ਹੋਂਦ ਵਿੱਚ ਲਿਆਕੇ ਕਿਸਾਨਾਂ ਦੇ ਖਾਤਿਆਂ ਵਿੱਚ 2-2 ਹਜ਼ਾਰ ਜਮਾਂ ਕਰਵਾਇਆ ਗਿਆ । ਸਾਲ ਵਿੱਚ ਕੁੱਲ 6 ਹਜ਼ਾਰ ਕਿਸਾਨਾਂ ਨੂੰ ਦੇਕੇ ਉਹਨਾਂ ਨੂੰ 'ਅਮੀਰ' ਬਣਾਉਣ ਦਾ ਨੁਸਕਾ ਦਿੱਤਾ ਜਾ ਰਿਹਾ ਹੈ, ਜਦੋਂ ਕਿ ਮੰਤਰੀਆਂ ਸੰਤਰੀਆਂ ਦਾ ਸ਼ਰਮਾਇਆ ਸਾਲ ਵਿੱਚ ਹੀ 16 ਗੁਣਾ ਕਿਹੜੇ ਨੁਸਕੇ ਨਾਲ ਵਧ ਜਾਂਦਾ ਹੈ, ਬਾਰੇ ਕੋਈ ਜਵਾਬ ਨਹੀਂ। ਲੋਕਾਂ ਨੂੰ ਕੰਮ ਦੇਣ ਦੀ ਬਜਾਏ ਉਹਨਾਂ ਨੂੰ ਵੋਟਾਂ ਪਾਉਣ ਲਈ ਵਰਤਣ ਦੇ ਮਨਸੂਬਿਆਂ ਤਹਿਤ, ਸਿਰਫ ਜਿਊਂਦੇ ਰੱਖਣ ਲਈ ਮਾੜੀ ਮੋਟੀ ਆਟਾ ਦਾਲ ਦੇਣ ਤੱਕ ਸੀਮਤ ਕਰ ਰੱਖਿਆ ਹੈ ਜਿਸ ਨਾਲ ਰਾਜ ਕਰਦੀ ਸ਼੍ਰੇਣੀ ਦਾ ਹੀ ਵਿਕਾਸ ਹੋਵੇਗਾ, ਆਮ ਲੋਕਾਂ ਦਾ ਨਹੀਂ।

ਕਨ੍ਹੱਈਆ ਕੁਮਾਰ ਵਰਗੇ ਚਿੰਤਕ ਜੇ ਕੋਈ ਜਵਾਬ ਮੰਗਦੇ ਹਨ ਤਾਂ ਉਹਨਾਂ ਨੂੰ ਤੁਰੰਤ ਦੇਸ਼ ਧ੍ਰੋਹੀ ਕਰਾਰ ਦੇਕੇ ਝੂਠੇ ਕੇਸ ਬਣਾਕੇ ਸੀਖਾਂ ਪਿੱਛੇ ਕਰਨ ਦੇ ਮਨਸੂਬੇ ਬਣਾਏ ਜਾਂਦੇ ਹਨ।ਲੋਕਾਂ ਦੀ ਆਵਾਜ਼ ਬਣਨ ਵਾਲੇ ਬੁੱਧੀ ਜੀਵੀਆਂ, ਪੱਤਰਕਾਰਾਂ, ਪ੍ਰੋਫੈਸਰਾਂ, ਵਕੀਲਾਂ ਅਤੇ ਸੱਚ ਦੇ ਪੈਰੋਕਾਰਾਂ ਦੀ ਆਵਾਜ਼ ਬੰਦ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਕਾਲੇ ਕਾਨੂੰਨ ਬਣਾਕੇ, ਅੰਗਰੇਜ਼ਾਂ ਨੂੰ ਵੀ ਮਾਤ ਪਾ ਰਹੇ ਭਾਰਤੀ ਹੁਕਮਰਾਨਾਂ ਨੇ ਦੇਸ਼ ਨੂੰ ਲੁੱਟ-ਲੁੱਟਾਕੇ, 70% ਲੋਕਾਂ ਦੀ ਕੁੱਲ ਪੂੰਜੀ ਦੇ ਬਰਾਬਰ 1% ਪੂੰਜੀਪਤੀਆਂ ਕੋਲ ਪੂੰਜੀ ਇਕੱਠੀ ਕਰ ਦਿੱਤੀ ਹੈ। ਅੰਗਰੇਜ਼ ਹਾਕਮਾਂ ਨੇ ਜਲ੍ਹਿਆਂ ਵਾਲਾ ਬਾਗ਼ ਅੰਮ੍ਰਿਤਸਰ ਵਿਖੇ ਰੌਲਟ ਐਕਟ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ, ਪਰ ਅੱਜ ਦੇ ਭਾਰਤੀ ਹਾਕਮ ਰੌਲਟ ਐਕਟ ਤੋਂ ਵੀ ਘਿਨਾਉਣੇ ਕਾਨੂੰਨ ਬਣਾਕੇ ਲੋਕਾਂ ਦੀ ਹੱਕੀ ਆਵਾਜ ਬੰਦ ਕਰਨਾ ਚਾਹੁੰਦੇ ਹਨ। ਇਸ ਤੋਂ ਸਪਸ਼ਟ ਹੈ ਕਿ ਸਾਡੇ ਦੇਸ਼ ਦੇ ਅੱਜ ਦੇ ਹਾਕਮ ਵੀ ਅੰਗਰੇਜ਼ਾਂ ਦੇ ਹੀ ਪਦ ਚਿੰਨ੍ਹਾਂ ਤੇ ਚੱਲ ਰਹੇ ਹਨ।

ਅੰਗਰੇਜ਼ਾਂ ਤੋਂ ਬਾਅਦ ਪਿਛਲੇ 70 ਸਾਲਾਂ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ, ਪਰ ਵਾਰੋ ਵਾਰੀ ਦੇਸ਼ ਤੇ ਰਾਜ ਕਰ ਰਹੀਆਂ ਸਿਆਸੀ ਪਾਰਟੀਆਂ ਨੇ ਦੇਸ਼ ਦੀ ਪੂੰਜੀ ਨੂੰ ਅੰਗਰੇਜ਼ਾਂ ਦੀ ਤਰ੍ਹਾਂ ਹੀ ਕੁੱਝ ਕੁ ਹੱਥਾਂ ਵਿੱਚ ਸੀਮਤ ਕਰਕੇ, ਅਮੀਰਾਂ ਨੂੰ ਹੋਰ ਅਮੀਰ ਅਤੇ ਆਮ ਗਰੀਬ ਲੋਕਾਂ ਨੂੰ ਹੋਰ ਗਰੀਬ ਕਰਨ ਵਿੱਚ ਹੀ ਆਪਣੀ ਭੂਮਿਕਾ ਨਿਭਾਈ ਹੈ। ਮੌਜੂਦਾ ਚੋਣਾਂ ਦੇ ਦੌਰ ਵਿੱਚ ਜੇਕਰ ਅਜੇ ਵੀ ਲੋਕਾਂ ਨੇ ਇੱਕ ਜੁੱਟ ਹੋਕੇ ਵੋਟਾਂ ਮੰਗਣ ਆਏ ਲੀਡਰਾਂ ਨੂੰ ਉਹਨਾਂ ਦੀ ਕਾਰਗੁਜ਼ਾਰੀ ਲਈ ਜਵਾਬ ਦੇਹ ਬਣਾਉਣ ਲਈ ਆਵਾਜ਼ ਨਾ ਉਠਾਈ ਤਾਂ ਦੇਸ਼ ਦਾ ਹਾਲ ਹੋਰ ਬੇਹਾਲ ਹੋਣਾ ਤਹਿ ਹੈ। ਸਿਰਫ ਤੇ ਸਿਰਫ ਲੋਕ ਤਾਕਤ ਹੀ ਹੈ , ਜੋ ਦੇਸ਼ ਭਗਤਾਂ ਨੂੰ ਦੇਸ਼ ਧ੍ਰੋਹੀ ਗਰਦਾਨਣ ਵਾਲੇ, ਆਪੇ ਬਣੇ 'ਅਖੌਤੀ ਦੇਸ਼ ਭਗਤਾਂ ' ਨੂੰ ਭਾਜ ਦੇਕੇ ਦੇਸ਼ ਨੂੰ ਹੋਰ ਬੇਹਾਲ ਹੋਣ ਤੋਂ ਬਚਾਅ ਸਕਦੀ ਹੈ।

## ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਕੈਨੇਡਾ ਦੇ ਪ੍ਰੋਫੈਸਰ ਅਤੇ ਹੋਰ ਅਮਲੇ ਨੇ ਸਾਈਬਾਬਾ ਲਈ ਅਵਾਜ਼ ਉਠਾਈ

**ਸਰੀ/ਪਰਮਿੰਦਰ ਸਵੈਚ**

ਵੈਨਕੂਵਰ ਵਿੱਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (ਯੂ.ਬੀ.ਸੀ) ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਇਕੱਤਰਤਾ ਕੀਤੀ ਅਤੇ ਜੇਲ੍ਹ ਵਿਚ ਬੰਦ ਦਿੱਲੀ ਯੂਨੀਵਰਸਿਟੀ, ਪ੍ਰੋਫੈਸਰ ਜੀ.ਐੱਨ. ਸਾਈਬਾਬਾ ਲਈ ਹਾਂ ਦਾ ਨਾਹਰਾ ਮਾਰਿਆ ਹੈ। ਇਕ ਪ੍ਰਸਿੱਧ ਜਮਹੂਰੀ ਮਨੁੱਖੀ ਅਧਿਕਾਰਾਂ ਦੇ ਰਾਖੇ ਸਾਈਬਾਬਾ ਨੂੰ 90% ਸਰੀਰਕ ਅਸਮਰੱਥਾ ਹੋਣ ਦੇ ਬਾਵਜੂਦ ਅਮਾਨਵੀ ਹਾਲਤਾਂ ਵਿਚ ਕੈਦ ਕੀਤਾ ਹੋਇਆ ਹੈ। ਭਾਰਤ ਦੇ ਕਬਾਇਲੀ ਖੇਤਰਾਂ ਵਿਚ ਇਕ ਲੜਾਈ ਲੜ ਰਹੇ ਮਾਓਵਾਦੀ ਵਿਦਰੋਹੀਆਂ ਦਾ ਹਮਦਰਦ ਹੋਣ ਦਾ ਦੋਸ਼ ਲਗਾਉਣ ਤੋਂ ਬਾਅਦ ਸਾਈਬਾਬਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਭਾਰਤੀ ਲੋਕਾਂ ਦੀ ਦਮਨ ਦੇ ਖਿਲਾਫ ਅਵਾਜ਼ ਚੁੱਕ ਰਹੇ ਹਨ, ਜਿਨ੍ਹਾਂ ਨੂੰ ਵੱਡੀਆਂ ਕੰਪਨੀਆਂ ਦੁਆਰਾ ਜ਼ਬਰਦਸਤੀ ਕੱਢਿਆ ਜਾ ਰਿਹਾ ਹੈ। ਪੁਲਿਸ ਇਹਨਾਂ ਕੰਪਨੀਆਂ ਦੇ ਹੱਥਾਂ ਵਿੱਚ ਇੱਕ ਸਾਧਨ ਬਣੀ ਹੋਈ ਹੈ ਅਤੇ ਅਕਸਰ ਵਿਰੋਧ ਦੀ ਕਿਸੇ ਵੀ ਆਵਾਜ਼ ਨੂੰ ਨਿਸ਼ਾਨਾ ਬਣਾਉਂਦੀ ਹੈ। ਅਕਸਰ ਰਾਜ ਦਮਨ ਨੇ ਪੁਲਿਸ ਦੀ ਵਿਰੋਧਤਾ ਤੋਂ ਬਚਣ ਲਈ ਸਥਾਨਕ ਲੋਕਾਂ ਨੂੰ ਨਕਸਲੀ ਸੈਨਿਕਾਂ ਵਿਚ ਸ਼ਾਮਲ ਹੋਣ ਲਈ ਮਜ਼ਬੂਰ ਕੀਤਾ। ਸਾਈਬਾਬਾ ਨੇ ਕਬਾਇਲੀ ਭਾਈਚਾਰਿਆਂ ਦੇ ਸ਼ੋਸ਼ਣ ਦੇ ਖਿਲਾਫ ਲੋਕਾਂ ਦੇ ਮਨਾਂ ਨੂੰ ਇਕੱਠਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਇਸ ਲਈ ਉਹ ਪਹਿਲੀ ਵਾਰ ਮਾਓਵਾਦੀ ਹਮਦਰਦੀ ਦੇ ਤੌਰ ਤੇ ਬ੍ਰਾਂਡ ਕੀਤਾ ਗਿਆ ਸੀ। ਉਸ ਨੂੰ ਮਾਰਚ 2017 ਵਿਚ ਕਠੋਰ ਕਾਨੂੰਨਾਂ ਹੇਠ ਦੋਸ਼ੀ ਕਰਾਰ ਦਿੱਤਾ ਗਿਆ ਸੀ। ਹਾਲ ਹੀ ਵਿਚ, ਉਸ ਦੇ ਪਰਿਵਾਰ ਨੇ ਮੈਡੀਕਲ ਆਧਾਰ 'ਤੇ ਜ਼ਮਾਨਤ ਦੀ ਅਪੀਲ ਲਈ ਅਰਜ਼ੀ ਦਿੱਤੀ ਸੀ, ਜਿਵੇਂ ਕਿ ਸਾਈਬਾਬਾ 19 ਬਿਮਾਰੀਆਂ ਨਾਲ ਪੀੜਿਤ ਹੈ। ਹਾਲਾਂਕਿ, ਨਾਗਪੁਰ ਦੀ ਅਦਾਲਤ ਨੇ ਨਾ ਸਿਰਫ ਆਪਣੀ ਜ਼ਮਾਨਤ ਦੀ ਅਰਜ਼ੀ ਖਾਰਜ ਕੀਤੀ। ਬਲਕਿ ਉਸ ਨੇ ਇਹ ਕਿਹਾ ਕਿ ਉਹ ਮਾਨਸਿਕ ਤੌਰ 'ਤੇ ਫਿਟ ਹੈ ਅਤੇ ਮਾਓਵਾਦੀਆਂ ਲਈ ਸੋਚਣ ਵਾਲੇ ਟੈਂਕ ਵਜੋਂ ਕੰਮ ਕਰ ਰਿਹਾ ਹੈ।

ਯੂ.ਬੀ.ਸੀ ਕੈਨੇਡਾ ਵਿਚ ਸਾਈਬਾਬਾ ਦੇ ਕੇਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪਰੋਗਰਾਮ ਆਯੋਜਿਤ ਕੀਤਾ ਗਿਆ ਸੀ। ਇਹ ਪ੍ਰੋਗਰਾਮ ਸੀ.ਕੇ. ਵਿਖੇ ਆਯੋਜਿਤ ਕੀਤਾ ਗਿਆ। ਜੇਲ੍ਹ ਦੇ ਅੰਦਰੋਂ ਸਾਈਬਾਬਾ ਨੇ ਆਪਣੀ ਪਤਨੀ ਨੂੰ ਲਿਖੀਆਂ ਜਾਣ ਵਾਲੀਆਂ ਕਵਿਤਾਵਾਂ ਨੂੰ ਜੇਲ੍ਹ ਦੇ ਪ੍ਰੋਫੈਸਰ ਨੂੰ ਸ਼ਰਧਾਂਜਲੀ ਵਜੋਂ ਇਸ ਮੌਕੇ 'ਤੇ ਪੜ੍ਹਿਆ ਗਿਆ। ਇਸ ਤੋਂ ਇਲਾਵਾ, ਬੁਲਾਰਿਆਂ ਨੇ ਸਮਾਜਿਕ ਨਿਆਂ ਅਤੇ ਅੰਤਰਰਾਸ਼ਟਰੀ ਇਕਮੁੱਠਤਾ ਲਹਿਰ ਵਿਚ ਉਨ੍ਹਾਂ ਦੇ ਯੋਗਦਾਨ ਬਾਰੇ ਰੋਸ਼ਨੀ ਪਾਈ ਬੁਲਾਰਿਆਂ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਅਧਿਐਨ ਤੋਂ ਐਨੀ ਮੁਰਫੀ, ਰਾਜਨੀਤਕ ਵਿਗਿਆਨ ਅਤੇ ਵੈਂਟੇਜ ਕਾਲਜ ਦੇ ਨਿਰਦੇਸ਼ਕ ਜੈਨੀ ਪੀਟਰਸਨ, ਰਾਜਨੀਤੀ ਵਿਗਿਆਨ ਅਤੇ ਅੰਤਰਰਾਸ਼ਟਰੀ ਸੰਬੰਧਾਂ ਦੇ ਵਿਦਿਆਰਥੀ ਜ਼ਿਊਸ ਸ਼ੌਫ ਅਤੇ ਆਜ਼ਾਦ ਪੱਤਰਕਾਰ ਅਤੇ ਰੈਡੀਕਲ ਦੇਸੀ ਦੇ ਸਹਿ-ਸੰਪਾਦਕ ਦੇ ਨਾਲ ਐਸੋਸੀਏਟ ਪ੍ਰੋਫੈਸਰ ਸਨ। ਬੁਲਾਰਿਆਂ ਨੇ ਆਪਣੇ ਨਰੀਖਣ ਵਿਚ ਸਰਬਸੰਮਤੀ ਨਾਲ ਕਿਹਾ ਕਿ ਕੈਨੇਡਾ ਨੂੰ ਇਸ ਮਹੱਤਵਪੂਰਨ ਮੁੱਦੇ ਬਾਰੇ ਸਿੱਖਿਅਤ ਕਰਨ ਅਤੇ ਕਨੇਡੀਅਨ ਸਰਕਾਰ 'ਤੇ ਦਬਾਅ ਪਾਉਣ ਲਈ ਜ਼ਰੂਰੀ ਕਦਮ ਚੁੱਕਣ ਲਈ ਹੋਰ ਹਮਲਾ ਮਾਰਨ ਦੀ ਲੋੜ ਹੈ। ਇਸ ਮੌਕੇ ਮਨੁੱਖੀ ਅਧਿਕਾਰਾਂ ਬਾਰੇ ਵਕੀਲ ਅਮਨਦੀਪ ਸਿੰਘ ਵੀ ਸ਼ਾਮਲ ਸਨ, ਜਿਨ੍ਹਾਂ ਨੇ ਰੈਡੀਕਲ ਦੇਸੀ ਦੀ ਤਰਫੋਂ ਇਸ ਮਾਮਲੇ ਵਿੱਚ ਕੈਨੇਡੀਅਨ ਦਖਲ ਦੀ ਮੰਗ ਕਰਨ ਵਾਲੀ ਪਟੀਸ਼ਨ ਦਾ ਖਰੜਾ ਤਿਆਰ ਕੀਤਾ ਸੀ। ਹਜ਼ਾਰ ਤੋਂ ਵੱਧ ਲੋਕਾਂ ਨੇ ਸਾਈਬਾਬਾ ਬਾਰੇ ਪਟੀਸ਼ਨ 'ਤੇ ਦਸਤਖਤ ਕੀਤੇ, ਜੋ ਹਾਊਸ ਆਫ ਕਾਮਨਜ਼ ਦੇ ਦੋ ਸੰਸਦ ਮੈਂਬਰਾਂ ਸੁੱਖ ਧਾਲੀਵਾਲ ਅਤੇ ਪੀਟਰ ਜੂਲੀਅਨ ਨੂੰ ਸੌਂਪਿਆ ਗਿਆ ਸੀ। ਸਿੰਘ ਕੁਈਨਸਬਰਗ ਵਿਚ ਨਿਊ ਡੈਮੋਕਰੇਟਿਕ ਪਾਰਟੀ ਦੇ ਸਾਬਕਾ ਉਮੀਦਵਾਰ ਵੀ ਹਨ। The member of indians Abroad for pluralist India ਤੋਂ (ਆਈ.ਏ.ਪੀ.ਆਈ) ਰਾਕੇਸ਼ ਕੁਮਾਰ, ਸੰਦੀਪ ਮਾਡਗਿਲ ਅਤੇ ਸਰਬਜੀਤ ਸਿੰਘ ਹਾਜ਼ਰ ਸਨ। ਭਾਰਤ ਵਿਚ ਸਾਈਬਾਬਾ ਅਤੇ ਹੋਰ ਰਾਜਨੀਤਿਕ ਕੈਦੀਆਂ ਦੇ ਸਮਰਥਨ ਵਿਚ ਆਯੋਜਿਤ ਕੀਤੇ ਗਏ ਕਈ ਪ੍ਰਦਰਸ਼ਨਾਂ ਵਿਚ ਆਈ.ਏ.ਪੀ.ਆਈ ਨੇ ਬਹੁਤ ਮਦਦ ਕੀਤੀ ਹੈ।

# ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ

## ਤਕਲੀਫ਼ਾਂ ਕਿੰਨੀਆਂ ਵੀ ਹੋਣ ਆਪਣਾ ਨਗੀਨਿਆਂ ਭਰਿਆ ਦਿਲ ਚਮਕਦਾ ਰੱਖੋ - ਨਾਜ਼ਿਮ ਹਿਕਮਤ

ਸਤਪਾਲ

ਸੰਸਾਰ ਭਰ ਦੇ ਇਨਕਲਾਬੀਆਂ ਦੇ ਨਾਲ਼-ਨਾਲ਼ ਇਹ ਬੋਲ ਭਾਰਤੀ ਇਨਕਲਾਬੀਆਂ ਦੇ ਜੀਵਨ 'ਤੇ ਵੀ ਢੁੱਕਦੇ ਹਨ ਜਿੰਨ੍ਹਾਂ ਨੇ ਕਿ ਬਰਤਾਨਵੀ ਹਕੂਮਤ ਹੱਥੋਂ ਆਪਣੇ ਲੋਕਾਂ ਦੀ ਅਣਮਨੁੱਖੀ ਗੁਲਾਮੀ ਦਾ ਖਾਤਮਾ ਕਰਨ ਅਤੇ ਉਹਨਾਂ ਨੂੰ ਇੱਕ ਅਜ਼ਾਦ ਅਤੇ ਹਰ ਤਰ੍ਹਾਂ ਦੀ ਲੁੱਟ-ਖਸੁੱਟ ਤੋਂ ਮੁਕਤ ਭਵਿੱਖ ਦੇਣ ਲਈ ਆਪਣੀਆਂ ਜ਼ਿੰਦਗੀਆਂ ਨੂੰ ਖਿੜੇ ਮੱਥੇ ਕੁਰਬਾਨ ਕਰ ਦਿੱਤਾ। ਅਜਿਹਾ ਹੀ ਇਨਕਲਾਬੀ ਸੀ ਸ਼ਹੀਦ ਊਧਮ ਸਿੰਘ। ਸ਼ਹੀਦ ਊਧਮ ਸਿੰਘ ਦਾ ਨਾਂ ਬਹੁਤਾ ਕਰਕੇ 13 ਅਪ੍ਰੈਲ 1919 ਨੂੰ ਬਰਤਾਨਵੀ ਹੁਕਮਰਾਨਾਂ ਵੱਲੋਂ ਅੰਮ੍ਰਿਤਸਰ ਦੇ ਜ਼ਲ੍ਹਿਆਂ ਵਾਲ਼ਾ ਬਾਗ ਵਿਖੇ ਭਾਰਤੀ ਲੋਕਾਂ ਦੇ ਕੀਤੇ ਗਏ ਕਤਲੇਆਮ ਦੇ ਦੋਸ਼ੀ ਮਾਈਕਲ ਓਡਵਾਇਰ ਨੂੰ ਗੋਲੀ ਮਾਰਕੇ ਬਦਲਾ ਲੈਣ ਵਜੋਂ ਜਾਣਿਆ ਜਾਂਦਾ ਹੈ। ਪਰ ਕਿਹਾ ਜਾ ਸਕਦਾ ਹੈ ਕਿ ਇਹ ਤਾਂ ਉਹਦੇ ਪੂਰੇ ਇਨਕਲਾਬੀ ਜੀਵਨ ਦੀ ਇੱਕ ਘਟਨਾ ਸੀ। ਡਾਇਰੈਕਟਰ ਇਟੈਲੀਜੈਂਸੀ ਬਿਊਰੋ (ਹੋਮ ਵਿਭਾਗ, ਭਾਰਤ ਸਰਕਾਰ) ਵੱਲੋਂ 1934 ਵਿੱਚ ਜਾਰੀ ਕੀਤੀ ਗਈ ਡਾਇਰੈਕਟਰੀ ਦੱਸਦੀ ਹੈ ਕਿ ਊਧਮ ਸਿੰਘ ਨੇ ਸ਼ੇਰ ਸਿੰਘ, ਉਦੇ ਸਿੰਘ, ਅਤੇ ਮੁੰਹਮਦ ਸਿੰਘ ਅਜ਼ਾਦ ਜਿਹੇ ਵੱਖ-ਵੱਖ ਨਾਵਾਂ ਤੋਂ ਅਮਰੀਕਾ ਅਤੇ ਹੋਰਨਾਂ ਮੁਲ਼ਕਾਂ ਵਿੱਚ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਰਹਿ ਕੇ ਕੰਮ ਕੀਤਾ। ਇਸ ਤੋਂ ਇਲਾਵਾ ਉਹ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਸੰਪਰਕ ਵਿੱਚ ਵੀ ਰਿਹਾ ਅਤੇ ਉਹਨਾਂ ਦੀ ਵਿਚਾਰਧਾਰਾ ਦਾ ਵੀ ਹਮਾਇਤੀ ਬਣਿਆ। ਨੌਜਵਾਨ ਭਾਰਤ ਸਭਾ ਦੀ 1925 'ਚ ਹੋਈ ਕਾਨਫਰੰਸ ਵਿੱਚ ਉਸ ਦੇ ਕਹੇ ਹੇਠਲੇ ਸ਼ਬਦ ਦੱਸਦੇ ਹਨ ਕਿ ਉਹਦਾ ਨਿਸ਼ਾਨਾ ਸਿਰਫ਼ ਜ਼ੱਲ੍ਹਿਆਂਵਾਲਾ ਬਾਗ ਦਾ ਬਦਲ਼ਾ ਲੈਣਾ ਜਾਂ ਮਾਈਕਲ ਓਡਵਾਇਰ ਨੂੰ ਮਾਰਨਾ ਹੀ ਨਹੀਂ ਸੀ ਸਗੋਂ ਉਹ ਭਾਰਤੀ ਲੋਕਾਂ ਦੀ ਗੁਲਾਮੀ ਨੂੰ ਖਤਮ ਕਰਨ ਅਤੇ ਉਹਨਾਂ ਲਈ ਇੱਕ ਖੁਸ਼ਹਾਲ ਸਮਾਜ ਸਿਰਜਣ ਦੇ ਮਹਾਨ ਯਤਨਾਂ ਵਿੱਚ ਲੱਗਿਆ ਹੋਇਆ ਸੀ-

ਅਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦੀ ਹੈ ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕੀ ਅਜ਼ਾਦੀ ਜੀਵਨ ਅਤੇ ਗੁਲਾਮੀ ਮੌਤ ਹੈ। ਅਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਹਾਸਿਲ ਕਰਕੇ ਰਹਾਂਗੇ...।

ਜਿੱਥੇ ਇੱਕ ਪਾਸੇ ਸਾਡਾ ਮੌਜੂਦਾ ਮੀਡੀਆ ਸਾਡੇ ਸ਼ਹੀਦਾਂ ਦੇ ਕਿਰਤੀ ਲੋਕਾਂ ਦੀ ਮੁਕਤੀ ਦੇ ਅਸਲੀ ਆਦਰਸ਼ਾਂ ਨੂੰ ਨੌਜਵਾਨ ਪੀੜ੍ਹੀ ਅੱਗੇ ਇੱਕ ਤਰ੍ਹਾਂ ਦੇ ਖਾੜਕੂ ਅਕਸ ਵਿੱਚ ਪੇਸ਼ ਕਰ ਰਿਹਾ ਹੈ ਉੱਥੇ ਹੀ ਸਾਡੀਆਂ ਸਿਆਸੀ ਪਾਰਟੀਆਂ ਵੱਲੋਂ ਸਾਡੇ ਸ਼ਹੀਦਾਂ ਨੂੰ ਧਰਮਾਂ-ਜਾਤਾਂ ਦੇ ਨਾਂ ਦੇ ਵੰਡਣ ਦੀ ਘਟੀਆ ਸਿਆਸਤ ਵੀ ਲਗਾਤਾਰ ਖੇਡੀ ਜਾਂਦੀ ਰਹੀ ਹੈ। ਇਸਦੀ ਇੱਕ ਮਿਸਾਲ ਭਗਤ ਸਿੰਘ ਹੈ ਜਿਸਨੂੰ ਕਿ ਸਿੱਖ ਜਾਂ ਆਰਿਆ ਸਮਾਜੀ ਬਣਾਉਣ ਦੀਆਂ ਸਾਡੇ ਹਾਕਮਾਂ ਵੱਲੋਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਉੱਥੇ ਹੀ ਕੰਬੋਜ ਜਾਤੀ ਨਾਲ਼ ਸਬੰਧ ਰੱਖਦਾ ਹੋਣ ਕਰਕੇ ਅੱਜ ਊਧਮ ਸਿੰਘ ਨੂੰ ਇੱਕ ਇਨਕਲਾਬੀ ਨਾਲ਼ੋਂ ਕੰਬੋਜ ਵਧੇਰੇ ਸਮਝਿਆ ਜਾਣ ਲੱਗ ਪਿਆ। ਅੱਜ ਜਦੋਂ ਵਿਦਿਆਰਥੀ-ਨੌਜਵਾਨਾਂ ਸਮੇਤ ਕਿਰਤੀਆਂ ਦੀ ਬਹੁਤ ਵੱਡੀ ਅਬਾਦੀ ਵਿੱਚ ਸਿੱਖਿਆ-ਰੁਜ਼ਗਾਰ ਜਿਹੀਆਂ ਬੇਹੱਦ ਬੁਨਿਆਦੀ ਮੰਗਾਂ ਨੂੰ ਲੈ ਕੇ ਬੈਚੈਨੀ ਫੈਲ ਰਹੀ ਹੈ ਅਤੇ ਦਿਨੋ-ਦਿਨ ਉਹਨਾਂ ਦੀ ਹਾਲਤ ਬੱਦਤਰ ਹੋ ਰਹੀ ਹੈ ਤਾਂ ਜ਼ਰੂਰੀ ਹੈ ਕਿ ਸਾਡੇ ਇਨਕਲਾਬੀ ਸ਼ਹੀਦਾਂ ਦੇ ਵਿਚਾਰਾਂ ਨੂੰ ਅਤੇ ਕਿਰਤੀ ਲੋਕਾਂ ਲਈ ਬਿਹਤਰ ਭਵਿੱਖ ਦੇ ਸੁਫ਼ਨੇ ਸਿਰਜਣ ਵਾਲ਼ੇ ਸਮਾਜ ਦੇ ਇਹਨਾਂ ਅਸਲੀ ਨਾਇਕਾਂ ਨੂੰ ਮੁੜ ਤੋਂ ਉਹਨਾਂ ਕਰੋੜਾਂ ਗੁੰਮਨਾਮ ਲੋਕਾਂ ਵਿੱਚ ਲੈਕੇ ਜਾਇਆ ਜਾਵੇ ਜਿੰਨਾਂ ਨੇ ਕਿ ਕੱਲ੍ਹ ਦੇ ਬਿਹਤਰ ਭਵਿੱਖ ਦੀ ਸਿਰਜਣਾ ਕਰਨੀ ਹੈ। ਇਸੇ ਹੀ ਸੰਦਰਭ ਵਿੱਚ ਅਸੀਂ ਇੱਥੇ ਆਪਣੀ ਗੱਲ ਰੱਖਾਂਗੇ।

### ਜ਼ਲ੍ਹਿਆਂ ਵਾਲ਼ੇ ਬਾਗ ਦਾ ਸਾਕਾ

ਜ਼ਲ੍ਹਿਆਂ ਵਾਲ਼ਾ ਬਾਗ ਉਸ ਬਰਬਰਤਾ ਦੀ ਇੱਕ ਮਿਸਾਲ ਕਿਹਾ ਜਾ ਸਕਦਾ ਹੈ ਜਿਸਦੇ ਦਮ 'ਤੇ ਕਿ ਬਰਤਾਨਵੀ ਸਾਮਰਾਜ ਪੂਰੇ ਸੰਸਾਰ ਨੂੰ ਸੱਭਿਅਕ ਬਣਾਉਣਾ ਚਾਹੁੰਦਾ ਸੀ। ਹਜ਼ਾਰਾਂ ਪਿੰਡਿਆਂ 'ਚੋਂ ਰਿਸਦੇ ਲਹੂ ਦੀ ਗੂੰਜ ਇਸ ਕਦਰ ਸੰਸਾਰ ਦੇ ਕੰਨਾਂ ਤੱਕ ਪਹੁੰਚੀ ਕਿ ਉਸ ਸਮੇਂ ਦੇ ਬਰਤਾਨੀਆਂ ਦੇ ਰਾਸ਼ਟਰਪਤੀ ਵਿਨਸਟਨ ਚਰਚਿਲ ਇਹਨੂੰ ਇੱਕ ਰਾਖਸ਼ੀ ਬਰਬਰਤਾ ਕਰਾਰ ਦੇਣ ਲਹੀ ਮਜ਼ਬੂਰ ਹੋ ਗਏ। ਬਰਤਾਨਵੀ ਲੁੱਟ-ਖਸੁੱਟ ਤੇ ਭੁੱਖਮਰੀ ਨਾਲ਼ ਘੁਲ਼ ਰਹੇ ਭਾਰਤੀ ਲੋਕਾਂ ਦੀਆਂ ਮੁਸ਼ਕਿਲਾਂ ਵਿੱਚ 1914-18 ਤੱਕ ਚੱਲੀ ਪਹਿਲੀ ਸੰਸਾਰ ਜੰਗ ਨੇ ਹੋਰ ਇਜ਼ਾਫ਼ਾ ਕਰ ਦਿੱਤਾ ਜਿਸਦੇ ਸਿੱਟੇ ਵਜੋਂ ਪੂਰੇ ਭਾਰਤ ਵਿੱਚ ਲੋਕਾਂ ਨੇ ਬਰਤਾਨਵੀ ਸਾਮਰਾਜ ਦਾ ਵਿਰੋਧ ਕਰਨਾ ਸ਼ੁਰੂ ਕਰਨ ਦਿੱਤਾ ਅਤੇ ਉੱਤਰ-ਪ੍ਰਦੇਸ਼, ਮਦਰਾਸ, ਪੱਛਮ-ਬੰਗਾਲ ਅਤੇ ਪੰਜਾਬ ਜਿਹੇ ਸੂਬਿਆਂ ਵਿੱਚ ਹਥਿਆਰਬੰਦ ਸਰਗਰਮੀਆਂ ਵਧਣ ਲੱਗ ਪਈਆਂ। ਬਰਤਾਨਵੀ ਸਾਮਰਜ ਵਿਰੁੱਧ ਹੋ ਰਹੀਆਂ ਇਹਨਾਂ ਮੁਖਾਲ਼ਫ਼ਤਾਂ ਨੂੰ ਕੁਚਲਣ ਲਈ ਸਿਡਨੀ ਰੋਲੇਟ ਨਾਂ ਦੇ ਅੰਗਰੇਜ਼ ਜੱਜ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾਈ ਗਈ ਜਿਹਨੇ ਕਿ ਬਰਤਾਨਵੀ ਹਕੂਮਤ ਵਿਰੁੱਧ ਚੱਲ ਰਹੀਆਂ ਲਹਿਰਾਂ ਦੀ ਪੜਤਾਲ ਕੀਤੀ ਅਤੇ ਭਾਰਤੀ ਲੋਕਾਂ ਦੀ ਕੌਮੀ ਮੁਕਤੀ ਦੀ ਲਹਿਰ ਨੂੰ ਦਬਾਉਣ ਲਈ ਰੋਲੈਟ ਐਕਟ ਲਿਆਂਦਾ। ਇਸ ਕਨੂੰਨ ਮੁਤਾਬਿਕ ਸੀ.ਆਈ.ਡੀ ਦੇ ਸਿਪਾਹੀ ਦੀ ਰਿਪੋਰਟ 'ਤੇ ਕਿਸੇ 'ਤੇ ਵੀ ਦੇਸ਼ ਧਰੋਹ ਦਾ ਦੋਸ਼ ਲੱਗ ਸਕਦਾ ਹੈ ਤੇ ਇਸ ਲਈ ਉਸ ਨੂੰ ਕੋਈ ਸਫ਼ਾਈ ਦੇਣ ਦਾ ਮੌਕਾ ਨਹੀਂ ਦਿੱਤਾ ਜਾਣਾ ਸੀ ਤੇ ਨਾ ਹੀ ਇਸ ਵਿਰੁੱਧ ਉਹ ਅਦਾਲਤ ਵਿੱਚ ਜਾ ਸਕਦਾ ਸੀ। ਇਸ ਦਾ ਅਸਲ ਮਕਸਦ ਇਲਕਲਾਬੀ ਲਹਿਰਾਂ ਨੂੰ ਨਜਿੱਠਣ ਲਈ ਸੰਕਟਕਾਲੀਨ ਸ਼ਕਤੀਆਂ ਦੇਣਾ ਸੀ ਅਤੇ ਹਰੇਕ ਤਰ੍ਹਾਂ ਦੀ ਲੋਕਾਂ ਵਲੋਂ ਸਰਕਾਰ ਦੀ ਵਿਰੋਧਤਾ ਤੇ ਪੜਚੋਲ ਨੂੰ ਦਬਾਉਣਾ ਸੀ। ਸਰਕਾਰ ਇਸ ਐਕਟ ਰਾਹੀਂ ਭਾਰਤ ਵਿੱਚ ਡਰ ਅਤੇ ਖੌਫ਼ ਪੈਦਾ ਕਰਨਾ ਚਾਹੁੰਦੀ ਸੀ। ਇਹ ਅਜ਼ਾਦੀ ਅਤੇ ਨਿਆਂ ਦੇ ਅਸੂਲਾਂ ਵਿਰੁੱਧ ਸੀ ਅਤੇ ਲੋਕਾਂ ਦੀ ਕਿਸਮਤ ਨੂੰ ਪੁਲਿਸ ਹੱਥ ਦੇਣ ਵਾਲ਼ਾ ਸੀ। ਲੋਕਾਂ ਨੇ ਇਸ ਨੂੰ ਕਾਲਾ ਕਨੂੰਨ ਕਿਹਾ- ਨਾ ਦਲੀਲ-ਨਾ ਅਪੀਲ-ਨਾ ਵਕੀਲ। ਪੂਰੇ ਭਾਰਤ ਦੇ ਨਾਲ਼-ਨਾਲ਼ ਪੰਜਾਬ ਵਿੱਚ ਲੋਕਾਂ ਨੇ ਇਸ ਕਾਲ਼ੇ ਕਨੂੰਨ ਦਾ ਸਖਤੀ ਨਾਲ਼ ਵਿਰੋਧ ਕੀਤਾ। ਗਾਂਧੀ ਨੇ 30 ਮਾਰਚ 1919 ਨੂੰ ਇੱਕ ਦਿਨ ਦੀ ਹੜਤਾਲ ਦਾ ਸੱਦਾ ਦਿੱਤਾ ਪਰ ਬਾਅਦ ਵਿੱਚ ਇਹਦੀ ਤਾਰੀਖ ਬਦਲ ਕੇ 6 ਅਪ੍ਰੈਲ ਕਰ ਦਿੱਤੀ ਗਈ। ਅੰਮ੍ਰਿਤਸਰ ਵਿੱਚ ਦੋਵੇਂ ਦਿਨ ਹੜਤਾਲ ਹੋਈ। ਅੰਮ੍ਰਿਤਸਰ ਵਿੱਚ 30 ਮਾਰਚ ਨੂੰ ਹੜਤਾਲ ਦੌਰਾਨ ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਰਹੇ। ਜ਼ਲ੍ਹਿਆਂਵਾਲ਼ਾ ਬਾਗ ਦੀ ਮੀਟਿੰਗ ਵਿੱਚ 30 ਤੋਂ 35 ਹਜ਼ਾਰ ਲੋਕਾਂ ਨੇ ਭਾਗ ਲਿਆ ਅਤੇ ਬਾਦਸ਼ਾਹ ਨੂੰ ਰੋਲੇਟ ਐਕਟ ਤੋਂ ਪ੍ਰਵਾਨਗੀ ਰੋਕਣ ਦੀ ਅਪੀਲ ਕੀਤੀ। ਇਸ ਵਿੱਚ ਡਾ. ਸੈਫ-ਉਦ-ਦੀਨ ਕਿਚਲੂ ਨੇ ਭਾਸ਼ਣ ਦਿੱਤਾ। 4 ਅਪ੍ਰੈਲ 1919 ਨੂੰ ਡਾ. ਸੱਤਿਆਪਾਲ ਅਤੇ ਡਾ. ਕਿਚਲੂ ਸਮੇਤ ਹੋਰ ਕਈ ਲੀਡਰਾਂ 'ਤੇ ਸਭਾਵਾਂ ਵਿੱਚ ਬੋਲਣ 'ਤੇ ਪਾਬੰਦੀ ਲਾ ਦਿੱਤੀ ਗਈ। 9 ਅਪ੍ਰੈਲ 1919 ਨੂੰ ਰਾਮ ਨੌਮੀ ਦੇ ਤਿਉਹਾਰ ਦੇ ਮੌਕੇ 'ਤੇ ਅੰਮ੍ਰਿਤਸਰ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਰਾਮ ਨੌਮੀ ਦੇ ਹਿੰਦੂ ਤਿਉਹਾਰ ਨੂੰ ਇਕੱਠੇ ਮਨਾਉਂਦੇ ਹੋਏ ਇੱਕ ਸਾਂਝਾ ਜਲੂਸ ਕੱਢ ਕੇ ਹਿੰਦੂ-ਮੁਸਲਿਮ ਏਕਤਾ ਦਾ ਸਬੂਤ ਪੇਸ਼ ਕੀਤਾ। ਇਸ ਜਲੂਸ ਵਿੱਚ ਹਿੰਦੂਆਂ ਨੇ ਆਪਣੀ ਜਾਤ-ਪਾਤ ਦਾ ਭੇਦ-ਭਾਵ ਛੱਡ ਕੇ ਆਪਣੇ ਮੁਸਲਮਾਨ ਭਰਾਵਾਂ ਦੇ ਮੱਥਿਆਂ 'ਤੇ ਤਿਲਕ ਲਾਇਆ ਅਤੇ ਦੋਹਾਂ ਧਰਮਾਂ ਦੇ ਲੋਕਾਂ ਨੇ ਇੱਕੋ ਹੀ ਗਲਾਸ ਵਿੱਚ ਪਾਣੀ ਪੀਤਾ ਅਤੇ ਅੰਗਰੇਜ਼ੀ ਸਾਮਰਾਜ ਦੀ 'ਪਾੜੋ ਤੇ ਰਾਜ ਕਰੋ ਦੀ ਨੀਤੀ' ਨੂੰ ਲਾਹਨਤਾਂ ਪਾਈਆਂ। 10 ਅਪ੍ਰੈਲ ਨੂੰ ਡਾ. ਕਿਚਲੂ ਅਤੇ ਸੱਤਿਆਪਾਲ ਨੂੰ ਅੰਮ੍ਰਿਤਸਰ ਵਿੱਚੋਂ ਕੱਢ ਦਿੱਤਾ ਗਿਆ। ਆਪਣੇ ਆਗੂਆਂ ਬਾਰੇ ਜਾਣਕਾਰੀ ਲੈਣ ਲਈ ਇੱਕ ਵਾਰੀ ਫਿਰ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਲੋਕਾਂ ਦੀ ਭੀੜ ਆਈ ਅਤੇ ਲੋਕਾਂ ਵਿੱਚ ਅੰਗਰੇਜ਼ਾਂ ਵਿਰੁੱਧ ਗੁੱਸਾ ਹੋਰ ਭੜਕ ਗਿਆ। 11 ਅਤੇ 13 ਅਪ੍ਰੈਲ ਨੂੰ ਸਰਕਾਰ ਵੱਲੋਂ ਇਹ ਐਲਾਨ ਕਰਵਾ ਦਿੱਤਾ ਗਿਆ ਕਿ ਫੌਜ ਵਿੱਚ ਅੰਮ੍ਰਿਤਸਰ ਨੂੰ ਅਮਨ ਕਾਇਮ ਕਰਨ ਅਤੇ ਜੇ ਲੋੜ ਪਵੇ ਤਾਂ ਤਾਕਤ ਦੀ ਵਰਤੋਂ ਕਰਨ ਲਈ ਕਿਹਾ ਗਿਆ ਹੈ। ਕੋਈ ਇਕੱਠ ਜਲਸਾ ਨਹੀਂ ਹੋਵੇਗਾ। ਹਰ ਇਕੱਠ ਉੱਤੇ ਗੋਲੀਆਂ ਚਲਾਈਆਂ ਜਾਣਗੀਆਂ। ਹਰ ਆਦਮੀ ਜੋ ਅੰਮ੍ਰਿਤਸਰ ਛੱਡ ਕੇ ਜਾਵੇਗਾ ਅਤੇ ਚਾਰ ਜਾਂ ਪੰਜ ਤੋਂ ਵੱਧ ਬੰਦਿਆਂ ਦੇ ਇਕੱਠ ਉੱਤੇ ਗੋਲੀਆਂ ਚਲਾਈਆਂ ਜਾਣਗੀਆਂ। ਮੁਅੱਜਜ਼ ਲੋਕ ਅਗਲੇ ਹੁਕਮ ਤੱਕ ਅਮਨ ਕਾਇਮ ਰੱਖਣ ਲਈ ਆਪਣੇ ਘਰਾਂ ਵਿੱਚ ਹੀ ਰਹਿਣ।



ਸਰਕਾਰ ਦੇ ਇਹਨਾਂ ਐਲਾਨਾਂ ਤੋਂ ਅਣਜਾਣ 13 ਅਪ੍ਰੈਲ ਵਿਸਾਖੀ ਦਾ ਦਿਹਾੜਾ ਮਨਾਉਣ ਲਈ ਆਲ਼ੇ-ਦੁਆਲ਼ੇ ਤੋਂ ਕਰੀਬ 20 ਹਜ਼ਾਰ ਲੋਕ ਅੰਮ੍ਰਿਤਸਰ ਪੁੱਜੇ। ਸ਼ਾਮ ਨੂੰ ਸਾਢੇ ਚਾਰ ਵਜੇ ਜ਼ੱਲ੍ਹਿਆਂਵਾਲੇ ਬਾਗ ਵਿੱਚ ਲੋਕਾਂ ਵੱਲੋਂ ਇੱਕ ਬਹੁਤ ਵੱਡੇ ਜਲਸੇ ਦਾ ਆਯੋਜਨ ਕੀਤਾ ਗਿਆ ਜਿਸ ਦਾ ਮਕਸਦ ਲੋਕ-ਆਗੂਆਂ ਨੂੰ ਰਿਹਾ ਕਰਨ ਅਤੇ ਅੰਗਰੇਜ਼ ਸਰਕਾਰ ਵੱਲੋਂ ਹੋ ਰਹੇ ਤਸ਼ੱਦਦ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਅਤੇ ਰੋਲੇਟ ਐਕਟ ਵਿਰੁਧ ਅਵਾਜ਼ ਬੁੰਲਦ ਕਰਨਾ ਸੀ। ਬਰਤਾਨਵੀ ਸਰਕਾਰ ਵੱਲੋਂ ਰੋਲੈਟ ਐਕਟ ਜਿਹੇ ਕਾਲ਼ੇ ਕਨੂੰਨਾਂ ਦਾ ਸਹਾਰਾ ਲੈਂਦੇ ਹੋਏ ਜਰਨਲ ਡਾਇਰ ਨੇ ਲੋਕਾਂ ਨੂੰ ਬਿਨਾਂ ਕੋਈ ਚੇਤਾਵਨੀ ਦਿੰਦੇ ਹੋਏ ਇਕੱਠੀ ਹੋਈ ਭੀੜ ਦੇ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰੀ ਅੰਦਾਜੇ ਮੁਤਾਬਿਕ ਇਸ ਕਤਲੇਆਮ ਵਿੱਚ ਤਕਰੀਬਨ 379 ਲੋਕ ਮਾਰੇ ਗਏ ਪਰ ਗੈਰ ਸਰਕਾਰੀ ਅੰਦਾਜਿਆਂ ਮੁਤਾਬਿਕ ਇਹ ਗਿਣਤੀ ਕਿਤੇ ਵਧ ਸੀ। ਆਪਣੀ ਅਜ਼ਾਦੀ ਮੰਗਣ ਆਏ ਇਹਨਾਂ ਬੇਕਸੂਰ ਕਿਰਤੀ ਲੋਕਾਂ ਪ੍ਰਤੀ ਬਰਤਾਨਵੀ ਹਕੂਮਤ ਦਾ ਵਹਿਸ਼ੀ ਜ਼ਬਰ ਹੰਟਰ ਕਮਿਸ਼ਨ ਅੱਗੇ ਦਿੱਤੇ ਗਏ ਜਰਨਲ ਡਾਇਰ ਦੇ ਇਸ ਬਿਆਨ ਤੋਂ ਲੱਗਦਾ ਹੈ ਜਿਸ ਵਿੱਚ ਉਹ ਕਹਿੰਦਾ ਹੈ ਕਿ ਮੈਨੂੰ ਸਿਰਫ਼ ਇਸ ਗੱਲ ਦਾ ਅਫ਼ਸੋਸ ਹੈ ਕਿ ਸਾਡਾ ਗੋਲ਼ੀ-ਬਰੂਦ ਖਤਮ ਹੋ ਗਿਆ ਅਤੇ ਕਿ ਛੋਟੀਆਂ ਗਲੀਆਂ ਹੋਣ ਕਰਕੇ ਬਖ਼ਤਰਬੰਦ ਗੱਡੀਆਂ ਬਾਗ ਵਿੱਚ ਨਹੀਂ ਲੈਜਾਈਆਂ ਜਾ ਸਕਦੀਆਂ ਸਨ ਕਿਉਂਕਿ ਭੀੜ ਨੂੰ ਸਿਰਫ਼ ਖਿੰਡਾਉਣਾ ਹੀ ਨਹੀਂ ਸਗੋਂ ਨੈਤਿਕ ਪ੍ਰਭਾਵ ਵੀ ਪੈਦਾ ਕਰਨਾ ਜ਼ਰੂਰੀ ਸੀ ਤਾਂ ਜੋ ਉਹ ਮੁੜ ਇਹ ਕੋਸ਼ਿਸ਼ ਨਾ ਕਰਨ।

**ਸ਼ਹੀਦ ਊਧਮ ਸਿੰਘ-ਇੱਕ ਇਨਕਲਾਬੀ ਜੀਵਨ** : ਉੱਪਰ ਅਸੀਂ ਵੇਖਿਆ ਹੈ ਕਿ ਕਿਵੇਂ ਜ਼ਲ੍ਹਿਆਂਵਾਲ਼ਾ ਬਾਗ ਦਾ ਸਾਕਾ ਤੇ ਸਾਲ 1919 ਦੀਆਂ ਘਟਨਾਵਾਂ ਅਜ਼ਾਦੀ ਦੀ ਲਹਿਰ ਦੇ ਇਤਿਹਾਸ ਵਿੱਚ ਇੱਕ ਅਹਿਮ ਮੋੜ ਸਨ। ਸਾਲ 1857 ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਭਾਰਤੀ ਲੋਕਾਂ ਨੇ ਭਾਰਤ ਵਿੱਚ ਅੰਗਰੇਜ਼ੀ ਰਾਜ ਦੇ ਖਿਲਾਫ਼ ਐਡੀ ਵੱਡੀ ਪੱਧਰ 'ਤੇ ਵਿਰੋਧਤਾ ਕੀਤੀ। ਬਰਤਾਨਵੀ ਹਕੂਮਤ ਵੱਲੋਂ ਕੀਤੇ ਗਏ ਇਸ ਜ਼ਬਰ ਨੇ ਭਗਤ ਸਿੰਘ ਦੇ ਨਾਲ਼-ਨਾਲ਼ ਹਜ਼ਾਰਾਂ ਹੀ ਇਨਕਲਾਬੀ ਨੌਜਵਾਨਾਂ ਦੇ ਮਨਾਂ ਵਿੱਚ ਆਪਣੇ ਲੋਕਾਂ ਲਈ ਅਜ਼ਾਦੀ ਦੀ ਚਾਹਤ ਨੂੰ ਉਹਨਾਂ ਦੀ ਜ਼ਿੰਦਗੀ ਦਾ ਇੱਕੋ-ਇੱਕ ਮਕਸਦ ਬਣ ਦਿੱਤਾ ਜਿਹਨਾਂ ਵਿੱਚੋਂ ਕਿ ਸ਼ਹੀਦ ਊਧਮ ਸਿੰਘ ਵੀ ਸਨ। ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਹੋਇਆ ਸੀ ਜੋ ਕਿ ਹੁਣ ਸੰਗਰੂਰ ਜ਼ਿਲ੍ਹੇ ਵਿੱਚ ਪੈਂਦਾ ਹੈ। ਊਧਮ ਸਿੰਘ ਦਾ ਪਰਿਵਾਰ ਬੇਹੱਦ ਗਰੀਬ ਸੀ ਅਤੇ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਉਹਨਾਂ ਆਪਣੇ ਦੋਵੇਂ ਬੱਚਿਆਂ ਨੂੰ ਅੰਮ੍ਰਿਤਸਰ ਵਿਖੇ ਯਤੀਮਖਾਨੇ ਵਿੱਚ ਭਰਤੀ ਕਰਾ ਦਿੱਤਾ। ਜਿੱਥੇ ਊਧਮ ਸਿੰਘ ਨੇ ਪੜ੍ਹਾਈ ਦੇ ਨਾਲ਼-ਨਾਲ਼ ਕਧਪੜੇ ਸਿਆਉਣਾ, ਕੁਰਸੀਆਂ ਬੁਣਨ ਤੇ ਰੰਗ ਕਰਨ ਜਿਹੇ ਕੰਮ ਵੀ ਸਿੱਖੇ। ਪਹਿਲਾਂ ਘਰ ਦੀ ਮਾੜੀ ਹਾਲਤ ਅਤੇ ਫਿਰ ਯਤੀਮਖਾਨੇ ਦੀ ਜ਼ਿੰਦਗੀ ਨੇ ਊਧਮ ਸਿੰਘ ਦੇ ਮਨ ਵਿੱਚ ਅਨਿਆਂ ਅਤੇ ਜ਼ੁਲਮ ਪ੍ਰਤੀ ਰੋਸ ਭਰ ਦਿੱਤਾ ਜਿਹਨੂੰ ਕਿ 1919 ਵਿੱਚ ਹੋਏ ਜ਼ੱਲ੍ਹਿਆਂਵਾਲਾ ਬਾਗ ਦੇ ਕਾਂਡ ਨੇ ਇੱਕ ਅਜਿਹੀ ਲਾਟ ਬਣਾ ਦਿੱਤਾ ਜੋ ਕਿ ਉਹਦੀ ਸ਼ਹੀਦੀ ਦੇ ਨਾਲ਼ ਹੀ ਬੁਝੀ। ਸ਼ਹੀਦ ਭਗਤ ਸਿੰਘ ਵਾਂਗ ਊਧਮ ਸਿੰਘ ਨੇ ਜਲਦ ਹੀ ਮਹਾਤਮਾ ਗਾਂਧੀ ਨਾਲ਼ੋਂ ਆਪਣਾ ਰਸਤਾ ਵੱਖ ਕਰ ਲਿਆ ਜੋ ਕਿ ਭਾਰਤ ਵਿੱਚ ਇਨਕਲਾਬ ਦਾ ਵਿਰੋਧੀ ਸੀ ਅਤੇ ਸ਼ਾਂਤਮਈ ਢੰਗ ਨਾਲ਼ ਸਮਝੌਤਿਆਂ ਰਾਹੀਂ ਜ਼ਾਬਰ ਬਰਤਾਨਵੀ ਹੁਕਮਰਾਨਾਂ ਦਾ ਦਿਲ ਜਿੱਤ ਕੇ ਭਾਰਤ ਵਿੱਚ ਅਜ਼ਾਦੀ ਚਾਹੁੰਦਾ ਸੀ। ਇਸ ਤਰ੍ਹਾਂ ਊਧਮ ਸਿੰਘ ਆਪਣੀ ਜਵਾਨੀ ਵਿੱਚ ਹੀ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆ ਗਿਆ। ਗ਼ਦਰ ਪਾਰਟੀ ਇਨਕਲਾਬੀ ਲਹਿਰ ਦੇ ਪਹਿਲੇ ਦੌਰ ਵਿੱਚ ਦੇਸ਼ ਛੱਡ ਕੇ ਯੂਰਪ ਅਤੇ ਅਮਰੀਕਾ ਜਾਣ ਵਾਲ਼ੇ ਇਨਕਲਾਬੀਆਂ ਵੱਲੋਂ ਬਣਾਈ ਗਈ ਇੱਕ ਜਥੇਬੰਦੀ ਸੀ ਜੋ ਕਿ ਭਾਰਤ ਵਿੱਚ ਬਰਤਾਨਵੀ ਹਕੂਮਤ ਦਾ ਵਿਰੋਧ ਕਰਦੀ ਸੀ ਅਤੇ ਹਥਿਆਰਬੰਦ ਘੋਲ਼ ਜ਼ਰੀਏ ਭਾਰਤ ਨੂੰ ਬਰਤਾਨਵੀ ਰਾਜ ਤੋਂ ਅਜ਼ਾਦ ਕਰਾਉਣਾ ਚਾਹੁੰਦੀ ਸੀ। ਗ਼ਦਰ ਪਾਰਟੀ ਮੁੱਖ ਤੌਰ 'ਤੇ ਮਜ਼ਦੂਰਾਂ ਅਤੇ ਕਿਸਾਨਾਂ ਵਿੱਚੋਂ ਆਏ ਨੌਜਵਾਨਾਂ ਵੱਲੋਂ ਬਣਾਈ ਗਈ ਸੀ। ਭਾਰਤ ਦੀ ਇਨਕਲਾਬੀ ਲਹਿਰ ਦੇ ਇਤਿਹਾਸ ਵਿੱਚ ਗ਼ਦਰੀ ਲਹਿਰ ਦੀਆਂ ਦੋ ਮੁੱਖ ਪ੍ਰਾਪਤੀਆਂ ਧਰਮ-ਨਿਰਪੱਖਤਾ ਅਤੇ ਕੌਮਾਂਤਰੀ ਨਜ਼ਰੀਆ ਸੀ। ਗ਼ਦਰੀਆਂ ਨੇ ਉਸ ਵੇਲ਼ੇ ਬਰਤਾਨਵੀ ਹੁਕਮਰਾਨਾਂ ਵੱਲੋਂ ਪਾਈਆਂ ਜਾ ਰਹੀਆਂ ਫਿਰਕੂ ਵੰਡੀਆਂ ਦਾ ਵਿਰੋਧ ਕਰਦੇ ਹੋਏ ਹਿੰਦੂ-ਮੁਸਲਿਮ ਏਕਤਾ ਦੀ ਗੱਲ ਕੀਤੀ , ਉਹਨਾਂ ਨੇ ਛੂਤ-ਅਛੂਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਗ਼ਦਰੀ ਮੰਨਦੇ ਸਨ ਕਿ ਧਰਮ-ਜਾਤ ਦੇ ਭੇਦਭਾਵ ਭਾਰਤ ਦੀ ਅਜ਼ਾਦੀ ਵਿੱਚ ਇੱਕ ਬਹੁਤ ਵੱਡੀ ਰੁਕਾਵਟ ਹਨ ਅਤੇ ਉਹਨਾਂ ਨੇ ਧਰਮ ਨੂੰ ਇੱਕ ਮਾਰੂ ਹਥਿਆਰ ਵਜੋਂ ਸਿਆਸਤ ਤੋਂ ਵੱਖ ਕਰਕੇ ਇੱਕ ਨਿੱਜੀ ਮਸਲਾ ਐਲਾਨ ਦਿੱਤਾ।

ਇਸ ਤੋਂ ਇਲਾਵਾ ਗ਼ਦਰੀਆਂ ਦਾ ਦੂਜਾ ਮੁੱਖ ਕੰਮ ਸੰਸਾਰ ਦੀਆਂ ਮਜ਼ਦੂਰ ਜਥੇਬੰਦੀਆਂ ਦੇ ਨਾਂ ਅਪੀਲ ਜਾਰੀ ਕਰਨਾ ਸੀ। ਉਹਨਾਂ ਪੂਰੇ ਸੰਸਾਰ ਦੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਮਰਾਜੀ ਹਕੂਮਤ ਨੂੰ ਉਖਾੜ ਸੁੱਟਣ ਵਾਸਤੇ ਇੱਕਜੁਟ ਹੋ ਜਾਣ। ਉਹ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਹਰ ਉਸ ਮੁਲ਼ਕ ਵਿੱਚ ਇਨਕਲਾਬ ਚਾਹੁੰਦੇ ਸਨ ਜਿੱਥੇ ਗੁਲਾਮੀ ਅਤੇ ਲੁੱਟ ਮੌਜੂਦ ਹਨ। ਸ਼ਹੀਦ ਊਧਮ ਸਿੰਘ ਵੀ ਇਹੋ ਜਿਹੇ ਖਿਆਲਾਂ ਦਾ ਮਾਲ਼ਕ ਸੀ ਜੋ ਕਿ ਉਹਦੇ ਅਖੀਰੀ ਸਮੇਂ ਵਿੱਚ ਰੱਖੇ ਨਾਂ ਵਿੱਚ ਸਪੱਸ਼ਟ ਤੌਰ 'ਤੇ ਜ਼ਾਹਿਰ ਹੁੰਦੇ ਹਨ 'ਮੁੰਹਮਦ ਸਿੰਘ ਅਜ਼ਾਦ' ਜਿਸ ਵਿੱਚ ਉਹਨੇ ਮੁਸਲਿਮ-ਸਿੱਖ-ਹਿੰਦੂਆਂ ਦੀ ਏਕਤਾ 'ਤੇ ਜ਼ੋਰ ਦਿੱਤਾ।

ਊਧਮ ਸਿੰਘ ਸਾਰੀ ਉਮਰ ਇਹਨਾਂ ਹੀ ਆਦਰਸ਼ਾਂ ਉੱਤੇ ਚੱਲਦੇ ਰਹੇ। ਗ਼ਦਰੀ ਲਹਿਰ ਦੇ ਨਾਲ਼-ਨਾਲ਼ ਉਹ ਸਮਾਜਵਾਦੀ ਵਿਚਾਰਧਾਰਾ ਵਾਲ਼ੀ ਹਿੰਦੁਸਤਾਨ ਸੋਸ਼ਲਿਸਟ ਐਸੋਸੀਏਸ਼ਨ ਦੇ ਸੰਪਰਕ ਵਿੱਚ ਵੀ ਆਏ ਅਤੇ ਸਮਾਜਵਾਦ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ ਜੋ ਕਿ ਉਹਨਾਂ ਦੇ ਮਾਈਕਲ ਓਡਵਾਈਰ ਨੂੰ ਗੋਲ਼ੀ ਮਾਰੇ ਜਾਣ ਪਿੱਛੋਂ 5 ਜੂਨ 1940 ਨੂੰ ਅਦਾਲਤ ਨੂੰ ਦਿੱਤੇ ਗਏ ਬਿਆਨਾਂ ਵਿੱਚ ਸਾਫ਼ ਝਲਕਦੇ ਹਨ-

ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਅਤੇ ਇੱਕ ਆਪਣੇ ਪਿੰਡ ਦੇ ਜ਼ਮੀਨ ਵਾਹਕ ਦੇ ਤੌਰ 'ਤੇ ਬਰਤਾਨਵੀ ਰਾਜ ਨੂੰ ਇਉਂ ਵੇਖਦਾ ਹਾਂ ਜਿਹੜਾ ਜਾਲਮਾਨਾ ਹੈ ਅਤੇ ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜ਼ਿਮੀਂਦਾਰ ਅਤੇ ਭਾਰਤ ਦੇ ਮਾਲ਼ਕ ਅਸਲ ਵਿੱਚ ਜਿਹੜੇ ਮੇਰੇ ਦੇਸ਼ ਦੀਆਂ ਜ਼ਰੂਰੀ ਸੱਨਅਤਾਂ ਦੇ ਮਾਲ਼ਕ ਹਨ ਅਤੇ ਉਹਨਾਂ ਦਾ ਸੱਨਅਤ ਦੇ ਕਬਜ਼ਾ ਹੈ। ਇਹ ਆਪਣੀ ਲਾਲਸਾ ਅਤੇ ਲਾਲਚ ਲਈ ਮੇਰੇ ਦੇਸ਼ ਦੀ ਉਪਜ ਲੈ ਜਾਂਦੇ ਹਨ ਅਤੇ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਾ ਕਰ ਦਿੰਦੇ ਹਨ ਅਤੇ ਉਹਨਾਂ ਦੀ ਜ਼ਮੀਨੀ ਜਾਇਦਾਦ ਦਾ ਆਨੰਦ ਮਾਣਦੇ ਹਨ। ਇਹ ਮੇਰੇ ਤੇ ਮੇਰੇ ਦੇਸ਼ ਵਾਸੀਆਂ ਲਈ ਨਫ਼ਰਤ ਯੋਗ ਹੈ।

ਇਹੀ ਭਾਰਤੀ ਹਾਕਮ ਭਾਰਤੀ ਲੋਕਾਂ ਦੀ ਮਿਹਨਤ ਦੀ ਲੁੱਟ-ਖਸੁੱਟ ਦੇ ਨਤੀਜੇ ਵਜੋਂ ਆਪਾਸ਼ਾਹੀ-ਠਾਠ ਦੀ ਜ਼ਿੰਦਗੀ ਜਿਊਂਦੇ ਹਨ। ਮੁਲ਼ਕ ਦੀ ਕਿਸੇ ਵੀ ਤਰੀਕੇ ਨਾਲ਼ ਸਹਾਇਤਾ ਨਹੀਂ ਕਰਦੇ। ਉਦਾਹਰਣ ਵਜੋਂ ਸਕੂਲ ਬਣਾਉਣ ਜਾਂ ਮੇਰੇ ਲੋਕਾਂ ਵਿੱਚ ਵਿੱਦਿਆ ਦਾ ਪ੍ਰਸਾਰ ਕਰਨ ਵਿੱਚ।ਇਸੇ ਹੀ ਅਦਾਲਤ ਵਿੱਚ ਮਾਈਕਲ ਓਡਵਾਈਰ ਨੂੰ ਗੋਲ਼ੀ ਮਾਰਨ ਪਿੱਛੇ ਆਪਣੇ ਮਕਸਦ ਨੂੰ ਸਪੱਸ਼ਟ ਕਰਦੇ ਹੋਏ ਉਹ ਕਹਿੰਦਾ ਹੈ-

ਮੈਂ ਅੰਗਰੇਜ਼ ਲੋਕਾਂ ਦੇ ਵਿਰੁੱਧ ਬਿਲਕੁਲ ਨਹੀਂ ਹਾਂ। ਮੇਰੇ ਭਾਰਤੀ ਮਿੱਤਰਾਂ ਤੋਂ ਵੀ ਵੱਧ ਇੰਗਲੈਂਡ ਵਿੱਚ ਅੰਗਰੇਜ਼ ਦੋਸਤ ਹਨ। ਮੈਨੂੰ ਇੰਗਲੈਂਡ ਦੇ ਕਾਮਿਆਂ ਨਾਲ਼ ਪੂਰੀ ਹਮਦਰਦੀ ਹੈ। ਮੈਂ ਤਾਂ ਸਿਰਫ਼ ਅੰਗਰੇਜ਼ੀ ਸਾਮਰਾਜੀ ਸਰਕਾਰ ਦੇ ਖਿਲਾਫ਼ ਹਾਂ।ਊਧਮ ਸਿੰਘ ਫਿਰ ਗੋਰੇ ਮਜ਼ਦੂਰਾਂ ਨੂੰ ਸੰਬੋਧਨ ਹੋ ਕੇ ਬੋਲ਼ਦਾ ਹੈ-


ਤੁਸੀਂ ਵੀ ਇਹਨਾਂ ਸਾਮਰਾਜੀ ਕੁੱਤਿਆਂ ਅਤੇ ਵਹਿਸ਼ੀ ਜਾਨਵਰਾਂ ਦੇ ਕਾਰਨ ਦੁੱਖ ਝੱਲ ਰਹੇ ਹੋ। ਭਾਰਤ ਵਿੱਚ ਸਿਰਫ਼ ਗੁਲਾਮੀ, ਮਾਰਕੁੱਟ ਅਤੇ ਤਬਾਹੀ ਹੈ। ਅੰਗ ਨਕਾਰਾ ਕਰ ਦਿੱਤੇ ਜਾਂਦੇ ਹਨ। ਇੰਗਲੈਂਡ ਵਿੱਚ ਲੋਕ ਇਸ ਬਾਰੇ ਅਖ਼ਬਾਰਾਂ ਵਿੱਚ ਨਹੀਂ ਪੜ੍ਹਦੇ ਪਰ ਇਹ ਸਾਨੂੰ ਹੀ ਪਤਾ ਹੈ ਕਿ ਭਾਰਤ ਵਿੱਚ ਕੀ ਹੋ ਰਿਹਾ ਹੈ।

ਸ਼ਹੀਦ ਊਧਮ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਭਾਰਤੀ ਲੋਕਾਂ ਦੀ ਅਜ਼ਾਦੀ ਦੇ ਲੇਖੇ ਲਾ ਦਿੱਤੀ। ਸ਼ਹੀਦ ਭਗਤ ਸਿੰਘ ਦੇ ਨਾਲ਼-ਨਾਲ਼ ਹਜ਼ਾਰਾਂ ਹੀ ਇਨਕਲਾਬੀਆਂ ਵਾਂਗ ਉਹਨਾਂ ਦੀਆਂ ਅੱਖਾਂ ਵਿੱਚ ਵੀ ਭਾਰਤੀ ਲੋਕਾਂ ਦੇ ਖੁਸ਼ੀਆਂ ਭਰੇ ਬਿਹਤਰ ਭਵਿੱਖ ਦੇ ਸੁਫ਼ਨੇ ਲਿਸ਼ਕਦੇ ਸਨ ਜਿੰਨ੍ਹਾਂ ਦੀ ਸਜ਼ਾ ਬਰਤਾਨਵੀ ਹੁਕਮਰਾਨਾਂ ਨੇ ਉਹਨੂੰ 31 ਜੁਲਾਈ 1940 ਦੇ ਦਿਨ ਦੂਜੇ ਇਨਕਲਾਬੀਆਂ ਵਾਂਗ ਫਾਂਸੀ ਦੇ ਰੂਪ ਵਿੱਚ ਦਿੱਤੀ।

ਮੌਜੂਦਾ ਸਮੇਂ ਵਿੱਚ...

ਜੇਕਰ ਅਸੀਂ ਅੱਜ ਦੇ ਭਾਰਤ ਦੇ ਹਲਾਤ ਵੇਖੀਏ ਤਾਂ ਇਹ ਕੋਈ ਅੰਗਰੇਜ਼ੀ ਰਾਜ਼ ਨਾਲ਼ੋਂ ਵੱਧ ਚੰਗੇ ਨਹੀਂ ਹਨ। ਜਿੱਥੇ ਕਿਰਤੀਆਂ ਦੀ ਵੱਡੀ ਅਬਾਦੀ ਅੱਜ ਵੀ ਗਰੀਬੀ ਵਿੱਚ ਸੜ ਰਹੀ ਹੈ ਅਤੇ ਗੁਜ਼ਾਰੇ ਦਾ ਕੋਈ ਪੱਕਾ ਵਸੀਲਾ ਨਾ ਹੋਣ ਕਾਰਨ ਜਾਨਵਰਾਂ ਵਾਂਗ ਸੜਕਾਂ 'ਤੇ ਜ਼ਿੰਦਗੀ ਬਸਰ ਕਰਨ ਲਈ ਮਜ਼ਬੂਰ ਹੈ, ਜਦੋਂ ਵਿਦਿਆਰਥੀਆਂ-ਨੌਜਵਾਨਾਂ ਵਿੱਚ ਕੋਈ ਸੁਰੱਖਿਅਤ ਭਵਿੱਖ ਨਾ ਹੋਣ ਕਾਰਨ ਨਿਰਾਸ਼ਾ ਦਾ ਮਾਹੌਲ ਹੈ, ਜਦੋਂ ਬਹੁਗਿਣਤੀ ਕਿਰਤੀ ਲੋਕ ਸਿੱਖਿਆ, ਰੁਜ਼ਗਾਰ, ਮਹਿੰਗਾਈ, ਭ੍ਰਿਸ਼ਟ ਅਫ਼ਸਰਸ਼ਾਹੀ, ਬਲਾਤਕਾਰਾਂ, ਫਿਰਕੂ ਝਗੜਿਆਂ ਦੇ ਰੂਪ ਵਿੱਚ ਇਸ ਲੋਟੂ-ਤੰਤਰ ਦਾ ਜ਼ਬਰ ਝੱਲ ਰਹੇ ਹਨ, ਜਦੋਂ ਲੋਕਾਂ ਦੀ ਏਕਤਾ ਨੂੰ ਤੋੜਨ ਲਈ ਅੱਜ ਵੀ ਸਾਡੇ ਹੁਕਮਰਾਨ (ਜਿੰਨਾਂ ਨੂੰ ਭਗਤ ਸਿੰਘ ਨੇ ਕਾਲ਼ੇ ਅੰਗਰੇਜ਼ ਕਿਹਾ ਸੀ) ਫਿਰਕੂ ਨਫ਼ਰਤ ਦਾ ਪ੍ਰਚਾਰ ਕਰਦੇ ਹਨ, ਆਪਣੇ ਸਿਆਸੀ ਹਿੱਤਾਂ ਲਈ ਲੋਕਾਂ ਵਿਚਲੇ ਧਾਰਮਿਕ ਤੇ ਜਾਤੀ-ਪਾਤੀ ਦੇ ਵਖਰੇਵਿਆਂ ਨੂੰ ਅਧਾਰ ਬਣਾਉਂਦੇ ਹਨ ਅਤੇ ਅਫਸਪਾ, ਪਕੋਕਾ ਜਿਹੇ ਕਾਲ਼ੇ ਕਨੂੰਨਾਂ ਨਾਲ਼ ਸਿੱਧਾ ਜ਼ਬਰ ਕਰਦੇ ਹਨ ਤਾਂ ਜ਼ਲ੍ਹਿਆਂਵਾਲ਼ਾ ਬਾਗ ਸਾਕਾ ਅਤੇ ਸ਼ਹੀਦ ਊਧਮ ਸਿੰਘ ਦਾ ਕੁਰਬਾਨੀਆਂ ਭਰਿਆ ਜੀਵਨ ਸਾਡੇ ਇਸ ਲੁੱਟ-ਜ਼ਬਰ ਤੋਂ ਮੁਕਤ ਬਿਖੜੇ ਪੈਂਡੇ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

# ਇਤਿਹਾਸਕ ਵਰ੍ਹੇ ’ਚ ਵੀ ਸ਼ਹੀਦ ਊਧਮ ਸਿੰਘ ਨਾਲ ਨਿਆਂ ਨਹੀਂ ਕਰ ਸਕੀ ਇਨਕਲਾਬੀ ਲਹਿਰ




*ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ ਨੇ ਇਹ ਸਾਬਿਤ ਕੀਤਾ ਕੇ ਊਧਮ ਸਿੰਘ ਨੇ ਜਲਿਆਂਵਾਲਾ ਬਾਗ ਦਾ ਬਦਲਾ ਨਹੀਂ ਲਿਆ, ਨਾ ਹੀ ਉਹ ਗੋਲੀ ਕਾਂਡ ਵਾਲੇ ਦਿਨ ਬਾਗ ਚ ਮੌਜੂਦ ਸੀ ਬਲਕਿ ਉਸ ਸਮੇ ਉਹ ਦੱਖਣੀ ਅਫਰੀਕਾ ਸਨ ਅਤੇ ਨਾ ਹੀ ਮਾਈਕਲ ਉਡਵਾਇਰ ਨੇ ਜਲਿਆਂਵਾਲਾ ਬਾਗ ਚ ਗੋਲੀ ਚਲਾਉਣ ਦਾ ਹੁਕਮ ਦਿੱਤਾ ਅਜਿਹੀਆਂ ਹੋਰ ਕਈ ਪ੍ਰਚਲਿਤ ਗਲਤ ਧਾਰਨਾਵਾ ਨੂੰ ਉਹਨਾਂ ਦੀ ਖੋਜ ਰੱਦ ਕਰਦੀ ਹੈ। ਪਰ ਹੁਣ ਪੰਜਾਬ ’ਚ ਜਲਿਆਂਵਾਲਾ ਬਾਗ ਦੇ ਸਾਕੇ ਦੀ ਸ਼ਤਾਬਦੀ ਮਨਾਈ ਜਾ ਰਹੀ ਤਾਂ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦਾ ਵੱਡਾ ਹਿੱਸਾ ਉਹਨਾਂ ਗਲਤ ਧਾਰਨਾਵਾਂ ਨੂੰ ਹੀ ਪ੍ਰਚਾਰ ਰਿਹਾ। ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਨੂੰ ਰਾਕੇਸ਼ ਕੁਮਾਰ ਹੋਰਾਂ ਦੀ ਸਾਲਾਂਬੱਧੀ ਕੀਤੀ ਘਾਲਣਾ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ ਅਤੇ ਉਹਨਾਂ ਦੀਆਂ ਖੋਜ ਭਰਭੂਰ ਕਿਤਾਬਾਂ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਅਤੇ ਗਲਤ ਇਤਿਹਾਸਿਕ ਧਾਰਨਾਵਾ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ। ਰਾਕੇਸ਼ ਕੁਮਾਰ ਹੋਰਾਂ ਦੀ ਖੋਜ ਸ਼ਹੀਦ ਊਧਮ ਸਿੰਘ ਨੂੰ ਬਦਲੇ ਤੱਕ ਸੀਮਿਤ ਨਾ ਕਰਕੇ ਉਹਨਾਂ ਨੂੰ ਇਨਕਲਾਬੀ ਸਿਆਸੀ ਕਾਰਕੁੰਨ ਦੇ ਤੌਰ ਤੇ ਉਭਾਰਦੀ ਹੈ। ਇਸ ਕਿਤਾਬ ਤੋਂ ਪਹਿਲਾਂ ਛਪੀ ਕਿਤਾਬ ਤੇ ਆਧਾਰਿਤ ਇੱਕ ਲੇਖ ਜੋ ਪੰਜਾਬ ਸਟੂਡੈਂਟਸ ਯੂਨੀਅਨ ਦੇ ਬੁਲਾਰੇ ਵਿਦਿਆਰਥੀ ਸੰਘਰਸ਼ ਦੇ ਜਨਵਰੀ ਫਰਵਰੀ ਅੰਕ 2018 ’ਚ ਛਪ ਚੁੱਕਾ। ਤੁਹਾਡੇ ਨਾਲ ਸਾਂਝਾ ਕਰ ਰਿਹਾ।*

**ਸ਼ਹੀਦ ਊਧਮ ਸਿੰਘ ਨੇ ਜ਼ਲਿਆਂਵਾਲੇ ਬਾਗ਼ ਦਾ ਬਦਲਾ ਨਹੀਂ ਲਿਆ...**

ਸ਼ਹੀਦ ਊਧਮ ਸਿੰਘ ਦਾ ਜ਼ਿਕਰ ਛਿੜਦਿਆਂ ਹੀ ਜ਼ਲਿਆਂ ਵਾਲੇ ਬਾਗ਼ ਦੇ ਬਦਲੇ ਦਾ ਖ਼ਿਆਲ ਆਉਂਦਾ ਹੈ। ਪਰ ਜੇਕਰ ਕਿਹਾ ਜਾਵੇ ਕਿ ਊਧਮ ਸਿੰਘ ਨੇ ਜਲਿਆਂ ਵਾਲੇ ਬਾਗ਼ ਦਾ ਬਦਲਾ ਨਹੀਂ ਲਿਆ ਤਾਂ ਊਧਮ ਸਿੰਘ ਦਾ ਵਜੂਦ ਕਿਆਸਿਆ ਨਹੀਂ ਜਾ ਸਕਦਾ। ਕੀ ਇਹ ਮਹਾਨ ਸ਼ਹੀਦ ਨਾਲ ਅਨਿਆਂ ਨਹੀਂ ਹੋਵੇਗਾ? ਨਹੀਂ ਅਨਿਆਂ ਤਾਂ ਇਹ ਹੈ ਕਿ ਊਧਮ ਸਿੰਘ ਨੂੰ ਸਿਰਫ ਬਦਲਾ ਲੈਣ ਤੱਕ ਸੀਮਿਤ ਕੀਤਾ ਹੋਇਆ ਹੈ। ਕਿਉਂਕਿ ਅਸੀਂ ਕਵੀਸ਼ਰਾਂ, ਗਾਇਕਾਂ ਤੋਂ ਇਹੀ ਸੁਣਿਆ ਹੈ ਕਿ ਊਧਮ ਸਿੰਘ ਨੇ ਜਲਿਆਂ ਵਾਲੇ ਬਾਗ਼ ਦਾ ਬਦਲਾ ਲਿਆ ਜਦਕਿ ਇਤਿਹਾਸ ਪ੍ਰਮਾਣਾਂ, ਤੱਥਾਂ ਰਾਹੀਂ ਸਾਬਿਤ ਕੀਤਾ ਜਾਂਦਾ ਹੈ। ਪਰ ਅਸੀਂ ਦਲੇਰੀ, ਬਹਾਦਰੀ ਦੀਆਂ ਘਟਨਾਵਾਂ ਤੋਂ ਬਹੁਤ ਰੋਮਾਂਚਿਤ ਹੁੰਦੇ ਹਾਂ, ਅਧਿਐਨ ਤੋਂ ਨਹੀਂ। ਸ਼ਹੀਦ ਊਧਮ ਸਿੰਘ ਦਾ ਉਦੇਸ਼ ਨਾ ਹੀ ਮਹਿਜ਼ ਜ਼ਲਿਆਂਵਾਲੇ ਬਾਗ਼ ਦਾ ਬਦਲਾ ਲੈਣਾ ਸੀ ਤੇ ਨਾ ਹੀ ਮਾਈਕਲ ਉਡਵਾਇਰ ਜਲਿਆਂ ਵਾਲੇ ਬਾਗ਼ ਲਈ ਜ਼ਿੰਮੇਵਾਰ ਸੀ, ਨਾ ਹੀ ਊਧਮ ਸਿੰਘ ਦਾ ਕੋਈ ਪੋਤਾ ਹੈ ਜੋ ਦਿਹਾੜੀ ਕਰਦਾ ਹੈ ਪਰ ਸੋਸ਼ਲ ਮੀਡੀਏ ’ਤੇ ਅਜਿਹੀਆਂ ਗੱਲਾਂ ਅਕਸਰ ਘੁੰਮਦੀਆਂ ਹਨ ਤੇ ਅਸੀਂ ਯਕੀਨ ਕਰ ਲੈਂਦੇ ਹਾਂ।

ਫਿਰ ਊਧਮ ਸਿੰਘ ਦਾ ਉਦੇਸ਼ ਕੀ ਸੀ? ਉਸਦੀ ਅਸਲੀਅਤ ਕੀ ਹੈ? ਜੇਕਰ ਉਹ ਜਲਿਆਂ ਵਾਲੇ ਬਾਗ਼ ਦਾ ਬਦਲਾ ਨਹੀਂ ਲੈਣਾ ਚਾਹੁੰਦਾ ਸੀ ਤਾਂ ਊਧਮ ਸਿੰਘ ਦਾ ਉਦੇਸ਼ ਉਸਦੇ ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ’ਚ ਕਹੇ ਸ਼ਬਦ ਖ਼ੁਦ ਦੱਸਦੇ ਹਨ, “ਇਨਕਲਾਬ ਦੇ ਅਰਥ ਹਨ ਬਦੇਸ਼ੀ ਖ਼ੂਨੀ ਜਬਾੜਿਆਂ ਤੋਂ ਛੁਟਕਾਰਾ, ਜੋ ਲੋਕਾਂ ਨੂੰ ਕੰਗਾਲੀ ਦੇ ਪੁੜਾਂ ’ਚ ਪੀਸੇ ਜਾਣ ਲਈ ਮਜ਼ਬੂਰ ਕਰਦਾ ਹੈ। ਸਾਮਰਾਜੀ ਨਿਜ਼ਾਮ ਕਾਰਨ ਲਖੂਖਾ ਕਿਰਤੀ, ਕੁੱਲੀ, ਗੁੱਲੀ, ਜੁੱਲੀ ਤੇ ਵਿੱਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਲਈ ਮੁਹਤਾਜ਼ ਹਨ, ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ ਜਿਹੜਾ ਕਿਰਤੀਆਂ, ਕਿਸਾਨਾਂ ਦੀ ਬੇਵਸੀ ’ਤੇ ਲਾਚਾਰੀ ਨੂੰ ਵੇਖ ਕੇ ਖ਼ੂਨ ਉਬਾਲੇ ਨਹੀਂ ਖਾਂਦਾ, ਕਹਿਰ ਹੈ ਯਾਰੋ ਜਿਹੜਾ ਆਪਣੀ ਜ਼ਿੰਦਗੀ ਅਤੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ, ਉਹ ਆਪ ਰਾਤ ਨੂੰ ਢਿੱਡੋਂ ਖਾਲੀ ਤੇ ਆਕਾਸ਼ ਦੀ ਛੱਤ ਥੱਲੇ ਸੌਂਦਾ ਹੈ। ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਰ ਦੇਣਾ ਚਾਹੀਦਾ ਹੈ।... ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਵਿੱਚ ਧੁਖ ਰਹੇ ਹਾਂ, ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸਦਾ ਸਿੱਟਾ ਇਨਕਲਾਬ ਹੋਵੇਗਾ ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜ਼ਾਮਨੀ ਬਣੇਗਾ।”

ਊਧਮ ਸਿੰਘ ਗ਼ਦਰੀ ਸੀ ਤੇ ਗ਼ਦਰ ਲਹਿਰ ’ਚ ਲੰਮਾ ਸਮਾਂ ਸਰਗਰਮੀ ਕੀਤੀ। ਡਾਇਰੈਕਟਰ ਇੰਟੈਲੀਜੈਂਸੀ ਬਿਊਰੋ (ਹੋਮ ਵਿਭਾਗ ਭਾਰਤ ਸਰਕਾਰ) ਵੱਲੋਂ ਸਾਲ 1934 ਵਿੱਚ ਗ਼ਦਰ ਡਾਇਰੈਕਟਰੀ ਜਾਰੀ ਕੀਤੀ ਗਈ। ਜਿਸ ਵਿੱਚ ਉਹਨਾਂ ਦੇ ਨਾਮ ਸ਼ਾਮਲ ਕੀਤੇ ਗਏ ਜਿਹਨਾਂ ਨੇ ਅਮਰੀਕਾ, ਯੂਰਪ, ਅਫਗਾਨਿਸਤਾਨ ਅਤੇ ਭਾਰਤ ਵਿੱਚ ਗ਼ਦਰ ਲਹਿਰ ਵਿੱਚ ਹਿੱਸਾ ਲਿਆ। ਊਧਮ ਸਿੰਘ ਦਾ ਨਾਮ ਇਸ ਡਾਇਰੈਕਟਰੀ ਵਿੱਚ ਨੰਬਰ ਐਸ 44 (ਪੰਨਾ 267) ’ਤੇ ਦਰਜ ਹੈ।

ਉਹ ਰੂਸ ਸਮੇਤ ਕਈ ਯੂਰਪੀਅਨ ਦੇਸ਼ਾਂ ’ਚ ਘੁੰਮਿਆ। ਅਮਰੀਕਾ ਵਿੱਚ ਰਹਿੰਦੇ ਸਮੇਂ ਉਹ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆਇਆ ਅਤੇ ਇਸ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਉਹ ਗ਼ਦਰ ਦੀ ਗੂੰਜ ਅਤੇ ਗ਼ਦਰ ਪਾਰਟੀ ਵੱਲੋਂ ਪ੍ਰਕਾਸ਼ਿਤ ਬਾਗੀ ਸਾਹਿਤ ਪੜ੍ਹਦਾ ਸੀ। ਉਹ ਅਗਸਤ 1927 ’ਚ ਭਾਰਤ ਪਹੁੰਚਿਆ, ਉਸ ਨੂੰ 30 ਅਗਸਤ 1927 ਨੂੰ ਅੰਮ੍ਰਿਤਸਰ ’ਚ ਗ੍ਰਿਫਤਾਰ ਕੀਤਾ ਗਿਆ, ਉਸ ਕੋਲੋਂ ਦੋ ਰਿਵਾਲਵਰ, ਇੱਕ ਪਿਸਤੌਲ ਅਤੇ ਗ਼ਦਰ ਦੀ ਗੂੰਜ ਦੀਆਂ ਕੁੱਝ ਕਾਪੀਆਂ ਮਿਲੀਆਂ। ਉਸ ’ਤੇ ਆਰਮਜ ਐਕਟ ਤਹਿਤ ਪਰਚਾ ਦਰਜ ਹੋਇਆ ਤੇ ਉਸ ਨੂੰ ਪੰਜ ਸਾਲ ਕੈਦ ਦੀ ਸਜ਼ਾ ਹੋਈ।

ਇੰਗਲੈਂਡ ਦੀ ਖ਼ੁਫ਼ੀਆ ਏਜੰਸੀ ਊਧਮ ਸਿੰਘ ’ਤੇ ਲਗਾਤਾਰ ਨਜ਼ਰ ਰੱਖ ਰਹੀ ਸੀ। ਅਕਤੂਬਰ 1934 ਦੀ ਗੁਪਤ ਰਿਪੋਰਟ ਅਨੁਸਾਰ ਊਧਮ ਸਿੰਘ ਦਾ ਅਸਲੀ ਨਾਮ ਉਦੇ ਸਿੰਘ ਹੈ। ਭਾਰਤੀ ਅਧਿਕਾਰੀਆਂ ਨੇ ਇਸਦੇ ਪਾਸਪੋਰਟ ਉੱਪਰ ਉਹਨਾਂ ਮੁਲਕਾਂ ਦੇ ਨਾਮ ਦਰਜ ਕਰਨ ਤੋਂ ਮਨਾਂ ਕਰ ਦਿੱਤਾ ਜਿਹਨਾਂ ਮੁਲਕਾਂ ’ਚ ਇਹ ਗ਼ਦਰ ਪਾਰਟੀ ਦੇ ਬੰਦਿਆਂ ਨਾਲ ਸਬੰਧ ਬਣਾ ਸਕਦਾ ਹੈ। ਇਸਨੇ 1933 ’ਚ ਉਦੇ ਸਿੰਘ ਦੀ ਥਾਂ ਊਧਮ ਸਿੰਘ ਦੇ ਨਾਮ ’ਤੇ ਪਾਸਪੋਰਟ ਜਾਰੀ ਕਰਵਾ ਲਿਆ ਸੀ, ਪੁਲੀਸ ਨੇ ਰਿਪੋਰਟ ਕੀਤਾ ਸੀ ਕਿ ਊਧਮ ਸਿੰਘ ਇੰਗਲੈਂਡ ’ਚ ਇੱਕ ਥਾਂ ’ਤੇ ਲੰਮਾ ਸਮਾਂ ਨਹੀਂ ਰਿਹਾ, ਉਸਨੇ ਆਪਣੇ ਨਾਮ ਕਈ ਵਾਰ ਬਦਲੇ। ਊਧਮ ਸਿੰਘ ਦੇ ਮੁਕੱਦਮੇ ਦੌਰਾਨ ਵੀ ਗ਼ਦਰ ਪਾਰਟੀ ਹਰ ਤਰਾਂ ਦੀ ਸਹਾਇਤਾ ਕਰ ਰਹੀ ਸੀ। ਅਜਮੇਰ ਸਿੰਘ ਸਟਾਕਟਨ ਦੇ ਗੁਰਦੁਆਰੇ ਦਾ ਸਕੱਤਰ ਸੀ ਤੇ ਲਗਾਤਾਰ ਟੈਲੀਗ੍ਰਾਮ ਰਾਹੀਂ ਮੁਕੱਦਮੇ ਦੀ ਜਾਣਕਾਰੀ ਲੈਂਦਾ ਰਿਹਾ ਸੀ। ਇੰਟੈਲੀਜੈਂਸ ਬਿਊਰੋ ਦੀ ਡਾਇਰੈਕਟਰੀ 1934 ਅਨੁਸਾਰ ਅਜਮੇਰ ਸਿੰਘ ਗ਼ਦਰ ਪਾਰਟੀ ਨਾਲ ਜੁੜਿਆ ਸੀ, ਇਸ ਦਾ ਨਾਮ ਗ਼ਦਰ ਡਾਇਰੈਕਟਰੀ ’ਚ ਏ 12 ਪੰਨਾ ’ਤੇ ਦਰਜ ਹੈ।

ਸ਼ਹੀਦ ਊਧਮ ਸਿੰਘ ਬੱਬਰ ਅਕਾਲੀ ਲਹਿਰ ਦੇ ਸੰਪਰਕ ’ਚ ਵੀ ਰਿਹਾ। ਬੱਬਰ ਅਕਾਲੀ ਲਹਿਰ ਇਨਕਲਾਬੀ ਗ਼ਦਰ ਪਾਰਟੀ ਦਾ ਹੀ ਅਗਲਾ ਰੂਪ ਸੀ। ਮਾਸਟਰ ਮੋਤਾ ਸਿੰਘ ਜਿਹੜੇ ਬੱਬਰ ਅਕਾਲੀ ਲਹਿਰ ਦੇ ਸਿਧਾਂਤਕ ਆਗੂ ਸਨ, ਅਫਗਾਨਿਸਤਾਨ ਵਿੱਚ ਗ਼ਦਰੀ ਸੰਗਰਾਮੀਆਂ ਨਾਲ ਸੰਪਰਕ ਕਰਨ ਲਈ ਪਹੁੰਚੇ ਸਨ ਤਾਂ ਲੈਨਿਨ ਦੀ ਅਗਵਾਈ ਵਾਲੀ ਬਾਲਸ਼ਵਿਕ ਪਾਰਟੀ ਜਿਸਨੇ ਕਿਰਤੀਆਂ ਨੂੰ ਜੱਥੇਬੰਦ ਕਰਕੇ ਸਫ਼ਲ ਇਨਕਲਾਬ ਕੀਤਾ ਸੀ, ਕੁੱਝ ਬਾਲਸ਼ਵਿਕ ਰੂਸ ਦੇ ਗੁਆਂਢ ਵਿੱਚ ਪੈਂਦੇ ਅਫਗਾਨਿਸਤਾਨ ’ਚ ਗੁਪਤ ਰੂਪ ’ਚ ਕੰਮ ਕਰ ਰਹੇ ਸਨ।

ਮੋਤਾ ਸਿੰਘ ਤੇ ਉਸਦੇ ਨਾਲ ਊਧਮ ਸਿੰਘ ਨੇ ਵੀ ਬਾਲਸ਼ਵਿਕ ਇਨਕਲਾਬ ਦੀ ਵਿਚਾਰਧਾਰਾ ਤੋਂ ਪ੍ਰੇਰਣਾ ਹਾਸਿਲ ਕੀਤੀ। ਸਾਲ 1923 ਵਿੱਚ ਬੱਬਰ ਅਕਾਲੀ ਲਹਿਰ ਦਾ ਜ਼ੋਰ ਸੀ ਉਸ ਵੇਲੇ ਬੱਬਰਾਂ ਨੇ ਕਈ ਕਾਰਵਾਈਆਂ ਵੀ ਕੀਤੀਆਂ। ਊਧਮ ਸਿੰਘ ਇਸ ਸਮੇਂ ਬੱਬਰ ਅਕਾਲੀ ਲਹਿਰ ’ਚ ਸਰਗਰਮ ਰਿਹਾ। ਊਧਮ ਸਿੰਘ ਬਾਬੂ ਸੰਤਾ ਸਿੰਘ ਦੇ ਜੱਥੇ ਵਿੱਚ ਸੀ, ਜਿਹੜਾ ਮਾਲਵੇ ਇਲਾਕੇ ’ਚ ਕੰਮ ਕਰਦਾ ਰਿਹਾ। ਉਸ ਜੱਥੇ ਨੇ ਅੰਗਰੇਜ਼ ਪੁਲੀਸ ਕਪਤਾਨ ਬੀ.ਟੀ. ਜਿਸ ਨੇ ਗੁਰੂ ਕਾ ਬਾਗ਼ ਮੋਰਚੇ ਵਿੱਚ ਸਿੰਘਾਂ ਨੂੰ ਡਾਂਗਾਂ ਨਾਲ ਕੁੱਟਿਆ ਸੀ, ਨੂੰ ਸੋਧਣ ਦਾ ਫੈਸਲਾ ਕੀਤਾ। ਬੱਬਰ ਅਕਾਲੀ ਲਹਿਰ ਦੇ ਖਤਮ ਹੋਣ ਨਾਲ ਉਸਨੇ ਭਗਤ ਸਿੰਘ ਨਾਲ ਸੰਪਰਕ ਬਣਾ ਕੇ ਨੌਜਵਾਨ ਭਾਰਤ ਸਭਾ ’ਚ ਵੀ ਕੰਮ ਕੀਤਾ। ਊਧਮ ਸਿੰਘ ਅਦਾਲਤ ਵਿੱਚੋਂ ਆਪਣੇ ਹੱਥ ਨਾਲ ਲਿਖ ਕੇ ਲੈ ਕੇ ਗਏ ਕਾਗਜ਼ਾਂ ਵਿੱਚ ਵੀ ਨਨਕਾਣਾ ਸਾਹਿਬ ਦੀ ਘਟਨਾ ਦਾ ਜ਼ਿਕਰ ਹੈ। ਨਨਕਾਣਾ ਸਾਹਿਬ 200 ਆਦਮੀ ਮਾਰ ਦਿੱਤੇ। ਨਨਕਾਣਾ ਸਾਹਿਬ ਦਾ ਸਾਕਾ ਬੱਬਰ ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦਾ ਤਤਕਾਲੀ ਕਾਰਨ ਸੀ।

ਕੈਕਸਟਨ ਹਾਲ ਦਾ ਗੋਲੀ ਕਾਂਡ

ਸ਼ਹੀਦ ਊਧਮ ਸਿੰਘ ਕੈਕਸਟਨ ਹਾਲ ’ਚ ਮਾਈਕਲ ਉਡਵਾਇਰ ਦੇ ਹੀ ਗੋਲੀ ਨਹੀਂ ਮਾਰੀ, ਉਸ ਨੇ 13 ਮਾਰਚ 1940 ਨੂੰ ਕੈਕਸਟਨ ਹਾਲ ’ਚ 4 ਅੰਗਰੇਜ਼ ਅਫ਼ਸਰਾਂ ਦੇ 6 ਗੋਲੀਆਂ ਮਾਰੀਆਂ ਸਨ। ਇਹ ਚਾਰੋਂ ਹੀ ਭਾਰਤ ਵਿੱਚ ਗਵਰਨਰ ਰਹੇ ਸਨ ਅਤੇ ਭਾਰਤ ਦੀ ਆਜ਼ਾਦੀ ਦੇ ਵਿਰੋਧੀ ਅਤੇ ਜ਼ਾਬਰ ਸਨ। ਡੇਲੀ ਮਿਰਰ ਅਖ਼ਬਾਰ ਦੀ 14 ਮਾਰਚ 1940 ਦੀ ਖ਼ਬਰ ਮੁਤਾਬਿਕ ਊਧਮ ਸਿੰਘ ਨੇ ਪਹਿਲੀਆਂ ਦੋ ਗੋਲੀਆਂ ਮਾਰਕੁਅਸ ਆਫ਼ ਜੈਟਲੈਂਡ ਦੇ ਮਾਰੀਆਂ ਤੇ ਬਾਅਦ ਵਿੱਚ ਮਾਈਕਲ ਉਡਵਾਇਰ ਦੇ ਦੋ ਗੋਲੀਆਂ ਮਾਰੀਆਂ, ਲੁਈਸ ਡੇਨ ਦੇ ਇੱਕ ਤੇ ਲਾਰਡ ਲੈਮਿੰਗਟਨ ਦੇ ਇੱਕ ਗੋਲੀ ਮਾਰੀ। ਮਾਈਕਲ ਉਡਵਾਇਰ ਮੌਕੇ ’ਤੇ ਹੀ ਮਰ ਗਿਆ ਤੇ ਬਾਕੀ ਜ਼ਖਮੀ ਹੋ ਗਏ। ਮਾਰਕੁਅਸ ਆਫ ਜੈਟਲੈਂਡ ਭਾਰਤ ਵਿੱਚ ਸੈਕਟਰੀ ਆਫ਼ ਸਟੇਟ ਰਿਹਾ (1935–1940)। ਉਹ ਕੁੱਝ ਸਾਲ ਬੰਬਈ ਦਾ ਗਵਰਨਰ (1917–1927) ਵੀ ਰਿਹਾ ਸੀ। ਲੁਈਸ ਡੇਨ ਭਾਰਤੀ ਸਿਵਿਲ ਸਰਵਿਸ ਵਿੱਚ ਸ਼ਾਮਿਲ ਹੋ ਕੇ ਭਾਰਤ ਵਿੱਚ 40 ਸਾਲ ਰਿਹਾ। ਉਸ ਨੇ ਜਿਆਦਾ ਸਮਾਂ ਉੱਤਰ ਪੱਛਮੀ ਭਾਰਤ ਵਿੱਚ ਬਿਤਾਇਆ। ਉਹ ਅੰਗਰੇਜ਼ੀ ਸਾਮਰਾਜ ਨੂੰ ਪਰਪੱਕ ਰੱਖਣ ਲਈ ਸਹਾਇਤਾ ਕਰਦਾ ਰਿਹਾ, ਉਸਦੀਆਂ ਸੇਵਾਵਾਂ ਕਰਕੇ ਉਸਨੂੰ ਪੰਜਾਬ ਦਾ ਲੈਫਟੀਨੈਂਟ ਗਵਰਨਰ (1908–1912) ਬਣਾਇਆ ਸੀ। ਲਾਰਡ ਲੈਮਿੰਗਟਨ 1903 ਤੋਂ 1907 ਤੱਕ ਬੰਬਈ ਦਾ ਗਵਰਨਰ ਰਿਹਾ ਸੀ ਅਤੇ ਈਸਟ ਇੰਡੀਅਨ ਐਸੋਸੀਏਸ਼ਨ ਦਾ ਪ੍ਰਧਾਨ ਸੀ।

ਮਾਈਕਲ ਉਡਵਾਇਰ ਦਸੰਬਰ 1912 ਤੋਂ 26 ਮਈ 1919 ਤੱਕ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਿਹਾ। ਉਸਨੇ 1919 ਤੱਕ ਗਵਰਨਰੀ ਵੇਲੇ ਵਿਸ਼ੇਸ਼ ਅਦਾਲਤਾਂ ਰਾਹੀਂ ਗ਼ਦਰ ਲਹਿਰ ਦੇ ਮਹਾਨ ਸੂਰਬੀਰਾਂ ਨੂੰ ਫਾਂਸੀਆਂ ਦਿੱਤੀਆਂ, ਕਾਲੇਪਾਣੀਆਂ ਦੀਆਂ ਸਜ਼ਾਵਾਂ ਤੇ ਜਾਇਦਾਦਾਂ ਜਬਤ ਕਰਵਾਈਆਂ। ਸੈਂਕੜੇ ਲੋਕਾਂ ਨੂੰ ਸੁਧਾਰਨ ਜਾਂ ਬਿਨਾਂ ਕਿਸੇ ਕਾਰਨ ਦੇ ਤਸੀਹੇ ਦਿੱਤੇ ਜਾਂਦੇ, ਬੈਂਤਾਂ ਨਾਲ ਕੁੱਟਿਆ ਜਾਂਦਾ, ਉਹਨਾਂ ਦੀਆਂ ਦਾੜ੍ਹੀਆਂ ਖਿੱਚੀਆਂ ਜਾਂਦੀਆਂ, ਮੁਰਦਿਆਂ ਦੇ ਸਸਕਾਰ ਵੇਲੇ 4 ਤੋਂ ਵੱਧ ਬੰਦਿਆਂ ਨੂੰ ਇਜਾਜਤ ਨਾ ਦਿੱਤੀ ਜਾਂਦੀ। ਲੋਕਾਂ ਨੂੰ ਢਿੱਡ ਭਾਰ ਰੀਂਗਣ ਲਈ ਆਖਿਆ ਜਾਂਦਾ। ਔਰਤਾਂ ਦੇ ਮੂੰਹਾਂ ’ਤੇ ਥੁੱਕਿਆ ਜਾਂਦਾ। ਉਡਵਾਇਰ ਨੇ ਅਕਤੂਬਰ 1914 ਤੋਂ ਨਵੰਬਰ 1917 ਤੱਕ 400 ਗ਼ਦਰੀਆਂ ਨੂੰ ਜੇਲ ਭੇਜਿਆ। 2575 ਦੀ ਜੂਹਬੰਦੀ ਕੀਤੀ ਜੋ ਘੱਟ ਤੋਂ ਘੱਟ 5 ਸਾਲ ਰਹੀ। ਉਡਵਾਇਰ ਨੇ ਪਰਵਾਸੀਆਂ ਨਾਲ ਨਿਪਟਣ ਲਈ ਸਥਾਨਕ ਅਫ਼ਸਰਾਂ ਦੀ ਮੱਦਦ ਨਾਲ ਵਿਸ਼ੇਸ਼ਕਰ ਉਨਾਂ ਦੀਆਂ ਨਜ਼ਰਬੰਦੀਆਂ ਸਬੰਧੀ ਸਲਾਹ ਦੇਣ ਲਈ ਸਿੱਖਾਂ ਦੀ ਇੱਕ ਸਥਾਈ ਕਮੇਟੀ ਨਿਯੁਕਤ ਕੀਤੀ। ਅਰੂੜ ਸਿੰਘ ਤੇ ਗੱਜਣ ਸਿੰਘ ਲੁਧਿਆਣਾ ਆਦਿ ਸਰਕਾਰਪ੍ਰਸਤ ਸਿੱਖਾਂ ਦੇ ਕਰਤਾ-ਧਰਤਾ ਸਨ। ਉਹਨਾਂ ਗ਼ਦਰੀਆਂ ਖ਼ਿਲਾਫ਼ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕਰਵਾਇਆ ਕਿ ਇਹ ਸਿੰਘ ਨਹੀਂ ਹਨ, ਇਹਨਾਂ ਨੂੰ ਕੋਈ ਮੂੰਹ ਨਾ ਲਾਵੇ। ਕਈ ਮਸ਼ਹੂਰ ਗੁਰਦੁਆਰਿਆਂ ਦੇ ਮਹੰਤਾਂ ਨੇ ਗ਼ਦਰੀਆਂ ਨੂੰ ਖ਼ੂਨੀ ਗੱਦਾਰ ਆਖ ਕੇ ਭੰਡਿਆ।

ਉਡਵਾਇਰ ਨੇ ਜ਼ੋਰ ਪਾ ਕੇ ਸਾਮਰਾਜੀ ਕਾਨੂੰਨ ਜੋ ਦੋਸ਼ੀਆਂ (ਨਾਮਜ਼ਦ ਮੁਲਜ਼ਮਾਂ) ਦੇ ਹਿੱਤਾਂ ਦੀ ਰਾਖੀ ਕਰਦਾ ਸੀ, ਉਸਨੂੰ ਬਦਲਵਾਇਆ, ਉਸਨੇ ਕਿਹਾ ਕਿ ਅਪੀਲ ਕਰਨ ਦੀ ਰਵਾਇਤ ਖਤਮ ਕੀਤੀ ਜਾਵੇ, ਇੱਕੋ ਹੀ ਅਦਾਲਤ ਮਿੱਥ ਕੇ ਇੱਕੋ ਵਾਰੀ ਹੀ ਮੁਕੱਦਮਾ ਕੀਤਾ ਜਾਵੇ ਅਤੇ ਉਸਦਾ ਫੈਸਲਾ ਆਖਰੀ ਹੋਵੇ।

ਗ਼ਦਰੀਆਂ ਦੇ ਮੁਕੱਦਮਿਆਂ ਵਾਸਤੇ ਅਦਾਲਤਾਂ (ਟ੍ਰਿਬਿਊਨਲ) ਸਥਾਪਿਤ ਕੀਤੀਆਂ ਗਈਆਂ ਜੋ ਮੌਤ ਦੀ ਸਜ਼ਾ ਤੱਕ ਦੇ ਸਕਦੀਆਂ ਸਨ। ਉਡਵਾਇਰ ਨੂੰ ਗ਼ਦਰੀਆਂ ਦੇ ਖ਼ੂਨ ਨਾਲ ਨਹਾਉਣ ਦੇ ਉਹ ਸਾਰੇ ਅਖਤਿਆਰ ਦੇ ਦਿੱਤੇ ਜਿਹਨਾਂ ਲਈ ਉਹ ਤਰਲੋਮੱਛੀ ਹੋ ਰਿਹਾ ਸੀ।

ਸਰਕਾਰ ਵੱਲੋਂ ਗ਼ਦਰ ਪਾਰਟੀ ਵੱਲੋਂ ਭੇਜੇ ਜਾਂਦੇ ਅਖ਼ਬਾਰ, ਇਸਦੀਆਂ ਕਟਿੰਗਾਂ, ਇਸਦੇ ਲੇਖ ਅਧਾਰਿਤ ਖ਼ਤਾਂ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਲਈ ਬਾਹਰੋਂ ਆਉਂਦੀ ਡਾਕ ਨੂੰ ਸੈਂਸਰ ਕਰ ਦਿੱਤਾ ਜਾਂਦਾ। ਉਡਵਾਇਰ ਨੇ ਪੰਜਾਬ ਵਿੱਚ ਪੱਤਰਕਾਰਿਤਾ ਦਾ ਗਲਾ ਘੁੱਟ ਦਿੱਤਾ। ਕਈ ਅਖ਼ਬਾਰ ਜਬਤ ਕੀਤੇ, ‘ਸਦਾਕਤ’, ‘ਜਮਹੂਰ’, ‘ਨਕਾਸ’, ‘ਨਿਊ ਇੰਡੀਆ’ ਦੇ ਪੰਜਾਬ ਵਿੱਚ ਦਾਖ਼ਲੇ ਬੰਦ ਕਰ ਦਿੱਤੇ।

ਅੰਗਰੇਜ਼ੀ ਸਰਕਾਰ ਦੇ ਨਿਯੁਕਤ ਕੀਤੇ ਗਏ ਵਿਸ਼ੇਸ਼ ਟ੍ਰਿਬਿਊਨਲ ਨੇ ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਦੇ ਨੌਂ ਜੱਥਿਆਂ ’ਤੇ ਵੱਖ-ਵੱਖ ਸਮੇਂ ’ਤੇ ਮੁਕੱਦਮੇ ਚਲਾਏ। 291 ਨੂੰ ਫਾਂਸੀ, 114 ਨੂੰ ਦੇਸ਼ ਨਿਕਾਲਾ, 93 ਨੂੰ ਵੱਖ-ਵੱਖ ਮਿਆਦ ਦੀਆਂ ਸਜ਼ਾਵਾਂ ਅਤੇ 42 ਨੂੰ ਛੱਡ ਦਿੱਤਾ।

ਮਾਈਕਲ ਉਡਵਾਇਰ ਕਹਿੰਦਾ ਸੀ ਕਿ ਮੈਂ ਗ਼ਦਰ ਦਾ ਝੰਡਾ ਵਾਰ ਟਰਾਫੀ ਵਜੋਂ ਸੇਵਾਮੁਕਤੀ ਪਿੱਛੋਂ ਇੰਗਲੈਂਡ ਲੈ ਲਿਆ।

ਬੰਬਈ ਕਰੋਨੀਕਲ 10 ਅਪ੍ਰੈਲ ਅਤੇ ਟ੍ਰਿਬਿਊਨਲ ਉਡਵਾਇਰ ਨੂੰ ਦੂਜਾ ਨਾਦਰਸ਼ਾਹ ਗਰਦਾਨਿਆ ਅਤੇ ਉਸ ’ਤੇ ਦੋਸ਼ ਲਾਇਆ ਕਿ ਉਹ ਪੰਜਾਬ ਨੂੰ ਅੱਗ ਦੀਆਂ ਲਾਟਾਂ ਦੇ ਹਵਾਲੇ ਕਰ ਦੇਣਾ ਚਾਹੁੰਦਾ ਹੈ।

ਜਲਿਆਂਵਾਲਾ ਬਾਗ਼, ਊਧਮ ਸਿੰਘ ਤੇ ਉਡਵਾਇਰ

ਜਲਿਆਂਵਾਲਾ ਬਾਗ਼ ’ਚ ਗੋਲੀ ਕਾਂਡ ਲਈ ਉਡਵਾਇਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਜਦਕਿ ਤੱਥ ਇਹ ਹੈ ਕਿ ਗੋਲੀ ਕਾਂਡ 13 ਅਪ੍ਰੈਲ 1919 ਨੂੰ ਹੋਇਆ ਅਤੇ ਅੰਮ੍ਰਿਤਸਰ ਨੂੰ 11 ਅਪ੍ਰੈਲ 1919 ਨੂੰ ਹੀ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਸੀ।

12 ਅਪ੍ਰੈਲ 1919 ਨੂੰ ਸਵੇਰੇ ਜਨਰਲ ਡਾਇਰ ਨੇ ਆਪਣਾ ਮੁੱਖ ਦਫ਼ਤਰ ਰੇਲਵੇ ਸਟੇਸ਼ਨ ਤੋਂ ਰਾਮ ਬਾਗ਼ ਤਬਦੀਲ ਕਰ ਲਿਆ। (ਮਾਈਕਲ ਓਡਵਾਇਰ ਤੇ ਜਨਰਲ ਡਾਇਰ ਅਲੱਗ-ਅਲੱਗ ਵਿਅਕਤੀ ਸਨ, ਬਹੁਤ ਸਾਰੇ ਆਮ ਲੋਕ ਡਾਇਰ ਤੇ ਉਡਵਾਇਰ ਨੂੰ ਇੱਕ ਸਮਝ ਲੈਂਦੇ ਹਨ) ਫਿਰ ਉਸ ਨੇ ਇੱਕ ਹਵਾਈ ਸਰਵੇਖਣ ਕਰਵਾਇਆ ਅਤੇ ਬ੍ਰਿਟਿਸ਼ ਅਤੇ ਭਾਰਤੀ ਸੈਨਿਕਾਂ ਦੀ ਟੁਕੜੀ ਨਾਲ ਸ਼ਹਿਰ ’ਚ ਮਾਰਚ ਕੀਤਾ। 13 ਅਪ੍ਰੈਲ ਨੂੰ ਸਵੇਰੇ ਜਨਰਲ ਡਾਇਰ ਨੇ ਸ਼ਹਿਰ ’ਚ ਮੁਨਾਦੀ ਕਰਵਾਈ ਕਿ ਜਲੂਸ ਕੱਢਣ ’ਤੇ ਪਾਬੰਦੀ, ਚਾਰ ਤੋਂ ਵੱਧ ਬੰਦੇ ਇਕੱਠੇ ਨਹੀਂ ਹੋ ਸਕਦੇ, ਗੋਲੀ ਵੀ ਚਲਾਈ ਜਾ ਸਕਦੀ ਹੈ, ਵਗੈਰਾ-ਵਗੈਰਾ।

ਮਾਈਕਲ ਉਡਵਾਇਰ ਨੇ ਆਪਣੀ ਕਿ

ਕਿਤਾਬ 'ਭਾਰਤ ਜਿਵੇਂ ਮੈਂ ਜਾਣਿਆ' ਦੇ ਪੰਨਾ 283 ਤੋਂ 286 'ਚ ਲਿਖਿਆ ਕਿ ਅੰਮ੍ਰਿਤਸਰ 'ਚ ਜਨਰਲ ਡਾਇਰ ਦੀ ਅਗਵਾਈ 'ਚ ਫੌਜ ਤੇ ਬਾਗ਼ੀਆਂ ਵਿਚਾਲੇ ਇਸ ਝੜਪ ਬਾਰੇ ਅਫਵਾਹਾਂ ਤਾਂ ਸ਼ਾਮ ਨੂੰ ਪੁੱਜ ਚੁੱਕੀਆਂ ਸਨ। ਪਰ ਸਰਕਾਰੀ ਤੌਰ 'ਤੇ ਮੈਨੂੰ ਰਿਪੋਰਟ 14 ਅਪ੍ਰੈਲ ਸਵੇਰੇ 3 ਵਜੇ ਮਿਲੀ। ਹੰਟਰ ਕਮਿਸ਼ਨ ਨੇ ਵੀ ਡਾਇਰ ਨੂੰ ਹੀ ਦੋਸ਼ੀ ਮੰਨਿਆ। ਪਰ ਓਡਵਾਇਰ ਨੇ ਹੰਟਰ ਕਮਿਸ਼ਨ ਦੀ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਉਸਦੇ ਪੱਖ ਵਿੱਚ ਜੋਰਦਾਰ ਆਵਾਜ਼ ਉਠਾਈ। ਇਸੇ ਤਰਾਂ ਇਹ ਵੀ ਪ੍ਰਚੱਲਿਤ ਹੈ ਕਿ 13-14 ਅਪ੍ਰੈਲ ਨੂੰ ਊਧਮ ਸਿੰਘ ਜਲਿਆਂਵਾਲਾ ਬਾਗ਼ 'ਚ ਮੌਜੂਦ ਸੀ, ਜਦਕਿ ਇਹ ਅਸਲੀਅਤ ਨਹੀਂ ਹੈ।

ਬ੍ਰਿਟਿਸ਼ ਸਰਕਾਰ ਵੱਲੋਂ ਜੂਨ 1997 ਵਿੱਚ ਸ਼ਹੀਦ ਊਧਮ ਸਿੰਘ ਸਬੰਧੀ 5 ਫਾਈਲਾਂ ਜਾਰੀ ਕਰਨ ਤੋਂ ਬਾਅਦ ਊਧਮ ਸਿੰਘ ਬਾਰੇ ਹੋਰ ਵਧੇਰੇ ਜਾਣਕਾਰੀ ਦਾ ਪਤਾ ਲੱਗਿਆ ਪਰ ਕਿਤੇ ਵੀ ਇਸ ਗੱਲ ਦਾ ਸਬੂਤ ਨਹੀਂ ਮਿਲਦਾ ਕਿ ਊਧਮ ਸਿੰਘ ਆਪ 13-14 ਅਪ੍ਰੈਲ ਨੂੰ ਜਲਿਆਂਵਾਲੇ ਬਾਗ਼ ਵਿੱਚ ਮੌਜੂਦ ਸੀ।

ਕੈਨਨ ਰੋਅ ਪੁਲੀਸ ਸਟੇਸ਼ਨ ਦੀ 13 ਮਾਰਚ 1940 ਦੀ ਰਿਪੋਰਟ ਮੁਤਾਬਿਕ ਊਧਮ ਸਿੰਘ ਨੇ ਦੱਸਿਆ ਕਿ ਉਸ ਨੇ ਸਭ ਤੋਂ ਪਹਿਲਾਂ ਭਾਰਤ ਸਾਲ 1918 ਵਿੱਚ ਛੱਡਿਆ ਅਤੇ ਈਸਟ ਅਫਰੀਕਾ ਮੋਮਬਾਸਾ ਸ਼ਹਿਰ ਪਹੁੰਚਿਆ।

ਜੂਨ 1919 ਵਿੱਚ ਉਹ ਭਾਰਤ ਵਾਪਸ ਆਇਆ। ਅੰਮ੍ਰਿਤਸਰ ਵਿੱਚ ਉਸਨੇ ਆਪਣਾ ਮਕਾਨ ਵੇਚਿਆ ਅਤੇ ਉਸ ਰਕਮ ਨਾਲ ਭਾਰਤ ਘੁੰਮਿਆ। 5 ਜੂਨ 1940 ਨੂੰ ਅਦਾਲਤ ਵਿੱਚ ਜੱਜ ਐਟਕਿਨਸਨ ਦੇ ਸਵਾਲ ਦੇ ਜਵਾਬ ਵਿੱਚ ਊਧਮ ਸਿੰਘ ਨੇ ਕਿਹਾ ਕਿ 1919 'ਚ ਜਦੋਂ ਅੰਮ੍ਰਿਤਸਰ 'ਚ ਗੋਲੀ ਚੱਲੀ ਸੀ ਮੈਂ ਪੂਰਬੀ ਅਫਰੀਕਾ ਵਿੱਚ ਸੀ।

20 ਜੂਨ 1940 ਨੂੰ ਸ਼ਿਮਲੇ ਤੋਂ ਭਾਰਤ ਸਰਕਾਰ ਦੇ ਹੋਰ ਵਿਭਾਗ ਨੇ ਇੱਕ ਟੈਲੀਗ੍ਰਾਮ 16 ਜੂਨ 1940 ਦੀ ਟੈਲੀਗ੍ਰਾਮ ਦੇ ਜਵਾਬ ਵਿੱਚ ਭੇਜੀ, ਜਿਸ ਵਿੱਚ ਲਿਖਿਆ ਸੀ ਕਿ ਊਧਮ ਸਿੰਘ ਦੇ ਪਿੰਡ ਸੁਨਾਮ ਪਟਿਆਲਾ ਸਟੇਟ ਅਤੇ ਅੰਮ੍ਰਿਤਸਰ ਵਿੱਚ ਪੁੱਛ ਦੱਸ ਕੀਤੀ ਗਈ ਸੀ। ਜਿਸ ਵਿੱਚ ਉਸਦੇ ਬਿਆਨ ਦੀ ਪੁਸ਼ਟੀ ਨਹੀਂ ਹੋ ਸਕੀ ਕਿ ਉਸਦਾ ਕੋਈ ਰਿਸ਼ਤੇਦਾਰ ਸਾਲ 1919 'ਚ ਅੰਮ੍ਰਿਤਸਰ 'ਚ ਗੋਲੀ ਨਾਲ ਮਾਰਿਆ ਗਿਆ ਸੀ ਜਾਂ ਉਹ ਉਸ ਵੇਲੇ ਆਪ ਅੰਮ੍ਰਿਤਸਰ 'ਚ ਸ਼ਾਮਲ ਸੀ। ਪਰ ਇਹ ਠੀਕ ਨਹੀਂ ਕਿ ਉਹ ਮਹਿਜ ਓਡਵਾਇਰ ਨੂੰ ਮਾਰਨਾ ਚਾਹੁੰਦਾ ਸੀ। ਜਦੋਂ ਉਸ ਨੂੰ ਮੌਕੇ 'ਤੇ ਫੜਿਆ ਗਿਆ ਤਾਂ ਉਸਨੇ ਪੁਲੀਸ ਅਧਿਕਾਰੀਆਂ ਨੂੰ ਪੁੱਛਿਆ "ਕੀ ਜੈਟਲੈਂਡ ਮਰ ਗਿਆ? ਇਹ ਵੀ ਮਰਨਾ ਚਾਹੀਦਾ ਸੀ ਮੈਂ ਉਹਦੇ ਦੋ ਗੋਲੀਆਂ ਠੋਕੀਆਂ ਸਨ। ਇੱਕ ਹੀ ਮਰਿਆ ਔਹ ਮਾਈਕਲ ਓਡਵਾਇਰ। ਮੇਰਾ ਯਕੀਨ ਸੀ ਕਿ ਮੈਂ ਕਈਆਂ ਨੂੰ ਮਾਰ ਦਿੱਤਾ ਹੋਵੇਗਾ। ਮੈਂ ਕਾਫੀ ਸੁਸਤ ਰਿਹਾ ਹੋਵਾਂਗਾ ਉਥੇ ਰਸਤੇ ਵਿੱਚ ਕਈ ਔਰਤਾਂ ਸਨ ਤੈਨੂੰ ਪਤੈ?"

ਬ੍ਰਿਟਿਸ਼ ਸਰਕਾਰ ਵੱਲੋਂ ਲੱਖਾਂ ਭਾਰਤੀ ਲੋਕਾਂ 'ਤੇ ਕੀਤੇ ਜਾ ਰਹੇ ਅਕਹਿ ਜ਼ੁਲਮ, ਨਿਰਦੋਸ਼ ਲੋਕਾਂ ਨੂੰ ਕੁੱਟ-ਕੁੱਟ ਮਾਰਨਾ, ਫਾਂਸੀਆਂ, ਕਾਲੇਪਾਣੀਆਂ ਦੀਆਂ ਸਜ਼ਾਵਾਂ ਕਰਕੇ ਅੰਗਰੇਜ਼ ਸਰਕਾਰ ਪ੍ਰਤੀ ਨਫ਼ਰਤ ਸੀ ਪਰ ਇਹ ਜ਼ਰੂਰ ਲੱਗਦਾ ਹੈ ਕਿ ਬ੍ਰਿਟਿਸ਼ ਸਰਕਾਰ ਵੱਲੋਂ 13 ਅਪ੍ਰੈਲ 1919 ਨੂੰ ਜਲਿਆਂਵਾਲੇ ਬਾਗ਼ ਵਿੱਚ ਵੱਡੀ ਪੱਧਰ 'ਤੇ ਕੀਤੇ ਨਿਰੱਥੇ ਨਿਰਦੋਸ਼ ਭਾਰਤੀ ਲੋਕਾਂ ਦੇ ਕਤਲੇਆਮ ਦਾ ਉਸ 'ਤੇ ਡੂੰਘਾ ਅਸਰ ਪਿਆ ਸੀ। ਊਧਮ ਸਿੰਘ ਕੈਕਸਟਨ ਹਾਲ ਦੀ ਘਟਨਾ ਨਾਲ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਦੁਨੀਆਂ ਭਰ 'ਚ ਉਭਾਰਨਾ ਚਾਹੁੰਦਾ ਸੀ ਨਾ ਕਿ ਮਹਿਜ ਜਲਿਆਂਵਾਲੇ ਬਾਗ਼ ਦਾ ਬਦਲਾ ਲੈਣਾ ਚਾਹੁੰਦਾ ਸੀ।

ਇਸ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਨੇ ਆਪਣਾ ਨਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਪਰ ਉਸਦਾ ਨਾਮ ਪ੍ਰਕਾਸ਼ਿਤ ਰਾਮ ਮੁਹੰਮਦ ਸਿੰਘ ਆਜ਼ਾਦ ਕੀਤਾ ਹੋਇਆ ਹੈ। ਸੁਨਾਮ 'ਚ ਸ਼ਹੀਦੀ ਲਾਟ ਉੱਤੇ ਵੀ ਅਤੇ ਉਸਦੇ ਘਰ ਵਿੱਚ ਲੱਗੀ ਤਸਵੀਰ 'ਤੇ ਵੀ ਰਾਮ ਮੁਹੰਮਦ ਸਿੰਘ ਆਜ਼ਾਦ ਲਿਖਿਆ ਹੈ। ਪਰਿਮਾਣਿਕ ਇਤਿਹਾਸਕ ਤੱਥ ਦੱਸਦੇ ਹਨ ਉਸਨੇ ਆਪਣਾ ਨਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ।

ਊਧਮ ਸਿੰਘ ਨੇ 13 ਮਾਰਚ 1940 ਨੂੰ ਕੈਕਸਟਨ ਹਾਲ ਵਿੱਚ ਫੜੇ ਜਾਣ ਤੇ ਪੁਲੀਸ ਨੂੰ ਦੱਸਿਆ ਕਿ ਉਸਦਾ ਨਾਮ ਮੁਹੰਮਦ ਸਿੰਘ ਆਜ਼ਾਦ ਹੈ।

ਮੈਟਰੋਪੋਲੀਟਨ ਪੁਲੀਸ ਨੇ ਵੀ ਮਾਈਕਲ ਓਡਵਾਇਰ ਦੇ ਕਤਲ ਦੇ ਦੋਸ਼ ਵਿੱਚ ਉਸਦਾ ਰਿਮਾਂਡ 21 ਮਾਰਚ 1940 ਤੱਕ ਮੁਹੰਮਦ ਸਿੰਘ ਆਜ਼ਾਦ ਦੇ ਨਾਮ 'ਤੇ ਲਿਆ ਸੀ। ਊਧਮ ਸਿੰਘ ਨੇ ਕੈਨਨ ਰੋਅ ਪੁਲੀਸ ਸਟੇਸ਼ਨ ਏ ਡਵੀਜ਼ਨ 'ਚ 15 ਮਾਰਚ 1940 ਨੂੰ ਆਪਣਾ ਬਿਆਨ ਵੀ ਮੁਹੰਮਦ ਸਿੰਘ ਆਜ਼ਾਦ ਦੇ ਨਾਮ 'ਤੇ ਦਰਜ ਕਰਵਾਇਆ ਸੀ।

ਬ੍ਰਿਟਿਸ਼ ਸਰਕਾਰ ਵੱਲੋਂ ਜੂਨ 1997 'ਚ ਜਾਰੀ ਫਾਈਲ ਨੂੰ ਐਮ.ਈ.ਪੀ.ਓ. 3/1743 ਵਿੱਚ ਜੋਨ ਸਵੈਨ ਡਵੀਜ਼ਨਲ ਡਿਟੈਕਟਿਵ ਇੰਸਪੈਕਟਰ ਏ ਡਿਵੀਜ਼ਨ ਦੇ ਬਿਆਨ ਅਨੁਸਾਰ ਜਦੋਂ ਊਧਮ ਸਿੰਘ ਨੂੰ ਫੜਿਆ ਗਿਆ ਤਾਂ ਉਸਦੀ ਬਾਂਹ ਦੇ ਉੱਤੇ ਮੁਹੰਮਦ ਸਿੰਘ ਆਜ਼ਾਦ ਨਾਮ ਦਾ ਟੈਟੂ ਬਣਿਆ ਹੋਇਆ ਸੀ।

ਊਧਮ ਸਿੰਘ ਨੇ ਜੇਲ 'ਚ ਆਪਣੇ ਮਿੱਤਰ ਅਵਤਾਰ ਸਿੰਘ ਜੌਹਲ ਤੇ ਹੋਰਨਾਂ ਨੂੰ ਕਈ ਪੱਤਰ ਐਮ.ਐਸ. ਆਜ਼ਾਦ ਦੇ ਨਾਮ 'ਤੇ ਲਿਖੇ ਹਨ। ਇਸਤੋਂ ਇਲਾਵਾ ਸ਼ਹੀਦ ਊਧਮ ਸਿੰਘ ਦੇ ਰਿਸ਼ਤੇਦਾਰਾਂ ਬਾਰੇ ਕਈ ਝੂਠ ਪ੍ਰਚਾਰੇ ਜਾਂਦੇ ਹਨ। ਊਧਮ ਸਿੰਘ ਦਾ ਅਸਲ 'ਚ ਕੋਈ ਪੋਤਾ ਨਹੀਂ ਹੈ। ਸਾਲ 1974 'ਚ ਪੰਜਾਬ ਸਰਕਾਰ ਨੇ ਆਸ ਕੌਰ ਨੂੰ ਊਧਮ ਸਿੰਘ ਦੀ ਚਚੇਰੀ ਭੈਣ ਹੋਣ ਕਰਕੇ ਪੈਨਸ਼ਨ ਲਗਾਈ, ਅਸਲ 'ਚ ਊਧਮ ਸਿੰਘ ਦੀ ਕੋਈ ਚਚੇਰੀ ਭੈਣ ਨਹੀਂ ਸੀ।

ਊਧਮ ਸਿੰਘ ਨੂੰ ਮਹਿਜ ਬਦਲੇ ਤੱਕ ਸੀਮਿਤ ਕਰਕੇ ਉਸਦੇ ਸਮਾਜਿਕ ਤਬਦੀਲੀ ਦੇ ਕਾਰਜ ਪ੍ਰਤੀ ਸਮਝ ਨੂੰ ਅਣਗੌਲਿਆਂ ਕੀਤਾ। ਸ਼ਹੀਦ ਊਧਮ ਸਿੰਘ ਦੀ ਸ਼ਖ਼ਸ਼ੀਅਤ ਅਦਾਲਤ 'ਚ ਦਿੱਤੇ ਬਿਆਨਾਂ 'ਚ ਉਸਦੀ ਸ਼ਖ਼ਸ਼ੀਅਤ ਉੱਭਰਦੀ ਹੈ। ਕੁਝ ਹਵਾਲੇ (ਅੰਗਰੇਜ਼ਾਂ ਦੇ ਰਾਜ ਬਾਰੇ), "ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਵੀ ਜਿੱਥੇ ਕਿਤੇ ਵੀ ਤੁਹਾਡਾ ਗਲਿਆ-ਸੜਿਆ ਝੰਡਾ, ਲੋਕਤੰਤਰ ਤੇ ਈਸਾਈਅਤ ਦਾ ਉੱਡਦਾ ਹੈ। ਤੁਹਾਨੂੰ ਮਿਲੇਗੀ ਸਿਰਫ ਇੱਕ ਚੀਜ ਬੰਦੂਕਾਂ, ਖ਼ੂਨ ਖਰਾਬਾ, ਭੁੱਖਮਰੀ ਅਤੇ ਨੀਚ ਦਰਜੇ ਦੀ ਗੰਦਗੀ।"

"ਮੈਂ ਅੰਗਰੇਜ਼ ਲੋਕਾਂ ਦੇ ਖ਼ਿਲਾਫ਼ ਨਹੀਂ ਹਾਂ। ਮੇਰੇ ਭਾਰਤੀ ਮਿੱਤਰਾਂ ਨਾਲੋਂ ਇੰਗਲੈਂਡ ਵਿੱਚ ਅੰਗਰੇਜ਼ ਦੋਸਤ ਵੱਧ ਹਨ। ਮੇਰੀ ਇੰਗਲੈਂਡ ਦੇ ਕਾਮਿਆਂ ਨਾਲ ਪੂਰੀ ਹਮਦਰਦੀ ਹੈ ਮੈਂ ਤਾਂ ਸਿਰਫ ਅੰਗਰੇਜ਼ ਸਾਮਰਾਜੀਆਂ ਦੇ ਖ਼ਿਲਾਫ਼ ਹਾਂ।"

"ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਅਤੇ ਆਪਣੇ ਪਿੰਡ ਦੇ ਜ਼ਮੀਨ ਵਾਹਕ ਦੇ ਤੌਰ 'ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ ਜਿਹੜਾ ਜ਼ਾਲਮਾਨਾ ਹੈ ਅਤੇ ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜ਼ਿਮੀਂਦਾਰ ਅਤੇ ਭਾਰਤ ਦੇ ਮਾਲਕ ਅਸਲ ਵਿੱਚ ਜਿਹੜੇ ਮੇਰੇ ਦੇਸ਼ ਦੇ ਜ਼ਰੂਰੀ ਉਦਯੋਗ ਦੇ ਮਾਲਕ ਹਨ ਅਤੇ ਉਨਾਂ ਦਾ ਉਦਯੋਗ 'ਤੇ ਕਬਜ਼ਾ ਹੈ। ਇਹ ਆਪਣੀ ਲਾਲਸਾ ਅਤੇ ਲਾਲਚ ਲਈ ਮੇਰੇ ਦੇਸ਼ ਦੀ ਉਪਜ ਲੈ ਜਾਂਦੇ ਹਨ ਅਤੇ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਾ ਕਰ ਦਿੰਦੇ ਹਨ ਅਤੇ ਉਨਾਂ ਦੀ ਜ਼ਮੀਨੀ ਜਾਇਦਾਦ ਦਾ ਆਨੰਦ ਮਾਣਦੇ ਹਨ, ਇਹ ਮੇਰੇ ਦੇਸ਼ ਵਾਸੀਆਂ ਲਈ ਨਫ਼ਰਤਯੋਗ ਹੈ।"

ਅਜਿਹਾ ਸੀ ਸਾਡਾ ਊਧਮ ਸਿੰਘ ਪਰ ਦੇਸ਼ ਵਿੱਚ ਇਨਕਲਾਬੀ ਲਹਿਰ ਦੇ ਯੋਧਿਆਂ ਦੀ ਜ਼ਿੰਦਗੀ ਬਾਰੇ ਖੋਜ ਦੀ ਹਾਲਤ ਇਹ ਹੈ ਕਿ ਅਸੀਂ ਉਹਨਾਂ ਦੀਆਂ ਘਾਲਣਾਵਾਂ ਨੂੰ ਮਹਿਜ ਗੋਲੀਆਂ ਚਲਾਉਣ ਤੱਕ ਸੀਮਿਤ ਕੀਤਾ ਹੋਇਆ ਹੈ। ਅਜੇ ਵੀ ਬਹੁਤ ਸਾਰੀ ਖੋਜ ਹੋਣੀ ਬਾਕੀ ਤਾਂ ਜੋ ਆਪਣੀ ਵਿਰਾਸਤ ਨੂੰ ਅਸੀਂ ਜਾਣ ਸਕੀਏ ਤੇ ਭਵਿੱਖ ਦੀ ਤਬਦੀਲੀ ਲਈ ਇਸਤੋਂ ਪ੍ਰੇਰਨਾ ਲੈ ਸਕੀਏ।

(ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ 'ਬਦਲੇ ਤੋਂ ਪਾਰ—ਸਮਾਜਿਕ ਤਬਦੀਲੀ ਨੂੰ ਪ੍ਰਣਾਇਆ ਊਧਮ ਸਿੰਘ' 'ਤੇ ਅਧਾਰਿਤ)

**ਰਜਿੰਦਰ ਸਿੰਘ**
78378-22355

# ਅੱਜ ਮਹਾਨ ਲੈਨਿਨ

## (22 ਅਪ੍ਰੈਲ 1870-21 ਜਨਵਰੀ 1924) ਦੇ ਜਨਮ ਦਿਨ 'ਤੇ



ਮਨੁੱਖਤਾ ਦੇ ਇਤਿਹਾਸ 'ਚ ਕਦੇ-ਕਦੇ ਅਜਿਹੇ ਸਮੇਂ ਆਉਂਦੇ ਹਨ ਜਦੋਂ ਇਸਦੀ ਸਮੁੱਚੀ ਪ੍ਰਤਿਭਾ ਦਾ ਘਣਾ ਇਜ਼ਹਾਰ ਕੁੱਝ ਮਹਾਂ ਮਨੁੱਖਾਂ ਦੀ ਪ੍ਰਤਿਭਾ 'ਚ ਹੁੰਦਾ ਹੈ। ਆਧੁਨਿਕ ਮਜ਼ਦੂਰ ਜਮਾਤ (ਸੱਨਅਤੀ ਪ੍ਰੋਲੇਤਾਰੀ) ਨੂੰ ਮਾਣ ਹੈ ਕਿ ਉਸਨੇ ਇੱਕ ਸਦੀ ਤੋਂ ਵੀ ਘੱਟ ਸਮੇਂ ਵਿੱਚ ਪੰਜ (ਮਾਰਕਸ, ਏਂਗਲਜ਼, ਲੈਨਿਨ, ਸਤਾਲਿਨ, ਮਾਓ) ਅਜਿਹੀਆਂ ਪ੍ਰਤਿਭਾਵਾਂ ਨੂੰ ਜਨਮ ਦਿੱਤਾ। ਲੈਨਿਨ ਇੱਕ ਮਹਾਂ ਮਨੁੱਖ ਸਨ ਜਿਨ੍ਹਾਂ ਨੇ ਨਾ ਸਿਰਫ਼ ਮਜ਼ਦੂਰ ਜਮਾਤ ਦੀ ਮੁਕਤੀ ਦੇ ਵਿਗਿਆਨ ਮਾਰਕਸਵਾਦ ਨੂੰ ਹੀ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ, ਸਗੋਂ ਇੱਕ ਕਾਮਯਾਬ ਮਜ਼ਦੂਰ ਇਨਕਲਾਬ ਦੀ ਅਗਵਾਈ ਵੀ ਕੀਤੀ। ਲੈਨਿਨ ਦਾ ਸਮੁੱਚਾ ਜੀਵਨ ਹੀ ਸੰਸਾਰ ਮਜ਼ਦੂਰ ਜਮਾਤ ਦੀ ਮੁਕਤੀ ਨੂੰ ਸਮਰਪਿਤ ਸੀ। ਕਿਸ਼ੋਰ ਉਮਰੇ ਉਹਨਾਂ ਇਨਕਲਾਬ ਦੇ ਬਿਖੜੇ, ਕੰਡਿਆਲੇ ਮਾਰਗ 'ਤੇ ਪੈਰ ਧਰਿਆ ਤਾਂ ਸਾਰੀ ਉਮਰ ਇਸ ਰਾਹ ਉੱਪਰ ਅਡੋਲ, ਅਡਿੱਗ ਰਹੇ। ਅੰਤਮ ਸਾਹਾਂ ਤੱਕ ਉਹ ਸੰਸਾਰ ਮਜ਼ਦੂਰ ਜਮਾਤ ਦੀ ਮੁਕਤੀ ਲਈ ਜੂਝਦੇ ਰਹੇ ਮਹਾਨ ਲੈਨਿਨ ਦੀਆਂ ਸੰਸਾਰ ਮਜ਼ਦੂਰ ਲਹਿਰ ਨੂੰ ਜੋ ਦੇਣਾਂ ਹਨ ਉਹਨਾਂ ਦੀ ਅਣਦੇਖੀ ਕਰਕੇ ਕਿਧਰੇ ਵੀ ਮਜ਼ਦੂਰ ਲਹਿਰ ਆਪਣੀ ਮੁਕਤੀ ਦੀ ਦਿਸ਼ਾ 'ਚ ਇੱਕ ਕਦਮ ਵੀ ਨਹੀਂ ਪੁੱਟ ਸਕਦੀ।

ਲੈਨਿਨ ਦੀਆਂ ਸੰਸਾਰ ਮਜ਼ਦੂਰ ਲਹਿਰ ਨੂੰ ਦੇਣਾਂ ਇੱਕ ਵੱਡ ਅਕਾਰੀ ਲੇਖ ਦਾ ਵਿਸ਼ਾ ਹਨ। ਪਰ ਸੰਖੇਪ 'ਚ ਇੱਥੇ ਲੈਨਿਨ ਦੀਆਂ ਦੋ ਸਭ ਤੋਂ ਮਹੱਤਵਪੂਰਨ ਦੇਣਾਂ ਦੀ ਗੱਲ ਕੀਤੀ ਜਾ ਸਕਦੀ ਹੈ—

1.) ਲੈਨਿਨ ਨੇ ਸੰਸਾਰ ਮਜ਼ਦੂਰ ਲਹਿਰ ਨੂੰ ਸਿਖਾਇਆ ਕਿ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਨੂੰ ਉਲਟਾਉਣ ਲਈ ਉਸ ਨੂੰ ਕਿਹੋ ਜਿਹੀ ਜਥੇਬੰਦੀ ਦੀ ਲੋੜ ਹੈ। ਲੈਨਿਨ ਨੇ ਸਿਖਾਇਆ ਕਿ ਮਜ਼ਦੂਰ ਜਮਾਤ ਨੂੰ ਆਪਣੀ ਮੁਕਤੀ ਲਈ ਅਜਿਹੀ ਕੇਂਦਰੀਕ੍ਰਿਤ ਅਤੇ ਗੁਪਤ ਢਾਂਚੇ ਵਾਲੀ, ਲੋਹ ਅਨੁਸ਼ਾਸ਼ਨ 'ਚ ਬੱਝੀ ਹੋਈ ਕਮਿਊਨਿਸਟ ਪਾਰਟੀ ਦੀ ਲੋੜ ਹੈ ਜਿਸਦੀ ਰੀੜ੍ਹ ਦੀ ਹੱਡੀ ਅਜਿਹੇ ਲੋਕ ਹੋਣ ਜੋ ਇਨਕਲਾਬੀ ਸਰਗਰਮੀ ਨੂੰ ਹੀ ਆਪਣਾ ਪੇਸ਼ਾ ਬਣਾ ਲੈਣ (ਪੇਸ਼ੇਵਰ ਇਨਕਲਾਬੀ)। ਲੈਨਿਨ ਨੇ ਇਹ ਵੀ ਸਿਖਾਇਆ ਕਿ ਇਹ ਪਾਰਟੀ ਕੋਈ ਫਿਰਕੇ ਵਾਂਗ ਨਹੀਂ ਹੋਣੀ ਚਾਹੀਦੀ, ਸਗੋਂ ਵਿਸ਼ਾਲ ਕਿਰਤੀ ਲੋਕਾਈ, ਪਹਿਲ ਪ੍ਰਿਥਮੇ ਇਸਦੇ ਸਭ ਤੋਂ ਉੱਨਤ ਹਿੱਸਿਆਂ — ਸੱਨਅਤੀ ਮਜ਼ਦੂਰਾਂ — ਨਾਲ਼ ਨੇੜਿਓਂ ਜੁੜੀ ਹੋਣੀ ਚਾਹੀਦੀ ਹੈ। ਸੰਸਾਰ ਮਜ਼ਦੂਰ ਲਹਿਰ ਮਹਾਨ ਲੈਨਿਨ ਦੀਆਂ ਇਹਨਾਂ (ਅਤੇ ਹੋਰ ਅਨੇਕਾਂ) ਦੇਣਾਂ ਨੂੰ ਆਤਮਸਾਤ ਕਰਕੇ ਹੀ ਆਪਣੀ ਮੁਕਤੀ ਦੀ ਦਿਸ਼ਾ 'ਚ ਵਧ ਸਕਦੀ ਹੈ।

2.) ਲੈਨਿਨ ਨੇ ਸਰਮਾਏਦਾਰੀ ਦੇ ਸਾਮਰਾਜੀ ਪੜਾਅ ਦਾ ਮਾਰਕਸਵਾਦੀ ਵਿਸ਼ਲੇਸ਼ਣ ਪੇਸ਼ ਕੀਤਾ ਅਤੇ ਇਸ ਵਿਰੁੱਧ ਲੜਨ ਲਈ ਮਜ਼ਦੂਰ ਲਹਿਰ ਦੀ ਯੁੱਧਨੀਤੀ ਅਤੇ ਦਾਅਪੇਚ ਘੜੇ। ਸਾਮਰਾਜ ਦੇ ਲੈਨਿਨੀ ਸਿਧਾਂਤ ਬਿਨਾਂ ਅੱਜ ਦੀ ਦੁਨੀਆਂ ਨੂੰ ਬਦਲਨਾ ਤਾਂ ਦੂਰ ਦੀ ਗੱਲ ਹੈ, ਇਸਨੂੰ ਸਮਝਿਆ ਵੀ ਨਹੀਂ ਜਾ ਸਕਦਾ।

3.ਕਾਮਰੇਡ ਲੈਨਿਨ ਨੇ ਰਾਜ ਅਤੇ ਇਨਕਲਾਬ ਦੀ ਮਾਰਕਸਵਾਦੀ ਸਮਝ ਨੂੰ ਹੋਰ ਡੂੰਘਾ ਬਣਾਇਆ ? ਉਹਨਾਂ ਵਾਰ ਵਾਰ ਜ਼ੋਰ ਦੇਕੇ ਕਿਹਾ ਕਿ ਸਰਮਾਏਦਾਰੀ ਢਾਂਚੇ ਨੂੰ ਸ਼ਾਂਤੀਪੂਰਨ ਢੰਗ ਨਾਲ ,ਪਾਰਲੀਮੈਂਟ ਚ ਬਹੁਮਤ ਹਾਸਿਲ ਕਰਕੇ, ਇਸੇ ਲੁਟੇਰੇ ਢਾਂਚੇ ਦੀ ਬੁਨਿਆਦ ਤੇ ,ਇਸੇ ਢਾਂਚੇ ਦੇ ਕਨੂੰਨ ,ਸੰਵਿਧਾਨ ਤਹਿਤ ਸਰਕਾਰਾਂ ਬਣਾ ਕੇ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ ? ਇਸ ਲਈ ਜ਼ਰੂਰੀ ਹੈ ਕਿ ਸਰਮਾਏਦਾਰਾ ਰਾਜ ਸੱਤਾ ਨੂੰ ਚਕਨਾਚੂਰ ਕਰਕੇ ਮਜ਼ਦੂਰ ਜਮਾਤ ਦੀ ਰਾਜ ਸੱਤਾ ਉਸਾਰੀ ਜਾਵੇ ? ਫਿਰ ਸਮਾਜਵਾਦ ਦੀ ਉਸਾਰੀ ਰਾਹੀਂ ਲੰਘਦਿਆਂ ਕਮਿਊਨਿਜ਼ਮ ਦੀ ਉਸਾਰੀ ਵੱਲ ਵਧਿਆ ਜਾਵੇ ?

4. ਕਾਮਰੇਡ ਲੈਨਿਨ ਨੇ ਕਉਟਸਕੀ, ਟਰਾਟਸਕੀ ਜਿਹੇ ਕੌਮਾਂਤਰੀ ਅਤੇ ਆਪਦੇ ਦੇਸ਼ ਦੇ ਸੋਧਵਾਦੀਆਂ, ਮੌਕਾਪ੍ਰਸਤਾਂ, ਸੱਜੇ ਖੱਬੇ ਕੁਰਾਹੀਆਂ ਨਾਲ ਸਾਰੀ ਉਮਰ ਟੱਕਰ ਲਈ? ਇਸ ਪ੍ਰਕਿਰਿਆ ਚ ਉਹਨਾਂ ਮਾਰਕਸਵਾਦ ਦੀ ਇਨਕਲਾਬੀ ਰੂਹ ਦੀ ਹਿਫਾਜ਼ਤ ਕੀਤੀ ਅਤੇ ਇਸਨੂੰ ਹੋਰ ਵਿਕਸਿਤ ਕੀਤਾ?

ਅੱਜ ਦੇ ਦਿਨ ਕਾਮਰੇਡ ਲੈਨਿਨ ਨੂੰ ਯਾਦ ਕਰਨ ਦਾ ਮਤਲਬ ਹੈ ਕਿ ਅਸੀਂ ਮਾਰਕਸਵਾਦ ਦੀਆਂ ਸਰਬਵਿਆਪੀ ਸੱਚਾਈਆਂ ਨੂੰ ਆਪਦੇ ਦੇਸ਼ ਚ ਜਮਾਤੀ ਘੋਲ ਚ ਕਰਦੇ ਹੋਏ ਮਾਰਕਸਵਾਦ ਦੀ ਆਪਦੀ ਸਮਝ ਨੂੰ ਹੋਰ ਡੂੰਘਾ ਬਣਾਈਏ ? ਆਪਣੇ ਦੇਸ਼ ਅਤੇ ਸਾਰੀ ਦੁਨੀਆਂ ਚ ਸਮਾਜਵਾਦੀ ਇਨਕਲਾਬ ਦੇ ਸੰਗਰਾਮ ਨੂੰ ਹੋਰ ਤੇਜ਼ ਕਰੀਏ?



## ਹੋਲੀ ਦੇ ਦਿਨ ਖ਼ੂਨ ਦੇ ਛਿੱਟੇ

# ਬੱਬਰ ਅਕਾਲੀ .ਫਾਂਸੀ ’ਤੇ ਸ਼ਹੀਦ ਭਗਤ ਸਿੰਘ



**(ਪੰਜਾਬ ਵਿੱਚ ਬੱਬਰ ਅਕਾਲੀ ਲਹਿਰ ਚੱਲ ਰਹੀ ਸੀ। ਉਸ ਲਹਿਰ ਦੇ 6 ਸ਼ਹੀਦਾਂ ਦੀ .ਫਾਂਸੀ ’ਤੇ ਭਗਤ ਸਿੰਘ ਦਾ ਇਹ ਲੇਖ ਪੰਜਾਬੀ ਯੁਵਕ ਦੇ ਨਾਂ ਹੇਠ 15 ਮਾਰਚ, 1926 ਦੇ ‘ਪ੍ਰਤਾਪ’ ਵਿੱਚ ਛਪਿਆ ਸੀ।- ਸੰਪਾਦਕ)**

ਹੋਲ਼ੀ ਵਾਲ਼ੇ ਦਿਨ 27 ਫਰਵਰੀ ਦੇ ਦਿਨ ਜਦ ਅਸੀਂ ਖੇਡਣ ਮੱਲ੍ਹਣ ਵਿੱਚ ਰੁੱਝੇ ਹੋਏ ਸਾਂ ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇੱਕ ਕੋਨੇ ਵਿੱਚ ਇਹ ਜ਼ਬਰਦਸਤ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਓਗੇ। ਕੰਬ ਉੱਠੋਗੇ। ਲਾਹੌਰ ਸੈਂਟਰਲ ਜੇਲ੍ਹ ਵਿੱਚ ਠੀਕ ਉਸ ਦਿਨ 6 ਬੱਬਰ ਅਕਾਲੀ ਫ਼ਾਂਸੀ ਉੱਤੇ ਲਟਕਾ ਦਿੱਤੇ ਗਏ- ਕਿਸ਼ਨ ਸਿੰਘ ਗੜਗੱਜ, ਸੰਤ ਸਿੰਘ ਜੀ, ਦਲੀਪ ਸਿੰਘ ਜੀ, ਨੰਦ ਸਿੰਘ ਜੀ, ਕਰਮ ਸਿੰਘ ਜੀ, ਧਰਮ ਸਿੰਘ ਜੀ। ਲਗਭਗ ਦੋ ਵਰ੍ਹਿਆਂ ਤੋਂ ਆਪਣੇ ਇਸ ਜੁਰਮ ਹੇਠ ਜੋ ਲਾਪਰਵਾਹੀ ਦਿਖਾ ਰਹੇ ਸਨ ਉਸ ਤੋਂ ਇਹ ਜਾਣਿਆ ਜਾ ਸਕਦਾ ਸੀ ਕਿ ਉਹ ਉਸ ਦਿਨ ਦੀ ਉਡੀਕ ਕਿੰਨੇ ਚਾਅ ਨਾਲ਼ ਕਰਦੇ ਸਨ। ਮਹੀਨਿਆਂ ਬਾਅਦ ਜੱਜ ਨੇ ਫੈਸਲਾ ਸੁਣਾਇਆ। ਪੰਜ ਨੂੰ ਫ਼ਾਂਸੀ, ਬਹੁਤਿਆਂ ਨੂੰ ਕਾਲੇ ਪਾਣੀ, ਦੇਸ਼ ਨਿਕਾਲਾ ਅਤੇ ਲੰਬੀਆਂ ਕੈਦਾਂ। ਸਾਰੇ ਗਰਜ ਉੱਠੇ। ਉਹਨਾਂ ਅਕਾਸ਼ ਨੂੰ ਆਪਣੇ ਨਾਅਰਿਆਂ ਨਾਲ਼ ਗੂੰਜਾ ਦਿੱਤਾ। ਅਪੀਲ ਹੋਈ, ਪੰਜ ਦੀ ਥਾਂ ਛੇ ਮੌਤ ਦੀ ਸਜ਼ਾ ਦੇ ਭਾਗੀ ਬਣੇ। ਉਸ ਦਿਨ ਖ਼ਬਰ ਪੜ੍ਹੀ ਕਿ ਰਹਿਮ ਲਈ ਅਪੀਲ ਕੀਤੀ ਹੈ। ਪੰਜਾਬ ਗਵਰਨਰ ਨੇ ਐਲਾਨ ਕੀਤਾ ਕਿ ਅਜੇ ਫ਼ਾਂਸੀ ਨਹੀਂ ਦਿੱਤੀ ਜਾਵੇਗੀ।

ਉਡੀਕ ਸੀ, ਪਰ ਚਾਣਚੱਕ ਕੀ ਵੇਖਦੇ ਹਾਂ ਕਿ ਹੋਲ਼ੀ ਵਾਲ਼ੇ ਦਿਨ ਗਮ ਵਿੱਚ ਡੁੱਬੇ ਲੋਕਾਂ ਦਾ ਇੱਕ ਇਕੱਠ ਉਨ੍ਹਾਂ ਬਹਾਦਰਾਂ ਦੇ ਮ੍ਰਿਤਕ ਸਰੀਰਾਂ ਨੂੰ ਸ਼ਮਸ਼ਾਨ ਨੂੰ ਲਈ ਜਾ ਰਿਹਾ ਹੈ। ਚੁੱਪ-ਚਾਪ ਉਨ੍ਹਾਂ ਦੀ ਅੰਤਮ ਕ੍ਰਿਆ ਹੋ ਗਈ।

ਸ਼ਹਿਰ ਵਿੱਚ ਉਹੀ ਚਹਿਲ ਪਹਿਲ ਸੀ। ਆਉਣ ਜਾਣ ਵਾਲ਼ਿਆਂ ’ਤੇ ਉਵੇਂ ਹੀ ਰੰਗ ਸੁੱਟਿਆ ਜਾ ਰਿਹਾ ਸੀ। ਕੇਹੀ ਵੱਡੀ ਲਾਪ੍ਰਵਾਹੀ ਸੀ। ਜੇ ਉਹ ਰਾਹੋਂ ਥਿੜਕੇ ਹੋਏ ਸਨ ਤਾਂ ਹੋਣ ਦਿਉ, ਜੇ ਪਾਗਲ ਸਨ ਤਾਂ ਹੋਣ ਦਿਉ। ਉਹ ਨਿੱਡਰ ਦੇਸ਼ ਭਗਤ ਤਾਂ ਸਨ ਉਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ। ਉਹ ਅਨਿਆ ਨਾ ਸਹਾਰ ਸਕੇ, ਦੇਸ਼ ਦੀ ਢਹਿੰਦੀ ਹਾਲਤ ਨਾ ਵੇਖ ਸਕੇ, ਨਿਰਬਲਾਂ ਉੱਤੇ ਕੀਤੇ ਜਾਣ ਵਾਲ਼ੇ ਜ਼ੁਲਮ ਉਹਨਾਂ ਲਈ ਅਸਹਿ ਹੋ ਗਏ, ਆਮ ਲੋਕਾਈ ਦੀ ਲੁੱਟ-ਖਸੁੱਟ ਉਹਨਾਂ ਕੋਲ਼ੋਂ ਸਹਾਰੀ ਨਾ ਗਈ। ਉਹਨਾਂ ਨੇ ਲਲਕਾਰਿਆ ਅਤੇ ਉਹ ਕੁੱਦ ਪਏ ਕਰਮ ਖੇਤਰ ਵਿੱਚ। ਉਹ ਸਜੀਵ ਸਨ, ਉਹ ਸੁਹਿਰਦ ਸਨ। ਕਰਮ ਖੇਤਰ ਵਿੱਚ ਜੂਝਣ ਵਾਲ਼ੇ-ਧੰਨ ਹੈ ਤੂੰ! ਮੌਤ ਤੋਂ ਬਾਅਦ ਦੋਸਤ ਦੁਸ਼ਮਣ ਸਭ ਬਰਾਬਰ ਹੋ ਜਾਂਦੇ ਹਨ। ਇਹ ਆਦਰਸ਼ ਹੈ ਬਹਾਦਰ ਬੰਦਿਆਂ ਦਾ। ਜੇ ਉਹਨਾਂ ਕੋਈ ਘ੍ਰਿਣਤ ਕੰਮ ਕੀਤਾ ਹੋਵੇ ਤਾਂ ਵੀ ਆਪਣੇ ਦੇਸ਼ ਦੇ ਚਰਨਾ ਵਿੱਚ ਜਿਸ ਦਲੇਰੀ ਅਤੇ ਤੱਤਪਰਤਾ ਨਾਲ਼ ਉਨ੍ਹਾਂ ਆਪਣੇ ਪ੍ਰਾਣ ਚੜ੍ਹਾ ਦਿੱਤੇ ਉਸ ਨੂੰ ਵੇਖਦਿਆਂ ਹੋਇਆਂ ਤਾਂ ਉਹਨਾਂ ਦੀ ਪੂਜਾ ਹੋਣੀ ਚਾਹੀਦੀ ਸੀ। ਸ਼੍ਰੀ ਟੈਗਰਟ ਵਿਰੋਧੀ ਦਲ ਦੇ ਹੁੰਦਿਆਂ ਹੋਇਆਂ ਵੀ ਯਤਿੰਦਰ ਮੁਕਰਜੀ, ਬੰਗਾਲ ਦੇ ਵੀਰ ਇਨਕਲਾਬੀ ਦੀ ਮੌਤ ਉੱਤੇ ਅਫਸੋਸ ਜ਼ਾਹਰ ਕਰਦੇ ਹੋਏ, ਉਹਨਾਂ ਦੀ ਬੀਰਤਾ, ਦੇਸ਼ ਪ੍ਰੇਮ ਅਤੇ ਕਰਮਸ਼ੀਲਤਾ ਦੀ ਖੁੱਲ੍ਹੇ ਦਿਲ ਨਾਲ਼ ਪ੍ਰਸ਼ੰਸਾ ਕਰ ਸਕਦੇ ਹਨ, ਪਰ ਅਸੀਂ ਕਾਇਰ ਨਰ ਪਸ਼ੂ ਇੱਕ ਬਿੰਦ ਲਈ ਵੀ ਐਸ਼ ਅਰਾਮ ਛੱਡ ਕੇ ਬਹਾਦਰਾਂ ਦੀ ਮੌਤ ਉੱਤੇ ਆਹ ਭਰਨ ਦਾ ਹੌਸਲਾ ਨਹੀਂ ਕਰਦੇ। ਕਿੰਨੀ ਨਿਰਾਸ਼ਾਜਨਕ ਗੱਲ ਹੈ। ਉਹਨਾਂ ਗਰੀਬਾਂ ਦਾ ਅਪਰਾਧ ਜੋ ਨੌਕਰਸ਼ਾਹੀ ਦੀ ਨਜ਼ਰ ਵਿੱਚ ਸੀ ਉਸ ਦੀ ਸਜ਼ਾ ਮਿਲ਼ ਗਈ। ਇਸ ਭਿਆਨਕ ਦੁਖਾਂਤ ਨਾਟਕ ਦੀ ਇੱਕ ਹੋਰ ਝਾਕੀ ਖਤਮ ਹੋ ਗਈ। ਅਜੇ ਇਸ ਨਾਟਕ ਦਾ ਆਖ਼ਰੀ ਪਰਦਾ ਨਹੀਂ ਡਿੱਗਿਆ। ਨਾਟਕ ਅੱਗੇ ਕੁਝ ਦਿਨ ਹੋਰ ਭਿਆਨਕ ਦ੍ਰਿਸ਼ ਦਿਖਾਲੇਗਾ। ਕਹਾਣੀ ਲੰਬੀ ਹੈ ਸੁਣਨ ਲਈ ਜਰਾ ਦੂਰ ਪਿੱਛੇ ਤੀਕ ਜਾਣਾ ਪਵੇਗਾ।

ਨਾਫ਼ਰਮਾਨੀ ਲਹਿਰ ਪੂਰੇ ਜੋਬਨ ਉੱਤੇ ਸੀ। ਪੰਜਾਬ ਕਿਸੇ ਨਾਲ਼ੋਂ ਪਿੱਛੇ ਨਹੀਂ ਰਿਹਾ। ਪੰਜਾਬ ਵਿੱਚ ਸਿੱਖ ਉੱਠੇ। ਘੂਕ ਨੀਂਦਰ ਤੋਂ ਉੱਠੇ ਅਤੇ ਉੱਠੇ ਵੀ ਪੂਰੇ ਜ਼ੋਰਾਂ ਨਾਲ਼। ਅਕਾਲੀ ਲਹਿਰ ਸ਼ੁਰੂ ਹੋਈ ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿਛਲੇ ਹੈੱਡਮਾਸਟਰ ਨੇ ਇੱਕ ਤਕਰੀਰ ਕੀਤੀ। ਉਹਨਾਂ ਦੇ ਵਰੰਟ ਨਿਕਲੇ। ਪਰ ਬਾਦਸ਼ਾਹ ਦੀ ਪ੍ਰਾਹੁਣਾਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ। ਕੋਟ ਫਤੂਹੀ ਨਾਂ ਦੇ ਇੱਕ ਪਿੰਡ ਵਿੱਚ ਭਾਰੀ ਦਿਵਾਨ ਸਜਿਆ। ਪੁਲਿਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖੀਰ ਪ੍ਰਧਾਨ ਦੀ ਆਗਿਆ ਨਾਲ਼ ਸਾਰੇ ਸਰੋਤੇ ਉੱਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਬੁਖਲਾਹਟ ਹੋਈ। ਅੰਤ ਵਿੱਚ ਇੱਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਇੱਕ ਦਿਨ ਮਾਸਟਰ ਸਾਹਿਬ ਫੜ ਲਏ ਗਏ। ਇਹ ਪਹਿਲਾ ਦ੍ਰਿਸ਼ ਸੀ- ਉਸ ਭਿਆਨਕ ਨਾਟਕ ਦਾ।

ਗੁਰੂ ਕੇ ਬਾਗ ਦਾ ਮੋਰਚਾ ਲੱਗਾ। ਨਿਹੱਥਿਆਂ ਉੱਤੇ ਜਦ ਭਾੜੇ ਦੇ ਟੱਟੂ ਟੁੱਟ ਪੈਂਦੇ, ਉਹਨਾਂ ਨੂੰ ਕੁੱਟ-ਕੁੱਟ ਅਧਮਰੇ ਕਰ ਦੇਂਦੇ, ਦੇਖਣ ਸੁਣਨ ਵਾਲ਼ਿਆਂ ਵਿੱਚੋਂ ਕੌਣ ਹੋਵੇਗਾ ਜਿਸ ਦਾ ਦਿਲ ਕੰਬ ਨਾ ਉੱਠਿਆ ਹੋਵੇ। ਚਾਰੇ ਪਾਸੇ ਗ੍ਰਿਫਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਹਨਾਂ ਗ੍ਰਿਫਤਾਰ ਹੋਣਾ ਨਾ ਮੰਨਿਆ। ਪੁਲਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਫਿਰ ਵੀ ਬਚਦੇ ਹੀ ਰਹੇ। ਉਹਨਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਇੱਕ ਇਨਕਲਾਬੀ ਦਲ ਸੀ। ਨਿਹੱਥਿਆਂ ਉੱਪਰ ਕੀਤੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਇਸ ਇਲਕਲਾਬੀ ਲਹਿਰ ਦੇ ਨਾਲ਼-ਨਾਲ਼ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ।

ਇੱਕ ਪਾਸੇ ਕੁੱਤੇ ਸ਼ਿਕਾਰੀ ਉਹਨਾਂ ਦੀ ਸਹੂ ਕੱਢਣ ਲਈ ਘੁੰਮਦੇ ਫਿਰਦੇ ਸਨ ਦੂਜੇ ਪਾਸੇ ਫ਼ੈਸਲਾ ਹੋਇਆ ਕਿ ਝੋਲੀ ਚੁੱਕਾਂ ਦਾ ਸੁਧਾਰ ਕੀਤਾ ਜਾਵੇ। ਸਰਦਾਰ ਕਿਸ਼ਨ ਸਿੰਘ ਜੀ ਕਹਿੰਦੇ ਸਨ ਕਿ ਆਪਣੀ ਹਿਫ਼ਾਜ਼ਤ ਲਈ ਸਾਨੂੰ ਹਥਿਆਰਬੰਦ ਜ਼ਰੂਰ ਹੋਣਾ ਚਾਹੀਦਾ ਹੈ। ਪਰ ਅਜੇ ਕੋਈ ਹੋਰ ਕਦਮ ਨਹੀਂ ਚੁੱਕਣਾ ਚਾਹੀਦਾ। ਪਰ ਬਹੁਸੰਮਤੀ ਦੂਜੇ ਪਾਸੇ ਸੀ। ਅੰਤ ਵਿੱਚ ਇਹ ਫ਼ੈਸਲਾ ਹੋਇਆ ਕਿ ਤਿੰਨ ਆਦਮੀ (ਆਪਣੇ) ਨਾਵਾਂ ਦਾ ਐਲਾਨ ਕਰ ਦੇਣ ਅਤੇ ਸਾਰੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲੈਣ ਅਤੇ ਝੋਲੀ ਚੁੱਕਾਂ ਦਾ ਸੁਧਾਰ ਅਰੰਭ ਕਰ ਦੇਣ। ਸ. ਕਰਮ ਸਿੰਘ, ਧੰਨਾ ਸਿੰਘ ਅਤੇ ਉਦੇ ਸਿੰਘ ਜੀ ਅੱਗੇ ਵਧੇ। ਇਹ ਠੀਕ ਸੀ ਜਾਂ ਗਲਤ। ਇਸ ਨੂੰ ਇੱਕ ਪਾਸੇ ਰੱਖ ਕੇ ਜ਼ਰਾ-ਉਸ ਸਮੇਂ ਦੀ ਕਲਪਨਾ ਤਾਂ ਕਰੋ ਜਦ ਇਹਨਾਂ ਨਵੀਨ ਬਹਾਦਰਾਂ ਨੇ ਸਹੁੰ ਚੁੱਕੀ ਸੀ।

ਅਸੀਂ ਦੇਸ਼ ਸੇਵਾ ਵਿੱਚ ਆਪਣਾ ਸਰਬੰਸ ਕੁਰਬਾਨ ਕਰ ਦੇਵਾਂਗੇ, ਅਸੀਂ ਇਹ ਪ੍ਰਤਿੱਗਿਆ ਕਰਦੇ ਹਾਂ ਕਿ ਲੜਦੇ-ਲੜਦੇ ਮਰ ਜਾਵਾਂਗੇ ਪਰ ਜੇਲ੍ਹ ਜਾਣਾ ਮਨਜ਼ੂਰ ਨਹੀਂ ਕਰਾਂਗੇ।

ਜਿਹਨਾਂ ਨੇ ਆਪਣੇ ਪਰਵਾਰ ਦਾ ਮੋਹ ਤਿਆਗ ਦਿੱਤਾ ਸੀ ਉਹ ਜਦੋਂ ਇਹੋ ਜਿਹੀ ਸਹੁੰ ਚੁੱਕ ਰਹੇ ਸਨ, ਉਸ ਸਮੇਂ ਕਿੰਨਾ ਸੋਹਣਾ ਦਿਲਚਸਪ ਪਵਿੱਤਰਤਾ ਨਾਲ਼ ਸੰਜੋਇਆ ਹੋਇਆ ਨਜ਼ਾਰਾ ਹੋਵੇਗਾ। ਆਤਮ-ਤਿਆਗ ਦੀ ਹੱਦ ਕਿੱਥੇ ਹੈ? ਸਾਹਸ ਦੇ ਅੰਤ ਦੇ ਨਿਵਾਸ ਕਿੱਧਰ ਹੈ?

ਸ਼ਾਮ ਚੁਰਾਸੀ ਹੁਸ਼ਿਆਰਪੁਰ ਬਰਾਂਚ ਰੇਲਵੇ ਲਾਇਨ ਦੇ ਇੱਕ ਸਟੇਸ਼ਨ ਦੇ ਨੇੜੇ ਸਭ ਤੋਂ ਪਹਿਲਾਂ ਇੱਕ ਸੂਬੇਦਾਰ ’ਤੇ ਹੱਥ ਸਾਫ ਕੀਤਾ ਗਿਆ। ਉਸ ਤੋਂ ਬਾਅਦ ਇਹਨਾਂ ਤਿੰਨਾਂ ਜਣਿਆਂ ਨੇ ਆਪਣੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ। ਸਰਕਾਰ ਪੂਰੀ ਤਾਕਤ ਲਾ ਕੇ ਇਹਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲ਼ੀ। ਰੁੜਕੇ ਕਲਾਂ ਨੂੰ ਸ੍ਰ. ਕਿਸ਼ਨ ਸਿੰਘ ਗੜਗੱਜ ਫਿਰ ਗਏ। ਉਹਨਾਂ ਦੇ ਨਾਲ਼ ਇੱਕ ਨੌਜਵਾਨ ਵੀ ਸੀ ਜੋ ਉੱਥੇ ਹੀ ਜ਼ਖਮੀ ਹੋਣ ਕਾਰਨ ਫੜਿਆ ਗਿਆ। ਪਰ ਕਿਸ਼ਨ ਸਿੰਘ ਉੱਥੋਂ ਵੀ ਆਪਣੇ ਹਥਿਆਰਾਂ ਦੀ ਸਹਾਇਤਾ ਨਾਲ਼ ਬਚ ਨਿਕਲੇ। ਰਸਤੇ ਵਿੱਚ ਇੱਕ ਸਾਧ ਮਿਲ਼ਿਆ। ਉਹਨੇ ਇਹਨਾਂ ਨੂੰ ਦੱਸਿਆ ਕਿ ਉਸ ਕੋਲ ਇੱਕ ਇਹੋ ਜਿਹੀ ਬੂਟੀ ਹੈ ਜਿਸ ਨਾਲ਼ ਮਨ ਚਾਹਿਆ ਕੰਮ ਅਸਾਨੀ ਨਾਲ਼ ਕੀਤਾ ਜਾ ਸਕਦਾ ਹੈ। ਝਾਂਸੇ ਵਿੱਚ ਆ ਕੇ ਇੱਕ ਦਿਨ ਇਹ ਹਥਿਆਰ ਰੱਖ ਕੇ ਸਾਧੂ ਕੋਲ ਗਏ।

ਦਵਾਈ ਰਗੜਨ ਲਈ ਦੇ ਕੇ ਸਾਧੂ ਬੂਟੀ ਲੈਣ ਗਿਆ। ਪੁਲਿਸ ਨੂੰ ਲੈ ਕੇ ਆਇਆ। ਸਰਦਾਰ ਸਾਹਿਬ ਫੜੇ ਗਏ। ਇਹ ਸਾਧੂ ਸੀ.ਆਈ.ਡੀ. ਦੇ ਮਹਿਕਮੇ ਦਾ ਸਬ-ਇੰਸਪੈਕਟਰ ਸੀ। ਬੱਬਰ ਅਕਾਲੀਆਂ ਨੇ ਆਪਣਾ ਕੰਮ ਖੂਬ ਜ਼ੋਰ ਨਾਲ਼ ਸ਼ੁਰੂ ਕਰ ਦਿੱਤਾ। ਕਿੰਨੇ ਹੀ ਸਰਕਾਰ ਦੇ ਪਿੱਠੂ ਮਾਰ ਦਿੱਤੇ ਗਏ। ਦੁਆਬਾ (ਬਿਆਸ ਅਤੇ ਸਤਲੁਜ ਦੇ ਵਿੱਚ) ਜਲੰਧਰ ਅਤੇ ਹੁਸ਼ਿਆਰਪੁਰ ਦਾ ਜ਼ਿਲ੍ਹਾ ਪਹਿਲਾਂ ਹੀ ਭਾਰਤ ਦੇ ਸਿਆਸੀ ਨਕਸ਼ੇ ਵਿੱਚ ਪ੍ਰਸਿੱਧ ਹੈ। 1915 ਦੇ ਸ਼ਹੀਦਾਂ ਵਿੱਚ ਵੀ ਜ਼ਿਆਦਾਤਰ ਇਹਨਾਂ ਹੀ ਜ਼ਿਲ੍ਹਿਆਂ ਦੇ ਲੋਕ ਸਨ।

ਹੁਣ ਫਿਰ ਇੱਥੋਂ ਹੀ ਸਰਗਰਮੀਆਂ ਹੋਈਆਂ। ਪੁਲਿਸ ਮਹਿਕਮੇ ਨੇ ਸਾਰੀ ਤਾਕਤ ਖਰਚ ਕਰ ਦਿੱਤੀ। ਪਰ ਕੁਝ ਨਾ ਬਣਿਆ। ਜਲੰਧਰ ਤੋਂ ਕੁਝ ਦੂਰ ਇੱਕ ਬਿਲਕੁਲ ਛੋਟੀ ਜਿਹੀ ਨਦੀ ਹੈ। ਉਹਦੇ ਕੰਢੇ ਇੱਕ ਪਿੰਡ ਵਿੱਚ ਸ. ਕਰਮ ਸਿੰਘ ਜੀ, ਸ. ਧੰਨਾ ਸਿੰਘ ਜੀ, ਸ. ਉਦੇ ਸਿੰਘ ਜੀ ਅਤੇ ਸ. ਅਨੂਪ ਸਿੰਘ ਇੱਕ ਦੋ ਆਦਮੀਆਂ ਨਾਲ਼ ਬੈਠੇ ਸਨ। ਬੈਠਿਆਂ-ਬੈਠਿਆਂ ਸ. ਧੰਨਾ ਸਿੰਘ ਨੇ ਕਿਹਾ- ਬਾਬਾ ਕਰਮ ਸਿੰਘ ਜੀ। ਸਾਨੂੰ ਇੱਥੋਂ ਇਸੇ ਵਕਤ ਤੁਰ ਪੈਣਾ ਚਾਹੀਦਾ ਹੈ, ਮੈਨੂੰ ਕਿਸੇ ਮਾੜੀ ਗੱਲ ਦੇ ਹੋਣ ਦਾ ਸੰਸਾ ਹੋ ਰਿਹਾ ਹੈ। 75 ਸਾਲ ਦੇ ਬਜ਼ੁਰਗ ਸ.ਕਰਮ ਸਿੰਘ ਨੇ ਜ਼ਰਾ ਵੀ ਧਿਆਨ ਨਾ ਦਿੱਤਾ। ਪਰ ਸ੍ਰ. ਧੰਨਾ ਸਿੰਘ ਆਪਣੇ ਨਾਲ਼ 18 ਸਾਲ ਦੇ ਸ.ਦਲੀਪ ਸਿੰਘ ਨੂੰ ਲੈ ਕੇ ਚਲੇ ਗਏ।

ਬੈਠਿਆਂ-ਬੈਠਿਆਂ ਸ.ਕਰਮ ਸਿੰਘ ਜੀ ਨੇ ਸ. ਅਨੂਪ ਸਿੰਘ ਵੱਲ ਬੜੇ ਧਿਆਨ ਨਾਲ਼ ਵੇਖਦਿਆਂ ਕਿਹਾ-ਅਨੂਪ ਸਿੰਘ ਤੂੰ ਚੰਗਾ ਆਦਮੀ ਨਹੀਂ। ਪਰ ਇਸ ਦੇ ਬਾਅਦ ਉਹਨਾਂ ਆਪਣੀ ਇਸ ਗੱਲ ਵੱਲ ਧਿਆਨ ਨਾ ਦਿੱਤਾ। ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਪੁਲਿਸ ਆ ਧਮਕੀ। ਸਾਰੇ ਬੰਬ ਸ.ਅਨੂਪ ਸਿੰਘ ਦੇ ਕਬਜ਼ੇ ਵਿੱਚ ਸਨ। ਇਹ ਪਿੰਡ ਵਿੱਚ ਲੁਕ ਗਏ। ਪੁਲਿਸ ਨੇ ਲੱਖ ਟੱਕਰਾਂ ਮਾਰੀਆਂ ਪਰ ਅਸਫਲ ਰਹੀ। ਅੰਤ ਵਿੱਚ ਪੁਲਿਸ ਵੱਲੋਂ ਐਲਾਨ ਕੀਤਾ ਗਿਆ ਕਿ ਬਾਗੀਆਂ ਨੂੰ ਬਾਹਰ ਕੱਢੋ ਨਹੀਂ ਤਾਂ ਪਿੰਡ ਨੂੰ ਅੱਗ ਲਾ ਦਿੱਤੀ ਜਾਵੇਗੀ। ਪਰ ਪਿੰਡ ਵਾਲ਼ੇ ਡਟੇ ਰਹੇ।

ਹਲਾਤ ਨੂੰ ਵੇਖ ਕੇ ਸਾਰੇ ਆਪ ਹੀ ਬਾਹਰ ਨਿਕਲ ਗਏ। ਸਾਰੇ ਬੰਬ ਅਨੂਪ ਸਿੰਘ ਲੈ ਕੇ ਬੱਜਿਆ ਅਤੇ ਜਾ ਕੇ ਪੁਲਿਸ ਦੇ ਹਵਾਲੇ ਹੋ ਗਿਆ ਬਾਕੀ ਚਾਰੇ ਜਣੇ ਉੱਥੇ ਹੀ ਘਿਰੇ ਹੋਏ ਖੜੇ ਸਨ। ਪੁਲਿਸ ਦੇ ਕਪਤਾਨ ਨੇ ਕਿਹਾ ਕਰਮ ਸਿੰਘ ਹਥਿਆਰ ਸੁੱਟ ਦਿਓ, ਤੁਹਾਨੂੰ ਮਾਫ਼ ਕਰ ਦਿੱਤਾ ਜਾਵੇਗਾ। ਬਹਾਦਰ ਨੇ ਲਲਕਾਰ ਕੇ ਜਵਾਬ ਦਿੱਤਾ ਕਿ ਅਸੀਂ ਆਪਣੇ ਦੇਸ਼ ਲਈ ਸੱਚੇ ਇਨਕਲਾਬੀ ਵਾਂਗ ਲੜਦੇ ਲੜਦੇ ਸ਼ਹੀਦ ਹੋ ਜਾਵਾਂਗੇ । ਪਰ ਹਥਿਆਰ ਨਹੀਂ ਸੁੱਟ ਸਕਦੇ। ਉਹਨਾਂ ਆਪਣੇ ਤਿੰਨ ਸਾਥੀਆਂ ਨੂੰ ਲਲਕਾਰਿਆ। ਉਹ ਸ਼ੇਰ ਵਾਂਗ ਗਰਜ ਉੱਠੇ। ਲੜਾਈ ਛਿੜ ਪਈ। ਖੂਬ ਤਾੜ-ਤਾੜ ਗੋਲੀਆਂ ਚੱਲੀਆਂ। ਗੋਲੀ ਬਾਰੂਦ ਖਤਮ ਹੋਣ ’ਤੇ ਉਹ ਛੱਪੜ ਵਿੱਚ ਕੁੱਦ ਪਏ ਗੋਲੀਆਂ ਦੇ ਮੀਂਹ ਨਾਲ਼ ਸਾਰੇ ਸੂਰਮੇ ਸ਼ਹੀਦ ਹੋ ਗਏ।

ਸ. ਕਰਮ ਸਿੰਘ ਦੀ ਉਮਰ 75 ਸਾਲ ਸੀ। ਉਹ ਕਨੇਡਾ ਰਹਿ ਚੁੱਕੇ ਸਨ। ਉਨ੍ਹਾਂ ਦਾ ਇਖਲਾਕ ਪਵਿੱਤਰ ਅਤੇ ਚਰਿੱਤਰ ਆਦਰਸ਼ਕ ਸੀ, ਸਰਕਾਰ ਸਮਝਿਆ ਕਿ ਬੱਬਰ ਅਕਾਲੀ ਖਤਮ ਹੋ ਗਏ, ਪਰ ਨਿੱਤ ਤਰੱਕੀ ਕਰ ਰਹੇ ਸਨ। 18 ਵਰਿਆਂ ਦਾ ਦਲੀਪ ਸਿੰਘ ਇੱਕ ਬਹੁਤ ਸੁਣੱਖਾ, ਸਿਹਤਮੰਦ ਨੌਜਵਾਨ ਸੀ ਅਤੇ ਉਸਦਾ ਡਾਕੂਆਂ ਨਾਲ਼ ਸਾਥ ਹੋ ਗਿਆ ਸੀ। ਧੰਨਾ ਸਿੰਘ ਦੀ ਸਿੱਖਿਆ ਨੇ ਉਸ ਨੂੰ ਡਾਕੂ ਤੋਂ ਇੱਕ ਸੱਚਾ ਇਨਕਲਾਬੀ ਬਣਾ ਦਿੱਤਾ। ਸਰਦਾਰ ਬੰਤਾ ਸਿੰਘ ਅਤੇ ਵਰਿਆਮ ਸਿੰਘ ਆਦਿ ਕਈ ਪ੍ਰਸਿੱਧ ਡਾਕੂ ਡਾਕੇਜਨੀ ਛੱਡ ਕੇ ਇਹਨਾਂ ਵਿੱਚ ਆ ਰਲੇ।

ਇਹਨਾਂ ਸਭਨਾ ਵਿੱਚ ਮੌਤ ਦਾ ਡਰ ਨਹੀਂ ਸੀ। ਉਹ ਆਪਣੇ ਪਿਛਲੇ ਕੁਕਰਮਾ ਨੂੰ ਧੋ ਦੇਣਾ ਚਾਹੁੰਦੇ ਸਨ। ਇਹਨਾਂ ਦੀ ਗਿਣਤੀ ਜਲਦੀ ਵਧਦੀ ਜਾ ਰਹੀ ਸੀ, ਇੱਕ ਦਿਨ ‘ਮਾਨਹਾਣਾ’ ਨਾਂ ਦੇ ਪਿੰਡ ਵਿੱਚ ਸ.ਧੰਨਾ ਸਿੰਘ ਬੈਠੇ ਸਨ, ਪੁਲਸ ਆ ਗਈ। ਕਈ ਦਿਨਾਂ ਦੇ ਉਨੀਂਦੇ ਕਾਰਨ ਧੰਨਾ ਸਿੰਘ ਜੀ ਸੁੱਤੇ ਪਏ ਫੜ ਲਏ ਗਏ। ਹੱਥਾਂ ਵਿੱਚ ਹੱਥਕੜੀ ਲਾ ਦਿੱਤੀ ਗਈ ਅਤੇ ਉਹਨਾਂ ਨੂੰ ਬਾਹਰ ਲਿਆਦਾਂ ਗਿਆ। ਬਾਹਰ ਸਿਪਾਹੀ ਅਤੇ ਦੋ ਅੰਗਰੇਜ਼ ਉਹਨਾਂ ਨੂੰ ਘੇਰ ਕੇ ਖੜੇ ਹੋ ਗਏ। ਠੀਕ ਉਸੇ ਵਕਤ ਧਮਾਕਾ ਹੋਇਆ। ਧੰਨਾ ਸਿੰਘ ਨੇ ਬੰਬ ਚਲਾ ਦਿੱਤਾ ਸੀ, ਉਹ ਆਪ ਵੀ ਮਰੇ ਅਤੇ ਨਾਲ਼ ਹੀ ਇੱਕ ਅੰਗਰੇਜ਼ ਅਫਸਰ ਅਤੇ ਦਸ ਸਿਪਾਹੀ। ਬਾਕੀ ਬੁਰੀ ਤਰ੍ਹਾਂ ਜ਼ਖਮੀ ਹੋਏ।

ਇੰਝ ਹੀ ਮੁੰਡੇਰ ਨਾਂ ਦੇ ਪਿੰਡ ਵਿੱਚ ਬੰਤਾ ਸਿੰਘ, ਜਵਾਲਾ ਸਿੰਘ ਆਦਿ ਕਈ ਲੋਕ ਘਿਰ ਗਏ। ਇਹ ਸਾਰੇ ਛੱਤ ਉੱਤੇ ਬੈਠੇ ਸਨ। ਗੋਲੀ ਚੱਲੀ ਕੁੱਝ ਚਿਰ ਤੱਕ ਚੰਗੀ ਤੜਪ ਹੁੰਦੀ ਰਹੀ ਪਰ ਪੁਲਿਸ ਨੇ ਮਿੱਟੀ ਦਾ ਤੇਲ ਛਿੜਕ ਕੇ ਘਰ ਨੂੰ ਅੱਗ ਲਾ ਦਿੱਤੀ ਫਿਰ ਵੀ ਵਰਿਆਮ ਸਿੰਘ ਬਚ ਨਿਕਲੇ ਅਤੇ ਬੰਤਾ ਸਿੰਘ ਉੱਥੇ ਹੀ ਮਾਰੇ ਗਏ।

ਜੇ ਇਸ ਤੋਂ ਪਹਿਲਾਂ ਦੀਆਂ ਇੱਕ ਦੋ ਹੋਰ ਵਾਰਦਾਤਾਂ ਦਾ ਵਰਨਣ ਕਰ ਦਿੱਤਾ ਜਾਵੇ ਤਾਂ ਗੈਰ ਜ਼ਰੂਰੀ ਨਹੀਂ ਹੋਵੇਗਾ। ਬੰਤਾ ਸਿੰਘ ਬਹੁਤ ਹੌਸਲੇ ਵਾਲ਼ੇ ਸਨ। ਇਕ ਵੇਰ ਸ਼ਾਇਦ ਜਲੰਧਰ ਛਾਉਣੀ ਵਿੱਚ ਜਾ ਕੇ ਰਸਾਲੇ ਵਿੱਚ ਪਹਿਰੇ ਉੱਤੇ ਖੜੇ ਸਿਪਾਹੀ ਦੀ ਘੋੜੀ ਅਤੇ ਰਫਲ ਖੋਹ ਕੇ ਲਿਆਏ ਸਨ। ਜਿਨ੍ਹਾਂ ਦਿਨਾਂ ਵਿੱਚ ਪੁਲਿਸ ਦੇ ਦਸਤੇ ਇਹਨਾਂ ਦੀ ਭਾਲ ਵਿੱਚ ਮਾਰੇ-ਮਾਰੇ ਫਿਰਦੇ ਸਨ ਕਿਤੇ ਜੰਗਲ ਵਿੱਚ ਕਿਸੇ ਦਸਤੇ ਨਾਲ਼ ਇਹਨਾਂ ਦੀ ਮੁਲਾਕਾਤ ਹੋ ਗਈ। ਸਰਦਾਰ ਬੰਤਾ ਸਿੰਘ ਨੇ ਫੌਰਨ ਚਣੌਤੀ ਦਿੱਤੀ-ਜੇ ਹਿੰਮਤ ਹੈ ਤਾਂ ਦੋ ਹੱਥ ਕਰ ਲਉ। ਖੈਰ ਉੱਧਰ ਤਾਂ ਸਨ ਪੈਸੇ ਦੇ ਗੁਲਾਮ ਤੇ ਇੱਧਰ ਆਤਮ-ਤਿਆਗ ਵਾਲ਼ੇ ਇਨਸਾਨ। ਤੁਲਨਾ ਕਿਵੇਂ ਹੋ ਸਕਦੀ ਹੈ? ਸਿਪਾਹੀਆਂ ਦਾ ਦਸਤਾ ਚੁੱਪ-ਚਾਪ ਚਲਾ ਗਿਆ।

ਇਹਨਾਂ ਨੂੰ ਫੜਨ ਲਈ ਖਾਸ ਤੌਰ ’ਤੇ ਪੁਲਿਸ ਤਾਇਨਾਤ ਕੀਤੀ ਗਈ ਸੀ ਪਰ ਉਹਦੀ ਸੀ ਇਹ ਹਾਲਤ। ਖੈਰ ਗ੍ਰਿਫਤਾਰੀਆਂ ਦੀ ਭਰਮਾਰ ਸੀ। ਪਿੰਡ-ਪਿੰਡ ਪੁਲਿਸ ਤਾਜੀਰੀ ਚੌਂਕੀਆਂ ਬਿਠਾਈਆਂ ਜਾਣ ਲੱਗੀਆਂ। ਹੌਲ਼ੇ-ਹੌਲ਼ੇ ਬੱਬਰਾਂ ਦਾ ਜ਼ੋਰ ਘਟਣ ਲੱਗਾ। ਹੁਣ ਤੱਕ ਤਾਂ ਜਿਵੇਂ ਇਹਨਾਂ ਦਾ ਰਾਜ ਸੀ ਜਿੱਥੇ ਜਾਂਦੇ ਕੁਝ ਲੋਕ ਖੁਸ਼ੀ ਤੇ ਚਾਅ ਨਾਲ਼ ਕੁਝ ਡਰ ਅਤੇ ਸਹਿਮ ਨਾਲ਼ ਇਹਨਾਂ ਦੀ ਆਉ ਭਗਤ ਕਰਦੇ। ਸਰਕਾਰ ਦੇ ਪਿੱਠੂ ਇਕਦਮ ਡਰੇ ਬੈਠੇ ਸਨ। ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਘਰ ਤੋਂ ਨਿਕਲਣ ਦਾ ਹੌਸਲਾ ਹੀ ਉਹਨਾਂ ਨੂੰ ਨਹੀਂ ਸੀ ਪੈਂਦਾ। ਇਹ ਉਹਨੀਂ ਦਿਨੀ ਹੀਰੋ ਸਮਝੇ ਜਾਂਦੇ ਸਨ। ਉਹ ਬੀਰ ਸਨ ਤੇ ਉਹਨਾਂ ਦੀ ਪੂਜਾ-ਪੀਰ ਪੂਜਾ ਸਮਝੀ ਜਾਂਦੀ ਸੀ। ਪਰ ਹੌਲ਼ੀ-ਹੌਲ਼ੀ ਉਹਨਾਂ ਦਾ ਜ਼ੋਰ ਖਤਮ ਹੋ ਗਿਆ। ਸੈਂਕੜੇ ਹੀ ਫੜੇ ਗਏ। ਮੁਕੱਦਮੇ ਸ਼ੁਰੂ ਹੋਏ।

ਵਰਿਆਮ ਸਿੰਘ ਇਕੱਲੇ ਬਚੇ ਹੋਏ ਸਨ। ਜਲੰਧਰ ਹੁਸ਼ਿਆਰਪੁਰ ਵਿੱਚ ਪੁਲਿਸ ਦਾ ਜ਼ਿਆਦਾ ਜ਼ੋਰ ਦੇਖ ਕੇ ਉਹ ਲਾਇਲਪੁਰ ਜਾ ਰਹੇ। ਉੱਥੇ ਇੱਕ ਦਿਨ ਬਿਲਕੁਲ ਘਿਰ ਗਏ, ਪਰ ਚੰਗੀ ਤਰ੍ਹਾਂ ਸ਼ਾਨ ਨਾਲ਼ ਲੜਦਿਆਂ ਬਚ ਨਿਕਲੇ। ਪਰ ਬਹੁਤ ਥੱਕ ਗਏ। ਕੋਈ ਸਾਥੀ ਵੀ ਨਹੀਂ ਸੀ। ਹਾਲਤ ਬੜੀ ਅਜੀਬ ਸੀ। ਇੱਕ ਦਿਨ ਢੇਸੀਆਂ ਨਾਂ ਦੇ ਪਿੰਡ ਆਪਣੇ ਮਾਮੇ ਕੋਲ ਗਏ। ਹਥਿਆਰ ਬਾਹਰ ਰੱਖੇ ਹੋਏ ਸਨ। ਸ਼ਾਮ ਦੀ ਰੋਟੀ ਖਾਣ ਦੇ ਬਾਅਦ ਆਪਣੇ ਹਥਿਆਰਾਂ ਕੋਲ ਜਾ ਰਹੇ ਸਨ ਕਿ ਪੁਲਿਸ ਆ ਧਮਕੀ, ਘਿਰ ਗਏ। ਅੰਗਰੇਜ਼ ਨਾਇਕ ਨੇ ਉਹਨਾਂ ਨੂੰ ਪਿੱਛੋਂ ਦੀ ਆ ਕੇ ਫੜ ਲਿਆ। ਉਹਨਾਂ ਦੀ ਕਿਰਪਾਨ ਨੇ ਹੀ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਫਿਰ ਉਹ ਥੱਲੇ ਡਿੱਗ ਪਏ। ਹੱਥਕੜੀ ਲਾਉਣ ਦੀਆਂ ਸਾਰੀਆਂ ਕੋਸ਼ਿਸ਼ਾ ਵਿਅਰਥ ਗਈਆਂ ਤਾਂ ਗੋਲੀ ਨਾਲ਼ ਮਾਰ ਦਿੱਤੇ ਗਏ। ਇਸ ਮੌਕੇ ’ਤੇ ਇੱਕ ਅੰਗਰੇਜ਼ ਵੀ ਬੁਰੀ ਤਰ੍ਹਾਂ ਜ਼ਖਮੀ ਹੋਇਆ ਸੀ। ਇਹ ਘਟਨਾ 1924 ਦੇ ਅਖੀਰ ਦੀ ਹੈ- (8 ਜੂਨ 1924)। ਦੋ ਵਰ੍ਹੇ ਦੀ ਪੂਰੀ ਸਖ਼ਤੀ ਦੇ ਬਾਅਦ ਅਕਾਲੀ ਜੱਥੇ ਦਾ ਅੰਤ ਹੋ ਗਿਆ। ਉੱਧਰ ਮੁਕੱਦਮੇ ਚੱਲਣ ਲੱਗੇ ਜਿਸਦਾ ਨਤੀਜ਼ਾ ਉੱਪਰ ਲਿਖ ਆਏ ਹਾਂ। ਅਤੇ ਉਸ ਦਿਨ ਇਨ੍ਹਾਂ ਸੂਰਬੀਰਾਂ ਨੇ ਛੇਤੀ ਫ਼ਾਂਸੀ ’ਤੇ ਚੜ੍ਹਾਏ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਦੀ ਇਹ ਇੱਛਾ ਪੂਰੀ ਹੋ ਗਈ। ਉਹ ਸ਼ਾਂਤ ਹੋ ਗਏ।

**ਲਲਕਾਰ ’ਚੋਂ ਧੰਨਵਾਦ ਸਹਿਤ**


**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,**
**ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220**
**ਟੋਰਾਂਟੋ : ਹਰਬੰਸ ਸਿੰਘ 416-817-7142**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in



# ਹੈਂਕੜਬਾਜ਼ਾਂ ਦੀ ਹਾਰ ਦਾ ਤਕਾਜ਼ਾ ਹੈ




ਅਪ੍ਰੈਲ ਅਤੇ ਮਈ 2019 ਦੇ ਦੋ ਮਹੀਨਿਆਂ ਦੇ 39 ਦਿਨ ਸਾਡੇ ਦੇਸ਼ ਲਈ ਅਤਿ ਸੰਵੇਦਨਸ਼ੀਲ ਦਿਨ ਹਨ। ਇਹਨਾਂ 39 ਦਿਨਾਂ ਵਿੱਚ ਪੜਾਅ ਵਾਰ ਸੱਤ ਗੇੜਾਂ ਵਿੱਚ ਦੇਸ਼ ਦੀ ਨਵੀਂ ਸੰਸਦ ਚੁਣੀ ਜਾਣੀ ਹੈ। ਚੋਣਾਂ ਦੇ ਪਹਿਲੇ ਗੇੜ 11 ਅਪ੍ਰੈਲ 91 ਸੀਟਾਂ, ਦੂਜਾ 18 ਅਪ੍ਰੈਲ 95 ਸੀਟਾਂ, ਤੀਜਾ 23 ਅਪ੍ਰੈਲ 117 ਸੀਟਾਂ ਅਤੇ ਚੌਥਾ 29 ਅਪ੍ਰੈਲ 71 ਸੀਟਾਂ ਵਾਸਤੇ ਹੋ ਚੁੱਕੀਆਂ ਹਨ। ਸਰੋਕਾਰਾਂ ਦੀ ਅਵਾਜ਼ ਮਈ ਅੰਕ ਦੇ ਛਪਣ ਤੱਕ ਕੁੱਲ 374 ਸੀਟਾਂ ਵਾਸਤੇ ਚੋਣ ਹੋ ਚੁੱਕੀ ਹੋਵੇਗੀ। ਮਈ ਵਿੱਚ ਤਿੰਨ ਪੜਾਵਾਂ, ਪਹਿਲਾਂ 6 ਮਈ 51 ਸੀਟਾਂ ਵਾਸਤੇ, ਦੂਜਾ 12 ਮਈ 59 ਸੀਟਾਂ ਵਾਸਤੇ ਅਤੇ ਤੀਜਾ ਭਾਵ ਅਖਰੀਲਾ 19 ਮਈ 59 ਸੀਟਾਂ ਵਾਸਤੇ ਹੋਵੇਗਾ। ਪੰਜਾਬ, ਚੰਡੀਗੜ੍ਹ, ਹਿਮਾਚਲ ਸੀਟਾਂ ਦੇ ਮੱਤਦਾਤਾ ਇਸ ਅਖਰੀਲੇ ਗੇੜ ਵਿੱਚ ਆਪਣੇ ਐਮ.ਪੀਜ਼. ਦੀ ਚੋਣ ਕਰਨਗੇ।ਇਸ ਗੇੜ ਵਿੱਚ ਬਿਹਾਰ ਦੀਆਂ 8, ਝਾਰਖੰਡ ਦੀਆਂ 3 ਮੱਧ ਪ੍ਰਦੇਸ ਦੀਆਂ 8, ਪੱਛਮੀ ਬੰਗਾਲ ਦੀਆਂ 9 ਅਤੇ ਉੱਤਰ ਪ੍ਰਦੇਸ਼ ਦੀਆਂ 13 ਸੀਟਾਂ ਵਾਸਤੇ ਵੀ ਵੋਟਾਂ ਪੈਣਗੀਆਂ। ਪਾਰਲੀਮੈਂਟ ਦੀਆਂ ਕੁੱਲ 543 ਸੀਟਾਂ ਵਾਸਤੇ ਸੱਤ ਗੇੜਾਂ ਅਤੇ 39 ਦਿਨਾਂ ਵਿੱਚ ਹੋਈਆਂ ਵੋਟਾਂ ਦੀ ਗਿਣਤੀ 23 ਮਈ ਨੂੰ ਕੀਤੀ ਜਾਵੇਗੀ।

ਇਹ ਚੋਣਾਂ ਵੱਖਰੇ ਅਤੇ ਨਿਵਕਲੇ ਸੰਦਰਭ ਵਿੱਚ ਹੋ ਰਹੀਆਂ ਹਨ। ਸਤਾਰਵੀਂ ਪਾਰਲੀਮੈਂਟ ਦੀਆਂ ਇਹ ਚੋਣਾਂ 1952 ਤੋਂ ਲੈ ਕੇ ਹੁਣ ਤੱਕ ਦੀਆਂ ਬਹੁਤ ਅਹਿਮੀਅਤ ਰੱਖਦੀਆਂ ਹਨ। ਅੱਜ ਸਾਡਾ ਦੇਸ਼ ਭਾਰਤੀ ਫਾਸ਼ੀਵਾਦ ਦੀਆਂ ਬਰੂਹਾਂ ਤੇ ਖੜਾ ਹੈ। 2014 ਵਿੱਚ ਸਿਰਫ 31 ਫੀਸਦ ਵੋਟ ਪਰਾਪਤ ਕਰਕੇ ਸੱਤਾ ਵਿੱਚ ਆਈ ਭਾਜਪਾ ਨੇ ਪੂਰੀ ਤਰ੍ਹਾਂ ਆਪਣਾ ਅਸਲੀ ਚਿਹਰਾ ਲੋਕਾਂ ਨੂੰ ਦਿਖਾ ਦਿੱਤਾ ਹੈ। ਇਸ ਵਾਰ 2014 ਵਾਲੇ ਜ਼ੁਮਲਿਆ ਅਤੇ ਫੋਕੇ ਲਾਰਿਆਂ ਜਿਵੇਂ ਹਰ ਨਾਗਰਿਕ ਦੇ ਬੈਂਕ ਖਾਤੇ ਵਿਚ 15 ਲੱਖ ਜਮਾਂ ਕੀਤਾ ਜਾਵੇਗਾ। ਬਦੇਸ਼ੀ ਬੈਂਕਾ ਵਿਚ ਪਿਆ ਭਾਰਤੀਆਂ ਦਾ ਕਾਲਾ ਧਨ ਵਾਪਸ ਲਿਆਦਾ ਜਾਵੇਗਾ। ਰਿਸ਼ਵਤ ਖੋਰੀ ਜੜ੍ਹੋ ਪੁੱਟੀ ਜਾਵੇਗੀ। ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕਰਕੇ ਬੇਰੁਜ਼ਗਾਰੀ ਨੂੰ ਠੱਲ ਪਾਈ ਜਾਵੇਗੀ। ਹਰ ਕਿਸਾਨ ਨੂੰ ਖੁਸ਼ਹਾਲ ਕੀਤਾ ਜਾਵੇਗਾ ਆਦਿ। 2014 ਅਤੇ 2019 ਵਿੱਚ ਬੜਾ ਫਰਕ ਹੈ। ਅੱਜ ਭਾਜਪਾ ਅਤੇ ਉਹਨਾ ਦੀਆਂ ਸਹਿਯੋਗੀ ਪਾਰਟੀਆ ਦੇ ਆਗੂਆਂ ਵੱਲੋਂ ਆਏ ਦਿਨ ਫਿਰਕੂ ਵੰਡ ਦੀ ਜਹਿਰ ਉਘਲੀ ਜਾ ਰਹੀ ਹੈ। ਅੱਜ ਉਹਨਾਂ ਦਾ ਹਰ ਵਿਰੋਧੀ, ਦੇਸ਼ ਧ੍ਰੋਹੀ ਹੈ। ਅੱਤਵਾਦੀ ਹੈ। ਜਹਾਦੀ ਹੈ। ਪਾਕਸਤਾਨੀ ਏਜੰਟ ਹੈ। ਸੂਡੋ ਸੈਕੂਲਰਸਿਟ, ਸਿਕੂਲਰਸਿਟ ਅਤੇ ਕੂਮੀ ( ਕਮਿਊਨਿਸ਼ਟ ) ਹੈ। ਉਹਨਾਂ ਦੇ ਲੀਡਰਾਂ ਵੱਲੋਂ ਵਿਰੋਧੀਆਂ ਨੂੰ ਧਮਕੀਆਂ ਅਤੇ ਡਰਾਵੇ ਦਿੱਤੇ ਜਾ ਰਹੇ ਹਨ। ਪਰਚਾਰ ਇਸ ਤਰਾਂ ਕੀਤਾ ਜਾ ਰਿਹਾ ਹੈ ਜਿਵੇਂ ਇਕੱਲੀ ਭਾਜਪਾ ਹੀ ਅੱਜ ਦੇਸ਼ ਹਿਤੈਸ਼ੀ ਪਾਰਟੀ ਬਾਕੀ ਬਚੀ ਹੈ। ਇਸ ਸਭ ਦੇ ਕੀ ਸੰਕੇਤ ਹਨ ਮੈਂ ਅੱਗੇ ਵਿਚਾਰ ਕਰਾਂਗਾ।

ਪਹਿਲਾਂ ਇਸ ਵਾਰ ਦੀਆਂ ਚੋਣਾ ਦਾ ਇੱਕ ਬਹੁਤ ਹੀ ਅਹਿਮ ਪਹਿਲੂ। ਉਹ ਇਹ ਹੈ ਕਿ ਸਾਡਾ ਦੇਸ਼ ਹੀ ਇੱਕੋ ਇੱਕ ਦੇਸ਼ ਹੈ ਜਿਹੜਾ ਮੁਕੱਮਲ ਰੂਪ ਵਿਚ ਵੋਟਾਂ ਇਲੈਕਟਾਨਿਕ ਵੋਟ ਮਸੀਨਾਂ ਰਾਹੀ ਕਰਵਾਂਉਦਾ ਹੈ ਅਤੇ ਅੱਜ ਈ.ਵੀ.ਐਮ. ਦੀ ਭਰੋਸੇਯੋਗਤਾ ਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਚੁੱਕਿਆ ਹੈ। ਦੇਸ਼ ਭਰ ਦੀਆਂ ਵਿਰੋਧੀ ਪਾਰਟੀਆਂ ਇਹ ਮੰਨ ਦੀਆਂ ਹਨ ਕਿ ਮਸੀਨਾਂ ਰਾਂਹੀ ਵੋਟ ਇਕ ਪਾਰਟੀ ਤੋ ਦੂਜੀ ਪਾਰਟੀ ਨੂੰ ਚੋਰੀ ਹੋ ਸਕਦੀ ਹੈ ਇਸ ਤਰਾਂ ਕੀਤਾ ਵੀ ਜਾ ਚੁੱਕਾ ਹੈ। ਪਰ ਦੇਸ਼ ਦੀ ਇਕੋ ਇਕ ਪਾਰਟੀ ਹੈ ਜਿਸ ਨੂੰ ਮਸੀਨਾਂ ਤੇ ਭਰੋਸਾ ਹੈ। ਭਾਵੇਂ ਕਿ ਉਸ ਪਾਰਟੀ ਦੇ ਵੀ ਬਹੁਤੇ ਆਗੂ ਕਿੰਤੂ ਅਤੇ ਸ਼ੱਕ ਜਾਹਰ ਕਰ ਚੁੱਕੇ ਹਨ। ਫਾਸ਼ੀਵਾਦ ਦਾ ਵਖਾਵਾ ਕਰਦਿਆਂ ਭਾਜਪਾ ਨੇ ਭਾਰਤੀ ਚੋਣ ਕਮਿਸ਼ਨ ਅਤੇ ਸਰਵਉੱਚ ਅਦਾਲਤ ਨੂੰ ਵੀ ਬੰਦਕ ਬਣਾ ਰੱਖਿਆ ਹੈ। ਦੇਸ਼ ਦੀਆਂ 21 ਵੱਡੀਆਂ ਵਿਰੋਧੀ ਪਾਰਟੀਆਂ ਚੋਣ ਕਮਿਸ਼ਨ ਤੋਂ ਮੰਗ ਕਰਦੀਆਂ ਰਹੀਆਂ ਹਨ, ਕਿ ਚੋਣਾਂ ਬਲੈਟ ਪੇਪਰ ਰਾਹੀਂ ਕੀਤੀਆਂ ਜਾਣ। ਜਾਂ ਇਸ ਦੇ ਬਦਲੇ ਵੋਟਾਂ ਦਾ ਮਿਲਾਨ ਮਸੀਨੀ ਵੋਟ ਪਰਚੀ ਨਾਲ ਘੱਟੋ ਘੱਟ 50 ਫੀਸਦੀ ਕੀਤਾ ਜਾਵੇ। ਇਹਨਾਂ ਪਾਰਟੀਆਂ ਨੇ ਚੋਣ ਕਮਿਸ਼ਨ ਤੋ ਬਾਅਦ ਸਰਵਉੱਚ ਅਦਾਲਤ ਵਿਚ ਪਟੀਸ਼ਨ ਵੀ ਦਾਇਰ ਕਰ ਰੱਖੀ ਹੈ। ਇਸ ਚਾਰਾਜੋਈ ਦਾ ਕੋਈ ਤਸੱਲੀਬਖ਼ਸ ਹੱਲ ਨਾ ਤਾ ਕਮਿਸਨ ਨੇ ਕੀਤਾ ਹੈ ਅਤੇ ਨਾ ਹੀ ਸੁਪਰੀਮ ਕੋਰਟ ਨੇ। ਕੱਲ ਮਿਤੀ 24 ਅਪਰੈਲ 2019 ਨੂੰ 21 ਪਾਰਟੀਆਂ ਨੇ ਫਿਰ ਪਟੀਸ਼ਨ ਕੀਤੀ ਹੈ। ਸੁਪਰੀਮ ਕੋਰਟ ਨੇ ਕਮਿਸ਼ਨ ਦੀ ਇਹ ਦਲੀਲ ਮੰਨ ਕੇ ਕਿ ਮਿਲਾਨ ਮਸੀਨੀ ਗਿਣਤੀ ਨਾਲ ਕਰਨ ਵਾਸਤੇ 6 ਦਿਨਾਂ ਦਾ ਵਾਧੂ ਸਮਾਂ ਨਤੀਜੇ ਕੱਢਣ ਵਾਸਤੇ ਲੱਗੇਗਾ, 50 ਫੀਸਦ ਮਿਲਾਨ ਦੀ ਮੰਗ ਰੱਦ ਕਰਕੇ ਸਿਰਫ ਇੱਕ ਹਲਕੇ ਵਿਚ ਪੰਜ ਬੂਥਾਂ ਤੇ ਗਿਣਤੀ ਦਾ ਮਿਲਾਨ ਕਰਨ ਵਾਸਤੇ ਅਖਿਆ ਹੈ। ਹੁਣ ਮੰਨ ਲਵੋ ਕਿ ਇਕ ਹਲਕੇ ਵਿਚ 2000 ਪੋਲਿੰਗ ਬੂਥ ਹਨ ਉਹਨਾਂ ਵਿਚੋਂ ਪੰਜ ਬੂਥ ਸਿਰਫ 0.25 ਫੀਸਦੀ ਭਾਵ ਇਕ ਫੀਸਦੀ ਦਾ ਚੌਥਾ ਹਿੱਸਾ ਬਣਦੇ ਹਨ। ਇਸ ਦਾ ਨਤੀਜੀਆਂ ਤੇ ਕੀ ਅਸਰ ਪਵੇਗਾ? ਲੋਕਾਂ ਦੀ ਤਸੱਲੀ ਅਤੇ ਲੋਕ ਭਰੋਸੇ ਦਾ ਸਵਾਲ ਹੈ। ਜੇ ਸੱਤਾਂ ਗੇੜਾਂ ਦੀ ਚੋਣ 39 ਦਿਨਾਂ ਵਿੱਚ ਪੂਰੀ ਹੋਣੀ ਹੈ ਤਾਂ ਛੇ ਦਿਨ ਹੋਰ ਜੋੜ ਕੇ ਲੋਕਾਂ ਦਾ ਭਰੋਸਾ ਮਸ਼ੀਨਾਂ ਵਿਚ ਬਹਾਲ ਕਰਨ ਵਾਸਤੇ 45 ਦਿਨ ਲੱਗ ਜਾਣ ਤਾਂ ਚੋਣ ਕਮਿਸ਼ਨ ਅਤੇ ਸਰਵਉੱਚ ਅਦਾਲਤ ਨੂੰ ਕੀ ਇਤਰਾਜ ਹੋ ਸਕਦਾ ਹੈ। ਮਸਲਾ 6 ਵਾਧੂ ਦਿਨਾਂ ਦਾ ਨਹੀ ਮਸਲਾ ਇਹ ਹੈ ਕਿ ਅੱਜ ਸਾਡਾ ਦੇਸ ਉਲਟ ਇੰਨਕਲਾਬ ਦੇ ਦੌਰ ਦਾ ਸਾਹਮਣਾ ਕਰ ਰਿਹਾ ਹੈ। ਭਾਜਪਾ ਤਾਂ ਆਖਦੀ ਰਹੀ ਹੈ ਕਿ 2019 ਦੀਆਂ ਚੋਣਾ ਅਖੀਰਲੀਆਂ ਚੋਣਾਂ ਹਨ। ਇਸ ਤੋਂ ਅੱਗੇ ਫ਼ਾਸੀਵਾਦ ਹੈ। ਵੋਟ ਮਸ਼ੀਨਾਂ ਹੈੱਕ ਕਰਕੇ ਬਿਹਾਰ ਦੀ ਬੇਗੂ ਸਰਾਏ ਸੀਟ ਤੋਂ ਸੀ.ਪੀ.ਆਈ. ਦੀ ਟਿਕਟ ਦੇ ਚੋਣ ਲੜ ਰਹੇ ਕਨੱਈਆ ਕੁਮਾਰ ਨੂੰ ਜਰੂਰ ਬਰ ਜਰੂਰ ਹਰਾਉਣ ਵਾਸਤੇ ਭਾਜਪਾ ਦੇ ਸਹਿਯੋਗੀ ਸਿਵ ਸੈਨਾ ਆਗੂ ਰਾਜ ਠਾਕਰੇ ਨੇ ਮੰਗ ਕੀਤੀ ਹੈ। ਉਸਨੇ ਆਖਿਆ ਹੈ ਉਕਨੱਈਆ ਕੁਮਾਰ ਹਾਰਨਾ ਚਾਹੀਦਾ ਹੈ, ਭਾਵੇ ਸਾਨੂੰ ਈ.ਵੀ.ਐਮ. ਰਾਹੀਂ ਵੋਟ ਚੋਰੀ ਕਰਨੀ ਪਵੇ"। ਸਿਵ ਸੈਨਾ ਦੇ ਇਸ ਆਗੂ ਦਾ ਬਿਆਨ ਪੜ ਕੇ ਕਿਹੜਾ ਅਕਲਮੰਦ ਹੈ ਜਿਹੜਾ ਇਹ ਵਿਸਵਾਸ ਕਰ ਲਵੇ ਕਿ ਮਸ਼ੀਨਾਂ ਵਿੱਚੋਂ ਵੋਟ ਚੋਰੀ ਨਹੀ ਹੋ ਸਕਦੀ। ਸੋ ਭਰੋਸੇ ਹੀਣਤਾ ਦੇ ਮਾਹੌਲ ਵਿਚ ਇਹ ਚੋਣਾਂ ਹੋ ਰਹੀਆਂ ਹਨ। ਇਸੇ ਕਰਕੇ ਲੋਕਾਂ ,ਵਾਸਤੇ ਪਹਿਲਾਂ ਵਰਗੇ ਵੱਡੇ ਵੱਡੇ ਲਾਰਿਆਂ ਦੀ ਅਣਹੋਂਦ ਹੈ।

ਚਲੋ ਇਹ ਤਾਂ ਹੈ ਹੀ। ਫਿਰ ਵੀ ਭਾਰਤੀ ਅਵਾਮ ਪਹਿਲਾਂ ਵੀ ਬੜੀਆਂ ਕਰੂਰ ਹਾਲਤਾਂ ਦਾ ਸਾਹਮਣਾ ਕਰਦਾ ਆਇਆ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਇਨ੍ਹਾਂ ਚੋਣਾਂ ਤੋਂ ਬਾਅਦ ਦੇ ਹਾਲਾਤਾਂ ਨਾਲ ਦੋ ਚਾਰ ਹੋਣ ਦੀ ਸਮਰੱਥਾ ਵੀ ਅਵਾਮ ਕੋਲ ਹੈ। ਆਉ ਦੇਖੀਏ ਕਿ ਭਾਰਤੀ ਜਨ-ਸਮੂਹ ਵੋਟ ਕਿਵੇਂ ਅਤੇ ਕਿਹੜੇ ਮੁੱਦਿਆਂ ਤੇ ਕਰਦੇ ਹਨ। ਲੋਕਾਂ ਦੇ ਮਨਾਂ ਵਿੱਚ ਸਭ ਤੋਂ ਪਹਿਲਾ ਤੇ ਅਹਿਮ ਸਵਾਲ ਹੁੰਦਾ ਹੈ, ਸੁਯੋਗ ਪ੍ਰਸਾਸ਼ਨ, ਭਾਵ ਸਾਫ਼ ਸੁਥਰੀ ਪਾਰਦਰਸ਼ੀ ਕਾਰਜਪਾਲਿਕਾ, ਜਿਸਨੇ ਦੇਸ਼ ਦਾ ਰਾਜ ਭਾਗ ਚਲਾਉਣਾ ਹੈ। ਦੂਜਾ, ਵੱਡਾ ਲੋਕ ਮੁੱਦਾ ਹੈ ਕਿ ਦੇਸ ਅਗਾਂਹ ਵਧੇ, ਵਿਕਾਸ ਕਰੇ, ਉੱਨਤੀ ਕਰੇ, ਤਰੱਕੀ ਕਰੇ। ਤੀਜਾ, ਅਹਿਮ ਸਵਾਲ ਹੈ ਕਿ ਲੋਕਾ ਵਾਸਤੇ ਕਿ ਰਾਜਨੀਤਿਕ ਸਥਿਰਤਾ ਹੋਵੇ ਅਤੇ ਦੇਸ਼ ਦੀ ਬਾਹਰੀ ਸੁਰੱਖਿਆ ਦੀ ਗਰੰਟੀ ਹੋਵੇ। ਆਮ ਹਾਲਤਾਂ ਵਿੱਚ ਲੋਕ ਇਹਨਾਂ ਮੁੱਦਿਆਂ ਤੇ ਵੋਟ ਪਾਉਂਦੇ ਹਨ। ਜੇ ਅਸੀ ਪਿੱਛਲ ਝਾਤ ਮਾਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਲੋਕ ਬੁੱਧੀ, ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਨ ਦੀ ਸਮਰੱਥਾ ਰੱਖਦੀ ਹੈ। 1975 ਵਿਚ ਕਾਂਗਰਸ ਪਾਰਟੀ ਨੇ ਇੰਦਰਾ ਗਾਂਧੀ ਦੀ ਅਗਵਾਈ ਵਿਚ ਐਮਰਜੈਂਸੀ ਲਾਈ ਅਤੇ ਭਾਰਤ ਤੇ ਫ਼ਾਸੀਵਾਦ ਥੋਪਿਆ, ਪਰ ਮੌਕਾ ਮਿਲਦੇ ਹੀ ਲੋਕਾਂ ਨੇ ਕਰਾਰਾ ਜਵਾਬ ਦਿੰਦਿਆ 1977 ਵਿੱਚ ਲੋਕ ਰਾਜ ਬਹਾਲ ਕੀਤਾ ਅਤੇ ਇੰਦਰਾ ਗਾਂਧੀ ਸਮੇਤ ਕਾਂਗਰਸ ਦਾ ਦੇਸ਼ ਵਿਚੋਂ ਸਫਾਇਆ ਕੀਤਾ। 1980 ਵਿੱਚ ਰਾਜਨੀਤਿਕ ਅਸਿਥਰਤਾ ਦੇ ਚਲਦਿਆਂ ਲੋਕਾਂ ਨੇ ਸਥਿਰਤਾ ਪੱਖੀ ਵੋਟ ਪਾਈ। 2014 ਵਿਚ ਕਾਂਗਰਸ ਦੇ 10 ਸਾਲਾਂ ਦੇ ਅੱਤ ਕੁਰੱਪਟ ਅਤੇ ਸਕੈਂਡਲਾਂ ਭਰੇ ਰਾਜ ਤੋਂ ਬਾਅਦ, ਕੁਰੱਪਸ਼ਨ ਦੇ ਖਿਲਾਫ਼ ਵੋਟ ਦਾ ਇਸਤੇਮਾਲ ਕੀਤਾ ਅਤੇ ਭਾਜਪਾ ਸੱਤਾ ਤੇ ਬਰਾਜਮਾਨ ਹੋਈ। ਪਰ 2014 ਤੋਂ 2019 ਤੱਕ ਭ੍ਰਿਸਟਾਚਾਰ ਵੀ ਵਧਿਆ ਹੈ ਅਤੇ ਪ੍ਰਸ਼ਾਸਨ ਵਿਚ ਪਾਰਦਰਸ਼ਤਾ ਵੀ ਬਿਲਕੁਲ ਖਤਮ ਹੋ ਚੁੱਕੀ ਹੈ। ਅਤੇ ਵਿਕਾਸ ਨੂੰ ਵੀ ਸਗੋਂ ਪੁੱਠਾ ਗੇੜਾ ਲੱਗਿਆ ਹੈ। ਅੱਜ ਸਰਕਾਰੀ ਅੰਕੜਾ ਸੰਸਥਾ ਵਲੋਂ ਤਿਆਰ ਕੀਤੇ ਅੰਕੜੇ ਵੀ ਲੋਕਾਂ ਤੋਂ ਛੁਪਾਏ ਜਾ ਰਹੇ ਹਨ ਇਹ ਅੰਕੜੇ ਦੱਸਦੇ ਹਨ ਕਿ ਦੇਸ਼ ਵਿਕਾਸ ਨਹੀ ਕਰ ਰਿਹਾ ਸਗੋਂ ਹਰ ਖੇਤਰ ਵਿਚ 2014 ਨਾਲੋਂ ਪਛੜ ਰਿਹਾ ਹੈ। ਬੇਰੁਜ਼ਗਾਰੀ ਸਿਖਰਾਂ ਛੂਹ ਰਹੀ ਹੈ। ਖੇਤੀ ਸੈਕਟਰ ਜਿਸ ਨਾਲ ਦੇਸ਼ ਦੀ ਇੱਕ ਅਰਬ ਆਬਾਦੀ ਸਿੱਧੇ ਤੌਰ ਤੇ ਜੁੜੀ ਹੈ ਨਿਘਾਰ ਵੱਲ ਜਾ ਰਿਹਾ ਹੈ। ਸਨੱਅਤੀ ਉਤਪਾਦਕਤਾ ਮਨਫ਼ੀ ਵਿਚ ਚੱਲ ਰਹੀ ਹੈ। ਖਣਿਜ ਖੇਤਰ ਅਤੇ ਛੋਟੇ ਘਰੇਲੂ ਉਦਯੋਗ ਫ਼ਾਕਾ ਕੱਸੀ ਕਿਨਾਰੇ ਪਹੁੰਚ ਗਏ ਹਨ।

2014 ਵਿਚ ਭਾਜਪਾ ਵੱਲੋ ਗਾਏ ਜੁਮਲੇ ਇਕ ਪਾਸੇ, ਇਸ ਪ੍ਰਸਾਸ਼ਣ ਵੱਲੋਂ ਕੀਤੇ ਅਹਿਮ ਫੈਸਲਿਆਂ ਨੇ ਦੇਸ਼ ਦੀ ਆਰਥਿਕਤਾ ਤੇ ਵਦਾਨੀ ਸੱਟਾਂ ਮਾਰੀਆਂ ਹਨ। 2016 ਵਿਚ ਕੀਤੀ ਰਾਤੋ ਰਾਤ ਨੋਟਬੰਦੀ, ਦੇਸ਼ ਭਰ ਵਿਚ ਲਾਗੂ ਕੀਤਾ ਗਿਆ ਜੀ.ਐਸ.ਟੀ ਅਤੇ ਖੇਤੀ ਜਿਨਸਾਂ ਬਾਰੇ ਐਮ.ਐਸ.ਪੀ ਖਤਮ ਕਰਨ ਵੱਲ ਵੱਧਦੇ ਸਰਕਾਰੀ ਕਦਮ ਅਤੇ ਆਮ ਸਹਿਰੀਆਂ ਵਾਸਤੇ ਬੀਮਾ ਯੋਜਨਾ ਨੇ ਦੇਸ਼ ਦੀ ਬਹੁ-ਗਿਣਤੀ ਵਸੋਂ ਕੋਲੋਂ ਪਹਿਲਾਂ ਤੋ ਮਿਲਦੀਆਂ ਨਿਗੂਣੀਆਂ ਸਹੂਲਤਾਂ ਵੀ ਖੋਹ ਲਈਆਂ ਹਨ। ਅੱਜ ਦੇਸ਼ ਦੀ ਅੱਧੀ ਤੋਂ ਜਿਆਦਾ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਸਿਰਫ਼ ਇਕ ਅਮਰੀਕੀ ਡਾਲਰ ਰੋਜ਼ਾਨਾ ਪ੍ਰਤੀ ਪਰਿਵਾਰ ਤੇ ਗੁਜਰ ਬਸਰ ਕਰ ਰਹੀ ਹੈ ਦੇਸ਼ ਦੇ 50 ਫ਼ੀਸਦ ਬੱਚੇ ਕੁਪੋਸ਼ਨ ਦਾ ਸਿਕਾਰ ਹਨ। ਜਨੇਮੇ ਦੌਰਾਨ ਔਰਤਾ ਦੀ ਮੌਤ ਦਰ ਅਫ਼ਰੀਕੀ ਮੁਲਕਾਂ ਤੋਂ ਵੀ ਵੱਧ ਹੈ। ਇਕ ਸਾਲ ਤੋਂ ਪਹਿਲਾਂ ਦੀ ਉਮਰ ਦੇ ਬੱਚਿਆਂ ਦੀ ਮੌਤ ਦਰ ਵੀ ਦੁਨੀਆਂ ਭਰ ਵਿਚੋਂ ਵੱਧ ਹੈ ਭਾਗਲਪੁਰ ਬਿਹਾਰ ਵਿੱਚ, ਸਾਨੂੰ ਅੱਜ ਵੀ ਯਾਦ ਹੈ ਜਿਥੇ ਆਕਸੀਜਨ ਦੀ ਸਪਲਾਈ ਖੁਣੋਂ ਕੁਪੋਸ਼ਣ ਦੀ ਹਾਲਤ ਵਿਚ ਨਵ-ਜੰਮੇ ਸਿਸੂ ਦਰਜਨਾਂ ਦੀ ਗਿਣਤੀ ਵਿਚ ਮੌਤ ਨੇ ਗ੍ਰਸ ਲਏ। ਅਤੇ ਭਾਗਲਪੁਰ ਵਰਗੇ ਸਰਕਾਰੀ ਹਸਪਤਾਲ ਸਾਡੇ ਦੇਸ਼ ਦੇ ਹਰ ਕੋਨੇ ਵਿਚ ਦੇਖੇ ਜਾ ਸਕਦੇ ਹਨ। ਇਹ ਹੈ, ਭਾਜਪਾ ਦੇ ਵਿਕਾਸ ਦੀ ਇਕ ਤਸਵੀਰ ਹੈ। ਸਾਡੇ ਦੇਸ਼ ਕਰੋੜਾਂ ਲੋਕਾਂ ਕੋਲ ਕੋਈ ਪੱਕਾ ਠਿਕਾਨਾ ਨਹੀ। ਆਦਿ ਵਾਸੀਆਂ ਤੋਂ ਜੰਗਲ ਖੋਹੇ ਜਾ ਰਹੇ ਹਨ। ਦੂਜੀ ਤਸਵੀਰ ਹੈ ਦੌਲਤਾਂ ਦੇ ਅੰਬਾਰਾਂ ਦੀ। ਅੰਬਾਨੀ ਭਰਾਵਾਂ ਦੀ ਬੰਬਈ ਵਿਚ ਰਹਾਇਸ਼ੀ ਕੋਠੀ 27 ਮੰਜ਼ਲੀ ਹੈ। 19 ਮਾਰਚ ਦੇ ਇਕਨਾਮਿਕ ਟਾਈਮਜ਼ ਵਿਚ ਮਿਹਰ ਸ਼ਰਮਾ ਦਾ ਇਕ ਵੱਡਾ ਲੇਖ ਛਾਇਆ ਹੋਇਆ ਹੈ। ਉਸਨੇ ਲਿਖਿਆ ਹੈ ਭਾਰਤ ਦੇ 95 ਫੀਸਦ ਲੋਕ ਨਹੀਂ ਮੰਨਦੇ ਕਿ 2014 ਤੋਂ 2019 ਤੱਕ ਕੋਈ ਵਿਕਾਸ ਹੋਇਆ ਹੈ। ਉਹ ਇਹ ਵੀ ਲਿਖਦਾ ਹੈ ਕਿ ਅੱਜ ਲੋਕ 2014 ਵਾਲੀ ਕਾਂਗਰਸ ਦੀ ਕੁਰੱਪਸ਼ਨ ਨੂੰ ਵੀ ਭੁੱਲ ਚੁੱਕੇ ਹਨ। ਉਹ ਅਗੋਂ ਕਹਿੰਦਾ ਹੈ ਕਿ ਵਿਕਾਸ ਜ਼ਰੂਰ ਹੋਇਆ ਹੈ ਪਰ ਸਿਰਫ਼ ਸਟਾਕ ਮਾਰਕੀਟਾਂ ਵਿੱਚ ਹੋਇਆ ਹੈ। ਧੰਨ ਕੁਬੇਰਾਂ ਦੇ ਮੁਨਾਫਿਆਂ ਵਿੱਚ ਅੰਤਾਂ ਦਾ ਵਾਧਾ ਹੋਇਆ ਹੈ। 2014 ਵਿੱਚ ਸਿਰਫ਼ ਨੌਂ ਭਾਰਤੀ ਦੁਨੀਆਂ ਦੇ ਅਮੀਰਾਂ ਦੀ ਸੂਚੀ ਵਿੱਚ ਸਨ। ਅੱਜ 125 ਭਾਰਤੀ ਦੁਨੀਆਂ ਦੇ ਸੱਭ ਤੋਂ ਵੱਧ ਅਮੀਰਾਂ ਵਾਲੀ ਸੂਚੀ ਵਿੱਚ ਹਨ। 2014 ਤੋਂ 2019 ਤੱਕ ਸਿਰਫ਼ ਇਕ ਫੀਸਦ ਭਾਰਤੀ ਦੇਸ਼ ਦੀ ਕੁੱਲ 70 ਫੀਸਦ ਸੰਪਤੀ ਦੇ ਮਾਲਕ ਬਣ ਗਏ ਹਨ। ਦੇਸ਼ ਦੀ ਮੱਧ ਸ੍ਰੇਣੀ ਦੀ ਗਿਣਤੀ ਵੀ ਚਿੰਤਾ ਦੀ ਹੱਦ ਤੱਕ ਗਿਰ ਗਈ ਹੈ। ਇਸ ਵਿਕਾਸ ਦਾ ਸਿੱਧਾ ਸਿੱਧਾ ਅਰਥ ਇਹ ਹੈ ਕਿ ਗਰੀਬਾਂ ਦੀ ਗਿਣਤੀ ਵਿੱਚ ਉਸੇ ਅਨੁਪਾਤ ਨਾਲ ਵਾਧਾ ਹੋਇਆ ਹੈ।

ਜਗਦੀਸ਼ ਭਗਵਤੀ ਜੋ ਕੋਲੰਬੀਆਂ ਯੂਨੀਵਰਸਿਟੀ ਵਿੱਚ ਅਰਥ ਸਾਸ਼ਤਰ ਦਾ ਪ੍ਰੋਫੈਸਰ ਹੈ, ਅਤੇ ਗੁਰਚਰਨ ਦਾਸ ਜਿਸ ਨੇ “India unbound” ਕਿਤਾਬ ਲਿਖੀ ਹੈ, ਦੇ ਵਿਚਾਰ ਵੀ ਉਪਰੋਕਤ ਧਾਰਨਾ ਨਾਲ ਮੇਲ ਖਾਂਦੇ ਹਨ। ਗੁਰਚਰਨ ਦਾਸ ਜੋ ਕਿ ਵਿਸ਼ਵ ਬੈਂਕ ਵਿੱਚ ਕੰਮ ਕਰਦਾ ਅਰਥ ਸਾਸ਼ਤਰੀ ਹੈ ਤਾਂ ਸਿੱਧਾ ਹੀ ਆਖਦਾ ਹੈ ਕਿ ਮੋਦੀ ਸਰਕਾਰ ਵਿੱਚ ਸਿਰਫ਼ ਅਮੀਰਾਂ ਦੀ ਅਮੀਰੀ ਵਿੱਚ ਹੀ ਇਜਾਫ਼ਾ ਹੋਇਆ ਹੈ। ਨੋਬਲ ਇਨਾਮ ਜੇਤੂ ਬੰਗਾਲੀ ਮੂਲ ਦਾ ਅਰਥ ਵਿਗਿਆਨੀ ਅਮ੍ਰਿਤਆ ਸੇਨ ਆਖਦਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਭਾਰਤੀ ਧੰਨਾਢਾਂ ਦੀ ਅਯਾਸ਼ੀ ਵਿੱਚ ਹੋਇਆ ਵਾਧਾ ਇਉਂ ਲੱਗਦਾ ਹੈ ਜਿਵੇਂ ਅਫਰੀਕਨ ਸਹਾਰਾ ਮਾਰੂਥਲ ਵਿੱਚ, ਕੈਲੇਫੋਰਨੀਆਂ ਵਰਗਾ ਕੋਈ ਟਾਪੂ ਹੋਵੇ।

10 ਅਪਰੈਲ ਦੇ ਲੰਡਨ ਦੇ ਪ੍ਰਸਿਧ ਖੱਬੇ ਪੱਖੀ ਅਖਬਾਰ ‘ਗਾਰਡੀਅਨ’ ਵਿੱਚ ਰੁਚੀਰ ਸ਼ਰਮਾਂ ਨੇ ਲਿਖਿਆ ਹੈ ਕਿ ਇਹਨਾਂ ਚੋਣਾਂ ਵਿੱਚ ਮੋਦੀ ਦੇ ਤਾਨਾਸ਼ਾਹੀ, ਫਾਸੀਵਾਦੀ ਰੁਝਾਨ ਨੂੰ ਹਿੰਦੀ ਭਾਸ਼ੀ ਬੈਲਟ ਵਿੱਚ ਜਬਰਦਸ਼ਤ ਟੱਕਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਦਾ ਇਕ ਲੇਖ ਬੀ.ਬੀ.ਸੀ. ਅੰਗਰੇਜ਼ੀ ਨੇ 23 ਅਪਰੈਲ 2019 ਨੂੰ ਸ਼ਾਇਆ ਕੀਤਾ ਹੈ ਜਿਸ ਵਿੱਚ ਉਸਨੇ ਆਖਿਆ ਹੈ ਕਿ ਭਾਰਤੀ ਲੋਕਾਂ ਦੀ ਮੂਲ ਪ੍ਰਵਿਰਤੀ ਹੈ ਕਿ ਉਹ ਹੈਂਕੜਬਾਜ਼ ਅਤੇ ਘੁਮੰਡੀ ਸ਼ਾਸ਼ਕ ਨੂੰ ਜ਼ਰੂਰ ਹਰਾਉਂਦੇ ਹਨ। ਹਿੰਦੀ ਭਾਸ਼ੀ ਖੇਤਰ ਵਿੱਚੋਂ 2014 ਵਿੱਚ ਭਾਜਪਾ ਨੇ 127 ਸੀਟਾਂ ਦੀ ਵੱਡੀ ਜਿੱਤ ਦਰਜ ਕੀਤੀ ਸੀ। ਪਰ ਹੁਣ ਯੂ.ਪੀ., ਬਿਹਾਰ, ਝਾਰਖੰਡ, ਛੱਤੀਸਗੜ੍ਹ, ਮੱਧਪ੍ਰਦੇਸ਼, ਰਾਜਿਸਥਾਨ ਦੇ ਇਸ ਖੇਤਰ ਵਿੱਚ ਭਾਜਪਾ ਨੂੰ ਭਾਰੀ ਘਾਟਾ ਪੈਣ ਦੀ ਸੰਭਾਵਨਾ ਹੈ। ਯੂ.ਪੀ. ਵਿੱਚ ਮਾਇਆਵਤੀ ਅਤੇ ਮੁਲਾਇਮ ਸਿੰਘ ਯਾਦਵ ਦਾ ਬੇਟਾ ਅਖਿਲੇਸ਼ ਯਾਦਵ ਵੱਡੀ ਟੱਕਰ ਦੇ ਰਹੇ ਹਨ। ਬਿਹਾਰ ਵਿੱਚ ਲਾਲੂ ਪ੍ਰਸ਼ਾਦ ਅਤੇ ਸ਼ਰਦ ਯਾਦਵ ਦਾ ਰਾਜਨੀਤਕ ਏਕਾ ਭਾਜਪਾ ਵਾਸਤੇ ਵੱਡੀ ਚਨੌਤੀ ਹੈ। ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ, ਉੜੀਸਾ ਵਿੱਚ ਨਵੀਨ ਪਟਨਾਇਕ, ਆਂਧਰਾ ਵਿੱਚ ਨਾਰਾ ਚੰਦਰ ਬਾਬੂ ਨਾਇਡੂ ਵੀ ਭਾਜਪਾ ਵਾਸਤੇ ਭਾਰੂ ਸਾਬਤ ਹੋ ਰਹੇ ਹਨ। ਉਸਨੇ ਆਪਣੀ ਕਿਤਾਬ "Democracy on the Road" ਭਾਰਤ ਵਿੱਚ 25 ਸਾਲਾਂ ਦੇ ਸਫ਼ਰ ਦੀ ਵਾਰਤਾ, ਵਿੱਚ ਵੀ ਅਜਿਹੇ ਪ੍ਰਭਾਵ ਦਰਜ ਕੀਤੇ ਹਨ। 16 ਅਪਰੈਲ ਦੇ ‘ਗਾਰਡੀਅਨ’ ਅਖਬਾਰ ਦੇ ਅੰਕ ਵਿੱਚ ਪੰਕਜ ਮਿਸ਼ਰਾ ਨੇ ਮੋਦੀ ਬਾਰੇ ਵਿੱਕੀਲੀਕਸ਼ ਵੱਲੋਂ ਛਾਇਆ ਕੀਤੀ ਇਕ ਅਮਰੀਕਨ ਡਿਪਲੋਮੈਟ ਦੀ ਟਿੱਪਣੀ ਦਰਜ ਕੀਤੀ ਹੈ। ਡਿਪਲੋਮੈਟ ਆਖਦਾ ਹੈ ਕਿ ਉਮੋਦੀ ਆਮ ਪਹੁੰਚ ਤੋਂ ਦੂਰ ਰਹਿੰਦਾ ਹੈ ਅਤੇ ਹਰ ਬੰਦੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੈ।” ਉਸ ਨੂੰ ਹਰ ਵਿਰੋਧੀ ਅੱਤਿਵਾਦੀ, ਜ਼ਹਾਦੀ, ਪਾਕਿਸਤਾਨੀ, ਏਜੰਟ ਅਤੇ ਦੇਸ਼ ਧ੍ਰੋਹੀ ਲੱਗਦਾ ਹੈ। ਆਮ ਵਿਚਾਰ ਇਹ ਹੈ ਕਿ ਹਿੰਦੀ ਬੈਲਟ ਵਿੱਚ ਭਾਜਪਾ ਨੂੰ ਵੱਡਾ ਖੋਰਾ ਲੱਗੇਗਾ ਅਤੇ ਉੱਤਰ ਪੂਰਬ ਦੇ ਸੱਤ ਰਾਜਾਂ ਆਸਾਮ ਸਮੇਤ, ਵਿੱਚ ਵੀ ਭਾਜਪਾ ਨੂੰ ਕੋਈ ਲਾਭ ਹੋਣ ਵਾਲਾ ਨਹੀਂ ਹੈ। ਉੱਤਰ ਪੱਛਮੀਂ ਸੂਬਿਆਂ ਜਿਵੇਂ ਪੰਜਾਬ, ਹਰਿਆਣਾ, ਹਿਮਾਚਲ, ਉੱਤਰਖੰਡ, ਜਮੂੰ-ਕਸ਼ਮੀਰ, ਰਾਜਸਥਾਨ ਆਦਿ ਵਿੱਚ ਵੀ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਜਿਵੇਂ ਅਕਾਲੀ ਦਲ ਆਦਿ ਨੂੰ ਭਾਰੀ ਨੁਕਸਾਨ ਹੋਣ ਦੀ ਆਸ ਹੈ। ਪੱਛਮੀ ਸੂਬੇ ਗੁਜਰਾਤ ਅਤੇ ਮਹਾਂਰਸ਼ਟਰ, ਗੋਆ ਵਿੱਚ ਵੀ ਭਾਜਪਾ ਆਪਣਾ ਵੋਟ ਅਧਾਰ ਵੱਡੇ ਪੱਧਰ ਤੇ ਗੁਆਏਗੀ। ਦੱਖਣ ਦੇ ਸੂਬੇ ਕੇਰਲਾ, ਤਾਮਿਲਨਾਡ, ਕਰਨਾਟਕ ਵਿੱਚ ਵੈਸੇ ਹੀ ਭਾਜਪਾ ਦੀ ਗੱਲ ਨਹੀਂ ਬਣਦੀ। ‘ਗਾਰਡੀਅਨ’ ਦਾ ਟਿੱਪਣਕਿਾਰ ਰੁਚੀਰ ਸ਼ਰਮਾਂ ਆਖਦਾ ਹੈ ਕਿ ਜਦੋਂ ਦੱਖਣ ਵਿੱਚ ਮੋਦੀ ਹਿੰਦੀ ਵਿੱਚ ਭਾਸ਼ਣ ਕਰਦਾ ਹੈ ਤਾਂ ਲੋਕ ਉੱਠ ਕੇ ਚਲੇ ਜਾਂਦੇ ਹਨ। ਉਹਨਾਂ ਨੂੰ ਹਿੰਦੀ ਸਮਝ ਨਹੀਂ ਆਉਂਦੀ ਅਤੇ ਦੁਭਾਸ਼ੀਆਂ ਰਾਹੀਂ ਕੀਤੀ ਗੱਲ ਹਵਾ ਵਿੱਚ ਗੁਆਚ ਜਾਂਦੀ ਹੈ। ਉਸ ਨੇ ਇਹ ਵੀ ਆਖਿਆ ਹੈ ਕਿ ਅੱਜ ਵੀ ਸਿਰਫ਼ 40 ਫੀਸਦ ਭਾਰਤੀ ਹੀ ਹਿੰਦੀ ਬੋਲਦੇ ਜਾਂ ਸਮਝਦੇ ਹਨ।

ਇਹ ਹੈ ਮੋਟੇ ਰੂਪ ਵਿੱਚ 2019 ਦੀਆਂ ਚੋਣਾਂ ਦੇ ਸੰਧਰਭ ਵਿੱਚ ਭਾਜਪਾ ਦੀ ਸਥਿਤੀ। ਕਿਉਂਕਿ ਭਾਰਤ ਇਕ ਵਿਸ਼ਾਲ ਭੂ-ਖੇਤਰ ਹੈ। ਇਸ ਦੀ ਵਸੋਂ ਇਕ ਅਰਬ ਤੀਹ ਕਰੋੜ ਹੈ। ਅਲੱਗ ਅਲੱਗ ਸਭਿਆਚਾਰ, ਭਾਸਾਵਾਂ ਅਤੇ ਲੋਕ ਮਾਨਤਾਵਾਂ ਹਨ। ਲੋਕਾਂ ਦੀਆਂ ਇਛਾਵਾਂ ਅਤੇ ਵਿਕਾਸ ਲੋੜਾਂ ਵੀ ਅਲੱਗ ਹਨ। ਬਹੁ ਨਸਲੀ ਬਹੁ ਭਾਸ਼ਾਵੀ ਖੇਤਰ ਹੋਣ ਕਰਕੇ ਲੋਕ ਭਾਜਪਾ ਦੀਆਂ ਏਕੀਕਰਨ ਅਤੇ ਏਕਾ ਅਧਿਕਾਰਵਾਦੀ ਰੁਚੀਆਂ ਦੇ ਉਲਟ ਹਨ। 2019 ਦੀਆਂ ਚੋਣਾਂ ਵਿੱਚ 90 ਕਰੋੜ ਰਜਿਸਟਰਡ ਵੋਟਰ ਹਨ। ਇਨ੍ਹਾਂ ਵਿੱਚ 13 ਕਰੋੜ ਵੋਟਰ ਤਾਂ ਅਜਿਹੇ ਹਨ ਜਿਹੜੇ ਪਹਿਲੀ ਵਾਰ ਵੋਟ ਦਾ ਇਸਤੇਮਾਲ ਕਰਨਗੇ। ਇਹ ਨੌਜਵਾਨ ਵਰਗ ਹੈ ਤੇ ਇਹ ਵਰਗ ਰੋਜਗਾਰ ਦੀ ਤਲਾਸ਼ ਕਰ ਰਿਹਾ ਹੈ। ਇਸ ਵਰਗ ਵਿਚੋਂ ਵੱਡਾ ਹਿੱਸਾ ਆਧੁਨਿਕ ਤਕਨੀਕ ਵਿੱਚ ਵੀ ਮਾਹਰ ਹੈ ਅਤੇ ਰਾਜਨੀਤਕ ਪੱਖੋਂ ਚੇਤਨ ਹੈ। ਇਹ ਵਰਗ ਵੋਟਿੰਗ ਕਰਨ ਵੇਲੇ ਰੂੜੀਵਾਦੀ ਪਰੰਪਰਾਵਾਂ

ਨੂੰ ਨਹੀਂ ਮੰਨਦਾ।

ਭਾਰਤ ਦੇ ਮੀਡੀਏ ਦੀ ਗੱਲ ਛੱਡ ਦਿਉ, ਅਖਬਾਰਾਂ ਅਤੇ ਚੈਨਲਾਂ ਨੂੰ ਲੋਕਾਂ ਦੇ ਸਰੋਕਾਰਾਂ ਨਾਲ ਕੋਈ ਮਤਲਬ ਨਹੀਂ ਹੈ। ਉਹਨਾਂ ਦਾ ਕੰਮ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਨਾ ਹੈ। ਉਹ ਸਥਾਪਤੀ ਪੱਖੀ ਹਨ। ਉਹ ਅੱਜ ਦੇ ਬਦਲ ਤੋਂ ਤ੍ਰਹਿੰਦੇ ਹਨ। ਉਹ ਚੌਵੀ ਘੰਟੇ ਮੋਦੀ ਮੋਦੀ ਅਲਾਪ ਰਹੇ ਹਨ। ਪਰ ਹਕੀਕਤ ਕੁੱਝ ਹੋਰ ਹੈ। ਸੰਸਾਰ ਪੱਧਰ ਦੇ ਮਾਹਰ ਇਕ ਮੱਤ ਹਨ ਕਿ ਭਾਰਤ ਵਿੱਚ ਚੋਣਾਂ ਸਬੰਧੀ ਅਗਾਊਂ ਅੰਦਾਜੇ ਹਵਾ ਵਿੱਚ ਤਲਵਾਰਾਂ ਮਾਰਨ ਵਾਲੀ ਗੱਲ ਹੈ। ਆਮ ਵਿਚਾਰ ਹੈ ਕਿ ਭਾਰਤ ਦੀਆਂ ਚੋਣਾਂ ਅਗਾਊਂ ਆਂਕੀਆਂ ਨਹੀਂ ਜਾ ਸਕਦੀਆਂ। ਭਾਰਤ ਯੂਰਪੀਅਨ ਯੂਨੀਅਨ ਦੇ ਖੇਤਰ ਤੋਂ ਵੱਡਾ ਮੁਲਕ ਹੈ।

ਅਮਰੀਕਾ ਦੇ ਸੰਸਾਰ ਪ੍ਰਸਿੱਧ ਸੱਜੀ ਧਿਰ ਦੇ ਚੈਨਲ ਸੀ.ਐਨ.ਐਨ. ਦੇ ਇਕ ਮਾਹਿਰ ਟਿੱਪਣੀਕਾਰ ਨੇ ਟਿੱਪਣੀ ਕੀਤੀ ਹੈ ਕਿ ਇਸ ਵਾਰ 2019 ਦੀ ਚੋਣ ਵਿੱਚ ‘ਸਿਨਿਡੋਰਮਓਟੌਨਿ ਦਾ, ਭਾਵ ਝੂਠੇ ਬਿਆਨਾਂ ਦਾ ਬੋਲਬਾਲਾ ਹੈ। ਉਹ ਆਖਦਾ ਹੈ ਕਿ ਝੂਠ, ਫਰੇਬ, ਮਕਾਰੀ ਦਾ ਸ਼ੋਰ ਹੈ। ਉ ਸ਼ਰਮ ਧਰਮ ਦੋਏ ਛੁਪ ਖਲੋਏ, ਕੂੜ ਫਿਰੇ ਪ੍ਰਧਾਨ ਵੇ ਲਾਲੋ ” ਵਾਲ਼ੀ ਸਥਿਤੀ ਹੈ। ਕੀ 2019 ਵਿੱਚ ਇਕ ਵਾਰ ਫਿਰ ਗੁਰੂ ਨਾਨਕ ਜੀ ਦੇ ਆਖੇ ਸ਼ਬਦ ਸੱਚ ਹੋਣਗੇ। ਕਥਿਤ ਪੁਲਵਾਮਾ ਆਤੰਕੀ ਹਮਲੇ ਅਤੇ ਬਾਲਾਕੋਟ ਦੇ ਜਵਾਬੀ ਹਮਲੇ ਸਬੰਧੀ ਬੋਲਦੀ ਪ੍ਰਮੁੱਖ ਧਿਰ ਭਾਜਪਾ ਨੇ ਝੂਠ ਦੇ ਸਾਰੇ ਰੀਕਾਰਡ ਮਾਤ ਪਾ ਦਿੱਤੇ ਹਨ। ਉਹਨਾਂ ਦੇ ਆਗੂਆਂ ਸਾਹਮਣੇ ਹਿਟਲਰ ਦਾ ਸਾਥੀ ਗੋਇਬਲਜ਼ ਵੀ ਕਬਰ ਵਿੱਚ ਪਿਆ ਸਰਮਿੰਦਾ ਹੋ ਰਿਹਾ ਹੋਵੇਗਾ। ਭਾਜਪਾ ਸਹਿਮ ਅਤੇ ਡਰ ਦਾ ਮਹੌਲ ਸਿਰਜਣ ਵਾਸਤੇ ਅੱਡੀ ਚੋਟੀ ਦਾ ਜੋਰ ਲਗਾ ਰਹੀ ਹੈ।

**ਚਲਦੇ ਚਲਦੇ ਪੰਜਾਬ ਬਾਰੇ:-**

ਪੰਜਾਬ ਦੀਆਂ 13 ਸੀਟਾਂ ਵਾਸਤੇ ਵੋਟਾਂ 19 ਮਈ ਨੂੰ ਪੈਣਗੀਆਂ। ਪੰਜਾਬ ਵਿੱਚ ਪਿਛਲੇ ਦੋ ਸਾਲਾਂ ਤੋਂ ਵੱਧ ਕਾਂਗਰਸ ਸੱਤਾ ਵਿੱਚ ਹੈ। ਇਸਨੇ ਲੋਕਾਂ ਦਾ ਅੱਜ ਤੱਕ ਕੁਝ ਵੀ ਨਹੀਂ ਸਵਾਰਿਆ। ਖੇਤੀ ਸੈਕਟਰ ਡੂੰਘੇ ਸੰਕਟ ਵਿੱਚ ਹੈ। ਬਾਕੀ ਉਦਯੋਗਿਕ ਇਕਾਈਆਂ ਵੀ ਆਰਥਿਕ ਮੰਦਵਾੜਾ ਝੱਲ ਰਹੀਆਂ ਹਨ।ਪਰ ਅਜੇ ਤੱਕ ਕਾਗਰਸ ਨੂੰ ਪੰਜਾਬ ਵਿੱਚ ਸਥਾਪਤੀ ਵਿਰੋਧੀ ਲਹਿਰ ਦਾ ਵੀ ਸਾਹਮਣਾ ਨਹੀਂ ਹੈ। ਵਪਾਰੀ ਵਰਗ ਵੀ ਕਾਂਗਰਸ ਨਾਲੋਂ ਭਾਜਪਾ ਤੋਂ ਜਿਆਦਾ ਔਖਾ ਹੈ। ਜੀ.ਐਸ.ਟੀ. ਨੇ ਉਹਨਾਂ ਦਾ ਲੱਕ ਤੋੜ ਦਿੱਤਾ ਹੈ। ਤਕੜਾ ਕਾਂਗਰਸ ਵਿਰੋਧੀ ਬਦਲ ਵੀ ਅਜੇ ਤੱਕ ਪੰਜਾਬ ਵਿਚ ਉਸਰ ਨਹੀ ਸਕਿਆ। ਬੈਂਸ ਭਰਾਵਾਂ ਅਤੇ ਆਮ ਆਦਮੀ ਪਾਰਟੀ ਤੋਂ ਭਗੌੜੇ ਖੈਹਰੇ ਨੇ, ਸੀ.ਪੀ. ਆਈ., ਪਾਸਲਾ ਗਰੁੱਪ ਅਤੇ ਪੰਥਕ ਧਿਰਾਂ ਨਾਲ ਮਿਲ ਕੇ ਜੋ ਬਦਲ ਪੇਸ਼ ਕੀਤਾ ਹੈ ਉਹ ਵੀ ਲੋਕ ਇਛਾਵਾਂ ਤੋਂ ਦੂਰ ਦੀ ਗੱਲ ਹੈ। ਆਮ ਆਦਮੀ ਪਾਰਟੀ ਨਾਲ ਅਜੇ ਤੱਕ ਵੀ ਲੋਕ ਖੜੇ ਹਨ। ਆਮ ਆਦਮੀ ਪਾਰਟੀ ਨੇ ਜੋ ਲੋਕ ਮੁੱਦੇ 2014 ਤੋਂ ਲੈ ਕੇ ਚੁੱਕੇ ਹਨ ਅਜੇ ਤੱਕ ਉਹਨਾ ਦਾ ਨਿਬੇੜਾ ਨਹੀਂ ਹੋਇਆ ਇਸ ਕਰਕੇ ਆਮ ਆਦਮੀ ਪਾਰਟੀ ਕੋਲੋਂ ਉਹਨਾਂ ਨੂੰ ਉਮੀਦ ਹੈ। 2014 ਵੇਲੇ ਕਾਂਗਰਸ ਨੇ 3 ਸੀਟਾਂ, 31.10 ਫੀਸਦ ਵੋਟ, ਅਕਾਲੀ ਭਾਜਪਾ ਨੇ 6 ਸੀਟਾਂ 36 ਫੀਸਦ ਅਤੇ ਆਮ ਆਦਮੀ ਪਾਰਟੀ ਨੇ 4 ਸੀਟਾ 24.40 ਫੀਸਦ ਵੋਟ ਪ੍ਰਾਪਤ ਕੀਤੇ ਸਨ। ਇਸ ਵਾਰ ਕਾਂਗਰਸ ਆਪਣੀਆਂ ਸੀਟਾਂ ਪੰਜਾਬ ਵਿੱਚੋ ਵਧਾਵੇਗੀ ਅਜਿਹੇ ਅੰਦਾਜੇ ਆ ਰਹੇ ਹਨ। ਜੇ ਪੂਰੇ ਭਾਰਤ ਦੀ ਗੱਲ ਕਰੀਏ ਤਾਂ ਇਹ ਕੰਧ ਤੇ ਲਿਖੇ ਸੱਚ ਵਾਂਗ ਹੈ। ਭਾਜਪਾ ਗਿਰੇਗੀ, ਕਾਂਗਰਸ ਉੱਠੇਗੀ। ਪਰ ਆਖਰਕਾਰ ਗਿਣਤੀ ਤੋਂ ਬਾਅਦ ਗੇਂਦ ਰਾਸ਼ਟਰਪਤੀ ਭਵਨ ਜਾਵੇਗੀ। ਕਿਹੜੀ ਵੱਡੀ ਪਾਰਟੀ ਨੂੰ ਸੱਦਾ ਦੇਣਾ ਹੈ। ਅਤੇ ਰਾਸ਼ਟਰਪਤੀ ਕੋਵਿੰਦ ਵੀ ਤਾਂ ਚੋਣ ਕਮਿਸ਼ਨ ਅਤੇ ਸਰਵਉੱਚ ਅਦਾਲਤ ਵਾਂਗ ਬੀ.ਜੇ.ਪੀ. ਦੀ ਧਿਰ ਵਾਂਗ ਵਿਵਹਾਰ ਕਰਦਾ ਦਿਸਦਾ ਹੈ। ਮੀਡੀਏ ਵਿੱਚ ਆਇਆ ਹੈ ਕਿ ਕੈਪਟਨ ਨੇ ਫਿਰੋਜ਼ਪੁਰ ਸੀਟ ਸੁਖਬੀਰ ਬਾਦਲ ਵਾਸਤੇ ਅਤੇ ਬਠਿੰਡਾ ਸੀਟ ਹਰਸਿਮਰਤ ਬਾਦਲ ਨੂੰ ਜਿਤਾਉਣ ਲਈ ਕਮਜ਼ੋਰ ਕਾਂਗਰਸ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਹਨ। ਅਮੀਨ।

# ਭਾਜਪਾ ਲਈ ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਉਦੇਸ਼



ਮਨਦੀਪ
mandeepsaddowal@gmail.com

ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਸਿਆਸਤ ਨਾਲ ਅਟੁੱਟ ਅਤੇ ਪੇਚੀਦਾ ਰਿਸ਼ਤਾ ਹੈ। ਹਰ ਕਿਸਮ ਦੀ ਸੱਤਾ-ਧਿਰ ਦੀ ਵਿਚਾਰਧਾਰਾ ਦੀ ਸਿਆਸਤ ਇਸ ਉੱਤੇ ਅਸਰਅੰਦਾਜ਼ ਹੁੰਦੀ ਹੈ। ਇਸਦੇ ਉਲਟ ਸਾਹਿਤ, ਕਲਾ ਅਤੇ ਸੱਭਿਆਚਾਰ ਸੱਤਾ ਅਤੇ ਸਿਆਸਤ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਇਨ੍ਹੀ ਦਿਨੀਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਭਾਰਤੀ ਸਿਨੇਮਾ ਨੂੰ ਪਾਰਟੀ ਪ੍ਰਚਾਰ ਦਾ ਮਾਧਿਅਮ ਬਣਾਉਣ ਦੀਆਂ ਕਈ ਮਸ਼ਕਾਂ ਦੇਖਣ ਨੂੰ ਮਿਲ ਰਹੀਆਂ ਹਨ। ਉਂਝ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ’ਚ ਆਉਣ ਤੋਂ ਬਾਅਦ ਲਗਾਤਾਰ ਸਾਹਿਤ, ਕਲਾ, ਵਿਗਿਆਨ ਅਤੇ ਸੱਭਿਆਚਾਰ ਦੇ ਖੇਤਰ ਵਿਚ ਸੰਘ ਅਤੇ ਉਸਦੀ ਹਿੰਦੂਤਵੀ ਵਿਚਾਰਧਾਰਾ ਨੂੰ ਲਾਗੂ ਕਰਨ ਦੇ ਏਜੰਡੇ ਉੱਤੇ ਚੱਲ ਰਹੀ ਹੈ।

ਦੇਸ਼ ਅੰਦਰ 2019 ਦੀਆਂ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ, ਅਜਿਹੇ ਸਮੇਂ ਮਾਰਚ ਮਹੀਨੇ ’ਚ ‘ਪੀਐਮ ਨਰੇਂਦਰ ਮੋਦੀ’ ਨਾਂ ਦੀ ਬਾਲੀਵੁੱਡ ਫਿਲਮ ਦਾ ਟ੍ਰੇਲਰ ਸਾਹਮਣੇ ਆਇਆ ਹੈ। ਇਹ ਫਿਲਮ 23 ਭਸ਼ਾਵਾਂ ਵਿਚ ਬਣ ਰਹੀ ਹੈ। ਫਿਲਮ ਦਾ ਟ੍ਰੇਲਰ ਰੀਲੀਜ ਹੋਣ ਦੇ ਕੁਝ ਘੰਟਿਆਂ ਬਾਅਦ ਹੀ ਇਹ ਵਿਵਾਦਾਂ ਵਿਚ ਘਿਰ ਗਿਆ ਹੈ। ਇਸਤੋਂ ਪਹਿਲਾਂ ਭਾਜਪਾ ਦੀ ਫਿਰਕੂ ਫਸਾਦੀ ਵਿਚਾਰਧਾਰਾ ਤੋਂ ਪ੍ਰੇਰਿਤ ‘ਉਰੀ :ਦਿ ਸਰਜੀਕਲ ਸਟਰਾਇਕ’ ਅਤੇ ‘ਐਕਸੀਡੈਂਟਲ ਪ੍ਰਇਮ ਮਨਿਸਟਰ’ ਨਾਂ ਦੀਆਂ ਬਾਲੀਵੁੱਡ ਫਿਲਮਾਂ ਵਿਵਾਦਾਂ ਵਿੱਚ ਰਹੀਆਂ ਸਨ। ਅਸਲ ਵਿਚ ਇਹ ਤਿੰਨ ਵੱਖ-ਵੱਖ ਫਿਲਮਾਂ ਨਾ ਹੋ ਕੇ ਭਾਜਪਾ ਪ੍ਰਚਾਰ ਮੁਹਿੰਮ ਦੀ ਇਕ ਲੜੀ ਹੈ। ਫਿਲਮ ‘ਉਰੀ’ ਵਿਚ ਪਾਕਿਸਤਾਨ ਖਿਲਾਫ ਫਿਰਕੂ ਜਨੂੰਨ ਭੜਕਾ ਕੇ ਅਤੇ ਇਸਦੇ ਖਿਲਾਫ ‘ਰਾਸ਼ਟਰਵਾਦੀ’ ਭਾਵਨਾ ਦੇ ਨਾਂ ਹੇਠ ਅੰਨੇ ਹਿੰਦੂ ਕੌਮੀ ਸ਼ਾਵਨਵਾਦ ਨੂੰ ਬੜਾਵਾ ਦਿੱਤਾ ਗਿਆ। ਅਸਿੱਧੇ ਤੌਰ ਤੇ ਨਰੇਂਦਰ ਮੋਦੀ ਨੂੰ ਨਿਡਰ ਪ੍ਰਧਾਨ ਮੰਤਰੀ ਦੇ ਤੌਰ ਤੇ ਪੇਸ਼ ਕੀਤਾ ਗਿਆ।‘ਐਕਸੀਡੈਂਟਲ ਪ੍ਰਇਮ ਮਨਿਸਟਰ’ ਨਾਂ ਦੀ ਦੂਜੀ ਫਿਲਮ ’ਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਧੁਰਾ ਬਣਾਕੇ ਵਿਰੋਧੀ ਧਿਰ ਕਾਂਗਰਸ ਅਤੇ ਨਹਿਰੂ ਪਰਿਵਾਰ ਉੱਪਰ ਹਮਲਾ ਕੀਤਾ ਗਿਆ। ਆ ਰਹੀ ਨਵੀਂ ਫਿਲਮ ਵਿਚ ਨਰੇਂਦਰ ਮੋਦੀ ਦੇ ਵਿਅਕਤੀਤਵ ਨੂੰ ਕੇਂਦਰ ’ਚ ਰੱਖਦਿਆਂ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਵਿਚਾਰਧਾਰਾ ਅਤੇ ਭਾਜਪਾ ਦੀਆਂ ਨੀਤੀਆਂ ਨੂੰ ਉਭਾਰਨ ਦੇ ਯਤਨ ਕੀਤੇ ਜਾ ਰਹੇ ਹਨ। ਇਹ ਸਿਆਸੀ ਕਸਰਤ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਸੰਪੂਰਨ ਦਾਅਵੇਦਾਰ ਬਣਾ ਕੇ ਪੇਸ਼ ਕਰਨ ਲਈ ਕੀਤੀ ਜਾ ਰਹੀ ਹੈ। ਇੱਕ ਗਰੀਬ ਪਰਿਵਾਰ ਵਿਚ ਪੈਦਾ ਹੋਏ ਬੱਚੇ ਦੀ ਦੇਸ਼ਭਗਤੀ ਵਿਖਾਕੇ ਨਰੇਂਦਰ ਮੋਦੀ ਦਾ ਵਿਅਕਤੀਗਤ ਕਲਟ ਤਿਆਰ ਕੀਤਾ ਜਾ ਰਿਹਾ ਹੈ।

ਇਹ ਇਤਿਹਾਸ ਦਾ ਇੱਕ ਅਨੋਖਾ ਮੇਲ ਹੈ ਕਿ ਬਿਲਕੁਲ ਇਸੇ ਤਰਜ ਉੱਤੇ ਨਾਜ਼ੀ ਜਰਮਨੀ ਅੰਦਰ 1927 ਤੋਂ 1945 ਦੇ ਅਰਸੇ ਦੌਰਾਨ ਅਡੋਲਫ ਹਿਟਲਰ ਨੂੰ ਲੋਕ ਨਾਇਕ ਬਣਾਕੇ ਪੇਸ਼ ਕਰਨ ਲਈ ਜਰਮਨੀ ਸਿਨੇਮਾ ਨੂੰ ਮੁੱਖ ਸਾਧਨ ਬਣਾਇਆ ਗਿਆ ਸੀ। ਹਿਟਲਰ ਦੇ ਸ਼ਾਸ਼ਨ ਕਾਲ ਸਮੇਂ ਜਰਮਨੀ ਦਾ ਸਿਨੇਮਾ ਨਾਜ਼ੀ ਪਾਰਟੀ ਦੀ ਸਿਆਸਤ ਦੇ ਪ੍ਰਚਾਰ ਦਾ ਮੁੱਖ ਸਾਧਨ ਬਣਾਇਆ ਗਿਆ। ਗਰੀਬੀ ਅਤੇ ਮਹਿੰਗਾਈ ਦੀ ਮਾਰ ਝੱਲ ਰਹੇ ਜਰਮਨੀ ਦੇ ਲੋਕਾਂ ਨੂੰ ਖੁਸ਼ਹਾਲੀ ਅਤੇ ਤਰੱਕੀ ਦੇ ਨਾਅਰੇ ਦੇ ਕੇ ਨਾਜ਼ੀ ਪਾਰਟੀ ਦੇ ਫਿਰਕੂ ਅਤੇ ਨਸਲੀ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਸੀ। ਇਸ ਦੌਰਾਨ ਜਰਮਨੀ ਦੇ ਸਿਨੇਮਾ ਰਾਹੀਂ ਹਿਟਲਰ ਨੂੰ ‘ਲੋਹ ਪੁਰਸ਼’ ਅਤੇ ‘ਲੋਕਾਂ ਦਾ ਨਾਇਕ’ ਬਣਾਕੇ ਪੇਸ਼ ਜਾਂਦਾ ਸੀ। ਲੋਕਾਂ ਅੰਦਰ ਨਸਲੀ ਸ਼ੁੱਧਤਾ ਅਤੇ ਕੌਮੀ ਭਾਵਨਾ




ਪੈਦਾ ਕੀਤੀ ਜਾਂਦੀ। ਨਾਜ਼ੀ ਜਰਮਨੀ ਦਾ ਪ੍ਰਚਾਰ-ਪ੍ਰਸਾਰ ਮੰਤਰਾਲਾ ਹਿਟਲਰ ਦੇ ਨਜਦੀਕੀ ਜੋਸੇਫ ਗੋਬਲਸ ਹੱਥ ਸੀ। ਗੋਬਲਸ ਰੋਜਾਨਾਂ ਫਿਲਮਾ ਦੇਖਦਾ ਅਤੇ ਫਿਲਮਕਾਰਾਂ ਨਾਲ ਸਰਗਰਮ ਸੰਪਰਕ ਰੱਖਦਾ ਸੀ। ਇਸੇ ਤਰ੍ਹਾਂ ਪਿਛਲੇ ਸਾਲ ਜੂਨ ਮਹੀਨੇ ਵਿਚ ਭਾਜਪਾ ਪ੍ਰਧਾਨ ਅਮਿੱਤ ਸ਼ਾਹ ‘ਸਮੱਰਥਨ ਲਈ ਸੰਪਰਕ’ ਮੁਹਿੰਮ ਤਹਿਤ ਅਨੇਕਾਂ ਫਿਲਮਾਂ ਦੇਖਕੇ ਮੁਬੰਈ ਦੇ ਕਈ ਫਿਲਮਕਾਰਾਂ ਅਤੇ ਫਿਲਮੀ ਸਿਤਾਰਿਆਂ ਨੂੰ ਉਹਨਾਂ ਦੇ ਘਰ ਜਾ ਨਿੱਜੀ ਤੌਰ ਤੇ ਮਿਲੇ।

ਹਿਟਲਰ ਨੇ ਸੱਤਾ ’ਚ ਆਉਣ ਤੋਂ ਬਾਅਦ ਨਿੱਜੀ ਤੌਰ ਤੇ ਸ਼ਾਮਲ ਹੋ ਕੇ ‘ਇਟਰੋਪੋਲਸਿ’ ਅਤੇ ‘ਠਰੁਮਿਪਹ ਦਇਸ ਾਂਲਿਲਇਨਸ’ ਨਾਂ ਦੀਆਂ ਰਾਸ਼ਟਰਵਾਦ ਦੀ ਭਾਵਨਾ ਨਾਲ ਭਰੀਆਂ ਹੋਈਆਂ ਦੋ ਫਿਲਮਾਂ ਤਿਆਰ ਕਰਵਾਈਆਂ। ਇਹਨਾਂ ਦੋਵਾਂ ਫਿਲਮਾਂ ਵਿਚ ਜਮਾਤੀ ਦਰਜੇਬੰਦੀ ਨੂੰ ਤੋੜ ਕੇ ਉਸਦੇ ਫਾਸ਼ੀਵਾਦੀ ਰਾਜ ਹੇਠ ਬਰਾਬਰਤਾ ਲਿਆਉਣ, ਕਮਿਊਨਿਜ਼ਮ ਦਾ ਵਿਰੋਧ, ਬਾਹਰੀ ਦੁਸ਼ਮਣ ਤੋਂ ਖਤਰਾ ਅਤੇ ਜਰਮਨ ਨੂੰ ‘ਵਿਸ਼ਵ ਸ਼ਕਤੀ’ ਬਣਾਉਣ ਦੇ ਪ੍ਰਚਾਰ ਉਹਲੇ ਨਾਜ਼ੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਗਿਆ, ਜਿਸਦਾ ਨਾਇਕ ਹਿਟਲਰ ਸੀ। ਇਸੇ ਤਰਜ ਤੇ ਭਾਜਪਾ ਅਤੇ ਸੰਘ ਦੇ ਸਹਿਯੋਗ ਨਾਲ ਬਣੀਆਂ ਭਾਰਤੀ ਬਾਲੀਵੁੱਡ ਫਿਲਮਾਂ ਵਿਚ ਵਿਕਾਸ ਅਤੇ ਰਾਸ਼ਟਰਵਾਦ ਦੇ ਧੂੰਆਂਧਾਰ ਪ੍ਰਚਾਰ, ‘ਦੁਸ਼ਮਣ ਦੇਸ਼’ ਪਾਕਿਸਤਾਨ ਨੂੰ ਸਬਕ ਸਿਖਾਉਣ, ਨਕਸਲਵਾਦ ਦਾ ਵਿਰੋਧ ਅਤੇ ਭਾਰਤ ਨੂੰ ਵਿਸ਼ਵ ਸ਼ਕਤੀ ਬਣਾਉਣ ਦੇ ਸ਼ੋਰਗੁੱਲ ਉਹਲੇ ਹਿੰਦੂ ਫਾਸ਼ੀਵਾਦੀ ਏਜੰਡੇ ਨੂੰ ਪ੍ਰਚਾਰਿਆ-ਪ੍ਰਸਾਰਿਆ ਜਾ ਰਿਹਾ ਹੈ, ਜਿਸਦਾ ਨਾਇਕ ਨਰੇਂਦਰ ਮੋਦੀ ਨੂੰ ਪੇਸ਼ ਕੀਤਾ ਜਾ ਰਿਹਾ ਹੈ।

ਨਾਜ਼ੀ ਜਰਮਨੀ ਦੌਰਾਨ ਸਾਹਿਤ, ਕਲਾ ਅਤੇ ਸੱਭਿਆਚਾਰ ਨੂੰ ਨਾਜ਼ੀ ਵਿਚਾਰਧਾਰਾ ਅਨੁਸਾਰ ਢਾਲਿਆ ਜਾਂਦਾ ਰਿਹਾ। ਜਮਹੂਰੀ ਅਤੇ ਪ੍ਰਗਤੀਸ਼ੀਲ ਕਾਰਵਾਈਆਂ ਨੂੰ ਜਬਰ ਆਸਰੇ ਕੁਚਲ ਦਿੱਤਾ ਜਾਂਦਾ ਰਿਹਾ। ਕਲਾਤਮਿਕ ਫਿਲਮਾਂ ਖਿਲਾਫ ਕੂੜ-ਪ੍ਰਚਾਰ ਕਰਵਾਇਆ ਗਿਆ। ਨਾਜ਼ੀ ਜਰਮਨੀ ਦੀ ਤਰਜ ਤੇ ਪਿਛਲੇ ਸਮੇਂ ਸ਼ਿਵ ਸੈਨਾ ਦੇ ਗੁੰਡਾ-ਗਰੋਹਾਂ ਵੱਲੋਂ ਭਾਜਪਾ ਸਰਕਾਰ ਵਾਲੇ ਸੂਬਿਆਂ ਵਿਚ ਫਿਲਮ ‘ਪਦਮਾਵਤ’ ਦਾ ਹਿੰਸਕ ਵਿਰੋਧ ਕੀਤਾ ਗਿਆ। ਇੱਕ ਪਾਸੇ ਇਤਿਹਾਸਕ ਫਿਲਮਾਂ ਦਾ ਵਿਰੋਧ ਅਤੇ ਦੂਜੇ ਪਾਸੇ ਸ਼ਿਵ ਸੈਨਾ ਦੇ ਫਿਰਕਾਪ੍ਰਸਤ ਮੁੱਖੀ ਬਾਲ ਠਾਕਰੇ ਦੇ ਜੀਵਨ ਤੇ ਬਣੀ ਫਿਲਮ ‘ਠਾਕਰੇ’ ਨੂੰ ਉਭਾਰਨ ਵਿੱਚ ਸੰਘ ਸਮੇਤ ਭਾਜਪਾ ਪੱਬਾਂ ਭਾਰ ਰਹੇ। ਭਾਜਪਾ ਦੇ ਕਈ ਮੰਤਰੀਆਂ ਨੇ 2019 ਦੇ ਬਜਟ ਸ਼ੈਸ਼ਨ ਦੌਰਾਨ ਪਾਰਲੀਮੈਂਟ ਨੂੰ ਵੀ ‘ਉਰੀ : ਦਿ ਸਰਜੀਕਲ ਸਟਰਾਇਕ’ ਵਰਗੀ ਫਿਲਮ ਨੂੰ ਪ੍ਰਮੋਟ ਕਰਨ ਦਾ ਮੰਚ ਬਣਾ ਧਰਿਆ। ਕੋਬਰਾ ਪੋਸਟ ਨਾਮ ਦੀ ਇਕ ਪ੍ਰਸਿੱਧ ਵੈੱਬਸਾਇਟ ਨੇ ਖੁਲਾਸੇ ਕਰਦਿਆਂ ਦੱਸਿਆ ਕਿ ਭਾਜਪਾ ਅਤੇ ਹਿੰਦੀ ਫਿਲਮੀ ਸਿਤਾਰਿਆਂ ਵਿਚਕਾਰ ਇਕ ਖੁਫੀਆ ਸਮਝੌਤਾ ਹੋਇਆ ਹੈ ਜਿਸ ਤਹਿਤ ਉਹਨਾਂ ਨੇ ਮਿੱਥੀ ਕੀਮਤ ਹਾਸਲ ਕਰਕੇ ਸ਼ੋਸ਼ਲ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਭਾਜਪਾ ਸਰਕਾਰ ਦੇ ਹੱਕ ਵਿਚ ਪ੍ਰਚਾਰ ਕਰਨਾ ਹੈ। ਕੋਬਰਾ ਪੋਸਟ ਨੇ ਇਸ ਖੁਲਾਸੇ ਵਿਚ ਫਿਲਮ ਜਗਤ ਦੀਆਂ ਕਈ ਉਘੀਆਂ ਹਸਤੀਆਂ ਦੇ ਨਾਮ ਵੀ ਨਸ਼ਰ ਕੀਤੇ ਸਨ। ਇਸੇ ਤਰ੍ਹਾਂ ‘ਬਰਾਡਕਾਸਟ ਔਡੀਐਂਸ ਰੀਸਰਚ ਕੌਂਸਲ’ ਦੇ ਇੱਕ ਸਰਵੇ ਮੁਤਾਬਕ ਭਾਜਪਾ ਸਰਕਾਰ ਨੇ ਭਾਰਤ ਦੇ ਚੋਟੀ ਦੇ ਦਸ ਟੀਵੀ ਚੈਨਲਾਂ ਉਪਰ ਸਭ ਤੋਂ ਵੱਧ ਰਿਕਾਰਡ ਤੋੜ (22,099 ਵਾਰੀ) ਇਸ਼ਤਿਹਾਰਬਾਜ਼ੀ ਕਰਵਾਈ। ਇਸ ਸਰਵੇ ਮੁਤਾਬਕ ਭਾਜਪਾ ਸਰਕਾਰ ਨੇ ਆਪਣੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ 5000 ਕਰੋੜ ਰੁਪਏ ਸਿਰਫ ਇਸ਼ਤਿਹਾਰਬਾਜ਼ੀ ਉਪਰ ਹੀ ਰੋੜ ਦਿੱਤੇ।

ਭਾਜਪਾ ਸਰਕਾਰ ਦੀਆਂ ਸੱਤਾ ’ਚ ਆਉਣ ਤੋਂ ਹੁਣ ਤੱਕ ਦੀਆਂ ਕਾਰਵਾਈਆਂ ਦੱਸਦੀਆਂ ਹਨ ਕਿ ਲੋਕਾਂ ਦੇ ਮੰਨੋਰੰਜਨ ਅਤੇ ਜਾਣਕਾਰੀ ਦੇ ਸਾਧਨ ਹੁਣ ਸਿਆਸੀ ਪ੍ਰਚਾਰ ਮੁਹਿੰਮ ਦੇ ਸਾਧਨ ਬਣ ਚੁੱਕੇ ਹਨ। ਦੇਸ਼ ਦੇ ਨਿਊਜ਼ ਚੈਨਲਾਂ ਤੋਂ ਲੈ ਕੇ ਰੇਡੀਓ, ਸ਼ੋਸ਼ਲ ਮੀਡੀਆ ਅਤੇ ਫਿਲਮ ਜਗਤ ਨੂੰ ਭਾਜਪਾ ਦੇ ਬੁਲਾਰਿਆਂ ਦੇ ਤੌਰ ਤੇ ਉਭਾਰਿਆ ਜਾ ਰਿਹਾ ਹੈ। ਟੀਵੀ, ਰੇਡੀਓ, ਸਿਨੇਮਾਂ, ਸ਼ੋਸ਼ਲ ਮੀਡੀਆ ਤੋਂ ਇਲਾਵਾ ਸਾਹਿਤ, ਪਾਠ ਪੁਸਤਕਾਂ, ਸੱਭਿਆਚਾਰ ਅਤੇ ਵਿਗਿਆਨਿਕ ਸੰਸਥਾਵਾਂ ਉੱਤੇ ਹਿੰਦੂਤਵੀ ਫਿਰਕੂ ਵਿਚਾਰਧਾਰਾ ਥੋਪੀ ਜਾ ਰਹੀ ਹੈ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੇ ਨੇ ਪਿਛਲੇ ਦਿਨੀਂ ਹਿੰਦੀ ਫਿਲਮ ਉਦਯੋਗ ਨੂੰ ‘ਬਾਲੀਵੁੱਡ’ ਕਹਿਣ ਤੇ ਇਤਰਾਜ ਜਤਾਇਆ। ਉਹਨਾਂ ਦਾ ਮੰਨਣਾ ਹੈ ਕਿ ਇਹ ਸ਼ਬਦ ਭਾਰਤੀ ਸੱਭਿਆਚਾਰ ਦੀ ਤਰਜਮਾਨੀ ਨਹੀਂ ਕਰਦਾ। ਇਹ ਨਾਮ ‘ਹਾਲੀਵੁੱਡ’ ਦੀ ਤਰਜ ਤੇ ਬੀਬੀਸੀ ਵੱਲੋਂ ਥੋਪਿਆ ਗਿਆ ਹੈ। ਇਸੇ ਤਰ੍ਹਾਂ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਭਾਜਪਾ ਦੇ ਮੰਤਰੀਆਂ ਵੱਲੋਂ ਭਾਰਤੀ ਸਾਹਿਤ, ਕਲਾ ਅਤੇ ਸੱਭਿਆਚਾਰ ਨੂੰ ਬਦਲਣ ਲਈ ਲਗਾਤਾਰ ਇਕ ਮੁਹਿੰਮ ਚਲਾਈ ਹੋਈ ਹੈ। ਭਾਜਪਾ ਦੁਆਰਾ ਸੰਘ ਸਮਰਥਕ ਗਜੇਂਦਰ ਚੌਹਾਨ ਨੂੰ ‘ਭਾਰਤੀ ਫਿਲਮ ਅਤੇ ਟੀਵੀ ਸੰਸਥਾ’ ਦਾ ਚੇਅਰਮੈਨ ਥਾਪਣਾ ਅਤੇ ਸੰਘ ਦੇ ਸਿੱਖਿਆ ਸ਼ਾਸ਼ਤਰੀ ਦੀਨਾ ਨਾਥ ਬਤਰਾ ਦੀਆਂ ਲਿਖੀਆਂ ਪੁਸਤਕਾਂ ਨੂੰ ਗੁਜਰਾਤ ਦੇ ਸਕੂਲਾਂ ਵਿਚ ਪੜਾਉਣ ਦੇ ਯਤਨ ਭਾਜਪਾ ਪਹਿਲਾਂ ਤੋਂ ਹੀ ਕਰਦੀ ਆ ਰਹੀ ਹੈ। ਇਸ ਤੋਂ ਇਲਾਵਾ ਭਾਜਪਾ ਵੱਲੋਂ ਸੰਘ ਦੇ ਗੁਪਤ ਏਜੰਡੇ ਨੂੰ ਲਾਗੂ ਕਰਨ ਲਈ ਭਾਰਤੀ ਲੋਕਾ— ਨੂੰ ਜਨਮ ਦਿਵਸ ਮਨਾਉਣ ਵੇਲੇ ਸਵਦੇਸ਼ੀ ਕੱਪੜੇ ਪਾਉਣ, ਗਯਤਰੀ ਮੰਤਰ ਦਾ ਪਾਠ ਕਰਨ, ਗਊ ਪੂਜਾ, ਮੋਮਬੱਤੀਆਂ ਦੇ ਪੱਛਮੀ ਸੱਭਿਆਚਾਰ ਦੀ ਥਾਂ ਦੀਵੇ ਜਗਾਉਣ, ਸੀ.ਬੀ.ਐਸ.ਈ. ਪਾਠਕ੍ਰਮਾ ’ਚ ਸੋਧ ਕਰਕੇ

*ਭਾਜਪਾ ਸਰਕਾਰ ਦੀਆਂ ਸੱਤਾ ’ਚ ਆਉਣ ਤੋਂ ਹੁਣ ਤੱਕ ਦੀਆਂ ਕਾਰਵਾਈਆਂ ਦੱਸਦੀਆਂ ਹਨ ਕਿ ਲੋਕਾਂ ਦੇ ਮੰਨੋਰੰਜਨ ਅਤੇ ਜਾਣਕਾਰੀ ਦੇ ਸਾਧਨ ਹੁਣ ਸਿਆਸੀ ਪ੍ਰਚਾਰ ਮੁਹਿੰਮ ਦੇ ਸਾਧਨ ਬਣ ਚੁੱਕੇ ਹਨ। ਦੇਸ਼ ਦੇ ਨਿਊਜ਼ ਚੈਨਲਾਂ ਤੋਂ ਲੈ ਕੇ ਰੇਡੀਓ, ਸ਼ੋਸ਼ਲ ਮੀਡੀਆ ਅਤੇ ਫਿਲਮ ਜਗਤ ਨੂੰ ਭਾਜਪਾ ਦੇ ਬੁਲਾਰਿਆਂ ਦੇ ਤੌਰ ਤੇ ਉਭਾਰਿਆ ਜਾ ਰਿਹਾ ਹੈ। ਟੀਵੀ, ਰੇਡੀਓ, ਸਿਨੇਮਾਂ, ਸ਼ੋਸ਼ਲ ਮੀਡੀਆ ਤੋਂ ਇਲਾਵਾ ਸਾਹਿਤ, ਪਾਠ ਪੁਸਤਕਾਂ, ਸੱਭਿਆਚਾਰ ਅਤੇ ਵਿਗਿਆਨਿਕ ਸੰਸਥਾਵਾਂ ਉੱਤੇ ਹਿੰਦੂਤਵੀ ਫਿਰਕੂ ਵਿਚਾਰਧਾਰਾ ਥੋਪੀ ਜਾ ਰਹੀ ਹੈ।*

ਮਹਾਰਾਣਾ ਪ੍ਰਤਾਪ, ਵਿਵੇਕਾਨੰਦ ਅਤੇ ਚਾਣਕਿਆ ਨੂੰ ਪੜ੍ਹਾ ?ਣ, ਅੰਗਰੇਜ਼ੀ ਭਾਸ਼ਾ ਦੀ ਥਾ— ਪੁਰਾਤਨ ਭਾਰਤੀ ਭਾਸ਼ਾਵਾਂ ਸੰਸਕ੍ਰਿਤ ਆਦਿ ਨੂੰ ਪੜ੍ਹਾਉਣ, ਵਿੱਦਿਅਕ ਅਦਾਰਿਆ— ’ਚ ਹਿੰਦੂ ਕਦਰਾ— ਕੀਮਤਾ— ਅਤੇ ਕੌਮਵਾਦ ਦਾ ਪਾਠ ਪੜ੍ਹਾਉਣ, ਸਕੂਲਾਂ ਅਤੇ ਕਾਲਜਾਂ ’ਚ ਮੌਜੂਦਾ ਗਣਿਤ ਦੀ ਬਜਾਏ ਵੈਦਿਕ ਗਣਿਤ ਪੜ੍ਹਾਉਣ ਦੀਆਂ ਪਿਛਾਖੜੀ ਅਤੇ ਫਿਰਕੂ ਕਾਰਵਾਈਆਂ ਕੀਤੀਆਂ ਜਾਂਦੀਆਂ ਆ ਰਹੀਆਂ ਹਨ। ਭਾਜਪਾ ਅਤੇ ਸੰਘ ਪ੍ਰਚਾਰਕਾਂ ਮੁਤਾਬਕ ਸਾਡੇ ਰਿਸ਼ੀ ਵਿਗਿਆਨੀ ਸਨ ਤੇ ਉਨ੍ਹਾ— ਦੀ ਤਕਨੀਕ, ਮੈਡੀਸਨ ਅਤੇ ਵਿਗਿਆਨਕ ਕਾਢਾ— ਨੂੰ ਪੱਛਮ ਨੇ ਹਥਿਆ ਲਿਆ ਹੈ।ਭਗਵਾਨ ਰਾਮ ਵੱਲੋਂ ਵਰਤਿਆ ਗਿਆ ਉਡਣਾ ’ਪੁਸ਼ਪਕ ਵਿਮਾਨ’ ਦੁਨੀਆ— ਦਾ ਪਹਿਲਾ ਹਵਾਈ ਜਹਾਜ ਸੀ। ਸਟੈਮ ਸੈਲ ਜਿਨਾਂ ਰਾਹੀਂ ਕਲੋਨਿੰਗ ਕਰਕੇ ਹਰ ਜਿਉਂਦੇ ਪ੍ਰਾਣੀ ਦੀ ਕਾਪੀ ਪੈਦਾ ਕੀਤੀ ਜਾ ਸਕਦੀ ਹੈ, ਇਹ ਭਾਰਤ ਦੇ ਦੁਆਪਰ ਯੁੱਗ ਕੌਰਵਾਂ-ਪਾਡਵਾਂ ਵੇਲੇ ਦੀ ਕਾਢ ਹੈ। ਉਹਨਾਂ ਦੀ ਮਨੌਤ ਹੈ ਕਿ ਭਾਰਤੀ ਵਿੱਦਿਆ ਦੇ ਪਾਠ-ਕ੍ਰਮ ਭਾਰਤੀ ਸੱਭਿਆਚਾਰ ਪ੍ਰਤੀ ਤੁਅੱਸਬੀ ਹਨ ਅਤੇ ਇਹ ਪਾਠ-ਕ੍ਰਮ ਨਕਸਲਵਾਦ ਨੂੰ ਉਤਸ਼ਾਹਤ ਕਰਦੇ ਹਨ।

ਦੁਨੀਆਂ ਭਰ ਦੇ ਇਤਿਹਾਸ ਵਿਚ ਜਿਹੜੀ ਵੀ ਸਿਆਸਤ ਅਤੇ ਵਿਚਾਰਧਾਰਾ ਸੱਤਾ ਉੱਤੇ ਕਾਬਜ ਹੋਣ ਵਿਚ ਕਾਮਯਾਬ ਹੋਈ ਹੈ ਉਹਨਾਂ ਸਾਰੀਆਂ ਸੱਤਾਵਾਂ ਨੇ ਉਥੋਂ ਦੇ ਸਥਾਨਕ ਸਾਹਿਤ, ਕਲਾ ਅਤੇ ਸੱਭਿਆਚਾਰ ਨੂੰ ਆਪਣੇ ਮੁਤਾਬਕ ਢਾਲਣ ਦੇ ਯਤਨ ਕੀਤੇ ਹਨ। ਜੇਕਰ ਇੱਕ ਪਾਸੇ ਨਾਜ਼ੀ ਜਰਮਨੀ ਨੇ ਜਰਮਨੀ ਦੇ ਸਾਹਿਤ, ਕਲਾ ਅਤੇ ਸੱਭਿਆਚਾਰ ਨੂੰ ਆਪਣੇ ਮੁਤਾਬਕ ਢਾਲਿਆ ਤਾਂ ਉਧਰ ਦੂਜੇ ਪਾਸੇ ਸਮਾਜਵਾਦੀ ਸੋਵੀਅਤ ਯੂਨੀਅਨ ਨੇ ਆਪਣੇ ਦੇਸ਼ ਦੇ ਸਾਹਿਤ, ਕਲਾ ਅਤੇ ਸੱਭਿਆਚਾਰ ਨੂੰ ਆਪਣੀ ਵਿਚਾਰਧਾਰਾ ਮੁਜਬ ਵਿਕਸਿਤ ਕੀਤਾ। ਸੱਤਾ ਅਤੇ ਉਸਦੀ ਸਿਆਸਤ ਦਾ ਇਸ ਉੱਤੇ ਅਸਰਅੰਦਾਜ ਹੋਣਾ ਸੁਭਾਵਿਕ ਅਤੇ ਜਰੂਰੀ ਹੁੰਦਾ ਹੈ। ਪਰੰਤੂ ਜਦੋਂ ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਉਦੇਸ਼ ਤੈਅ ਕੀਤਾ ਜਾਂਦਾ ਹੈ ਤਾਂ ਦੁਨੀਆ ਭਰ ਦੇ ਵਿਦਵਾਨ ਆਪਣੀਆਂ ਵੱਖੋ-ਵੱਖਰੀਆਂ ਰਾਵਾਂ ਦੇ ਬਾਵਜੂਦ ਇਕ ਸਾਂਝੇ ਨੁਕਤੇ ਉੱਤੇ ਸਹੀ ਪਾਉਂਦੇ ਹਨ ਕਿ ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਉਦੇਸ਼ ਮਨੁੱਖ ਜਾਤੀ ਦਾ ਵਿਕਾਸ ਅਤੇ ਉਸਦੀ ਸੇਵਾ ਕਰਨਾ ਹੈ। ਪਰੰਤੂ ਮੌਜੂਦਾ ਸਮੇਂ ਭਾਜਪਾ ਅਤੇ ਸੰਘ ਜਿਸ ਕਦਰ ਮਹਿੰਗਾਈ, ਭ੍ਰਿਸ਼ਟਾਚਾਰ, ਘੁਟਾਲੇ, ਬੇਰੁਜਗਾਰੀ, ਗਰੀਬੀ ਆਦਿ ਬੁਨਿਆਦੀ ਮੁੱਦਿਆਂ ਉੱਤੇ ਧਿਆਨ ਦੇਣ ਦੀ ਬਜਾਏ ਸਾਹਿਤ, ਕਲਾ ਅਤੇ ਸੱਭਿਆਚਾਰ ਆਦਿ ਖੇਤਰਾਂ ਰਾਹੀਂ ਕੌਮੀ ਸ਼ਾਵਨਵਾਦ ਨੂੰ ਬੜਾਵਾ ਦੇ ਕੇ ਫਿਰਕੂ ਨਫਰਤ ਦਾ ਮਹੌਲ ਪੈਦਾ ਕਰ ਰਹੀ ਹੈ ਇਹ ‘ਕਲਾ ਲੋਕਾਂ ਲਈ’ ਦੇ ਉਦੇਸ਼ ਲਈ ਖਤਰਨਾਕ ਹੈ। ਵਿਕਾਸ ਦੀ ਥਾਂ ਹਿੰਦੂਤਵੀ ਫਾਸ਼ੀਵਾਦ ਭਾਜਪਾ ਦਾ ਮੁੱਖ ਏਜੰਡਾ ਹੈ, ਜਿਸਨੂੰ ਸਫਲ ਨਹੀਂ ਹੋਣ ਦੇਣਾ ਚਾਹੀਦਾ।

# ਅਲਬਰਟਾ ਅਸੰਬਲੀ ਚੋਣਾਂ ਵਿੱਚ ਯੂਨਾਈਟਡ ਕੰਜ਼ਰਵੇਟਿਵ ਨੂੰ ਭਾਰੀ ਬਹੁਮਤ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

1 ਜੁਲਾਈ, 1867 ਨੂੰ ਬਸਤੀਵਾਦੀ ਬਰਤਾਨਵੀ ਹਾਕਮਾਂ ਤੋਂ ਆਜ਼ਾਦ ਹੋ ਕੇ ਮੌਜੂਦਾ ਕੈਨੇਡਾ ਦੀਆਂ ਕੁਝ ਸਟੇਟਾਂ ਨੇ 'ਡੋਮੀਨੀਅਨ ਆਫ ਕਨੇਡਾ' ਦੇ ਨਾਮ ਹੇਠ ਕਨਫੈਡਰੇਸ਼ਨ ਬਣਾਈ ਸੀ, ਜਿਸ ਵਿੱਚ ਅਲਬਰਟਾ ਸੂਬੇ ਨੇ ਤਕਰੀਬਨ 38 ਸਾਲ ਬਾਅਦ 1 ਸਤੰਬਰ, 1905 ਨੂੰ ਸ਼ਮੂਲੀਅਤ ਕੀਤੀ ਸੀ। ਇਸ ਕਨਫੈਡਰੇਸ਼ਨ ਵਿੱਚ ਹਰ ਸੂਬੇ ਨੂੰ ਸ਼ਾਮਿਲ ਹੋਣ ਜਾਂ ਬਾਹਰ ਨਿਕਲਣ ਅਤੇ ਫੌਰਨ ਪਾਲਿਸੀ, ਡਿਫੈਂਸ, ਇਮੀਗਰੇਸ਼ਨ, ਸਿਹਤ ਸੇਵਾਵਾਂ ਆਦਿ ਨੂੰ ਛੱਡ ਕੇ ਬਾਕੀ ਮੁੱਦਿਆਂ ਤੇ ਸੂਬੇ ਕੁਝ ਵੀ ਕਰਨ ਲਈ ਆਜ਼ਾਦ ਹਨ। ਇਸ ਕਰਕੇ ਕਿਊਬਕ ਸੂਬਾ ਦੋ ਵਾਰ ਕੈਨੇਡਾ ਤੋਂ ਵੱਖ ਹੋਣ ਲਈ ਰੈਫਰੈਂਡਮ ਕਰਾ ਚੁੱਕਾ ਹੈ, ਅਜਿਹਾ ਅਧਿਕਾਰ ਹਰ ਸੂਬੇ ਕੋਲ ਹੈ। ਇਤਿਹਾਸਕ ਤੌਰ ਤੇ ਮੌਜੂਦਾ ਅਲਬਰਟਾ ਸੂਬੇ ਦਾ ਇਤਿਹਾਸ ਕੋਈ ਬਹੁਤ ਜ਼ਿਆਦਾ ਪੁਰਾਣਾ ਨਹੀਂ, ਸਗੋਂ ਸਿਰਫ 113 ਸਾਲ ਪਹਿਲਾਂ ਹੀ ਇਹ ਸੂਬਾ ਮੌਜੂਦਾ ਰੂਪ ਵਿੱਚ ਹੋਂਦ ਵਿੱਚ ਆਇਆ ਸੀ। ਜੇ ਇਸ ਸੂਬੇ ਦਾ ਚੋਣ ਇਤਿਹਾਸ ਦੇਖੀਏ ਤਾਂ ਇਥੇ ਹਰ ਚੌਥੇ ਸਾਲ ਅਲਬਰਟਾ ਅਸੰਬਲੀ ਲਈ ਵੋਟਾਂ ਪੈਂਦੀਆਂ ਹਨ ਤੇ 1905 ਵਿੱਚ ਪਹਿਲੀ ਚੁਣੀ ਜਾਣ ਵਾਲੀ ਅਸੰਬਲੀ ਤੋਂ ਸ਼ੁਰੂ ਹੋ ਕੇ ਪਿਛਲ਼ੇ ਦਿਨੀਂ 16 ਅਪਰੈਲ 2019 ਨੂੰ ਹੋਈਆਂ ਚੋਣਾਂ 30ਵੀਂ ਵਾਰ ਪਈਆਂ ਹਨ। ਪਹਿਲੀ ਵਾਰ 1905 ਨੂੰ ਪਈਆਂ ਚੋਣਾਂ ਵਿੱਚ ਜਿਥੇ ਸਿਰਫ 25 ਐਮ ਐਲ ਏ ਚੁਣੇ ਗਏ ਸਨ, ਇਸ ਵਾਰ 87 ਐਮ ਐਲ ਏ ਚੁਣੇ ਗਏ ਹਨ। ਜੇ ਏਰੀਏ ਦੇ ਪੱਖ ਤੋਂ ਦੇਖੀਏ ਤਾਂ ਕਿਊਬਿਕ, ਉਨਟੇਰੀਓ ਤੇ ਬ੍ਰਿਟਿਸ਼ ਕੋਲੰਬੀਆ ਤੋਂ ਬਾਅਦ ਅਲਬਰਟਾ ਕਨੇਡਾ ਦਾ ਚੌਥਾ ਵੱਡਾ ਸੂਬਾ ਹੈ। ਜਦਕਿ ਕਨੇਡਾ ਵਿੱਚ 10 ਸੂਬੇ (ਪ੍ਰੌਵਿੰਸ) ਤੇ 3 ਯੂਨੀਅਨ ਟੈਰੋਟਰੀਜ਼ (ਕੇਂਦਰੀ ਸ਼ਾਸਤ ਪ੍ਰਦੇਸ਼) ਹਨ। ਅਲਬਰਟਾ ਸੂਬੇ ਦੇ 1905 ਵਿੱਚ ਹੋਂਦ ਵਿੱਚ ਆਉਣ ਵੇਲੇ ਇਸਦੀ ਆਬਾਦੀ ਸਿਰਫ 75000 ਦੇ ਕਰੀਬ ਸੀ ਤੇ ਇਸ ਵਕਤ ਤਕਰੀਬਨ 44 ਲੱਖ ਦੇ ਕਰੀਬ ਹੈ। ਸਿਰਫ ਏਰੀਏ ਦੇ ਪੱਖ ਤੋਂ ਹੀ ਅਲ਼ਬਰਟਾ ਚੌਥੇ ਨੰਬਰ ਤੇ ਨਹੀਂ ਹੈ, ਸਗੋਂ ਅਬਾਦੀ ਪੱਖ ਤੋਂ ਵੀ ਅਲਬਰਟਾ ਕੈਨੇਡਾ ਵਿੱਚ ਚੌਥੇ ਨੰਬਰ ਤੇ ਹੀ ਹੈ। ਪਿਛਲੀ ਸਦੀ ਦੇ 1950ਵਿਆਂ ਦੇ ਦਹਾਕੇ ਵਿੱਚ ਅਲਬਰਟਾ ਦੇ ਨਾਰਥ ਵਿੱਚ (ਐਡਮਿੰਟਨ ਸਾਈਡ) ਕੱਚਾ ਤੇਲ ਨਿਕਲਣ ਦੇ ਤਕਰੀਬਨ ਦੋ ਕੁ ਦਹਾਕਿਆਂ ਵਿੱਚ ਅਲਬਰਟਾ ਕਨੇਡਾ ਦਾ ਸਭ ਤੋਂ ਅਮੀਰ ਸੂਬਾ ਬਣ ਗਿਆ ਸੀ। ਇਸ ਵਕਤ ਅਲਬਰਟਾ ਕੱਚਾ ਤੇਲ ਕੱਢਣ ਵਾਲਾ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਸਥਾਨ ਹੈ ਤੇ ਚੌਥਾ ਵੱਡਾ ਸੂਬਾ ਹੈ, ਜੋ ਆਪਣਾ ਬਹੁਤਾ ਤੇਲ ਬਾਹਰ ਭੇਜਦਾ ਹੈ। ਇਥੇ 2.7 ਮਿਲੀਅਨ (27 ਲੱਖ) ਬੈਰੇਲ (ਇੱਕ ਬੈਰੇਲ ਵਿੱਚ ਤਕਰੀਬਨ 159 ਲੀਟਰ ਹੁੰਦੇ ਹਨ) ਤੇਲ ਰੋਜ਼ਾਨਾ ਕੱਢਿਆ ਜਾਂਦਾ ਹੈ। ਅਲਬਰਟਾ ਦੀ ਆਰਥਿਕਤਾ ਦਾ 25% ਤੋਂ ਵੱਧ ਹਿੱਸਾ ਤੇਲ ਤੇ ਨਿਰਭਰ ਹੈ। ਅਲਬਰਟਾ ਤੇਲ ਦੇ ਸਿਰ ਤੇ ਹੋਰ ਵੀ ਮਾਲਾ-ਮਾਲ ਹੋ ਸਕਦਾ ਹੈ, ਜੇ ਅਲਬਰਟਾ ਸਮੁੰਦਰ ਦੇ ਨੇੜੇ ਹੋਵੇ। ਸਮੁੰਦਰ ਜਾਂ ਸਮੁੰਦਰੀ ਬੰਦਰਗਾਹ ਨੇੜੇ ਨਾ ਹੋਣ ਕਰਕੇ ਅਲਬਰਟਾ ਨੂੰ ਆਪਣਾ ਕੱਚਾ ਤੇਲ ਸਾਫ ਕਰਨ ਲਈ ਅਮਰੀਕਾ ਭੇਜਣਾ ਪੈਂਦਾ ਹੈ। ਅਲਬਰਟਾ ਨੂੰ ਆਪਣੇ ਕੱਚੇ ਤੇਲ ਨੂੰ ਸਾਫ ਕਰਨ ਲਈ ਰਿਫਾਈਨਰੀ ਦੀ ਜਰੂਰਤ ਹੈ, ਜਿਸ ਲਈ ਪਾਣੀ ਦੀ ਕਿੱਲਤ ਹੋਣ ਕਰਕੇ ਅਲਬਰਟਾ ਨੂੰ ਆਪਣਾ ਕੱਚਾ ਤੇਲ ਅਮਰੀਕਾ ਦੀ ਮੰਡੀ ਵਿੱਚ ਸਸਤੇ ਭਾਅ ਵੇਚਣਾ ਪੈਂਦਾ ਹੈ। ਦੂਸਰਾ ਪੱਖ ਇਹ ਹੈ ਕਿ ਕੱਚਾ ਤੇਲ ਪਾਈਪਲਾਈਨਾਂ ਦੇ ਜ਼ਰੀਏ ਅਮਰੀਕਾ ਨੂੰ ਜਾਂਦਾ ਹੈ, ਜੋ ਕਿ ਬੀ ਸੀ ਜਾਂ ਹੋਰ ਸੂਬਿਆਂ ਵਿਚੋਂ ਲੰਘਦੀਆਂ ਹਨ। ਅਲਬਰਟਾ ਕੋਲ ਅਜੇ ਕਾਫੀ ਵੱਡੇ ਤੇਲ ਦੇ ਭੰਡਾਰ ਹਨ, ਜੋ ਕਿ ਅਲਬਰਟਾ ਨੂੰ ਹੋਰ ਅਮੀਰ ਬਣਾ ਸਕਦੇ ਹਨ, ਪਰ ਹੋਰ ਤੇਲ ਕੱਢ ਕੇ ਅਮਰੀਕਾ ਜਾਂ ਏਸ਼ੀਆ ਦੀ ਮੰਡੀ ਵਿੱਚ ਭੇਜਣ ਲਈ ਅਲਬਰਟਾ ਨੂੰ ਪਾਈਪਲਾਈਨਾਂ ਦੀ ਜ਼ਰੂਰਤ ਹੈ, ਪਰ ਇਹ ਪਾਈਪਲਾਈਨਾਂ ਦੂਜੇ ਸੂਬਿਆਂ ਦੀ ਸਹਿਮਤੀ ਤੋਂ ਬਿਨਾਂ ਕੱਢੀਆਂ ਨਹੀਂ ਜਾ ਸਕਦੀਆਂ? ਇਸ ਲਈ ਜਦੋਂ ਤੇਲ ਦੀਆਂ ਕੀਮਤਾਂ ਘਟਦੀਆਂ ਹਨ ਤੇ ਅਲਬਰਟਾ ਉਸ ਘਾਟੇ ਨੂੰ ਵੱਧ ਤੇਲ ਵੇਚ ਕੇ ਪੂਰਾ ਕਰ ਸਕਦਾ ਹੈ, ਪਰ ਉਸ ਕੋਲ ਇਤਨੀਆਂ ਪਾਈਪਲਾਈਨਾਂ ਨਹੀਂ ਹਨ ਕਿ ਉਹ ਆਪਣੀ ਮਰਜੀ ਨਾਲ ਜਿਤਨਾ ਚਾਹੇ ਤੇਲ ਭੇਜ ਸਕੇ? ਇਸੇ ਲਈ ਜਦੋਂ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਤੇ ਇਥੇ ਬੂਮ ਆ ਜਾਂਦਾ ਹੈ ਅਤੇ ਜਦੋਂ ਘਟਦੀਆਂ ਹਨ ਤਾਂ ਰਿਸੈਸ਼ਨ (ਮੰਦਾ) ਆ ਜਾਂਦਾ ਹੈ। ਪਾਈਪਲਾਈਨਾਂ ਦੀ ਵਿਰੋਧਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਅਲਬਰਟਾ ਦਾ ਕੱਚਾ ਤੇਲ ਵਾਤਾਵਰਣ ਨੂੰ ਵੀ ਖਰਾਬ ਕਰਨ ਵਾਲਾ ਹੈ। ਗਲੋਬਲ ਵਾਰਮਿੰਗ ਕਾਰਨ ਸਾਰੀ ਦੁਨੀਆਂ ਦੇ ਤਾਪਮਾਨ ਵਿੱਚ ਆ ਰਹੀ ਤਬਦੀਲੀ ਵਿੱਚ ਤੇਲ ਦੀ ਵਰਤੋਂ ਵੀ ਇੱਕ ਵੱਡਾ ਕਾਰਨ ਹੋਣ ਕਰਕੇ, ਵਾਤਾਵਰਣ ਪ੍ਰੇਮੀ ਅਲਬਰਟਾ ਦੇ ਤੇਲ ਦੇ ਵਿਰੋਧੀ ਹਨ, ਜੋ ਕਿ ਹੋਰ ਪਾਈਪਲਾਈਨਾਂ ਦੀ ਵਿਰੋਧਤਾ ਕਰਦੇ ਹਨ। ਤੇਲ ਨਿਕਲਣ ਤੋਂ ਪਹਿਲਾਂ ਅਲਬਰਟਾ ਦੀ ਆਰਥਿਕਤਾ ਖੇਤੀਬਾੜੀ, ਬੀਫ (ਗਾਂ ਦਾ ਮਾਸ), ਦੁੱਧ ਆਦਿ ਤੇ ਨਿਰਭਰ ਸੀ। ਪਰ ਪਿਛਲੇ 6-7 ਦਹਾਕਿਆਂ ਵਿੱਚ ਅਲਬਰਟਾ ਦੀ ਆਰਥਿਕਤਾ ਹੀ ਤੇਲ ਤੇ ਨਿਰਭਰ ਨਹੀਂ ਹੋਈ, ਸਗੋਂ ਪਿਛਲੇ 50 ਸਾਲਾਂ ਤੋਂ ਸਾਡੀ ਰਾਜਨੀਤੀ ਵੀ ਤੇਲ ਤੇ ਨਿਰਭਰ ਹੋ ਗਈ ਹੈ। ਜੇ ਇਹ ਵੀ ਕਹਿ ਦਿੱਤਾ ਜਾਵੇ ਕਿ ਅਲਬਰਟਾ ਦੀ ਰਾਜਨੀਤੀ ਨੂੰ ਤੇਲ ਇੰਡਸਟਰੀ ਚਲਾ ਰਹੀ ਹੈ ਤਾਂ ਇਸ ਵਿੱਚ ਵੀ ਕੋਈ ਅਤਿਕਥਨੀ ਨਹੀਂ ਹੈ।

ਜੇ ਅਲਬਰਟਾ ਦੀ ਰਾਜਨੀਤੀ ਜਾਂ ਚੋਣਾਂ ਦਾ ਇਤਿਹਾਸ ਦੇਖੀਏ ਤਾਂ ਕੁਝ ਗੱਲਾਂ ਬੜੀਆਂ ਰੌਚਕ ਹਨ। ਜਿਨ੍ਹਾਂ ਨੂੰ ਸਮਝ ਕੇ ਅਲਬਰਟਾ ਦੀ ਰਾਜਨੀਤੀ ਨੂੰ ਜਾਨਣ ਵਿੱਚ ਮਦਦ ਮਿਲ ਸਕਦੀ ਹੈ। 1905 ਵਿੱਚ ਅਲਬਰਟਾ ਸੂਬਾ ਬਣਨ ਤੋਂ 1921 ਤੱਕ 4 ਸਰਕਾਰਾਂ ਲਗਾਤਾਰ 'ਲਿਬਰਲ ਪਾਰਟੀ' ਦੀਆਂ ਸਨ। ਫਿਰ 1921 ਤੋਂ 1935 ਤੱਕ 3 ਸਰਕਾਰਾਂ ਲਗਾਤਾਰ 'ਯੁਨਾਈਟਡ ਫਾਰਮਰਜ਼' ਦੀਆਂ ਸਨ। ਫਿਰ 1935 ਤੋਂ 1971 ਤੱਕ 9 ਸਰਕਾਰਾਂ ਲਗਾਤਾਰ 'ਸੋਸ਼ਲ ਕਰੈਡਿਟ' ਦੀਆਂ ਸਨ। ਫਿਰ 1971 ਤੋਂ 2015 ਤੱਕ 12 ਸਰਕਾਰਾਂ 'ਪ੍ਰੌਗਰੈਸਿਵ ਕੰਜ਼ਰਵੇਟਿਵਜ਼' (ਪੀ. ਸੀ.) ਦੀਆਂ ਸਨ। ਫਿਰ 2015 ਤੋਂ 2019 ਤੱਕ ਇੱਕ ਸਰਕਾਰ 'ਐਨ ਡੀ ਪੀ' ਦੀ ਬਣੀ ਸੀ ਤੇ ਹੁਣ 2019 ਦੀਆਂ ਚੋਣਾਂ ਵਿੱਚ ਪਹਿਲੀ ਵਾਰ ਜੇਸਨ ਕੈਨੀ ਦੀ ਅਗਵਾਈ ਵਿੱਚ ਨਵੀਂ ਪਾਰਟੀ 'ਯੁਨਾਈਟਡ ਕੰਜ਼ਰਵੇਟਿਵ ਪਾਰਟੀ' (ਯੂ ਸੀ ਪੀ) ਦੀ ਬਣੀ ਹੈ। ਅਲਬਰਟਾ ਦੇ 113 ਸਾਲ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਲੋਕਾਂ ਨੇ ਕਿਸੇ ਮੌਜੂਦਾ (ਐਨ ਡੀ ਪੀ) ਸਰਕਾਰ ਨੂੰ ਦੂਜਾ ਮੌਕਾ ਨਾ ਦਿੱਤਾ ਹੋਵੇ, ਨਹੀ ਤਾਂ ਜੋ ਸਰਕਾਰ ਬਣ ਜਾਂਦੀ ਹੈ, ਉਹ ਲੰਬਾ ਸਮਾਂ ਬਿਨਾਂ ਕਿਸੇ ਚੈਲਿੰਜ ਦੇ ਚੱਲਦੀ ਰਹਿੰਦੀ ਹੈ। ਅਲਬਰਟਾ ਦੀ ਰਾਜਨੀਤੀ ਦਾ ਇੱਕ ਰੌਚਕ ਪੱਖ ਇਹ ਵੀ ਹੈ ਕਿ ਜਿਸ ਪਾਰਟੀ ਨੂੰ ਅਲਬਰਟਾ ਦੇ ਲੋਕਾਂ ਨੇ ਹਰਾ ਦਿੱਤਾ, ਉਹ ਮੁੜ ਕੇ ਉਸੇ ਰੂਪ ਜਾਂ ਉਸੇ ਨਾਮ ਹੇਠ ਵਾਪਸ ਕਦੇ ਨਹੀਂ ਆਈ। ਇਸ ਪੱਖੋਂ ਦੇਖਿਆ ਜਾਵੇ ਤਾਂ ਅਲਬਰਟਾ ਦੇ ਲੋਕਾਂ ਨੇ 113 ਸਾਲਾਂ ਵਿੱਚ ਸਿਰਫ 5 ਸਰਕਾਰਾਂ ਬਣਾਈਆਂ ਹਨ ਤੇ ਹੁਣ ਯੂ ਸੀ ਪੀ ਦੀ 6ਵੀਂ ਸਰਕਾਰ ਪਹਿਲੀ ਵਾਰ ਬਣੀ ਹੈ। ਅਲਬਰਟਾ ਦੀਆਂ ਸਰਕਾਰਾਂ ਨੂੰ ਜੇ ਪਾਲਿਸੀ ਪੱਖ ਤੋਂ ਦੇਖੋ ਤਾਂ 1905 ਤੋਂ 1935 ਤੱਕ ਲੇਬਰ ਪੱਖੀ ਸਰਕਾਰਾਂ ਸਨ। ਫਿਰ 1935 ਤੋਂ 2015 ਤੱਕ ਸੱਜੇ ਪੱਖੀ ਕੰਜ਼ਰਵੇਟਿਵ ਮੂਵਮੈਂਟ ਨਾਲ ਸਬੰਧਤ ਸਨ। ਅਲਬਰਟਾ ਦੀ ਰਾਜਨੀਤੀ ਨੂੰ ਸਮਝਣ ਲਈ ਇੱਕ ਤੱਥ ਸਮਝਣਾ ਬੜਾ ਜਰੂਰੀ ਹੈ ਕਿ 1930 ਵਿਆਂ ਦੇ ਵੱਡੇ ਆਰਥਿਕ ਮੰਦਵਾੜੇ (ਗਰੇਟ ਡਿਪਰੈਸ਼ਨ) ਤੋਂ ਬਾਅਦ ਲੋਕਾਂ ਨੇ ਇਹ ਮਾਨਸਿਕਤਾ ਅਪਨਾ ਲਈ ਸੀ ਕਿ ਲੇਬਰ ਪੱਖੀ ਸਰਕਾਰਾਂ ਦੀਆਂ ਨੀਤੀਆਂ ਆਰਥਿਕਤਾ ਦੇ ਪੱਖ ਤੋਂ ਬਹੁਤੀਆਂ ਕਾਰਗਰ ਨਹੀਂ ਹਨ, ਇਸ ਦੇ ਮੁਕਾਬਲੇ ਸਰਮਾਏਦਾਰੀ ਪੱਖੀ ਸਰਕਾਰਾਂ ਦੀਆਂ ਨੀਤੀਆਂ ਆਰਥਿਕਤਾ ਦੇ ਪੱਖ ਤੋਂ ਵਧੀਆ ਸਾਬਿਤ ਹੁੰਦੀਆਂ ਹਨ। ਦੂਜਾ ਪੱਖ ਇਹ ਹੈ ਕਿ ਅਲਬਰਟਾ ਦੇ ਇਸਾਈ ਭਾਈਚਾਰੇ ਨਾਲ ਸਬੰਧਤ ਬਹੁ ਗਿਣਤੀ ਲੋਕ ਆਰਥਿਕ ਲਿਬਰਲ ਲਿਬਰਲ ਪਾਲਸੀਆਂ ਨੂੰ ਛੱਡ ਕੇ ਸਮਾਜਿਕ ਤੇ ਧਾਰਮਿਕ ਰੂੜ੍ਹੀਵਾਦੀ ਪਾਲਸੀਆਂ ਨੂੰ ਵੱਧ ਤਰਜੀਹ ਦਿੰਦੇ ਹਨ। ਅਲਬਰਟਾ ਦੀ ਰਾਜਨੀਤੀ ਦਾ ਇੱਕ ਪੱਖ ਇਹ ਵੀ ਹੈ ਅਲਬਰਟਾ ਦੇ ਲੋਕਾਂ ਨੇ ਕਦੇ ਲੋਕਤੰਤਰੀ ਪੈਂਤੜੇ ਤੋਂ ਸਰਕਾਰ ਨਹੀਂ ਚੁਣੀ, ਸਗੋਂ ਇੱਕ ਵਿਚਾਰਧਾਰਾ (ਰਾਜਾਸ਼ਾਹੀ ਵਾਂਗ, ਸਿਰਫ ਕੰਜ਼ਰਵੇਟਿਵ ਵਿਚਾਰਧਾਰਾ) ਦੀ ਪਾਰਟੀ ਦੀ ਹੀ ਚੋਣ ਕੀਤੀ ਹੈ, ਇਸੇ ਕਰਕੇ 113 ਸਾਲਾਂ ਵਿੱਚ ਸਿਰਫ 6 ਵਾਰ ਸਰਕਾਰ ਬਦਲੀ ਹੈ, ਉਸ ਵਿਚੋਂ ਵੀ ਅਸਲ ਵਿੱਚ ਵਿਚਾਰਧਾਰਕ ਪੱਖ ਤੋਂ ਸਿਰਫ 3 ਵਾਰ ਹੀ ਸਰਕਾਰ ਬਦਲੀ ਹੈ। ਇਸ ਤੋਂ ਸਪੱਸ਼ਟ ਹੈ ਕਿ ਅਲਬਰਟਾ ਦੇ ਬਹੁ ਗਿਣਤੀ ਲੋਕ ਕੰਜ਼ਰਵੇਟਿਵ (ਰੂੜ੍ਹੀਵਾਦੀ) ਹਨ, ਜੋ ਕਿਸੇ ਤਰ੍ਹਾਂ ਦੀ ਤਬਦੀਲੀ ਦੇ ਬਹੁਤੇ ਹੱਕ ਵਿੱਚ ਨਹੀਂ। ਤਬਦੀਲੀ ਉਦੋਂ ਹੀ ਕਰਦੇ ਹਨ, ਜਦੋਂ ਪਾਣੀ ਸਿਰ ਉਪਰੋਂ ਲੰਘਣ ਲੱਗੇ। 2015 ਦੀਆਂ ਚੋਣਾਂ ਵਿੱਚ ਵੀ ਐਨ ਡੀ ਪੀ ਨੂੰ ਲਿਆ ਕੇ ਕੀਤੀ ਤਬਦੀਲੀ, ਸਿਰਫ ਮਜਬੂਰੀ ਵਿੱਚ ਚੁੱਕਿਆ ਕਦਮ ਹੀ ਸੀ ਕਿਉਂਕਿ ਉਸ ਵਕਤ ਪੀ ਸੀ ਵਿਚੋਂ ਨਿਕਲ ਕੇ ਇੱਕ ਤਕੜੇ ਗਰੁੱਪ ਨੇ ਵਾਈਲਡਰੋਜ਼ ਪਾਰਟੀ ਬਣਾ ਲਈ ਸੀ ਤੇ ਬਹੁਤੇ ਕੰਜ਼ਰਵੇਟਿਵ ਲੋਕ ਇਹ ਨਹੀਂ ਚਾਹੁੰਦੇ ਸਨ ਕਿ ਇਨ੍ਹਾਂ ਦੀ ਆਪਸੀ ਲੜਾਈ ਵਿੱਚ ਤੀਜੀ ਧਿਰ ਫਾਇਦਾ ਚੁੱਕੇ ਜਾਂ ਬਹੁਮਤ ਵਾਲੀ ਸਰਕਾਰ ਨਾ ਬਣੇ, ਇਸ ਲਈ 2012 ਦੀਆਂ ਚੋਣਾਂ ਵਿੱਚ ਐਨ ਆਖਰੀ ਮੌਕੇ ਲੋਕਾਂ ਨੇ ਪੁਰਾਣੀ ਪਾਰਟੀ ਨੂੰ ਹੀ ਵੋਟਾਂ ਪਾ ਦਿੱਤੀਆਂ ਸਨ, ਪਰ ਜਦੋਂ 2015 ਦੀਆਂ ਚੋਣਾਂ ਤੱਕ ਪੀ ਸੀ ਤੇ ਵਾਈਲਡਰੋਜ਼ ਇਕੱਠੇ ਨਾ ਹੋਏ, ਸਗੋਂ ਇੱਕ ਦੂਜੇ ਦੇ ਖਿਲਾਫ ਖੁੱਲ੍ਹ ਕੇ ਆ ਗਏ ਸਨ ਤਾਂ ਉਨ੍ਹਾਂ ਨੇ ਗੁੱਸੇ ਵਿੱਚ ਐਨ ਡੀ ਪੀ ਨੂੰ ਜਿਤਾਇਆ ਸੀ, ਪਰ ਐਨ ਡੀ ਪੀ ਦੇ ਜਿੱਤਣ ਦੇ ਕੁਝ ਮਹੀਨਿਆਂ ਬਾਅਦ ਹੀ ਅਲਬਰਟਾ ਦੀ ਬਹੁ ਗਿਣਤੀ ਦਾ ਐਨ ਡੀ ਪੀ ਤੋਂ ਮੋਹ ਭੰਗ ਹੋ ਗਿਆ ਸੀ, ਇਸੇ ਲਈ ਪੁਰਾਣੇ ਜਾਂ ਨਵੇਂ ਪੀ ਸੀ ਲੀਡਰਾਂ ਤੇ ਵਾਈਲਡਰੋਜ਼ ਨੇ ਰਲ਼ ਕੇ 2017 ਵਿੱਚ ਨਵੀਂ ਪਾਰਟੀ ਖੜ੍ਹੀ ਕੀਤੀ ਸੀ, ਜਿਸਨੇ 2019 ਵਿੱਚ ਹਰ ਹਾਲਤ ਜਿੱਤਣਾ ਹੀ ਸੀ ਕਿਉਂਕਿ ਬਹੁਤ ਗਿਣਤੀ ਅਲਬਰਟਨਜ਼ ਸੱਜੇ ਪੱਖੀ ਕੰਜ਼ਰਵੇਟਿਵ ਸੋਚ ਨਾਲ ਖੜ੍ਹੇ ਹਨ। ਇਸ ਵਿੱਚ ਬੇਸ਼ੱਕ ਐਨ ਡੀ ਪੀ ਦੀਆਂ ਕੁਝ ਪਾਲਸੀਆਂ ਵੀ ਜ਼ਿੰਮੇਵਾਰ ਹਨ, ਪਰ ਇਸ ਨਾਲੋਂ ਵੀ ਵੱਧ ਇਹੀ ਕਾਰਨ ਹੈ ਕਿ ਅਲਬਰਟਾ ਦੇ ਬਹੁ ਗਿਣਤੀ ਲੋਕ ਲਿਬਰਲ ਤੇ ਐਨ ਡੀ ਪੀ ਦੀ ਸੋਚ ਦੇ ਵਿਰੋਧੀ ਹਨ। ਅਲਬਰਟਾ ਰਾਜਨੀਤੀ ਦਾ ਇੱਕ ਪੱਖ ਇਹ ਵੀ ਹੈ ਕਿ ਜਿਸ ਪਾਰਟੀ ਨੂੰ ਅਲਬਰਟਾ ਵਾਸੀਆਂ ਨੇ ਹਰਾ ਦਿੱਤਾ, ਮੁੜ ਕੇ ਉਹ ਪਾਰਟੀ ਕਦੇ, ਉਸੇ ਨਾਮ ਹੇਠ ਰਾਜ ਸੱਤਾ ਵਿੱਚ ਨਹੀਂ ਆਈ। ਜਿਸ ਤਰ੍ਹਾਂ ਲਿਬਰਲ, ਅਲਬਰਟਾ ਫਾਰਮਰਜ਼ ਯੂਨੀਅਨ, ਸੋਸ਼ਲ ਕਰੈਡਿਟ, ਪੀ ਸੀ ਆਦਿ। 1971 ਵਿੱਚ 'ਸੋਸ਼ਲ ਕਰੈਡਿਟ' ਹੀ 'ਪੀ ਸੀ' ਦੇ ਨਵੇਂ ਰੂਪ ਵਿੱਚ ਆਈ ਸੀ, ਜਿਸ ਤਰ੍ਹਾਂ ਹੁਣ 'ਯੂ ਸੀ ਪੀ' ਪੁਰਾਣੀ 'ਪੀ ਸੀ' ਦੇ ਬਦਲਵੇਂ ਰੂਪ ਵਿੱਚ ਆਈ ਹੈ। ਮੇਰੇ ਖਿਆਲ ਵਿੱਚ ਇਸ ਤੋਂ ਇਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਜੇ ਲਿਬਰਲ, ਐਨ ਡੀ ਪੀ, ਗਰੀਨ ਪਾਰਟੀ ਤੇ ਅਲਬਰਟਾ ਪਾਰਟੀ ਆਦਿ ਵਾਲੇ ਕਿਸੇ ਸਾਂਝੇ ਮੁਹਾਜ ਹੇਠ ਨਵੀਂ ਪਾਰਟੀ ਬਣ ਕੇ ਨਹੀ ਆਉਂਦੇ ਤਾਂ ਅਗਲੇ 30-40 ਸਾਲ ਤੱਕ 'ਯੂ ਸੀ ਪੀ' ਹੀ ਰਾਜ ਕਰੇਗੀ ਤੇ ਜੇ ਅਜਿਹਾ ਨਹੀਂ ਹੁੰਦਾ ਤਾਂ ਪੁਰਾਣੇ ਤਜ਼ਰਬੇ ਅਨੁਸਾਰ 2023 ਦੀਆਂ ਚੋਣਾਂ ਤੱਕ ਐਨ ਡੀ ਪੀ 5-7 ਸੀਟਾਂ ਤੱਕ ਸਿਮਟ ਜਾਵੇਗੀ। ਬੇਸ਼ਕ ਇਸ ਵਾਰ ਦੀਆਂ ਚੋਣਾਂ ਵਿੱਚ ਐਨ ਡੀ ਪੀ ਨੂੰ ਉਸ ਤਰ੍ਹਾਂ ਦੀ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ, ਜਿਸ ਤਰ੍ਹਾਂ ਦਾ ਪੈ ਸਕਦਾ ਸੀ ਕਿਉਂਕਿ ਰੇਚਲ ਨੌਟਲੇ ਦੀ ਅਗਵਾਈ ਵਾਲੀ ਐਨ ਡੀ ਪੀ ਨੇ ਫੈਡਰਲ ਤੇ ਹੋਰ ਸੂਬਿਆਂ ਦੀਆਂ ਐਨ ਡੀ ਪੀ ਸਰਕਾਰਾਂ (ਖਾਸਕਰ ਫੈਡਲਰ ਐਨ ਡੀ ਪੀ ਤੇ ਬੀ ਸੀ, ਐਨ ਡੀ ਪੀ) ਤੋਂ ਵੱਖਰੀ ਲਾਈਨ ਲੈਂਦੇ ਹੋਏ, ਪਾਈਪਲਾਈਨ ਤੇ ਅਲਬਰਟਾ ਸੈਂਡ ਆਇਲ ਦੇ ਹੱਕ ਵਿੱਚ ਡੱਟ ਕੇ ਸਟੈਂਡ ਲਿਆ, ਬੇਸ਼ੱਕ ਇਹ ਸਟੈਂਡ ਐਨ ਡੀ ਪੀ ਦੀ ਵਿਚਾਰਧਾਰਾ ਦੇ ਉਲਟ ਸੀ। ਇਸਦੇ ਨਾਲ ਹੀ ਇੱਕ ਇਹ ਤੱਥ ਜਾਨਣਾ ਵੀ ਮਹੱਤਵਪੂਰਨ ਹੈ ਕਿ ਬੇਸ਼ਕ ਐਨ ਡੀ ਪੀ ਹਾਰੀ ਹੈ, ਪਰ ਲੋਕਪ੍ਰਿਅਤਾ ਦੇ ਪੱਖ ਤੋਂ ਦੇਖੋ ਤਾਂ ਜੇਸਨ ਕੈਨੀ ਤੇ ਰੇਚਲ ਨੌਟਲੀ ਦੀ ਲੋਕ ਪ੍ਰਿਅਤਾ ਵਿੱਚ ਕੋਈ ਜ਼ਿਆਦਾ ਅੰਤਰ ਨਹੀਂ ਸੀ, ਇਹ ਵੀ ਅਲ਼ਬਰਟਾ ਦੀ ਰਾਜਨੀਤੀ ਦੇ ਇਤਿਹਾਸ ਵਿੱਚ ਇੱਕ ਆਚੰਭਾ ਹੀ ਕਿਹਾ ਜਾ ਸਕਦਾ ਹੈ। ਅਲਬਰਟਾ ਰਾਜਨੀਤੀ ਦੇ ਇਤਿਹਾਸ ਦਾ ਇੱਕ ਪੱਖ ਇਹ ਵੀ ਹੈ ਕਿ ਅਲਬਰਟਾ ਰਾਜਨੀਤੀ ਵਿੱਚ ਆਪੋਜੀਸ਼ਨ ਦਾ ਬਹੁਤਾ ਰੋਲ ਨਹੀਂ ਰਿਹਾ, ਅਲਬਰਟਾ ਦੇ ਲੋਕ ਤਕਰੀਬਨ ਇੱਕ ਪੱਖੀ ਸਰਕਾਰ ਹੀ ਬਣਾਉਂਦੇ ਰਹੇ ਹਨ, ਜਿਥੇ ਆਪੋਜੀਸ਼ਨ ਦਾ ਕੋਈ ਰੋਲ ਨਹੀਂ ਸੀ ਤੇ ਨਾ ਹੀ ਉਨ੍ਹਾਂ ਕੋਲ ਅਸੰਬਲੀ ਵਿੱਚ ਕੋਈ ਨੁਮਾਇੰਦੇ ਹੀ ਹੁੰਦੇ ਸਨ। ਇਹ ਵੀ ਬਹੁਤ ਘੱਟ ਵਾਰ ਹੋਇਆ ਹੈ ਕਿ ਆਪੋਜੀਸ਼ਨ ਕੋਲ ਵੱਡੀ ਗਿਣਤੀ ਵਿੱਚ ਸੀਟਾਂ ਸਨ, ਜਿਸ ਤਰ੍ਹਾਂ ਇਸ ਵਾਰ ਹਨ।

ਇਸ ਵਾਰ ਦੀਆਂ ਚੋਣਾਂ ਵਿੱਚ ਮੁੱਖ ਮੁੱਦਾ ਆਰਥਿਕਤਾ ਸੀ, ਅਲਬਰਟਾ ਐਨ ਡੀ ਪੀ ਦੇ ਮੁਕਾਬਲੇ ਯੂ ਸੀ ਪੀ ਦੀਆਂ ਪਾਲਸੀਆਂ ਕਾਰਪੋਰੇਟ ਸੈਕਟਰ ਪੱਖੀ ਹੋਣ ਕਰਕੇ ਲੋਕਾਂ ਨੂੰ ਇਹ ਆਸ ਹੈ ਕਿ ਨਵੇਂ ਪ੍ਰੀਮੀਅਰ ਜੇਸਨ ਕੈਨੀ, ਕਾਰਪੋਰੇਟ ਟੈਕਸ ਘਟਾ ਕੇ, ਕਾਰਬਨ ਟੈਕਸ ਕੱਟ ਕਰਕੇ, ਵੱਡੀਆਂ ਕੰਪਨੀਆਂ ਨੂੰ ਅਲਬਰਟਾ ਵਿੱਚ ਇਨਵੈਸਟ ਕਰਨ ਲਈ ਆਕਰਸ਼ਤ ਕਰ ਸਕਦੇ ਹਨ। ਜਿਸ ਨਾਲ ਅਲਬਰਟਾ ਆਰਥਿਕ ਮੰਦਵਾੜੇ ਤੋਂ ਬਾਹਰ ਆ ਸਕਦਾ ਹੈ। ਲੋਕਾਂ ਨੂੰ ਇਹ ਵੀ ਆਸ ਹੈ ਕਿ ਯੂ ਸੀ ਪੀ ਦੀ ਲੀਡਰਸ਼ਿਪ ਅਲਬਰਟਾ ਦੇ ਤੇਲ ਨੂੰ ਬਾਹਰ ਭੇਜਣ ਲਈ ਹੋਰ ਪਾਈਪਲਾਈਨਾਂ ਬਣਾਉਣ ਲਈ ਐਨ ਡੀ ਪੀ ਨਾਲੋਂ ਵੱਧ ਕਾਰਗਰ ਸਾਬਿਤ ਹੋ ਸਕਦੀ ਹੈ, ਖਾਸਕਰ ਉਦੋਂ ਜੇ ਅਕਤੂਬਰ ਦੀਆਂ ਫੈਡਰਲ ਚੋਣਾਂ ਵਿੱਚ ਪੀ ਸੀ ਪਾਰਟੀ ਟਰੂਡੋ ਨੂੰ ਹਰਾ ਕੇ ਆਪਣੀ ਸਰਕਾਰ ਬਣਾ ਲੈਂਦੀ ਹੈ। ਅਲਬਰਟਾ ਵਿੱਚ ਇਮੀਗਰੈਂਟਸ ਨੂੰ ਛੱਡ ਕੇ ਬਾਕੀ ਵੱਡੀ ਗਿਣਤੀ ਦੇ ਲੋਕ ਇਸਾਈ ਮੱਤ ਦੇ ਹਨ, ਜੋ ਕਿ ਸਮਾਜਿਕ ਤੇ ਧਾਰਮਿਕ ਤੌਰ ਤੇ ਲਿਬਰਲਜ਼ ਤੇ ਐਨ ਡੀ ਪੀ ਦੀਆਂ ਪਾਲਸੀਆਂ ਨਾਲ ਸਹਿਮਤ ਨਹੀਂ ਹਨ। ਜਿਨ੍ਹਾਂ ਵਿੱਚ ਗੇਅ ਮੈਰਿਜ (ਜਾਂ ਉਨ੍ਹਾਂ ਨੂੰ ਬਰਾਬਰ ਦੇ ਅਧਿਕਾਰ), ਔਰਤਾਂ ਦੀ ਅਜ਼ਾਦੀ, ਅਬੌਰਸ਼ਨ ਕਨੂੰਨ ਤੇ ਹੋਰ ਅਨੇਕਾਂ ਸਮਾਜਿਕ ਤੇ ਧਾਰਮਿਕ ਮਸਲੇ ਹਨ, ਜਿਨ੍ਹਾਂ ਕਰਕੇ ਉਹ ਲਿਬਰਲ ਜਾਂ ਐਨ ਡੀ ਪੀ ਦੀ ਥਾਂ ਕੰਜ਼ਰਵੇਟਿਵ ਸੋਚ ਦੇ ਵੱਧ ਨੇੜੇ ਹਨ। ਫੈਡਰਲ ਲਿਬਰਲਜ਼ ਤੇ ਫੈਡਰਲ ਐਨ ਡੀ ਪੀ ਦੀਆਂ ਨੀਤੀਆਂ ਵੀ ਜ਼ਿਆਦਤਰ ਅਲਬਰਟਾ ਪੱਖੀ ਘੱਟ ਤੇ ਕਿਊਬਿਕ ਤੇ ਉਨਟੇਰੀਉ ਪੱਖੀ ਵੱਧ ਹੋਣ ਕਰਕੇ ਵੀ ਅਲਬਰਟਾ ਦੇ ਲੋਕ ਇਨ੍ਹਾਂ ਤੋਂ ਹਮੇਸ਼ਾਂ ਨਰਾਜ਼ ਰਹਿੰਦੇ ਹਨ, ਖਾਸਕਰ ਤੇਲ ਪੱਖੀ ਪਾਲਸੀਆਂ ਦੇ ਮੁੱਦੇ ਤੇ। ਇਸੇ ਤਰ੍ਹਾਂ ਉਹ ਆਰਥਿਕ ਮੁੱਦਿਆਂ ਤੇ ਲਿਬਰਲ ਤੇ ਐਨ ਡੀ ਪੀ ਨਾਲੋਂ ਕੰਜ਼ਰਵੇਟਿਵਜ਼ ਦੀ ਸਰਮਾਏਦਾਰ ਪੱਖੀ ਵਿਚਾਰਧਾਰਾ ਨੂੰ ਵੱਧ ਲੋਕ ਪੱਖੀ ਮੰਨਦੇ ਹਨ। ਅਲਬਰਟਾ ਵਿੱਚ ਸ਼ਹਿਰੀ ਹਲਕਿਆਂ ਨਾਲੋਂ ਪੇਂਡੂ ਇਲਾਕਿਆਂ ਵਿੱਚ ਕੰਜਰਵਾਟਿਵ ਸੋਚ ਭਾਰੂ ਹੈ, ਜਦੋਂ ਤੱਕ ਇਸ ਸੋਚ ਦਾ ਪ੍ਰਭਾਵ ਰਹੇਗਾ, ਉਦੋਂ ਤੱਕ ਅਲਬਰਟਾ ਵਿੱਚ ਕਦੇ ਵੀ ਸਹੀ ਮਾਹਨਿਆਂ ਵਿੱਚ ਲੋਕਤੰਤਰ ਸਥਾਪਤ ਨਹੀ ਹੋ ਸਕੇਗਾ। ਜਿਸਨੂੰ ਅਜੇ ਕਈ ਦਹਾਕੇ ਹੋਰ ਲੱਗ ਸਕਦੇ ਹਨ। ਆਉਣ ਵਾਲੇ ਸਮੇਂ ਵਿੱਚ ਜੇਸਨ ਕੈਨੀ ਕਿਸ ਜਾਦੂ ਦੀ ਛੜੀ ਨਾਲ ਅਲਬਰਟਾ ਦੀ ਆਰਥਿਕਤਾ, ਨਵੀਆਂ ਪਾਈਪਲਾਈਨਾਂ, ਸਮਾਜਿਕ ਤੌਰ ਤੇ ਇਸਾਈ ਕਦਰਾਂ ਕੀਮਤਾਂ, ਵਾਤਾਵਰਣ ਆਦਿ ਦੇ ਮੁੱਦਿਆਂ ਤੇ ਅਲਬਰਟਾ ਨੂੰ ਅੱਗੇ ਲਿਜਾਣਗੇ ਜਾਂ ਅਲਬਰਟਾ ਦੇ ਬਹੁ ਗਿਣਤੀ ਭਾਈਚਾਰੇ ਦੀਆਂ ਆਸਾਂ ਤੇ ਪੂਰਾ ਉਤਰਨਗੇ, ਬਾਰੇ ਕੁਝ ਨਹੀਂ ਕਿਹਾ ਜਾ ਸਕਦਾ? ਜਿਸ ਤਰ੍ਹਾਂ ਦੀਆਂ ਪਾਲਸੀਆਂ ਨੂੰ ਲਾਗੂ ਕਰਨ ਦੇ ਨਾਮ ਹੇਠ ਜੇਸਨ ਕੈਨੀ ਮੁੜ ਭਾਰੀ ਬਹੁਮਤ ਨਾਲ ਸਤ੍ਹਾ ਵਿੱਚ ਆਏ ਹਨ, ਉਨ੍ਹਾਂ ਬਾਰੇ ਆਪੋਜ਼ੀਸ਼ਨ ਐਨ ਡੀ ਪੀ ਕਿਹੋ ਜਿਹਾ ਰੋਲ ਪਲੇਅ ਕਰੇਗੀ, ਇਹ ਵੀ ਆਉਣ ਵਾਲਾ ਸਮਾਂ ਹੀ ਦੱਸੇਗਾ? ਪਬਲਿਕ ਸੈਕਟਰ ਵਿੱਚ ਕੱਟ, ਹੈਲਥ ਕੇਅਰ ਤੇ ਐਜੂਕੇਸ਼ਨ ਨੂੰ ਪ੍ਰਾਈਵੇਟਾਈਜ਼ ਕਰਨ ਵਰਗੇ ਮੁੱਦਿਆਂ ਤੇ ਕੇਨੀ ਕਿੰਨੇ ਕੁ ਕਾਮਯਾਬ ਹੁੰਦੇ ਹਨ, ਇਸ ਬਾਰੇ ਵੀ ਕੁਝ ਬਹੁਤਾ ਕਿਹਾ ਨਹੀਂ ਜਾ ਸਕਦਾ ਕਿਉਂਕਿ ਅਕਸਰ ਚੋਣਾਂ ਵੇਲੇ ਲੀਡਰ ਜਾਂ ਪਾਰਟੀਆਂ ਅਨੇਕਾਂ ਤਰ੍ਹਾਂ ਦੇ ਲੁਭਾਵਣੇ ਵਾਅਦੇ ਕਰਦੀਆਂ ਹਨ, ਪਰ ਸਮਾਂ ਆਉਣ ਤੇ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਪਰ ਇਹ ਗੱਲ ਪੱਕੀ ਹੈ ਕਿ ਆਉਣ ਵਾਲੇ 2-3 ਸਾਲਾਂ ਵਿੱਚ ਆਰਥਿਕਤਾ ਤੇ ਪਾਈਪਲਾਈਨਾਂ ਹੀ ਮੁੱਖ ਮੁੱਦੇ ਰਹਿਣਗੇ।



ਫਿਲਮ 'ਕੇਸਰੀ'

# ਸਿੱਖਾਂ ਨੂੰ ਮੁਸਲਮਾਨਾਂ ਵਿਰੁੱਧ, ਰਾਸ਼ਟਰੀ ਸਵੈ ਸੇਵਕ ਸੰਘ ਦੇ ਹੱਕ 'ਚ ਭੁਗਤਾਉਣ ਦਾ ਯਤਨ




ਅਨੁਰਾਗ ਸਿੰਘ ਦੁਆਰਾ ਨਿਰਦੇਸ਼ਤ ਅਕਸ਼ੈ ਕੁਮਾਰ ਦੀ ਮੁੱਖ ਭੂਮਿਕਾ ਵਾਲ਼ੀ ਫਿਲਮ 'ਕੇਸਰੀ' ਅੱਜ ਕੱਲ੍ਹ ਚਰਚਾ 'ਚ ਹੈ। ਇਸ ਫਿਲਮ 'ਚ ਭਾਵੇਂ ਸਾਰਾਗੜ੍ਹੀ ਦੀ ਲੜਾਈ ਨੂੰ ਅਧਾਰ ਬਣਾਇਆ ਗਿਆ ਹੈ ਪਰ ਫਿਲਮਕਾਰ ਨੇ ਸਾਰਾਗੜ੍ਹੀ ਦੀ ਲੜਾਈ ਨੂੰ ਸੰਘੀ ਕਲਪਣਾ ਦਾ ਖ਼ੂਬ ਰੰਗ ਚਾੜ੍ਹਿਆ ਹੈ। ਨਿਰਦੇਸ਼ਕ ਨੇ ਇਸ ਘਟਨਾ ਨੂੰ ਸੰਘੀ ਵਿਚਾਰਧਾਰਾ 'ਚ ਲਪੇਟ ਦਿੱਤਾ ਹੈ।

ਇਹ ਫਿਲਮ ਘੋਰ ਮੁਸਲਿਮ ਵਿਰੋਧੀ ਹੈ ਅਤੇ ਬਰਤਾਨਵੀ ਸਾਮਰਾਜ ਦੀ ਚਮਚਾਗਿਰੀ ਦੀ ਨੁਮਾਇਸ਼ ਹੈ। ਇਹ ਦੋਵੇਂ ਪੱਖ ਸੰਘ ਦੀ ਵਿਚਾਰਧਾਰਾ ਦੇ ਅਹਿਮ ਅੰਗ ਹਨ। ਵਰਤਮਾਨ ਸਮੇਂ ਵਿੱਚ ਸੰਘ ਪਰਿਵਾਰ ਨੇ ਜੋ ਮੁਸਲਿਮ ਵਿਰੋਧੀ ਮੁਹਿੰਮ ਵਿੱਢ ਰੱਖੀ ਹੈ, ਉਸ ਵਿੱਚ ਇਹ ਮੁਸਲਮਾਨਾਂ ਵਿਰੁੱਧ ਸਿੱਖਾਂ ਨੂੰ ਭੁਗਤਾਉਣ ਦਾ ਯਤਨ ਕਰਦੀ ਹੈ।

ਇਸ ਫਿਲਮ ਦੀ ਕਹਾਣੀ ਦੀ ਸੰਖੇਪ 'ਚ ਚਰਚਾ ਕਰਦੇ ਹੋਏ ਅਸੀਂ ਇਸ ਫਿਲਮ ਦੀ ਚੀਰਫਾੜ ਦਾ ਯਤਨ ਕਰਾਂਗੇ।

ਭਾਰਤ 'ਤੇ ਕਬਜ਼ੇ ਤੋਂ ਬਾਅਦ ਅੰਗਰੇਜਾਂ ਨੇ ਅਫਗਾਨਿਸਤਾਨ ਨੂੰ ਗੁਲਾਮ ਬਣਾਉਣਾ ਚਾਹਿਆ ਪਰ ਉੱਥੋਂ ਦੇ ਬਹਾਦਰ ਲੋਕਾਂ ਦੇ ਟਾਕਰੇ ਕਾਰਨ ਅੰਗਰੇਜਾਂ ਦੇ ਇਹ ਮਨਸੂਬੇ ਪੂਰੇ ਨਾ ਹੋ ਸਕੇ। ਸਾਰਾਗੜ੍ਹੀ ਦੀ ਲੜਾਈ ਅੰਗਰੇਜ਼ਾਂ ਦੇ ਇਹਨਾਂ ਹੀ ਅਸਫਲ ਮਨਸੂਬਿਆਂ ਦਾ ਅੰਗ ਸੀ। ਪਰ ਇੱਥੇ ਅਸੀਂ ਸਾਰਾਗੜ੍ਹੀ ਦੀ ਲੜਾਈ ਦੇ ਇਤਿਹਾਸਕ ਪਿਛੋਕੜ ਦੀ ਵਿਸਥਾਰੀ ਚਰਚਾ ਵਿੱਚ ਨਾ ਜਾਂਦੇ ਹੋਏ ਗੱਲ ਫਿਲਮ 'ਤੇ ਕੇਂਦਰਤ ਕਰਦੇ ਹਾਂ। ਫਿਲਮ ਦੇ ਸ਼ੁਰੂ ਵਿੱਚ ਇਹ ਅਫਗਾਨ ਕਬੀਲੇ ਦੇ ਲੋਕ ਇੱਕ ਮੁਸਲਮਾਨ ਕੱਟੜਪੰਥੀ ਕਾਜ਼ੀ ਦੇ ਕਹਿਣ 'ਤੇ ਇੱਕ ਔਰਤ ਜਿਸਦਾ ਕਿ ਜ਼ਬਰਦਸਤੀ ਕਿਸੇ ਨਾਲ਼ ਵਿਆਹ ਕਰ ਦਿੱਤਾ ਗਿਆ ਹੈ, ਆਵਦੇ ਪਤੀ ਦੇ ਘਰੋਂ ਭੱਜਣ ਕਾਰਨ ਕਤਲ ਕਰਨਾ ਚਾਹੁੰਦੇ ਹਨ। ਪਰ ਅਕਸ਼ੈ ਕੁਮਾਰ ਅਤੇ ਹੋਰ ਸਿੱਖ ਫੌਜੀ ਆਵਦੇ ਗੋਰੇ (ਅੰਗਰੇਜ਼) ਅਫਸਰ ਦੀ ਹੁਕਮ ਅਦੂਲੀ ਕਰਕੇ ਵੀ ਉਸ ਔਰਤ ਨੂੰ ਬਚਾ ਲੈਂਦੇ ਹਨ। ਬਦਲਾ ਲੈਣ ਲਈ ਅਫਗਾਨ ਕਬੀਲਾ ਗੋਰੀ (ਸਿੱਖ) ਫੌਜ 'ਤੇ ਹਮਲਾ ਕਰ ਦਿੰਦਾ ਹੈ। ਪਰ ਅਫਗਾਨਾਂ ਦਾ ਹਮਲਾ ਪਿਛਾੜ ਦਿੱਤਾ ਜਾਂਦਾ ਹੈ। ਸਜ਼ਾ ਵਜੋਂ ਅਕਸ਼ੈ ਕੁਮਾਰ ਨੂੰ ਬਦਲ ਕੇ ਸਾਰਾਗੜ੍ਹੀ ਦੇ ਕਿਲ੍ਹੇ 'ਤੇ ਭੇਜ ਦਿੱਤਾ ਜਾਂਦਾ ਹੈ।

ਉਪਰੋਕਤ ਅਫਗਾਨ ਮੁਸਲਿਮ ਕੱਟੜਪੰਥੀ ਕਾਜ਼ੀ ਹੋਰ ਅਫਗਾਨ ਕਬੀਲਿਆਂ ਨੂੰ ਇਕੱਠਾ ਕਰਕੇ ਸਾਰਾਗੜ੍ਹੀ ਦੇ ਕਿਲ੍ਹੇ 'ਤੇ ਹਮਲਾ ਕਰਵਾਉਂਦਾ ਹੈ। ਸਿੱਖ ਫੌਜੀਆਂ ਦੁਆਰਾ ਬਚਾਈ ਗਈ ਉਪਰੋਕਤ ਮੁਸਲਿਮ ਔਰਤ ਨੂੰ ਸਿੱਖ ਫੌਜੀਆਂ ਦੀਆਂ ਅੱਖਾਂ ਸਾਹਮਣੇ ਕਤਲ ਕੀਤਾ ਜਾਂਦਾ ਹੈ। ਇਸ ਲੜਾਈ ਦੌਰਾਨ ਇੱਕ ਅਫਗਾਨ ਫੌਜ ਵਿੱਚ ਸ਼ਾਮਲ ਇੱਕ ਛੋਟੀ ਉਮਰ ਦਾ ਜਵਾਨ ਅਕਸ਼ੈ ਕੁਮਾਰ ਦੀ ਤਲਵਾਰ ਦੇ ਵਾਰ ਹੇਠ ਆ ਜਾਂਦਾ ਹੈ ਤਾਂ ਅਕਸ਼ੈ ਕੁਮਾਰ ਉਸਨੂੰ ਬੱਚਾ ਸਮਝ ਕੇ ਛੱਡ ਦਿੰਦਾ ਹੈ। ਪਰ ਬਾਅਦ ਵਿੱਚ ਇਹੋ ਬੱਚਾ ਅਕਸ਼ੈ ਕੁਮਾਰ 'ਤੇ ਤਲਵਾਰ ਨਾਲ਼ ਵਾਰ ਕਰਦਾ ਹੈ। ਸਾਰਾਗੜ੍ਹੀ ਦੇ ਕਿਲ੍ਹੇ ਵਿੱਚ ਇੱਕ ਅਫਗਾਨ ਰਸੋਈਆ ਹੈ। ਜੋ ਕਿ ਲੜਾਈ ਦੌਰਾਨ ਅਕਸ਼ੈ ਕੁਮਾਰ ਦੇ ਕਹਿਣ 'ਤੇ ਸਾਰੇ ਜ਼ਖਮੀ ਸੈਨਿਕਾਂ (ਅਫ਼ਗਾਨਾਂ ਸਮੇਤ) ਨੂੰ ਪਾਣੀ ਪਿਆਉਂਦਾ ਹੈ। ਪਰ ਅਫਗਾਨ ਮੁਸਲਿਮ ਕਾਜ਼ੀ ਉਸਨੂੰ ਇਸ ਬਦਲੇ ਕਤਲ ਕਰ ਦਿੰਦਾ ਹੈ।

ਇਸ ਤਰ੍ਹਾਂ ਇਹ ਫਿਲਮ ਮੁਸਲਮਾਨਾਂ ਦਾ ਦੈਂਤੀਕਰਨ ਕਰਦੀ ਹੈ। ਉਹਨਾਂ ਨੂੰ ਬਰਬਰਾਂ ਵਜੋਂ ਦਿਖਾਉਂਦੀ ਹੈ। ਇਹ ਸਾਰਾਗੜ੍ਹੀ ਦੀ ਲੜਾਈ 'ਤੇ ਸੰਘੀ ਕਲਪਨਾਵਾਂ ਦਾ ਲੇਪ ਚਾੜਦੀ ਹੈ। ਸਾਰਾਗੜ੍ਹੀ ਦੀ ਲੜਾਈ, ਅਫਗਾਨਾਂ ਦੁਆਰਾ ਆਪਦੀ ਮਾਤਭੂਮੀ ਨੂੰ ਬਚਾਉਣ ਲਈ ਲੜੀ ਗਈ ਸੀ, ਪਰ ਇਹ ਫਿਲਮ ਇਸਦਾ ਕਾਰਨ ਮੁਸਲਮਾਨਾਂ ਹੱਥੋਂ ਸਿੱਖ ਫੌਜੀਆਂ ਦੁਆਰਾ ਇੱਕ ਮੁਸਲਿਮ ਔਰਤ ਨੂੰ ਬਚਾਇਆ ਜਾਣਾ ਦੱਸਦੀ ਹੈ। ਲੜਾਈ ਦੌਰਾਨ ਅਕਸ਼ੈ ਕੁਮਾਰ ਜਿਸ ਮੁਸਲਮਾਨ ਬੱਚੇ ਦੀ ਜਾਨ ਬਖਸ਼ਦਾ ਹੈ ਉਹ ਖੁਸ਼ੀ-ਖੁਸ਼ੀ ਅਕਸ਼ੈ ਕੁਮਾਰ ਦੇ ਢਿੱਡ ਵਿੱਚ ਛੁਰਾ ਖੋਭਦਾ ਹੈ। ਇਸ ਰਾਹੀਂ ਫਿਲਮਕਾਰ ਦਿਖਾਉਂਦਾ ਹੈ ਕਿ ਮੁਸਲਮਾਨਾਂ ਦੇ ਬੱਚਿਆਂ 'ਤੇ ਰਹਿਮ ਕਰਨਾ ਵੀ ਮੂਰਖਤਾ ਹੈ। ਉਹਨਾਂ ਦੇ ਬੱਚੇ ਵੀ ਮਾਰੇ ਜਾਣੇ ਚਾਹੀਦੇ ਹਨ।

ਸਾਰਾਗੜ੍ਹੀ ਦੇ ਅਫਗਾਨ ਰਸੋਈਏ ਦੇ ਕਤਲ ਜ਼ਰੀਏ ਵੀ ਫਿਲਮਕਾਰ ਮੁਸਲਮਾਨਾਂ ਨੂੰ ਬਰਬਰਾਂ ਵਜੋਂ ਦਿਖਾਉਂਦਾ ਹੈ। ਇਹ ਫਿਲਮ ਬਰਤਾਨਵੀ ਸਾਮਰਾਜ ਨੂੰ ਵੀ ਵਧੀਆ ਬਣਾਕੇ ਪੇਸ਼ ਕਰਦੀ ਹੈ। ਇੱਕ ਅੰਗਰੇਜ਼ ਅਫ਼ਸਰ ਜੋ ਅਕਸ਼ੈ ਕੁਮਾਰ ਨੂੰ ਭਾਰਤੀਆਂ ਦੇ ਡਰਪੋਕ ਹੋਣ ਦਾ ਮਿਹਣਾ ਮਾਰਦਾ ਹੈ, ਪਰ ਸਾਰਾਗੜ੍ਹੀ ਦੀ ਲੜਾਈ ਤੋਂ ਬਾਅਦ ਉਹ ਸਿੱਖ ਫੌਜੀਆਂ ਨੂੰ ਸਲੂਟ ਮਾਰਦਾ ਹੈ। ਇਸੇ ਤਰ੍ਹਾਂ ਇੱਕ ਵੱਡੇ ਅੰਗਰੇਜ਼ ਅਫਸਰ ਨੂੰ ਸਾਰਾਗੜ੍ਹੀ 'ਚ ਲੜ ਰਹੇ ਫੌਜੀਆਂ ਦੀ ਹੋਣੀ ਬਾਰੇ ਬੇਹੱਦ ਫਿਕਰਮੰਦ ਦਿਖਾਇਆ ਗਿਆ ਹੈ। ਫਿਲਮ ਦੇ ਅੰਤ ਵਿੱਚ ਬਰਤਾਨਵੀ ਹਕੂਮਤ ਵੱਲੋਂ ਸਿੱਖ ਫੌਜੀਆਂ ਨੂੰ ਦਿੱਤੇ ਐਵਾਰਡ ਅਤੇ ਇੰਗਲੈਂਡ 'ਚ ਇਹਨਾਂ ਦੀ ਯਾਦ ਵਿੱਚ ਬਣੀ ਯਾਦਗਾਰ ਨੂੰ ਵਿਸ਼ੇਸ਼ ਤੌਰ 'ਤੇ ਦਿਖਾਇਆ ਜਾਂਦਾ ਹੈ। ਇਹ ਪੂਰੀ ਤਰ੍ਹਾਂ ਰਾਸ਼ਟਰੀ ਸਵੈ ਸੇਵਕ ਸੰਘ ਦੀ ਵਿਚਾਰਧਾਰਾ ਦੇ ਅਨੁਕੂਲ ਹੈ। ਰਾਸ਼ਟਰੀ ਸਵੈ ਸੇਵਕ ਸੰਘ ਨੇ ਕਦੇ ਵੀ ਭਾਰਤ ਦੀ ਅਜ਼ਾਦੀ ਦੇ ਸੰਗਰਾਮ ਵਿੱਚ ਹਿੱਸਾ ਨਹੀਂ ਲਿਆ। ਇਸਨੂੰ ਭਾਰਤ ਵਿੱਚ ਅੰਗਰੇਜ਼ੀ ਰਾਜ ਤੋਂ ਕੋਈ ਤਕਲੀਫ ਨਹੀਂ ਸੀ। ਭਾਰਤ ਦੀ ਅਜ਼ਾਦੀ ਦੀ ਲਹਿਰ ਦੌਰਾਨ ਵੀ ਸੰਘ ਮੁਸਲਮਾਨਾਂ ਦੇ ਕਤਲੇਆਮ ਹੀ ਜਥੇਬੰਦ ਕਰਦਾ ਰਿਹਾ ਸੀ। ਇਸ ਤਰ੍ਹਾਂ ਦੇਸ਼ ਨੂੰ ਫਿਰਕੂ ਅੱਗ ਵਿੱਚ ਝੋਕ ਕੇ ਭਾਰਤ ਦੀ ਅਜ਼ਾਦੀ ਦੀ ਲਹਿਰ ਦੀ ਪਿੱਠ 'ਚ ਛੁਰਾ ਖੋਭਦਾ ਰਿਹਾ ਹੈ।

ਇਤਿਹਾਸ ਦੀ ਕੋਈ ਵੀ ਪੇਸ਼ਕਾਰੀ ਵਰਤਮਾਨ ਦੇ ਸੰਦਰਭ ਚੌਖਟੇ ਤੋਂ ਮੁਕਤ ਨਹੀਂ ਹੁੰਦੀ। ਇਸ ਲਈ ਫਿਲਮ ਦਾ ਵਰਤਮਾਨ ਸਮੇਂ ਲਈ ਕੀ ਸੁਨੇਹਾ ਹੈ ਇਹ ਸਮਝਣ ਦੀ ਲੋੜ ਹੈ। ਅੱਜ ਸੰਘ ਪਰਿਵਾਰ ਫਿਰ ਪੂਰੇ ਦੇਸ਼ ਵਿੱਚ ਧਾਰਮਿਕ ਘੱਟਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਦਾ ਕਤਲੇਆਮ ਕਰ ਰਿਹਾ ਹੈ। ਮੁਸਲਮਾਨਾਂ ਦੇ ਇਸ ਕਤਲੇਆਮ ਦੀ ਮੁਹਿੰਮ 'ਚ ਉਹ ਮੁੱਖ ਤੌਰ 'ਤੇ ਹਿੰਦੂਆ ਦੀ ਧਾਰਮਿਕ ਭਾਵਨਾਵਾਂ ਦਾ ਇਸਤਮਾਲ ਕਰਦਾ ਹੈ। ਸੰਘ ਸਿੱਖ ਧਰਮ ਨੂੰ ਵੀ ਹਿੰਦੂ ਧਰਮ ਦੀ ਹੀ ਇੱਕ ਸ਼ਾਖਾ ਮੰਨਦਾ ਹੇ। ਇਸ ਲਈ ਉਹ ਮੁਸਲਮਾਨਾਂ ਦੇ ਕਤਲੇਆਮ ਦੀ ਮੁਹਿੰਮ 'ਚ ਸਿੱਖਾਂ ਨੂੰ ਵੀ ਨਾਲ਼ ਲੈਣਾ ਚਾਹੁੰਦਾ ਹੈ। ਫਿਲਮ 'ਕੇਸਰੀ' ਸੰਘ ਪਰਿਵਾਰ ਦੇ ਇਸੇ ਏਜੰਡੇ ਦੀ ਪੂਰਤੀ ਕਰਦੀ ਹੈ।

:-ਹਰਫ ਤੋਂ ਧੰਨਵਾਦ ਸਹਿਤ

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
Services Available in Punjabi, Hindi, Urdu & English
- Complete Eye Exam
- Ocular Health Assessment
- Contact Lenses
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102,
Surrey, BC V3W 3M8 604-635-0155

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

ਪੰਜਾਬੀ ਲਿਖਾਰੀ ਸਭਾ ਕੈਲਗਰੀ ਮਾਸਿਕ ਮੀਟਿੰਗ

# ਇਤਿਹਾਸਕ, ਸਮਾਜਿਕ ਅਤੇ ਸਾਹਿਤਕ ਵਿਸ਼ਿਆ 'ਤੇ ਉਸਾਰੂ ਗੱਲਬਾਤ







**ਜੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਪ੍ਰੈਲ ਮਹੀਨੇ ਦੀ ਇਕੱਤਰਤਾ 21 ਅਪ੍ਰੈਲ ਦਿਨ ਐਤਵਾਰ ਬਾਅਦ ਦੁਪਿਹਰ 2 ਵਜੇ ਕੋਸੋ ਦੇ ਹਾਲ ਵਿੱਚ ਸ਼ੁਰੂ ਹੋਈ। ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਸੁਰਿੰਦਰ ਚੀਮਾ, ਨਰਿੰਦਰ ਢਿੱਲੋਂ ਤੇ ਸਾਬਕਾ ਪ੍ਰਧਾਨ ਤਰਲੋਚਨ ਸੈਂਭੀ ਨੂੰ ਸੱਦਾ ਦਿੱਤਾ। ਇਸ ਤੋਂ ਬਾਅਦ ਉਹਨਾਂ ਸ਼ੋਕ ਮਤੇ ਸਾਂਝੇ ਕਰਦਿਆ ਤਿੰਨ ਸਾਹਿਤਕਾਰਾਂ ਦੇ ਵਿਛੋੜੇ ਤੇ ਦੁੱਖ ਪ੍ਰਗਟਾਇਆ ਜਿੰਨ੍ਹਾ ਵਿੱਚ ਸਾਹਿਤ ਸਭਾ ਧੂਰੀ ਦੇ ਮੀਤ ਪ੍ਰਧਾਨ ਅਤੇ ਸਰਪ੍ਰਸਤ ਹਰੀ ਸਿੰਘ ਭੁੱਲਰ ਜਿੰਨ੍ਹਾ ਪੰਜ ਕਿਤਾਬਾਂ ਨਾਲ ਪੰਜਾਬੀ ਸਾਹਿਤ ਵਿੱਚ ਯੋਗਦਾਨ ਪਾਇਆ, ਉੱਘੇ ਸਾਹਿਤਕਾਰ ਕਿਰਪਾਲ ਸਿੰਘ ਕਸੇਲ ਜਿੰਨ੍ਹਾ ਲੰਮਾ ਸਮਾਂ ਅਧਿਆਪਨ ਅਤੇ ਦਰਜਨਾਂ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਅਤੇ ਨਾਲ ਹੀ ਜਸਬੀਰ ਸਿੰਘ ਆਹਲੂਵਾਲੀਆਂ ਜਿਹੜੇ ਪੰਜ ਦਰਿਆ ਮਾਸਿਕ ਪੱਤਰਕਾ ਦੀ ਸਥਾਪਨਾ ਕੀਤੀ। ਇਸ ਦੇ ਨਾਲ ਹੀ ਉਹਨਾਂ ਸਭਾ ਦੇ ਕਾਰਜਕਾਰਨੀ ਮੈਂਬਰ ਮਹਿੰਦਰ ਐਸ ਪਾਲ ਦੀ ਮਾਤਾ ਨਛੱਤਰ ਕੌਰ ਅਤੇ ਮੀਤ ਪ੍ਰਧਾਨ ਦਵਿੰਦਰ ਮਲਹਾਂਸ ਤੇ ਉੱਘੇ ਕਹਾਣੀਕਾਰ ਜਤਿੰਦਰ ਹਾਂਸ ਦੇ ਪਿਤਾ ਲਾਭ ਸਿੰਘ ਦੇ ਸਦੀਵੀ ਵਿਛੋੜੇ ਤੇ ਸਭਾ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ। ਕਵਿਤਾਵਾਂ ਕਹਾਣੀਆਂ ਦੇ ਦੌਰ ਦੀ ਸ਼ੁਰੂਆਤ ਵਿੱਚ ਮੰਗਲ ਚੱਠਾ ਨੇ ਅਲਬਰਟਾ ਤੇ ਪੰਜਾਬ ਦੇ ਰਾਜਨੀਤਕ ਵਿਸ਼ੇ ਉੱਤੇ ਕਟਾਖਸ਼ ਕਰਦੀ ਆਪਣੀ ਕਵਿਤਾ 'ਤੇਲ ਤੇ ਪਾਣੀ', ਬਲਬੀਰ ਗੋਰਾ ਨੇ ਇੰਡੀਆ ਦੀਆਂ ਵੋਟਾਂ ਉੱਪਰ ਲਿਖਿਆ ਗੀਤ ' ਵੋਟਾਂ ਪਾ ਕੇ ਰਾਜ', ਸੁਰਿੰਦਰ ਗੀਤ ਨੇ ਸੰਵੇਦਨਸ਼ੀਲ ਕਵਿਤਾ 'ਅੱਗ', ਆਪਣੀ ਪੰਜਾਬ ਫੇਰੀ ਤੋਂ ਵਾਪਸ ਪਰਤੇ ਜਗਦੇਵ ਸਿੱਧੂ ਨੇ ਲੇਖਕਾਂ ਲਈ ਕੁਝ ਸਿੱਖਿਆਦਾਇਕ ਸੁਝਾਅ ਦੇ ਬਾਅਦ ਆਪਣੀ ਕਵਿਤਾ 'ਰੁੱਤ' ਸੁਣਾਈ। ਬੱਚੀ ਮੰਨਤਵੀਰ ਢਿੱਲੋਂ ਨੇ ਆਪਣੀ ਲਿਖੀ ਬਹੁਤ ਖੂਬਸੂਰਤ ਕਵਿਤਾ 'ਯਾਦਾਂ', ਤਰਲੋਚਨ ਸੈਂਭੀ ਨੇ ਵਿਸਾਖੀ ਨੂੰ ਮੁੱਖ ਰੱਖਦਿਆਂ ਧਾਰਮਿਕ ਗੀਤ 'ਹੋ ਗਿਆ ਖਾਲਸਾ ਪੰਥ ਤਿਆਰ' ਆਪਣੀ ਬੁਲੰਦ ਆਵਾਜ਼ ਵਿੱਚ ਸੁਣਾਇਆ। ਜਰਨੈਲ ਤੱਗੜ ਨੇ ਆਪਣੀ ਭਾਰਤ ਫੇਰੀ ਦੀਆਂ ਖੱਟੀਆ ਮਿੱਠੀਆ ਯਾਦਾਂ ਸਾਂਝੀਆਂ ਕੀਤੀਆਂ। ਹਰੀਪਾਲ ਨੇ ਆਪਣੇ ਲੇਖ 'ਬਜ਼ੁਰਗ ਹੁਣ ਜਾਵਣ ਕਿਹੜੇ ਸਵਰਗ' ਵਿੱਚ ਕੈਨੇਡਾ 'ਚ ਰਹਿ ਰਹੇ ਬਜੁਰਗਾਂ ਦੇ ਹਾਲਾਤਾਂ ਦਾ ਭਾਵਪੂਰਕ ਸ਼ਬਦਾਂ ਵਿੱਚ ਵਰਨਣ ਕੀਤਾ ਕਿ ਕਿਵੇਂ ਅੱਜ ਪੈਸੇ ਦੀ ਭੁੱਖ ਲਈ ਵੱਡੀਆਂ ਗੱਡੀਆਂ ਵਿੱਚ ਘੁੰਮਣ ਵਾਲੇ ਪੁੱਤ ਆਪਣੇ ਬਜੁਰਗ ਮਾਪਿਆ ਨੂੰ ਰੈਸਟੋਰੈਂਟਾਂ ਵਿੱਚ ਲੋਕਾਂ ਦੀ ਜੂਠ ਮਾਂਜਣ ਲਈ ਮਜਬੂਰ ਕਰਦੇ ਹਨ ਤੇ ਫਿਰ ਉਹਨਾਂ ਦੇ ਪੈਸੇ ਆਪ ਰੱਖ ਉਹਨਾਂ ਨੂੰ ਨਿੱਕੀ ਨਿੱਕੀ ਚੀਜ ਲਈ ਤਰਸਾਉਦੇ ਹਨ ਤੇ ਬੀਮਾਰ ਮਾਪਿਆਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਤੋਂ ਭੱਜ ਉਹਨਾਂ ਨੂੰ ਬਿਰਧ ਆਸ਼ਰਮ ਵਿੱਚ ਛੱਡ ਜਾਂਦੇ ਹਨ। ਵਤਨੋਂ ਪਰਤੇ ਨਰਿੰਦਰ ਢਿੱਲੋਂ ਕਈ ਸਮਾਜਿਕ ਤੇ ਸਾਹਿਤਕ ਵਿਸ਼ਿਆ ਤੋਂ ਇਲਾਵਾ ਲੇਖਕਾਂ ਲਈ ਹਾਊਮੇ ਤੇ ਅਲੋਚਨਾ ਦੇ ਫਰਕ ਦੀ ਗੱਲ ਵੀ ਕੀਤੀ। ਜੋਰਾਵਰ ਬਾਂਸਲ ਨੇ ਉਰਦੂ ਤੇ ਹਿੰਦੀ ਦੇ ਮਹਾਨ ਲੇਖਕ ਗੁਲਜ਼ਾਰ ਦੀ ਲਿਖੀ ਕਹਾਣੀ 'ਰਾਵੀ ਪਾਰ' ਸੁਣਾਈ ਜੋ ਵੰਡ ਦੇ ਸਮੇਂ ਦਾ ਦਰਦ ਬਿਆਨ ਕਰਦੀ ਸੀ। ਰਚਨਾਵਾਂ ਦੇ ਅਗਲੇ ਦੌਰ ਵਿੱਚ ਸਰਬਜੀਤ ਕੌਰ ਉੱਪਲ ਨੇ ਕਵਿਤਾ 'ਸਿਆਸਤਾ ਤੇ ਰਿਆਸਤਾ', ਹਰਮਿੰਦਰ ਕੌਰ ਚੁੱਘ ਨੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕਹੋ ਤੇ ਸੁਣੋ' ਅਤੇ 'ਗੱਲ ਕੋਈ ਜਰੂਰ ਸੀ' ਨਾਲ ਹਾਜ਼ਰੀ ਲਵਾਈ।


## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ

ਵਲੋਂ



ਜਲ੍ਹਿਆਂਵਾਲੇ ਬਾਗ ਦੀ

100ਵੀਂ ਵਰ੍ਹੇਗੰਢ ਨੂੰ ਸਮਰਪਿਤ

**10ਵਾਂ ਸਲਾਨਾ ਨਾਟਕ ਸਮਾਗਮ**

ਮਿਤੀ 6 ਜੁਲਾਈ 2019, ਦਿਨੀ ਸ਼ਨੀਵਾਰ ਨੂੰ ਦੁਪਹਿਰ,

**ਮੇਟ ਕਾਲਜ ਆਰਟੀਅਸ ਥੀਏਟਰ, ਕੈਲਗਰੀ**

ਵਿਖੇ ਕਰਵਾਇਆ ਜਾ ਰਿਹਾ ਹੈ।

*ਲੋਕ ਮੰਚ ਮੰਡੀ ਮੁੱਲਾਂਪੁਰ ਦੇ ਡਾਇਰੈਕਟਰ ਹਰਕੇਸ਼ ਚੌਧਰੀ ਵਿਸ਼ੇਸ਼ ਰੂਪ ਵਿਚ ਤਿਆਰੀ ਲਈ ਪੁੱਜ ਜਾਣਗੇ ।*

**ਹੋਰ ਜਾਣਕਾਰੀ ਲਈ ਸੰਪਰਕ: ਮਾਸਟਰ ਭਜਨ: 403-455-4220**



ਨੌਂ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ


## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਸੁਖਵੀਰ ਗਰੇਵਾਲ (ਕੈਲਗਰੀ) 403 402 0770















# ਜਲ੍ਹਿਆਂਵਾਲਾ ਬਾਗ ਕਾਂਡ ਦੀ ਸ਼ਤਾਬਾਦੀ ਨੂੰ ਸਮਰਪਿਤ ਪ੍ਰਭਾਵਸ਼ਾਲੀ ਸੈਮੀਨਾਰ






















ਕੈਲਗਰੀ: ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 'ਅਦਾਰਾ ਸਿੱਖ ਵਿਰਸਾ' ਤੇ 'ਅਦਾਰਾ ਸਰੋਕਾਰਾਂ ਦੀ ਆਵਾਜ' ਦੇ ਸਹਿਯੋਗ ਨਾਲ ਜ਼ਲਿਆਂਵਾਲਾ ਬਾਗ ਕਾਂਡ ਦੀ 100 ਸਾਲਾ ਵਰ੍ਹੇਗੰਢ ਨੂੰ ਸਮਰਪਿਤ ਇੱਕ ਪ੍ਰਭਾਵਾਸ਼ਾਲੀ ਸੈਮੀਨਾਰ ਕੋਸੋ ਹਾਲ ਵਿੱਚ ਕਰਵਾਇਆ ਗਿਆ।ਸਮਾਗਮ ਦਾ ਮੰਚ ਸੰਚਾਲਨ ਮਾਸਟਰ ਭਜਨ ਸਿੰਘ ਵਲੋਂ ਕੀਤਾ ਗਿਆ। ਇਸ ਮੌਕੇ ਤੇ ਬੋਲਦਿਆਂ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ 100 ਸਾਲ ਪਹਿਲਾਂ 13 ਅਪਰੈਲ, 1919 ਨੂੰ ਅੰਮ੍ਰਿਤਸਰ ਵਿੱਚ ਹੋਏ ਜ਼ਲਿਆਂਵਾਲਾ ਬਾਗ ਕਤਲੇਆਮ ਦੇ ਹਲਾਤਾਂ ਨੂੰ ਅੱਜ ਦੇ ਸ...ਂਦਰਭ ਵਿੱਚ ਪੇਸ਼ ਕਰਦੇ ਹੋਏ ਕਿਹਾ ਕਿ ਬਸਤੀਵਾਦੀ ਹਾਕਮਾਂ ਵਿਰੁੱਧ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ ਕੁਚਲਣ ਲਈ ਬਣਾਏ 'ਰੌਲ਼ਟ ਐਕਟ' ਦਾ ਵਿਰੋਧ ਕਰ ਰਹੇ ਸ਼ਾਂਤਮਈ ਲੋਕਾਂ ਤੇ ਹਮਲਾ ਕਰਕੇ ਸੈਂਕੜੇ ਲੋਕਾਂ ਦਾ ਕਤਲੇਆਮ ਕਰਨ ਵਾਲੇ ਹਕਾਮਾਂ ਤੇ ਅੱਜ ਦੇ ਹਾਕਮਾਂ ਵਿੱਚ ਕੋਈ ਬਹੁਤਾ ਫਰਕ ਨਹੀਂ। ਇਸ ਕਤਲੇਆਮ ਦੇ 100 ਸਾਲ ਬਾਅਦ ਅੱਜ ਦੇ ਹਾਕਮਾਂ ਨੇ 'ਰੌਲਟ ਐਕਟ' ਤੋਂ ਕਈ ਗੁਣਾਂ ਵੱਧ ਖਤਰਨਾਕ 'ਐਨ ਐਸ ਏ', 'ਟਾਡਾ', 'ਪੋਟਾ', ਔਆਪਾ' ਵਰਗੇ ਕਨੂੰਨ ਬਣਾਏ ਹੋਏ, ਜਿਨ੍ਹਾਂ ਨਾਲ ਲੋਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ ਬਿਨਾਂ ਕਿਸੇ ਦਲੀਲ, ਵਕੀਲ, ਅਪੀਲ ਦੇ ਜ਼ੇਲ੍ਹਾਂ ਵਿੱਚ ਸੁੱਟਿਆ ਜਾਂਦਾ ਹੈ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਰੇਡੀਉ ਰੈਡ ਐਫ ਐਮ ਦੇ ਨਿਊਜ ਹੋਸਟ ਰਮਨਜੀਤ ਸਿੱਧੂ ਵਲੋਂ ਬਹੁਤ ਹੀ ਪ੍ਰਭਾਵਸ਼ਾਲੀ ਤਕਰੀਰ ਦਿੱਤੀ। ਉਨ੍ਹਾਂ ਜਿਥੇ ਉਸ ਵਕਤ ਦੇ ਬਸਤਵਾਦੀ ਹਾਕਮਾਂ ਤੇ ਅੱਜ ਦੇ ਦੇਸੀ ਹਾਕਮਾਂ ਦੀ ਤੁਲਨਾ ਕਰਦੇ ਹੋਏ ਕਿਹਾ ਗਿਆ ਕਿ ਹਾਕਮ ਤਾਂ ਹਾਕਮ ਹਨ, ਇਨ੍ਹਾਂ ਦੀਆਂ ਸ਼ਕਲਾਂ, ਨਸਲਾਂ, ਧਰਮ, ਕੌਮ ਆਦਿ ਬਦਲਣ ਨਾਲ ਕੋਈ ਫਰਕ ਨਹੀਂ ਪੈਂਦਾ। ਉਨ੍ਹਾਂ ਉਸ ਸਮੇਂ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਯੋਧਿਆਂ ਦੀ ਗੱਲ ਕਰਦੇ ਹੋਏ ਲੋਕਾਂ ਲਈ ਸਵਾਲ ਖੜਾ ਕੀਤਾ ਕਿ ਅੱਜ ਅਸੀਂ ਉਨ੍ਹਾਂ ਦੇ ਮੁਕਾਬਲੇ ਕਿਥੇ ਖੜ੍ਹੇ ਹਾਂ? ਜਦੋਂ ਕਿ ਹਾਲਾਤ ਅੱਜ ਵੀ 100 ਸਾਲ ਪਹਿਲਾਂ ਨਾਲੋਂ ਕੋਈ ਜ਼ਿਆਦਾ ਵਧੀਆ ਨਹੀਂ ਹਨ। ਉਨ੍ਹਾਂ ਇਹ ਮੁੱਦਾ ਵੀ ਉਠਾਇਆ ਕਿ ਸਾਨੂੰ ਇਤਿਹਾਸ ਦਾ ਮੁਲਾਂਕਣ ਕਰਨ ਲਈ ਆਵਾਜ ਉਠਾਉਣੀ ਚਾਹੀਦੀ ਹੈ ਕਿ ਇਤਿਹਾਸ ਵਿੱਚ ਕੌਣ ਕਿਥੇ ਖੜਾ ਸੀ? ਤਾਂ ਕਿ ਅੱਜ ਦੀ ਜਨਰੇਸ਼ਨ ਨੂੰ ਹਾਕਮਾਂ ਦਾ ਰੋਲ ਸਹੀ ਸੰਧਰਭ ਵਿੱਚ ਪਤਾ ਲੱਗੇ? ਇਸ ਮੌਕੇ ਤੇ ਥੀਏਟਰ ਕਲਾਕਾਰ ਅਤੇ ਉਘੇ ਪੰਜਾਬੀ ਫਿਲਮੀ ਐਕਟਰ ਮਲਕੀਤ ਰੌਲ਼ੀ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਦੱਸਿਆ ਗਿਆ ਕਿ ਅੱਜ ਅਸੀਂ ਸਭ ਪੰਜਾਬੀ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਾਂ, ਪਰ ਸਾਨੂੰ ਉਨ੍ਹਾਂ ਗਦਰੀ ਬਾਬਿਆਂ, ਕਰਤਾਰ ਸਿੰਘ ਸਰਾਭਾ ਵਰਗੇ ਯੋਧਿਆਂ ਦਾ ਇਤਿਹਾਸ ਨਹੀਂ ਪਤਾ ਕਿ ਕਿਵੇਂ ਉਹ 100 ਸਾਲ ਪਹਿਲਾਂ ਇਨ੍ਹਾਂ ਦੇਸ਼ਾਂ ਤੋਂ ਜਾ ਕੇ ਆਪਣੇ ਦੇਸ਼ ਲਈ ਕੁਰਬਾਨੀਆਂ ਕਰ ਰਹੇ ਸਨ। ਤਕਰੀਬਨ ਤਿੰਨ ਘੰਟੇ ਚੱਲੇ ਇਸ ਸੈਮੀਨਾਰ ਵਿੱਚ ਸੋਸ਼ਲ ਵਰਕਰ ਸਿਲਵੀਆ, ਲੇਖਕ ਰਾਜਵੰਤ ਕੌਰ ਮਾਨ, ਕਮਲਪ੍ਰੀਤ ਪੰਧੇਰ, ਲੇਖਕ ਗੁਰਚਰਨ ਕੌਰ ਥਿੰਦ, ਸੁੱਖਵਿੰਦਰ ਬਰਾੜ, ਕਾਮਰੇਡ ਨਿਰਮਲ ਸਿੰਘ ਨੇ ਆਪਣੇ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਤੇ ਹਰੀਪਲ, ਪਰਮਿੰਦਰ ਰਮਨ, ਸੁੱਖਵਿੰਦਰ ਤੂਰ, ਗੁਰਚਰਨ ਕੌਰ ਥਿੰਦ ਨੇ ਆਪਣੀਆਂ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ। ਸੈਮੀਨਾਰ ਦੌਰਾਨ ਪ੍ਰੌਗਰੈਵਿਸ ਕਲਚਰਲ ਐਸੋਸੀਏਸ਼ਨ ਵਲੋਂ ਜ਼ਲਿਆਂਵਾਲਾ ਬਾਗ ਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਕੈਲੰਡਰ ਵੀ ਜਾਰੀ ਕੀਤਾ ਗਿਆ ਅਤੇ ਸ਼ਹੀਦ ਊਧਮ ਸਿੰਘ ਦੀ ਜੀਵਨੀ ਅਧਾਰਿਤ ਨਵਤੇਜ ਸਿੰਘ ਦੀ ਲਿਖੀ ਪੁਸਤਕ 'ਸ਼ਹੀਦ ਊਧਮ ਸਿੰਘ ਜੀਵਨ-ਗਾਥਾ' ਪ੍ਰਮੁੱਖ ਬੁਲਾਰਿਆਂ ਰਮਨਜੀਤ ਸਿੱਧੂ, ਹਰਚਰਨ ਪ੍ਰਹਾਰ, ਮਲਕੀਤ ਰੌਲ਼ੀ ਨੂੰ ਭੇਟ ਕੀਤੀ ਗਈ। ਮਾਸਟਰ ਭਜਨ ਸਿੰਘ ਨੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਆਦਾਰਾ ਸਿੱਖ ਵਿਰਸਾ ਵਲੋਂ ਲੱਚਰ ਗਾਇਕੀ ਤੇ ਜੋਤਸ਼ੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਬਾਰੇ ਵੀ ਜਾਣਕਾਰੀ ਦਿੱਤੀ।











ਬਰੈਂਪਟਨ ਐਕਸ਼ਨ ਕਮੇਟੀ ਦੇ 20 ਦੇ ਕਰੀਬ ਮੈਂਬਰ ਅੱਜ ਡਾਊਨ ਟਾਊਨ 'ਚ ਹੋਏ ਨਗਰ ਕੀਰਤਨ ਸਮੇਂ ਫਲਾਇਰ ਵੰਡਣ ਲਈ ਪਹੁੰਚੇ। ਲੋਕਾਂ ਵੱਲੋਂ ਕਾਫ਼ੀ ਉਤਸਾਹਜਨਕ ਹੁੰਗਾਰਾ ਮਿਲਿਆ। ਲੋਕਾਂ ਨੂੰ 26 ਮਈ ਦਿਨ ਐਤਵਾਰ ਨੂੰ 2 ਤੋਂ 5 ਵਜੇ ਤੱਕ ਬਰੈਂਪਟਨ ਸੌਕਰ ਸੈਂਟਰ 'ਚ ਕੀਤੀ ਜਾਣ ਵਾਲੀ ਟਾਊਨ ਹਾਲ ਮੀਟਿੰਗ 'ਚ ਪਹੁੰਚ ਲਈ ਬੇਨਤੀ ਕੀਤੀ ਗਈ। ਕਈ ਦੋਸਤ ਪਿਕਚਰ ਤੋਂ ਬਾਹਰ ਰਹਿ ਗਏ ਹਨ ਉਹਨਾਂ ਤੋਂ ਮਾਫ਼ੀ। ਜਿਹੜੇ ਵੀ ਦੋਸਤਾਂ ਨੇ ਅੱਜ ਸਮਾਂ ਕੱਢਿਆ ਸਾਰਿਆ ਦਾ ਬਹੁਤ ਬਹੁਤ ਧੰਨਵਾਦ।




ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਤੇ ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਜਾਰੀ ਸਾਂਝੇ ਪ੍ਰੈਸ ਨੋਟ ਵਿਚ ਜਿਥੇ ਬੀਤੇ ਕੱਲ੍ਹ ਸ੍ਰੀਲੰਕਾ ਵਿਚ ਵੱਖ-ਵੱਖ ਸੈਲਾਨੀ ਹੋਟਲਾਂ ਅਤੇ ਚਰਚਾਂ ਤੇ ਹੋਏ ਬੰਬ ਧਮਾਕਿਆਂ ਵਿਚ ਮਾਰੇ ਗਏ ਸੈਂਕੜੇ ਬੇਗੁਨਾਹ ਲੋਕਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ, ਉਥੇ ਇਨ੍ਹਾਂ ਹਮਲਿਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਜਿਸ ਤਰ੍ਹਾਂ ਨਸਲਵਾਦੀ ਤੇ ਨਕਲੀ ਰਾਸ਼ਟਰਵਾਦੀ ਤਾਕਤਾਂ ਜ਼ੋਰ ਫੜ ਰਹੀਆਂ ਹਨ, ਉਸ ਨਾਲ ਅਜਿਹੇ ਘਿਨਾਉਣੇ ਕਾਰਨਾਮੇ ਭਵਿੱਖ ਵਿਚ ਵੀ ਵਰਤ ਸਕਦੇ ਹਨ, ਇਸ ਲਈ ਮਨੁੱਖਤਾਵਾਦੀ ਲੋਕਾਂ ਨੂੰ ਲਾਮਬੰਦ ਤੇ ਸੁਚੇਤ ਦੀ ਲੋੜ ਹੈ। ਮਾਸਟਰ ਭਜਨ, ਹਰਚਰਨ ਸਿੰਘ ਪਰਹਾਰ ਤੇ ਹਰਬੰਸ ਸਿੰਘ।


Shaheed Bhagat Singh Book Centre Calgary

Call Master Bhajan Singh at 403-455-4220 to buy or order books.

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।






Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange Decoration Party Rentals

Customer satisfaction is our pride!

Video | Photography | Music

403-835-2762 or 29 DREAM (37326)

Special Packages Available For All Occasions





Avon Accounting & Tax Services

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (T1)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com



RC REAL CORE REALTY

FOR ALL YOUR REAL ESTATE NEEDS

Contact Long time trusted name in the community

HARCHARAN SINGH PARHAR

RESIDENTIAL · BUSINESS · LAND · COMMERCIAL · INDUSTRIAL · INVESTMENT

403-681-8689

www.parharrealty.com

hp8689@gmail.com

* Free no obligation evaluation
* Full time commitment
* Assistance to arrange best mortgage rates





SUPER VISA INSURANCE

ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

SUPER VISA INSURANCE RATES

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

For More Information Call

HARCHARAN SINGH PARHAR

403-681-8689

208, 4656-WESTWINDS DR. N.E. CALGARY AB T3J 3Z5



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਕਰਜ਼ੇ ਦੀ ਸੱਚਾਈ ਅਤੇ ਕਿਸਾਨ ਦੀ ਹਾਲਤ



ਸਾਡੇ ਦੇਸ਼ ਵਿੱਚ ਹਰ ਦੂਜਾ ਕਿਸਾਨ ਪਰਿਵਾਰ ਕਰਜ਼ੇ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ। ਕਈ ਵਾਰ ਤਾਂ ਹਾਲਤ ਇਹ ਹੁੰਦੀ ਹੈ ਕਿ ਸਾਲਾਨਾ ਆਮਦਨ ਵੀ ਇੱਕ ਲੱਖ ਰੁਪਏ ਅਤੇ ਕਰਜ਼ੇ ਦਾ ਬੋਝ ਵੀ ਇੱਕ ਲੱਖ ਰੁਪਿਆ ਹੈ। ਅਜਿਹੀ ਹਾਲਤ ਵਿੱਚ ਉਹ ਕਰਜ਼ਾ ਚੁਕਾਵੇਗਾ ਕਿਵੇਂ ਜਾਂ ਆਪਣੇ ਪਰਿਵਾਰ ਦਾ ਪੇਟ ਭਰੇਗਾ ਕਿਵੇਂ ? ਕਰਜ਼ੇ ਦੀ ਇਸ ਘੁੰਮਣਘੇਰੀ ਵਿੱਚੋਂ ਦੇਸ਼ ਦਾ ਕਿਸਾਨ ਨਿਕਲੂ ਕਿਵੇਂ ਜਿਸ ਦਾ ਕੋਈ ਹੱਲ ਪਿਛਲੇ ਪੰਜ ਸਾਲਾਂ ਤੋਂ ਕੇਂਦਰ ਵਿੱਚ ਰਾਜ ਕਰਦੀ ਆ ਰਹੀ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਨਹੀਂ ਦੇ ਸਕੀ ਹੈ। ਇਸ ਸਰਕਾਰ ਨੇ ਕੁਰਸੀ ਸੰਭਾਲਣ ਵੇਲੇ ਵੱਡੇ ਵੱਡੇ ਵਾਅਦੇ ਕੀਤੇ ਸਨ ਹੁਣ ਸਰਕਾਰ ਕੋਲ ਕੀ ਜੁਆਬ ਹੈ। ਉਲਟਾ ਦੇਸ਼ ਦੇ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਕਰਜ਼ਾ ਮੁਆਫੀ ਕੋਈ ਹੱਲ ਨਹੀਂ ਹੈ ਜਦ ਕਿ ਪਿਛਲੇ ਦੋ ਤਿੰਨ ਸਾਲਾਂ ਵਿੱਚ ਉਹਨਾਂ ਦੀ ਹੀ ਪਾਰਟੀ ਦੀਆਂ ਉੱਤਰ ਪਦੇਸ਼, ਅਸਾਮ, ਮਹਾਰਾਸ਼ਟਰ ਦੀਆਂ ਸਰਕਾਰਾਂ ਕਰਜ਼ਾ ਮਾਫ਼ੀ ਦਾ ਫ਼ੈਸਲਾ ਕਰ ਚੁੱਕੀਆਂ ਹਨ। ਕੁੱਲ ਹਿੰਦ ਕਿਸਾਨ ਸੰਘਰਸ਼ ਸੰਮਤੀ ਦੇ ਪ੍ਰਬੰਧਕ ਵੀ ਐੱਮ ਸਿੰਘ ਦਾ ਕਹਿਣਾ ਹੈ "ਦੇਸ਼ ਦਾ ਕਿਸਾਨ ਇਸ ਸਮੇਂ ਗੰਭੀਰ ਸੰਕਟ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ। ਉਸ ਤੇ ਕਰੀਬ 13-14 ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਚੁੱਕਾ ਹੈ। ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਅਤੇ ਕਿਸਾਨਾਂ ਦੇ ਜ਼ਿਆਦਾ ਕਾਰਪੋਰੇਟ ਸੈਕਟਰ ਵੱਲ ਧੱਕੇ ਜਾਣ ਕਰਕੇ ਇਹ ਸਥਿਤੀ ਬਣੀ ਹੈ ਇਹ ਜ਼ਰੂਰੀ ਹੈ ਕਿ ਉਸ ਨੂੰ ਫੌਰੀ ਰਾਹਤ ਦਿੱਤੀ ਜਾਵੇ। ਲਗਾਤਾਰ ਘਾਟੇ ਦੀ ਖੇਤੀ ਦੇ ਕਾਰਨ ਪਿਛਲੇ ਸਾਲਾਂ ਚ ਕਿਸਾਨ ਕਰਜ਼ੇ ਥੱਲੇ ਆ ਗਏ ਹਨ। ਕੌਮੀ ਖੇਤੀ ਅਤੇ ਪੇਂਡੂ ਵਿਕਾਸ ਬੈਂਕ (ਨਾਬਾਰਡ) 2017-18 ਦੀ ਰਿਪੋਰਟ ਮੁਤਾਬਕ "ਪਿਛਲੇ ਪੰਜ ਸਾਲਾਂ ਵਿੱਚ ਖੇਤੀ ਕਰਜ਼ਾ 61 ਫੀਸਦੀ ਵਧ ਕੇ 11.78 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। 2013-14 ਵਿੱਚ ਖੇਤੀ ਕਰਜ਼ਾ 7.30 ਲੱਖ ਕਰੋੜ ਰੁਪਏ ਸੀ। ਕਰੀਬ ਬਾਰਾਂ ਲੱਖ ਕਰੋੜ ਰੁਪਏ ਦੇ ਖੇਤੀ ਕਰਜ਼ੇ ਤੋਂ ਕਿਸਾਨ ਆਪਣੀ ਖੇਤੀ ਦੀਆਂ ਕਈ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ। ਰਿਪੋਰਟ ਮੁਤਾਬਕ ਕਿਸਾਨ ਕਰੀਬ 65 ਫੀਸਦੀ ਕਰਜ਼ਾ ਹੀ ਫਸਲ ਕਰਜ਼ੇ ਦੇ ਰੂਪ ਵਿੱਚ ਲੈਂਦਾ ਹੈ। ਪੈਂਤੀ ਫੀਸਦੀ ਕਰਜ਼ਾ ਟਰੈਕਟਰ, ਪੰਪ ਸੈੱਟ, ਮੁਰਗੀ ਪਾਲਣ, ਡੇਅਰੀ ਆਦਿ ਦੀਆਂ ਦੂਸਰੀਆਂ ਲੋੜਾਂ ਪੂਰੀਆਂ ਕਰਨ ਲਈ ਟਰਮ ਲੋਨ ਦੇ ਰੂਪ ਵਿੱਚ ਲੈਂਦਾ ਹੈ।ਯਾਨੀ ਕਰੀਬ ਚਾਰ ਲੱਖ ਕਰੋੜ ਰੁਪਏ ਦਾ ਕਰਜ਼ਾ ਦੂਜਿਆਂ ਲੋੜਾਂ ਲਈ ਵਰਤਿਆ ਜਾਂਦਾ ਹੈ।"ਸਟੇਟ ਬੈਂਕ ਆਫ ਇੰਡੀਆ ਦੇ ਸਾਬਕਾ ਸੀ ਜੀ ਐੱਮ ਸੁਨੀਲ ਪੰਤ ਦੁੱਗਣਾ ਹੈ ਕਿ "ਫਸਲ ਕਰਜ਼ੇ ਤਾਂ ਜ਼ਰੂਰ ਕਿਸਾਨ ਨੂੰ ਸਸਤਾ ਪੈਂਦਾ ਹੈ ਪਰ ਟਰਮ ਲੋਨ ਉਸ ਦੇ ਮੁਕਾਬਲੇ ਕਾਫੀ ਮਹਿੰਗਾ ਹੁੰਦਾ ਹੈ। ਜੇ ਕਿਸਾਨ ਸਮੇਂ ਸਿਰ ਕਰਜ਼ਾ ਲਾ ਦਿੰਦਾ ਹੈ ਤਾਂ ਉਸ ਨੂੰ ਚਾਰ ਫੀਸਦੀ ਦੀ ਵਿਆਜ ਦਰ ਕਰਜ਼ਾ ਮਿਲ ਜਾਂਦਾ ਹੈ ਅਜਿਹਾ ਇਸ ਲਈ ਹੈ ਕਿਉਂਕਿ ਕੇਂਦਰ ਸਰਕਾਰ ਸਮੇਂ ਤੇ ਕਰ ਕਰਜ਼ਾ ਲਾਉਣ ਬਦਲੇ ਤਿੰਨ ਫੀਸਦੀ ਦੀ ਵਿਆਜ਼ ਸਬਸਿਡੀ ਦਿੰਦੀ ਹੈ। ਟਰਮ ਲੋਨ ਦੀ ਵਿਆਜ ਦਰ ਕਿਤੇ ਜਿਆਦਾ ਹੁੰਦੀ ਹੈ।ਦੇਸ਼ ਦਾ ਸਭ ਤੋਂ ਵੱਡਾ ਬੈਂਕ ਸਟੇਟ ਬੈਂਕ ਆਫ ਇੰਡੀਆ ਟਰੈਕਟਰ ਲੋਨ ਡੇਅਰੀ ਲੋਨ ਗੋਲਡ ਲੋਨ ਪੋਲਟਰੀ ਸਿੰਚਾਈ ਸਮੇਤ ਦੂਸਰੀਆਂ ਖੇਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦਸ ਫੀ ਸਦੀ ਤੋਂ ਲੈ ਕੇ 16.50 ਫੀ ਸਦੀ ਵਿਆਜ ਦਰ ਨਾਲ ਕਰਜ਼ਾ ਦਿੰਦਾ ਹੈ। ਐਸਾ ਹੀ ਨਹੀਂ ਹੈ ਕਿ ਕਿਸਾਨ ਸਿਰਫ 11.78 ਲੱਖ ਕਰੋੜ ਰੁਪਏ ਦੇ ਕਰਜ਼ੇ ਵਿੱਚ ਹੀ ਫਸਿਆ ਹੈ,ਉਸ ਨੇ ਰਿਸ਼ਤੇਦਾਰਾਂ ਸ਼ਾਹੂਕਾਰਾਂ ਮਿੱਤਰਾਂ ਤੋਂ ਵੀ ਕਰਜ਼ਾ ਲੈ ਰਖਿਆ ਹੈ। ਨਾਬਾਰਡ ਕੁੱਲ ਹਿੰਦ ਪੇਂਡੂ ਵਿਤੀ ਸਮਾਵੇਸ਼ਨ ਸਰਵੇਖਣ 2016-17(ਨਫੀਸ) ਅਨੁਸਾਰ "ਕਿਸਾਨਾਂ ਤੇ ਕਰੀਬ ਤੀਹ ਫੀਸਦੀ ਕਰਜ਼ਾ ਅਜਿਹੇ ਹੀ ਹੀ ਸਰੋਤਾਂ ਤੋਂ ਹੈ। ਜੇ ਇਸ ਪੈਮਾਨੇ ਨੂੰ ਮੰਨ ਲਿਆ ਜਾਵੇ ਤਾਂ ਦੇਸ਼ ਦੇ ਕਿਸਾਨਾਂ ਤੇ ਮਾਰਚ 2018 ਤੱਕ ਕਰੀਬ ਜਦੋਂ 14-15 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ।ਕਰੀਬ 75 ਫੀ ਸਦੀ ਕਰਜ਼ਾ ਉਸ ਨੂੰ ਵਪਾਰਕ ਬੈਂਕਾਂ ਤੋਂ ਮਿਲਦਾ ਹੈ ਜਦਕਿ 13 ਫੀਸਦੀ ਕੋਪਰੇਟਿਵ ਬੈਂਕਾਂ ਤੋਂ ਅਤੇ 12 ਫੀ ਸਦੀ ਖੇਤਰੀ ਪੇਂਡੂ ਬੈਂਕਾਂ ਤੋਂ ਮਿਲਦਾ ਹੈ।"ਅੱਜ ਇਹ ਜਾਨਣਾ ਜ਼ਰੂਰੀ ਹੈ ਕਿ ਕਿਸਾਨਾਂ ਦੇ ਕਰਜ਼ੇ ਲੈਣ ਦਾ ਪੈਟਰਨ ਕੀ ਹੈ ? ਆਰਬੀਆਈ ਦੇ ਡਾਇਰੈਕਟਰ ਰਵੀ ਸ਼ੰਕਰ ਤੇ ਰਿਸਰਚ ਅਫਸਰ ਰਜਿੰਦਰ ਰਘੂਮੰਦਾ ਅਤੇ ਸੁਖਬੀਰ ਸਿੰਘ ਨੇ ਕਰਜ਼ਾ ਮੁਆਫ਼ੀ ਤੇ ਇੱਕ ਰਿਪੋਰਟ ਤਿਆਰ ਕੀਤੀ ਹੈ। ਉਨ੍ਹਾਂ ਅਨੁਸਾਰ ਮਾਰਚ 2016 ਤੱਕ ਬੈਂਕਾਂ ਨੇ ਹੀ 8.94 ਲੱਖ ਕਰਿੜ ਰੁਪਏ ਖੇਤੀ ਕਰਜ਼ੇ ਵੰਡੇ ਹਨ, ਜਿਨ੍ਹਾਂ ਵਿੱਚੋਂ 6.04 ਲੱਖ ਕਰੋੜ ਰੁਪਏ ਫ਼ਸਲੀ ਕਰਜ਼ਾ ਹੈ। ਇਸ ਵਿੱਚ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਕਰੀਬ ਚਾਲੀ 40 ਫੀਸਦੀ ਜਾਣੀ 3.57 ਲੱਖ ਕਰੋੜ ਰੁਪਏ ਦਾ ਕਰਜ਼ਾ ਮਿਲਿਆ ਹੈ।ਇਸ ਵਿੱਚ 2.6 9 ਲੱਖ ਕਰੋੜ ਰੁਪਏ ਦਾ ਕਰਜ਼ਾ ਫਸਲੀ ਕਰਜਾ ਹੈ।ਬੈਂਕਾਂ ਵਿੱਚ ਹੀ 7.68 ਕਰੋੜ ਖੇਤੀ ਕਰਜ਼ੇ ਦੇ ਖਾਤੇ ਹਨ। ਇਸ ਵਿੱਚ ਸਭ ਤੋਂ ਜ਼ਿਅਅਦਾ ਖਾਤੇ ਇੱਕ ਲੱਖ ਰੁਪਏ ਤੱਕ ਦੇ ਕਰਜ਼ੇ ਲੈਣ ਵਾਲੇ ਕਿਸਾਨਾਂ ਦੇ ਹਨ ਜਿਨ੍ਹਾਂ ਦੀ ਗਿਣਤੀ 5.47 ਕਰੋੜ ਹੈ। ਜਦ ਕਿ ਇਕ ਲੱਖ ਤੋਂ 1.5 ਲੱਖ ਤੱਕ ਕਰਜ਼ ਲੈਣ ਵਾਲੇ ਖਾਤਿਆਂ ਦੀ ਗਿਣਤੀ 84 ਲੱਖ,ਡੇਢ ਲੱਖ ਤੋਂ ਲੈ ਕੇ ਦੋ ਲੱਖ ਤੱਕ ਦੇ ਕਰਜ਼ੇ ਲੈਣ ਵਾਲੇ ਖਾਤਿਆਂ ਦੀ ਗਿਣਤੀ 37 ਲੱਖ,ਉੱਥੇ ਦੋ ਲੱਖ ਰੁਪਏ ਤੋਂ ਜਿਆਦਾ ਕਰਜ਼ੇ ਲੈਣ ਵਾਲਿਆਂ ਦੀ ਗਿਣਤੀ 1.01ਕਰੋੜ ਹੈ।ਕੁੱਲ 7.68 ਕਰੋੜ ਖਾਤਿਆਂ ਵਿੱਚੋਂ 3.87 ਕਰੋੜ ਖਾਤੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੇ ਹਨ। ਰਿਪੋਟ ਅਨੁਸਾਰ ਜੇ ਸਰਕਾਰ ਇੱਲ ਲੱਖ ਰਿਪਏ ਤੱਕ ਦੇ ਕਰਜ਼ੇ ਮੁਆਫ ਕਰੇ।ਤਾਂ ਉਸ ਪੈਮਾਨੇ ਤੇ ਮਾਰਚ 2016 ਤੱਕ ਸਭ ਤਰ੍ਹਾਂ ਦੇ ਖੇਤੀ ਕਰਜ਼ੇ ਮੁਆਫ ਕਰਨ ਤੇ 4.50 ਲੱਖ ਕਰੋੜ ਰੁਪਏ ਦੀ ਕਰਜ਼ਾ ਮੁਆਫੀ ਹੋਵੇਗੀ।ਜਦ ਕਿ ਜੇ ਸਰਕਾਰ ਸਿਰਫ ਫਸਲ ਕਰਜ਼ੇ ਮੁਆਫ ਕਰਦੀ ਹੈ ਤਾਂ 2.19 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ ਹੋਣਗੇ।ਉੱਥੇ ਜੇ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਸਿਰਫ਼ ਫ਼ਸਲੀ ਕਰਜ਼ੇ ਮੁਆਫ ਕੀਤੇ ਜਾਣ ਤਾਂ 1.72 ਲੱਖ ਕਰੋੜ ਰੁਪਏ ਦੀ ਕਰਜਾ ਮੁਆਫੀ ਹੋਵੇਗੀ।ਪੰਜਾਬ ਨੈਸ਼ਨਲ ਬੈਂਕ ਦੇ ਇਕ ਉੱਚ ਅਧਿਕਾਰੀ ਮੁਤਾਬਕ ਖੇਤੀ ਕਰਜ਼ੇ ਵਿੱਚ ਕਰੀਬ ਸੱਠ ਫ਼ੀਸਦੀ ਕਰਜ਼ੇ ਐਸੇ ਹਨ ਜੋ ਕਿਸਾਨ ਕ੍ਰੈਡਿਟ ਕਾਰਡ ਦੇ ਜ਼ਰੀਏ ਲਏ ਜਾ ਰਹੇ ਹਨ। ਕਿਸਾਨ ਕ੍ਰੈਡਿਟ ਕਾਰਡ ਦੇ ਜ਼ਰੀਏ ਕਿਸਾਨਾਂ ਨੂੰ ਫਸਲੀ ਕਰਜ਼ਾ ਲੈਣਾ ਬੇਹੱਦ ਸੌਖਾ ਰਸਤਾ ਹੈ। ਆਰਬੀਆਈ ਦੀ ਟ੍ਰੇਡ ਐਂਡ ਪ੍ਰੋਗਰੈੱਸ ਆਫ਼ ਬੈਂਕ ਇੰਡੀਆ 2017-18 ਦੀ ਰਿਪੋਟ ਮੁਤਾਬਕ ਮਾਰਚ 2018 ਤੱਕ 6.91 ਕਰੋੜ ਐਕਟਿਵ ਕਿਸਾਨ ਕਰੇਡਿਟ ਕਾਰਡ ਹਨ।ਇਸ ਵਿੱਚ ਬੈਂਕਾਂ ਤੋਂ 2.35 ਕਰੋੜ,ਕੋਆਪ੍ਰੇ ?ਟਵ ਬੈਂਕਾਂ ਤੋਂ 3.34 ਕਰੋੜ ਅਤੇ ਖੇਤਰੀ ਗਾ ?ਮੀਣ ਬੈਂਕਾਂ ਤੋਂ 1.21 ਕਰੋੜ ਕਿਸਾਨ ਕਰੌ ?ਡਟ ਕਾਰਡ ਜਾਰੀ ਕੀਤੇ ਗਏ ਹਨ।ਇਸ ਦੇ ਜਰੀਏ ਕਰੀਬ 6.70 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। 'ਨਫੀਸ' ਦੀ ਰਿਪੋਟ ਮੁਤਾਬਕ ਜਿਸ ਤਰ੍ਹਾਂ ਨਾਲ ਕਿਸਾਨ ਹੁਣ ਔਸਤ 8996 ਰੁਪਏ ਦੀ ਮਾਸਕ ਕਮਾਈ ਕਰ ਰਿਹਾ ਹੈ।ਉਸ ਨੂੰ ਵੇਖਦਿਆਂ ਖੇਤੀ ਕਰਜ਼ੇ ਵਿੱਚ ਕਰਜ਼ਾ ਨਾ ਮੋੜਨ ਦੇ ਮਾਮਲੇ ਵੀ ਵਧੇ ਹਨ। ਐੱਸਬੀਆਈ ਦੀ ਦਸੰਬਰ 2018 ਵਿੱਚ ਕਰਜ਼ ਮੁਆਫ਼ੀ ਤੇ ਆਈ ਰਿਪੋਰਟ ਮੁਤਾਬਿਕ ਮਾਰਚ 2017 ਵਿੱਚ ਖੇਤੀ ਕਰਜ਼ੇ ਤੇ ਐੱਨਪੀਏ ਕਰੀਬ 60,200 ਕਰੋੜ ਰੁਪਏ ਰਿਹਾ ਹੈ।ਇਸ ਵਿੱਚੋਂ 27 ਹਜ਼ਾਰ 700 ਕਰੋੜ ਰੁਪਏ ਕਿਸਾਨ ਕਰੌ ?ਡਟ ਕਾਰਡ ਅਤੇ ਫਸਲੀ ਕਰਜ਼ੇ ਦਾ ਐਨਪੀਸੀ ਹੈ। ਇਸੇ ਰੁਝਾਨ ਦੇ ਆਧਾਰ ਤੇ ਇਹ ਅਜੇ ਕਰੀਬ 80 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਚੁੱਕਿਆ ਹੈ।ਜਦ ਕਿ ਕਿਸਾਨ ਕਰੈਡਿਟ ਕਾਰਡ ਅਤੇ ਫ਼ਸਲੀ ਕਰਜ਼ੇ ਦੇ ਅਧਾਰ 36800 ਕਰੋੜ ਰੁਪਏ ਐਨ ਪੀ ਏ ਹੋਵੇਗਾ।ਹੁਣ ਕਿਸਾਨ ਤੋਂ ਕਰਜ਼ ਵਸੂਲੀ ਦੇ ਅਮਲ ਨੂੰ ਵੇਖਿਆ ਜਾਵੇ ਤਾਂ ਇੱਥੇ ਕਾਰਪੋਰੇਟ ਹੀ ਕਿਸਮਤ ਵਾਲੇ ਨਜ਼ਰ ਆਉਂਦੇ ਹਨ। ਕਾਰਪੋਰੇਟ ਦੀ ਤੁਲਨਾ ਵਿੱਚ ਜੇ ਕਿਸਾਨ ਐੱਨ ਪੀ ਏ ਕਰਦਾ ਹੈ ਤਾਂ ਉਸ ਦੇ ਲਈ ਕਰਜ਼ਾ ਰਿਕਵਰੀ ਦੇ ਨਿਯਮ ਬਹੁਤ ਸਖਤ ਹਨ। ਉਤਰ ਪ ?ਦੇਸ਼ ਚ ਮਾਲ ਵਿਭਾਗ ਦੇ ਇੱਕ ਅਧਿਕਾਰੀ ਮੁਤਾਬਕ ਕਿਸਾਨ ਜੇ ਟਰੈਕਟਰ ਲੋਨ ਲੈਂਦਾ ਹੈ ਤਾਂ ਉਸ ਦੀ ਜ਼ਮੀਨ ਗਹਿਣੇ ਰੱਖੀ ਜਾਂਦੀ ਹੈ, ਇਸਦੇ ਲਈ ਘੱਟੋਘੱਟ ਪੰਜ ਏਕੜ ਜ਼ਮੀਨ ਹੋਣਾ ਜ਼ਰੂਰੀ ਹੈ। ਕਈ ਵਾਰ ਲੋੜੀਂਦੀ ਜਮੀਨ ਨਾ ਹੋਣ ਕਰਕੇ ਗਰੰਟਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਜੇ ਕਿਸਾਨ ਕਰਜ਼ੇ ਨਹੀਂ ਮੋੜਦਾ ਤਾਂ ਅਜਿਹੇ ਵਿੱਚ ਬੰਧਕ ਜ਼ਮੀਨ ਰਿਕਵਰੀ ਦਾ ਹਿੱਸਾ ਬਣਦੀ ਹੈ। ਇਸ ਤਰ੍ਹਾਂ ਕਿਸਾਨ ਕ੍ਰੈਡਿਟ ਕਾਰਡ ਤੇ ਇੱਕ ਲੱਖ ਰੁਪਏ ਤੱਕ ਦੇ ਕਰਜ਼ੇ ਤੇ ਜ਼ਮੀਨ ਗਹਿਣੇ ਨਹੀਂ ਰੱਖੀ ਜਾਂਦੀ ਪਰ ਜੇ ਕਰਜ਼ਾ ਇੱਕ ਲੱਖ ਰੁਪਏ ਤੋਂ ਵੱਧ ਹੈ ਤਾਂ ਜਮੀਨ ਗਹਿਣੇ ਰੱਖਣੀ ਪੈਂਦੀ ਹੈ। ਕਿਸੇ ਹਾਲਤ ਵਿੱਚ ਕਿਸਾਨ ਕਰਜ਼ਾ ਨਹੀਂ ਮੋੜ ਸਕਦਾ ਤਾਂ ਉਸ ਦੀ ਜ਼ਮੀਨ ਕੁਰਕ ਕਰ ਲਈ ਜਾਂਦੀ ਹੈ। ਜੇ ਜ਼ਮੀਨ 3.25 ਏਕੜ ਤੋਂ ਜਿਆਦਾ ਹੈ ਤਾਂ ਪ੍ਰਸ਼ਾਸਨ ਉਸ ਨੂੰ ਆਪਣੇ ਕਬਜੇ ਵਿੱਚ ਕਰ ਲੈਂਦਾ ਹੈ। ਜਮੀਨ ਜੇ 3.25 ਏਕੜ ਤੋਂ ਘੱਟ ਹੈ ਤਾਂ ਉਸ ਨੂੰ ਪ ?ਸਾਸ਼ਨ ਆਪਣੇ ਕਬਜੇ ਵਿੱਚ ਲੈ ਲੈਂਦਾ ਹੈ। ਉਥੇ 3.25 ਏਕੜ ਤੋਂ ਜ਼ਮੀਨ ਵੱਧ ਹੋਣ ਤੇ ਉਸ ਨੂੰ ਨਿਲਾਮ ਕਰਕੇ ਕਰਜ਼ੇ ਦੀ ਰਕਮ ਵਸੂਲੀ ਜਾਂਦੀ ਹੈ। ਐੱਸਬੀਆਈ ਦੇ ਮੁੱਖ ਅਰਥ ਸ਼ਾਸਤਰੀ ਸੋਮਿਆਂਕਾਂਤ ਘੋਸ਼ ਦੀ ਰਿਪੋਰਟ ਮੁਤਾਬਕ ਖੇਤੀ ਕਰਜ਼ੇ ਤੋਂ ਇਲਾਵਾ ਦੂਜੇ ਕਰਜ਼ੇ ਤੇ ਅਸੇਟ ਕਲਾਸੀਫਿਕੇਸ਼ਨ ਪੈਮਾਨਾ ਆਸਾਨ ਹੈ।ਅਜਿਹੇ ਵਿੱਚ ਖੇਤੀ ਕਰਜ਼ੇ ਦੇ ਵੀ ਪੈਮਾਨੇ ਆਸਾਨ ਕੀਤੇ ਜਾਣੇ ਚਾਹੀਦੇ ਹਨ। ਅਜੇ ਖੇਤੀ ਕਰਜ਼ੇ ਵਿੱਚ ਕਿਸਾਨ ਨੂੰ ਵੱਡੀ ਸਮਸਿਆ ਇਹ ਹੈ ਕਿ ਉਹ ਨਵਾਂ ਕਰਜ਼ਾ ਤਾਂ ਹੀ ਲੈ ਸਕਦਾ ਹੈ ਜਦ ਪਹਿਲਾ ਕਰਜ਼ਾ ਪੂਰੀ ਤਰ੍ਹਾਂ ਮੋੜਿਆ ਜਾ ਚੁੱਕਿਆ ਹੋਵੇ ਯਾਨੀ ਉਸ ਨੂੰ ਨਵਾਂ ਕਰਜ਼ਾ ਲੈਣ ਲਈ ਪਹਿਲੇ ਦਾ ਮੂਲਧਨ ਅਤੇ ਵਿਆਜ ਸਭ ਮੋੜਣਾ ਪੈਂਦਾ ਹੈ ਜਦ ਕਿ ਗੈਰ ਖੇਤੀ ਕਰਜ਼ੇ ਵਿੱਚ ਅਜਿਹਾ ਹੈ ਨਹੀਂ।ਉੱਥੇ ਤਾਂ ਸਿਰਫ਼ ਵਿਆਜ ਲਾਹ ਕੇ ਨਵਾਂ ਕਰਜ਼ਾ ਲਿਆ ਜਾ ਸਕਦਾ ਹੈ।ਇੱਕ ਜਨਤਕ ਖੇਤਰ ਦੇ ਬੈਂਕ ਦੇ ਉੱਚ ਅਧਿਕਾਰੀ ਮੁਤਾਬਕ ਕਰਜ਼ਾ ਮੁਆਫ਼ੀ ਦਾ ਜਿਸ ਤਰ੍ਹਾਂ ਨਾਲ ਰਾਜਾਂ ਵਿੱਚ ਰੁਝਾਣ ਵਧਿਆ ਹੈ ਉਸ ਤਰ੍ਹਾਂ ਨਾਲ ਕਰਜ਼ੇ ਨਾ ਮੋੜਨ ਦਾ ਰੁਝਾਣ ਵੀ ਵਧਿਆ ਹੈ। ਹਾਲਾਂਕਿ ਬੈਂਕਾਂ ਦੀ ਲੋਨ ਬੁੱਕ ਦੇ ਲਿਹਾਜ਼ ਨਾਲ ਇਹ ਕਦਮ ਫਾਇਦੇਮੰਦ ਹੈ ਕਿਉਂਕਿ ਸਰਕਾਰ ਕਿਸਾਨਾਂ ਦੇ ਬਦਲੇ ਖ਼ੁਦ ਬੈਂਕਾਂ ਨੂੰ ਕਰਜ਼ੇ ਚੁਕਾ ਦਿੰਦੀ ਹੈ ਇਸ ਨਾਲ ਲੋਨ ਬੁੱਕ ਕਲੀਨ ਹੋ ਜਾਂਦੀ ਹੈ। ਇਹ ਗੱਲ ਸਹੀ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਖੇਤੀ ਕਰਜ਼ੇ ਵਿੱਚ ਐਨ ਪੀ ਏ ਵਧਿਆ ਹੈ।ਆਰ ਬੀ ਆਈ ਦੀ ਰਿਪੋਟ ਮੁਤਾਬਕ ਮਾਰਚ 2012 ਵਿੱਚ ਜਿਥੇ ਐਨਪੀਏ 24800 ਕਰੋੜ ਰੁਪਏ ਸੀ ਉਥੇ ਮਾਰਚ 2017 ਵਿੱਚ 60,200 ਕਰੋੜ ਰੁਪਏ ਤੱਕ ਪਹੁੰਚ ਗਿਆ। ਪਰ ਜਦ ਪੂਰੇ ਬੈਂਕਿੰਗ ਸੈਕਟਰ ਦੀ ਗੱਲ ਕਰੀਏ ਤਾਂ ਖੇਤੀ ਕਰਜ਼ੇ ਦੇ ਐਨਪੀਏ ਦੀ ਹਿੱਸੇਦਾਰੀ ਕੇਵਲ 6 ਸਦੀ ਹੀ ਹੈ। ਯਾਨੀ ਦੂਜੇ ਖੇਤਰ ਵਿੱਚ ਲੋਕ ਕਰਜ਼ੇ ਮੋੜਨ ਚ ਵੱਧ ਆਨਾਕਾਨੀ ਕਰ ਰਹੇ ਹਨ।ਕੇਂਦਰ ਦੀ ਭਾਜਪਾ ਸਰਕਾਰ ਕੋਲ ਕਰਜ਼ੇ ਹੇਠ ਦਬੇ ਕਿਸਾਨਾਂ ਦੀ ਸਮੱਸਿਆ ਦਾ ਕੋਈ ਸਾਰਥਕ ਹੱਲ ਹੁੰਦਾ ਨਜ਼ਰ ਨਹੀਂ ਆਉਂਦਾ।ਅੱਜਕਲ ਕਿਸਾਨ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਅਜਿਹੀ ਹਾਲਤ ਵਿੱਚ ਉਹਨੂੰ ਫੌਰੀ ਰਾਹਤ ਦੇਣ ਲਈ ਕਰਜ਼ਾ ਮੁਆਫ਼ੀ ਇੱਕ ਫੌਰੀ ਹੱਲ ਹੈ। ਹਾਲਾਂਕਿ ਲੰਬੇ ਸਮੇਂ ਦੀਆਂ ਯੋਜਨਾਵਾਂ ਬਣਨੀਆ ਚਾਹੀਦੀਆਂ ਹਨ।ਇਸ ਤੋਂ ਪਹਿਲਾਂ ਵੀ ਦੋ ਵਾਰੀ ਕਰਜ਼ਾ ਮੁਆਫੀ ਹੋਈ ਸੀ। ਪਹਿਲੀ ਵਾਰੀ 1990 ਵਿੱਚ ਜਨਤਾ ਦਲ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਦਾ ਦਸ ਹਜ਼ਾਰ ਤੱਕ ਦਾ ਕਰਜ਼ਾ ਮੁਆਫ ਕੀਤਾ ਸੀ। ਕਰੀਬ 4.4 ਕਰੋੜ ਕਿਸਾਨਾਂ ਦਾ ਕੁੱਲ ਛੇ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ ਹੋਇਆ ਸੀ। ਸਕੀਮ ਦੇ ਤਹਿਤ ਜਨਤਕ ਬੈਂਕਾਂ ਦੁਆਰਾ ਦਿੱਤੇ ਲਈ ਕਰਜ਼ੇ ਮੁਆਫ ਹੋਏ ਸਨ। ਫਿਰ 2008 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਖੇਤੀ ਕਰਜ਼ਾ ਮੁਆਫੀ ਅਤੇ ਕਰਜਾ ਰਾਹਤ ਯੋਜਨਾ ਲਿਆਦੀ। ਕਰੀਬ 60 ਹਜਾਰ ਕਰੋੜ ਰੁਪਏ ਦੇ ਕਰਜਾ ਮੁਆਫੀ ਪੈਕੇਜ ਦਾ ਐਲਾਨ ਕੀਤਾ ਗਿਆ।ਫਾਇਦਾ ਇੱਕ ਅਪਰੈਲ 1997 ਤੋਂ ਲੈ ਕੇ ਇਕੱਤੀ ਮਾਰਚ 2006 ਤੱਕ ਦੇ ਵਿੱਚ ਕਰਜ਼ੇ ਲੈਣ ਵਾਲੇ ਕਿਸਾਨਾਂ ਨੂੰ ਮਿਲਿਆ। ਇਸ ਦਾ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਸੌ ਫ਼ੀਸਦੀ ਕਰਜ਼ਾ ਮਾਫ਼ੀ ਦਿੱਤੀ ਗਈ ਜਦਕਿ ਦੂਜੇ ਕਿਸਾਨਾਂ ਨੂੰ 75 ਫੀਸਦੀ ਕਰਜ਼ੇ ਦੀ ਰਾਸ਼ੀ ਚੁਕਾਉਣ ਤੇ ਪੱਚੀ ਫੀਸਦੀ ਛੋਟ ਦਿੱਤੀ ਗਈ ਸੀ। ਯੋਜਨਾ ਦੇ ਤਹਿਤ 3.73 ਕਰੋੜ ਕਿਸਾਨਾਂ ਨੂੰ ਫਾਇਦਾ ਮਿਲਿਆ ਸੀ।ਕੁੱਲ 52,259 ਕਰੋੜ ਰੁਪਏ ਦੇ ਕਰਜ਼ੇ ਮੁਆਫ ਹੋਏ ਸਨ।ਵਧੇ ਅੰਦੋਲਨ ਪਿਛੋਂ ਕਈ ਰਾਜ ਸਰਕਾਰਾਂ ਨੇ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਹੈ।ਉਤਰ ਪ ?ਦੇਸ਼ ਵਿੱਚ 36 ਹਜ਼ਾਰ ਕਰੋੜ,ਮਹਾਂਰਾਸ਼ਟਰ ਵਿੱਚ 34 ਹਜ਼ਾਰ ਕਰੋੜ,ਮੱਧਪ੍ਰਦੇਸ਼ ਵਿੱਚ 35 ਹਜ਼ਾਰ ਕਰੋੜ,ਕਰਨਾਟਕ ਵਿੱਚ 34 ਹਜ਼ਾਰ ਕਰੋੜ,ਆਧਰਾਪ ?ਦੇਸ਼ ਵਿੱਚ ਚੌਵੀ ਹਜ਼ਾਰ ਕਰੋੜ ਰੁਪਏ,ਤਿਲੰਗਾਨਾ ਵਿੱਚ 17 ਹਜ਼ਾਰ ਕਰੋੜ 'ਪੰਜਾਬ ਵਿੱਚ ਦਸ ਹਜ਼ਾਰ ਕਰੋੜ, ਤਾਮਲਨਾਡੂ ਚ ਛੇ ਹਜ਼ਾਰ ਕਰੋੜ,ਸਤਿਸ਼ਗੜ ਚ ਛੇ ਹਜ਼ਾਰ,ਰਾਜਿਸਥਾਨ ਵਿੱਚ 8 ਹਜਾਰ ਕਰੋੜ,ਅਸਮਵਿੱਚ ਛੇ ਸੌ ਕਰੋੜ ਰੁਪਏ ਦੀ ਕਰਜ਼ ਮੁਆਫੀ ਕੀਤੀ ਗਈ ਹੈ।ਇਸ ਦੇ ਬਾਵਜੂਦ ਵੀ ਕਿਸਾਨ ਪ੍ਰੇਸ਼ਾਨ ਹਨ। ਸਾਫ ਹੈ ਕਿ ਕਰਜ਼ਾ ਮੁਆਫੀ ਦੇ ਤਰੀਕਿਆਂ ਵਿੱਚ ਕਈ ਸਾਰੀਆਂ ਕਮੀਆਂ ਹਨ।ਇਸ ਦੀ ਪੜਤਾਲ ਦੇਸ਼ ਦੇ ਕਈ ਸੂਬਿਆ ਵਿੱਚ ਹੋਈ ਹੈ। ਇਹਨਾਂ ਰਾਜਾਂ ਵਿੱਚ ਕਰਜ਼ ਮੁਆਫ਼ੀ ਦਾ ਸੱਚ ਕੀ ਹੈ।ਪੰਜਾਬ ਸਰਕਾਰ ਨੇ ਚੋਣਾਂ ਮੌਕੇ ਪੂਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ ਪਰ ਅੰਸ਼ਕ ਮੁਆਫੀ ਨੇ ਲੋਕਾਂ ਵਿੱਚ ਗੁੱਸਾ ਹੀ ਭਰਿਆ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਨੇ ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣਨ ਪਿੱਛੋਂ ਕਰਜ਼ਾ ਮਾਫ਼ੀ ਦਾ ਐਲਾਨ ਵੀ ਕੀਤਾ ਗਿਆ ਪਰ ਬੀਤੇ ਸਾਲ ਛੇ ਫਰਵਰੀ ਨੂੰ ਅਸਲ ਵਿੱਚ ਲਿਆਂਦੀ ਗਈ ਕਰਜ਼ਾ ਮੁਆਫੀ ਦੇ ਦਾਇਰੇ ਵਿੱਚ ਪੰਜ ਇਕੜ ਤੱਕ ਦੀ ਜ਼ਮੀਨ ਵਾਲੇ ਉਨ੍ਹਾਂ ਕਿਸਾਨਾਂ ਨੂੰ ਰੱਖਿਆ ਗਿਆ ਜਿਨ੍ਹਾਂ ਨੇ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਲੈ ਰੱਖਿਆ ਹੈ। ਇਸ ਦੇ ਤਹਿਤ 10.25 ਲੱਖ ਕਿਸਾਨਾਂ ਦਾ ਸਹਿਕਾਰੀ ਅਤੇ ਸਰਕਾਰੀ ਬੈਂਕਾਂ ਦਾ ਕਰਜ਼ਾ ਸੱਤ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮਾਫ਼ ਹੋ ਸਕਦਾ ਹੈ। ਹੁਣ ਤੱਕ 4.14 ਲੱਖ ਕਿਸਾਨਾਂ ਦੇ 34,14 ਕਰੋੜ ਰੁਪਏ ਦੇ ਕਰਜ਼ੇ ਮੁਆਫ ਹੋਏ ਹਨ। ਵੈਸੇ ਸੂਬੇ ਦੇ ਕਰੀਬ 22 ਲੱਖ ਕਿਸਾਨਾ ਤੇ ਨਿੱਜੀ ਪੇਂਡੂ ਸਹਿਕਾਰੀ ਤੇ ਸਰਕਾਰੀ ਬੈਂਕਾਂ ਤੋਂ ਇਲਾਵਾ ਸ਼ਾਹੂਕਾਰਾਂ ਦਾ ਕਰਜ਼ਾ ਤਕਰੀਬਨ ਪਚੰਨਵੇਂ ਹਜ਼ਾਰ ਕਰੋੜ ਰੁਪਏ ਦਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਜਲਦੀ ਤਿੰਨ ਲੱਖ ਹੋਰ ਕਿਸਾਨਾਂ ਦੇ ਕਰਜ਼ੇ ਮਾਫ਼ ਕੀਤੇ ਜਾਣਗੇ ਪਰ ਇਸ ਅਧੂਰੀ ਕਰਜ਼ ਮਾਫੀ ਨਾਲ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਵਿਰੋਧੀ ਧਿਰ ਵੀ ਇਸ ਨੂੰ ਇੱਕ ਛਲਾਵਾ ਦੱਸ ਰਹੀ ਹੈ। ਤਿੰਨ ਜਰਵਰੀ ਨੂੰ ਗੁਰਦਾਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਸਰਕਾਰ ਦੀ ਕਰਜ਼ਾ ਮੁੱਖੀ ਨੂੰ ਇਕ ਧੋਖਾ ਦੱਸਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਵੀ ਕਿਸਾਨਾਂ ਦੇ ਕਰਜ਼ਾ ਮੁਆਫੀ ਨੂੰ ਡਰਾਮਾ ਕਿਹਾ ਹੈ। ਭਾਰਤੀ ਕਿਸਾਨ ਯੂਨੀਅਨ ਨੇ ਵੀ ਕਿਹਾ ਹੈ ਕਿ ਦੋ ਲੱਖ ਰੁਪਏ ਤੱਕ ਦੇ ਕਰਜ਼ ਮਾਫ਼ੀ ਸਕੀਮ ਵੀ ਸਹੀ ਤਰੀਕੇ ਨਾਲ ਲਾਗੂ ਨਹੀਂ ਹੋ ਰਹੀ। ਛੋਟੇ ਕਿਸਾਨਾਂ ਦੀ ਬਜਾਏ ਨੌਕਰੀ ਪੇਸ਼ਾ ਲੋਕ ਇਸ ਦਾ ਲਾਭ ਲੈ ਰਹੇ ਹਨ।ਇਧਰ ਬੈਂਕਾ ਨਵੇਂ ਕਰਜ਼ੇ ਵੰਡਣ ਵਿੱਚ ਕੰਜੂਸੀ ਕਰਨ ਲੱਗੇ ਹਨ। ਪੰਜਾਬ ਰਾਜ ਪੱਧਰੀ ਬੈਂਕਰਜ਼ ਸੰਮਤੀ ਦੇ ਮੁਤਾਬਕ ਸਤੰਬਰ 2017 ਤੱਕ ਖੇਤੀ ਕਰਜ਼ੇ ਦਾ ਕੁਲ 77,141 ਕਰੋੜ ਰੁਪਏ ਸੀ। ਜੋ ਸਤੰਬਰ 2018 ਵਿੱਚ ਘੱਟ ਕੇ 73,063 ਕਰੋੜ ਰੁਪਏ ਹੋ ਗਿਆ। ਕਰਜ਼ਾ ਮੁਆਫੀ ਦੇ ਬਾਅਦ ਤੋਂ ਪੰਜਾਬ ਵਿੱਚ ਬੈਂਕਾਂ ਦਾ ਖੇਤੀ ਖੇਤਰ ਵਿੱਚ ਐਨਪੀਏ 8319 ਕਰੋੜ ਰੁਪਏ ਵਧਿਆ ਹੈ। ਬੈਂਕਾਂ ਨੇ 1.72 ਲੱਖ ਕਿਸਾਨਾਂ ਨੂੰ ਡਿਫਾਲਟਰ ਐਲਾਨ ਦਿੱਤਾ ਹੈ।ਗੁਆਂਢੀ ਸੂਬੇ ਹਰਿਆਣਾ ਵਿੱਚ ਵੀ ਭਾਜਪਾ ਸਰਕਾਰ ਤੇ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੇਣ ਦਾ ਦਬਾਅ ਵਧ ਰਿਹਾ ਹੈ। ਵਿਰੋਧੀ ਧਿਰ ਨੇ ਕਰਜ਼ ਮਾਫ਼ੀ ਦੀ ਗੱਲ ਰੱਖੀ ਹੈ। ਇਨੈਲੋ ਅਤੇ ਅਤੇ ਅਜੇ ਚੋਟਾਲਾ ਦੀ ਜਨ ਨਾਇਕ ਜਨਤਾ ਪਾਰਟੀ ਨੇ ਵੀ ਇਹ ਮੰਗ ਜ਼ੋਰ ਨਾਲ ਮੰਗ ਉਠਾਈ ਹੈ। ਮਹਾਰਾਸ਼ਟਰ ਸੂਬੇ ਵਿੱਚ ਵੀ 29 ਲੱਖ ਕਿਸਾਨਾਂ ਨੂੰ ਅਜੇ ਤੱਕ ਵੀ ਕਰਜ਼ੇ ਮੁਆਫ਼ੀ ਦੀ ਕੋਈ ਰਾਹਤ ਨਹੀਂ ਮਿਲੀ ਹੈ।ਇਸ ਪ੍ਰੇਸ਼ਾਨੀ ਕਰ ਕੇ ਅੱਠ ਸਾਲ ਪਹਿਲਾਂ ਲਿਆ ਗਿਆ ਪੰਜਾਹ ਹਜ਼ਾਰ ਰੁਪਏ ਤੱਕ ਦਾ ਇੱਕ ਕਿਸਾਨ ਦਾ ਕਰਜ਼ਾ ਇੱਕ ਲੱਖ ਰੁਪਏ ਤੱਕ ਪਹੁੰਚ ਚੁੱਕਾ ਹੈ।ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਖੇਤੀ ਸੰਕਟ ਜਿਉਂ ਦਾ ਤਿਉਂ ਕਾਇਮ ਹੈ;ਕਿਸਾਨਾਂ ਸਿਰ ਚੜ੍ਹੇ ਕਰਜ਼ੇ ਕਾਰਨ ਉਹ ਖ਼ੁਦਕੁਸ਼ੀ ਕਰ ਰਹੇ ਹਨ। ਕਰਜ਼ਾ ਮਾਫੀ ਭਾਵੇਂ ਖੇਤੀ ਸੰਕਟ ਦਾ ਕੋਈ ਪੱਕਾ ਹੱਲ ਨਹੀਂ ਹੈ ਪਰ ਕਰਜ਼ੇ ਚੜ੍ਹਨ ਹੀ ਨਾ ਇਸ ਗੱਲ ਨੂੰ ਤਾਂ ਰੋਕਿਆ ਹੀ ਜਾ ਸਕਦਾ ਹੈ।ਜ਼ਮੀਨੀ ਸੁਧਾਰਾਂ ਦੀ ਕੋਈ ਪੱਕੀ ਵਿਉਂਤ ਬਣਾ ਕੇ ਲਾਗੂ ਕੀਤੀ ਜਾਣੀ ਚਾਹੀਦੀ ਹੈ।





ਡਾ. ਮਨਜੀਤ ਸਿੰਘ ਬੱਲ
9872843491

# ਦੁਨੀਆਂ ਦੇ ਪਹਿਲੇ ਹਾਰਟ ਟਰਾਂਸਪਲਾਂਟ ਉਪ੍ਰੇਸ਼ਨ ਦੌਰਾਨ ਅਹਿਮ ਭੂਮਿਕਾ ਵਾਲੇ ਡਾ. ਹਮਿਲਟਨ ਨਾਕੀ ਨਾਲ ਵੀ, ਨਸਲੀ ਵਿਤਕਰਾ

ਸੰਸਾਰ ਦੇ ਤਕਰੀਬਨ ਸਾਰੇ ਹੀ ਹਿੱਸਿਆਂ ’ਚ, ਕੁਝ ਨਸਲਾਂ ਜਾਂ ਜਾਤਾਂ ਨੂੰ ਨੀਵੇਂ ਸਮਝਿਆ ਜਾਂਦਾ ਹੈ। ਭਾਰਤ ਵਿਚ ਅਛੂਤ ਕਹੇ ਜਾਣ ਵਾਲੇ ਲੋਕ, ਸਦੀਆਂ ਤੋਂ ਸੁਵਰਣਾਂ ਦੁਵਾਰਾ ਕੀਤੇ ਜਾਂਦੇ ਵਿਤਕਰੇ ਤੇ ਵਧੀਕੀਆਂ ਦਾ ਸ਼ਿਕਾਰ ਹੁੰਦੇ ਆਏ ਹਨ । ਉਚ ਜਾਤੀ ਵਾਲੇ ਸਮਝਦੇ ਸਨ ਕਿ ਉਹ, ਅਛੂਤਾਂ ਦੀ ਛੋਹ, ਆਵਾਜ਼, ਇੱਥੋਂ ਤੱਕ ਕਿ ਉਹਨਾਂ ਦਾ ਪਰਛਾਵੇ ਨਾਲ ਹੀ ਭਿੱਟੇ ਜਾਂਦੇ ਹਨ । ਬੇਹੱਦ ਗੁਣੀ ਤੇ ਵਿਦਵਾਨ,ਡਾ.ਭੀਮ ਰਾਓ ਅੰਬੇਡਕਰ ਨੇ ਜਿੰਨੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ, ਅੱਜ ਤੱਕ ਸ਼ਾਇਦ ਹੀ ਕਿਸੇ ਭਾਰਤੀ ਨੇ ਕੀਤੀਆਂ ਹੋਣ। ਉਸਨੇ ਭਾਰਤ ਦਾ ਸੰਵਿਧਾਨ ਲਿਖਣ ਦਾ ਪਹਾੜ ਜਿੱਡਾ ਵੱਡਾ ਕੰਮ ਕੀਤਾ । ਪਰ ਅਛੂਤ ਹੋਣ ਕਰਕੇ, ਸਕੂਲ ਵਿਚ ਉਸ ਨੂੰ ਬਾਕੀ ਵਿਦਿਆਰਥੀਆਂਤੋਂ ਵੱਖ ਬਿਠਾਇਆ ਜਾਂਦਾ ਸੀ । ਆਮ ਬੱਚਿਆਂ ਲਈ ਰੱਖੇ ਘੜੇ ’ਤੋਂ ਪਾਣੀ ਪੀਣ ਕਰਕੇ ਉਹਨੂੰ ਕੁੱਟਿਆ ਵੀ ਜਾਂਦਾ ਸੀ । ਬਾਦ ਵਿਚ, ਉਚਜਾਤੀ ਦਾ ਚਪੜਾਸੀ ਵੀ, ਫਾਇਲਾਂ ਮੇਜ਼ ’ਤੇ ਰੱਖਣ ਦੀ ਬਜਾਏ, ਦੂਰੋਂ ਹੀ ਵਗਾਹ ਕੇ ਮਾਰਦਾ ਸੀ ਤਾਂ ਕਿ ਅੰਬੇਡਕਰ, ਉਹਨੂੰ ਛੋਹ ਨਾ ਜਾਵੇ;ਹਰੇਕ ਥਾਂ ’ਤੇ ਉਹਦੇ ਨਾਲ ਵਿਤਕਰਾ ਕੀਤਾ ਜਾਂਦਾ ਸੀ । ਜਾਤੀ ਅਧਾਰਤ ਵਿਤਕਰਾ ਭਾਰਤ ਵਿਚ ਅਜੇ ਵੀ ਜਾਰੀ ਹੈ ।

ਅਮਰੀਕਾ, ਦੱਖਣੀ ਅਫਰੀਕਾ, ਬਰਤਾਨੀਆਂ ਤੇ ਗੋਰੇ ਲੋਕਾਂ ਦੇ ਹੋਰ ਮੁਲਕਾਂ ਵਿਚ ਨਸਲ ਭੇਦ / ਰੰਗ ਭੇਦ ਵੀ ਉਵੇਂ ਹੀ ਸੀ ਜਿਵੇਂਸਾਡੇ ਦੇਸ਼ ਵਿਚ ਜਾਤੀ ਭੇਦ ਹੈ । ਕਾਲੇ ਲੋਕਾਂ ਨੂੰ ਬਹੁਤ ਨੀਵਾਂ ਸਮਝਿਆ ਜਾਂਦਾ ਹੈ ਭਾਵੇਂ ਉਹਨਾਂ ਵਿਚ ਬੇਹੱਦ ਕਾਬਲੀਅਤ ਹੋਵੇ । ”ਡਾ. ਹਮਿਲਟਨ ਨਾਕੀ” ਉਹ ਸ਼ਖ਼ਸ਼ੀਅਤ ਸੀ ਜਿਸ ਦੀ, ਦੁਨੀਆਂ ’ਚ ਸਭ ਤੋਂ ਪਹਿਲਾ ਹਾਰਟ ਟਰਾਂਸਪਲਾਂਟ ਕਰਨ ਵਾਲੇ ਕੰਮ ਨੂੰ ਅੰਜਾਮ ਦੇਣ ਵਿਚ ਅਤੀ ਅਹਿਮ ਭੂਮਿਕਾ ਸੀ । ਪਰ ਇਸ ਭੂਮਿਕਾ ਨੂੰ ਉਜਾਗਰ ਨਹੀਂ ਕੀਤਾ ਗਿਆ ਕਿਉਂਕਿ ਉਹ ਬਲੈਕ (ਹਬਸ਼ੀ) ਸੀ । 1967 ਵਿਚ ਕੀਤੇ ਗਏ ਇਸ ਉਪ੍ਰੇਸ਼ਨ ਦੇ ਮੁਖ ਸਰਜਨ ਡਾ. ਕ੍ਰਿਸਟਨ ਬਰਨਾਰਡ ਨੇ ਕਿਹਾ ਸੀ ਕਿ ਮੈਂ ਹੈਮਿਲਟਨ ਦੇ ਬਗੈਰ ਇਹ ਕੰਮ, ਨਹੀਂ ਸੀ ਕਰ ਸਕਦਾ । ਪਰ ਇਸ ਇਤਿਹਾਸਕ ਉਪਲਭਦੀ ਬਾਰੇ ਅੱਜ ਤੱਕ ਹੈਮਿਲਟਨ ਦਾ ਨਾਮ ਕਦੇ ਨਹੀਂ ਆਇਆ, ਇਸ ਇਤਿਹਾਸਕ ਟਰਾਂਸਪਲਾਂਟ ਦਾ ਸਿਹਰਾ, ਸਿਰਫ ਡਾ. ਕ੍ਰਿਸਟਨ ਬਰਨਾਰਡ ਦੇ ਸਿਰ ਹੀ ਬੱਝਦਾ ਰਿਹਾ ਹੈ । ਡਾ. ਹੈਮਿਲਟਨ ਦੀ ਇਸ ਦੇਣ ਨੂੰ ਪਰਦੇ ਦੇ ਓਹਲੇ ਰੱਖਣ ਦਾ ਇਕੋ ਇਕ ਕਾਰਣ ਹੈ ਕਿ ਉਹ ਇਕ ”ਬਲੈਕ” ਜਾਂ ਹਬਸ਼ੀ ਸੀ । ਜੇ ਕਿਤੇ ਇਸ ਉਪ੍ਰੇਸ਼ਨ ਦੀ ਫੋਟੋ ਵਿਚ ਹਮਿਲਟਨ ਦਿਖਾਂਈ ਦਿੱਤਾ ਤਾਂ ਇਹ ਕਿਹਾ ਗਿਆ ਕਿ ਉਹ ਇਕ ਸਫਾਈ ਸੇਵਕ ਹੈ ।

ਆਮ ਕਰਕੇ ਗਰੀਬਾਂ ਨੂੰ ਆਪਣੀ ਜਨਮ ਮਿਤੀ ਦਾ ਪਤਾ ਹੀ ਨਹੀਂ ਹੁੰਦਾ । ਹਮਿਲਟਨ ਦਾ ਜਨਮ ਇਕ ਗਰੀਬ ਪਰਿਵਾਰ ਵਿਚ, ਸ਼ਾਇਦ 1926 ’ਚ, ਦੱਖਣੀ ਅਫਰੀਕਾ ਦੇ ਪੂਰਬੀ ਕੇਪ ਸੂਬੇ ਦੇ ’ਟਰਾਂਸਕੀ’ ਪਿੰਡ ਵਿਚ ਹੋਇਆ ਸੀ । ਚੌਦਾਂ ਸਾਲ ਦੀ ਉਮਰੇ ਹੀ ਪੈਸੇਖੁਣੋ, ਉਹਨੂੰ ਪੜ੍ਹਾਈ ਛੱਡਕੇ ਕਾਰੋਬਾਰ ਦੀ ਭਾਲ ਵਿਚ, ਉਹ ਕੇਪ ਟਾਊਨ ਆਉਣਾ ਪਿਆ । ਉਥੋਂ ਦੀ ਯੂਨੀਵਰਸਿਟੀ ਨੇ, 1940 ਵਿਚ ਉਹਨੂੰ, ਗਰਾਊਡਾਂ ਤੇ ਟੈਨਿਸ ਕੋਰਟ ਦੀ ਸਾਂਭ ਸੰਭਾਲ ਵਾਸਤੇ ਮਾਲੀ ਵਜੋਂ ਰੱਖ ਲਿਆ । ਉਹਨੇ ਕੋਈ ਰਸਮੀ ਮੈਡੀਕਲ ਸਿਖਿਆ ਨਹੀਂ ਸੀਲਈ । ਕੇਪ ਟਾਊਨ ਦੀ ਯੂਨੀਵਰਸਿਟੀ ਵਿਚ ਉਹਨੇ, ਤਕਰੀਬਨ ਅਧੀ ਸਦੀ ਨੌਕਰੀ ਕੀਤੀ ।

1950 ਵਿਚ ਹਮਿਲਟਨ ਨੂੰ ਮੈਡੀਕਲ ਸਕੂਲ ਵਿਚ ਨੌਕਰੀ ਮਿਲ ਗਈ ਜਿੱਥੇ ਉਸਨੂੰ ਪ੍ਰੋਯੋਗਿਕ ਜਾਨਵਰਾਂ ਦੇ ਖੁੱਡੇ ਸਾਫ ਕਰਨ ਦਾ ਕੰਮ ਮਿਲਿਆ । ਉਥੇ ਉਸ ਦੀ ਜ਼ਹਾਨਤ, ਬਾਰੀਕੀ ਨਾਲ ਵਾਚਣ ਤੇ ਮੁਹਾਰਤ ਨਾਲ ਹਰੇਕ ਕੰਮ ਕਰਨ ਦੀ ਰੁਚੀ ਨੂੰ ਬੇਹੱਦ ਸਲਾਹਿਆ ਗਿਆ। ਇਸ ਤੋਂ ਬਾਅਦ ਉਸਨੂੰ ਹੋਰ ਗੰਭੀਰ ਜ਼ਿੰਮੇਵਾਰੀ ਵਾਲੇ ਕਾਰਜ ਸੌਂਪੇ ਗਏ । ਉਸਨੇ ਜਾਨਵਰਾਂ ਨੂੰ ਐਨਾਸਥੀਜ਼ੀਆ ਦੇਣਾ (ਬੇਹੋਸ਼ ਕਰਨਾ) ਸਿੱਖ ਲਿਆ ਤੇ ਹੌਲੀ-ਹੌਲੀ ਪ੍ਰੋਯੋਗਿਕ ਜਾਨਵਰਾਂ ਜਿਵੇਂ ਖ਼ਰਗੋਸ਼, ਸੂਰ, ਕੱਤੇ, ਇਥੋਂ ਤੱਕ ਕਿ ਜਿਰਾਫ ਵਰਗੇ ਜਾਨਵਰਾਂ ਦੇ ਓਪ੍ਰੇਸ਼ਨਕਰਨ ਲਗ ਪਿਆ ਅਤੇ ਇਹਨਾਂ ਜੀਵਾਂ ਦੇ, ਕੋਰੋਨਰੀ ਬਾਈਪਾਸ, ਹਾਰਟ ਟਰਾਂਸਪਲਾਂਟ, ਲਿਵਰ ਟਰਾਂਸਪਲਾਂਟ ਵਰਗੇ ਸਫਲ ਓਪ੍ਰੇਸ਼ਨ ਕੀਤੇ । ਜਾਨਵਰਾਂ ਦੇ ਓਪਰੇਸ਼ਨਾਂ ਤੋਂ ਮਹਾਰਤ ਹਾਸਲ ਕਰਨ ਤੋਂ ਬਾਅਦ ਉਹੀ ਵਿਧੀਆਂ, ਮਨੁੱਖਾਂ ਦੇ ਅੰਗ ਬਦਲਣ ਵਾਸਤੇ ਵਰਤੀਆਂ ਗਈਆਂ ।

ਇਸ ਯੂਨੀਵਰਸਿਟੀ ਦੇ ਮੈਡੀਕਲ ਸਕੂਲ ਵਿਚ, ਵੇਖ ਵੇਖ ਕੇ ਹੀ, ਚੁੱਪ ਚਪੀਤੇ, ਤੇ ਆਪਣੀ ਤੇਜ਼ ਬੁਧੀ ਨਾਲ ਉਸਨੇ, ਸਰਜੀਕਲ ਮੁਹਾਰਤ ਹਾਸਲ ਕੀਤੀ ਸੀ।

ਦੋ ਦਸੰਬਰ 1967 ਦੀ ਗੱਲ ਹੈ । ’ਦੈਨਿਸ ਡਾਰਵਿਲ’ ਨਾਮ ਵਾਲੀ ਦੱਖਣੀ ਅਫਰੀਕਾ ਦੀ ਗੋਰੀ ਔਰਤ, ਜਦ ਕੇਪ ਟਾਊਨ ਵਿਚ ਸੜਕ ਪਾਰ ਕਰ ਰਹੀ ਸੀ ਤਾਂ ਇਕ ਕਾਰ ਦੀ ਫੇਟ ਵੱਜਣ ਕਰਕੇ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਈ । ਉਹਨੂੰ ਗਰੂਟੇ ਸ਼ੂਅਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਸ ਨੂੰ ”ਬਟੇਨ ਡੈਡ” ਘੋਸ਼ਿਤ ਕਰ ਦਿੱਤਾ ਗਿਆ, ਅਰਥਾਤ ਉਹਦਾ ਦਿਮਾਗ ਮਰਚੁੱਕਾ ਸੀ । ਪਰਿਵਾਰ ਨੇ ਉਸਦਾ ਸਰੀਰ ਦਾਨ ਕਰਨ ਤੇ ਦਿਲ, 55 ਸਾਲਾਂ ਦੇ ਲੁਇਸ ਵਾਸ਼ਕੈਂਸਕੀ ਨੂੰ ਲਗਾਉਣ ਦੀ ਮਨਜ਼ੂਰੀ ਦੇ ਦਿੱਤੀ। ਨਸਲ-ਭੇਦ ਕਾਰਣ ਡਾ. ਹਮਿਲਟਨ, ਉਸ ਗੋਰੀ ਔਰਤ ਦਾ, ਭਾਵੇਂ ਮਰ ਹੀ ਰਹੀ ਸੀ, ਓਪ੍ਰੇਸ਼ਨ ਨਹੀਂ ਸੀ ਕਰ ਸਕਦਾ । ਪਰ ਡਾ. ਬਰਨਾਰਡ ਨੂੰ ਹਮਿਲਟਨ ’ਤੇ ਇੰਨਾ ਜ਼ਿਆਦਾ ਭਰੋਸਾ ਸੀ ਕਿ ਉਸ ਨੂੰ ਗੋਰੀ ਔਰਤ ਦਾ ਦਿਲ ਕੱਢਣ (ਆਂਰਗਨ ਹਾਰਵੈਸਟਿੰਗ) ਲਈ ਕਿਹਾ । ਕਈ ਘੰਟੇ ਚੱਲੇ, ਜੱਦੋ ਜਹਿਦ ਵਾਲੇ ਇਸ ਓਪ੍ਰੇਸ਼ਨ ਤੋਂ ਬਾਅਦ ਡਾ. ਹਮਿਲਟਨ ਤੇ ਉਹਦੀ ਟੀਮ ਨੇ ਦਿਲ ਨੂੰ ਸੁਰੱਖਿਅਤ, ਕੱਢਲਿਆ । ਲਾਭਪਾਤਰੀ (ਰਿਸੀਪੀਐਂਟ) ’ਲੁਇਸ ਵਾਸ਼ਕੈਂਸਕੀ’ ਦੇ ਸਰੀਰ ਵਿਚ ਲਗਾਉਣ ਤੋਂ ਪਹਿਲਾਂ ਇਸ ਦਿਲ ਨੂੰ ਕਈ ਵਾਰ ਸਾਫ ਕੀਤਾ ਗਿਆ ਤਾਂ ਕਿ ਡੋਨਰ ਦਾ ਖ਼ੂਨ ਨਾ ਲੱਗਾ ਰਵ੍ਹੇ । ਤਿੰਨ ਦਸੰਬਰ ਨੂੰ ਡਾ. ਬਰਨਾਰਡ ਤੇ ਹਮਿਲਟਨ ਨੇ ਉਹ ਦਿਲ, ’ਵਾਸ਼ਕੈਂਸਕੀ’ ਦੇ ਸੀਨੇਅੰਦਰ ਫਿੱਟ ਕਰ ਦਿੱਤਾ । ਨਿਮੋਨੀਏ ਨਾਲ ਮੌਤ ਹੋਣ ਤੋਂ ਪਹਿਲਾਂ ਇਹ ਵਿਅਕਤੀ 18 ਦਿਨ ਜਿਊਂਦਾ ਰਿਹਾ ਸੀ ।

ਸੋ ਮਨੁੱਖੀ ਦਿਲ ਬਦਲਣ ਦੇ ਇਸ ਪਹਿਲੇ ਇਤਿਹਾਸਕ ਓਪ੍ਰੇਸ਼ਨ ਨੇ ”ਗੋਰੇ” ਡਾਕਟਰ, ਕ੍ਰਿਸਟਨ ਬਰਨਾਰਡ ਨੂੰ ਪੂਰੇ ਸੰਸਾਰਵਿਚ, ਪ੍ਰਸਿੱਧੀ ਦੀ ਟੀਸੀ ’ਤੇ ਪੁਚਾ ਦਿੱਤਾ, ਸਾਰੇ ਓਪ੍ਰੇਸ਼ਨ ਦਾ ਸਿਹਰਾ ਸਿਰਫ ਉਹਦੇ ਸਿਰ ਹੀ ਬੱਝਦਾ ਰਿਹਾ । ਚੌਵੀ ਸਾਲਾਂ ਬਾਦ,ਸੰਨ1991 ਦੇ ਅਖੀਰ ਵਿਚ ਜਦ ਕਨੂੰਨੀ ਤੌਰ ’ਤੇ ਰੰਗ-ਭੇਦ ਦਾ ਅੰਤ ਹੋਇਆ ਤਾਂ ਡਾ. ਬਰਨਾਰਡ ਨੇ ਡਾ. ਹੈਮਿਲਟਨ ਦੀ ਭੂਮਿਕਾ ਨੂੰ ਸਲਾਹੁਣਾ ਸ਼ੁਰੂ ਕੀਤਾ । ਉਸਨੇ ਆਪਣੀ ਮੌਤ ਤੋਂ ਕੁਝ ਚਿਰ ਪਹਿਲਾਂ, ਡਾ.ਹਮਿਲਟਨ ਬਾਰੇ ਕਿਹਾ ਸੀ, ”ਦਿਲ ਬਦਲਣ (ਹਾਰਟ ਟਰਾਂਸਪਲਾਂਟ) ਦੇ ਖੇਤਰ ਵਿਚ, ਹਮਿਲਟਨ ਇਕ ਮਹਾਨ ਖੋਜਕਾਰ ਹੈ”।

ਡਾ. ਹਮਿਲਟਨ ਦੀ ਸਰਜੀਕਲ ਮੁਹਾਰਤ ਇੰਨੀ ਜ਼ਿਆਦਾ ਬਣ ਚੁਕੀ ਸੀ ਕਿ ਡਾ. ਬਰਨਾਰਡ ਨੇ, ਉਸ ਗੱਲ ਨੂੰ ਅੱਖੋਂ ਪਰੋਖੇ ਕਰਕੇ ਉਸ ਨੂੰ, ਗੋਰੇ ਦਾ ਓਪ੍ਰੇਸ਼ਨ ਕਰਨ ਲਈ ਕਿਹਾ



। ਲੈਬ. ਟੈਕਨੀਸ਼ੀਅਨ ਵਜੋਂ ਉਸਨੇ ਬਰਨਾਰਡ ਨਾਲ ਕਈ ਦਹਾਕੇ ਕੰਮ ਕੀਤਾ ਹੋਇਆ ਸੀ, ਮਰੀਜ਼ਾਂ ਦੇ ਓਪ੍ਰੇਸ਼ਨਾਂ ਦੌਰਾਨ ਕਈ ਤਰ੍ਹਾਂ ਦੀਆਂ ਬਾਰੀਕੀਆਂ, ਜੁਗਤਾਂ, ਢੰਗ ਤਰੀਕੇ ਅਤੇ ਨਵੇਂ ਜੁਗਾੜ ਲਗਾਉਣ ਦੀਆਂ ਸਲਾਹਾਂ ਦਿੰਦਾਰਹਿੰਦਾ ਸੀ ਤੇ ਸੋਧਾਂ ਕਰਦਾ ਰਹਿੰਦਾ ਸੀ । ਜਾਨਵਰਾਂ ਦੇ ਓਪ੍ਰੇਸ਼ਨਾਂ ਦੌਰਾਨ ਉਸਨੇ, ਮੈਡੀਕਲ ਵਿਦਿਆਰਥੀਆਂ ਦੀਆਂ ਕਈਆਂ ਕਲਾਸਾਂ ਨੂੰ ਸਰਜੀਕਲ ਤਕਨੀਕਾਂ ਬਾਰੇ ਪੜ੍ਹਾਇਆ ਸੀ ।

ਸੰਨ 1991 ਵਿਚ ਉਸ ਦੀ ਰਿਟਾਇਮੈਂਟ ਹੋਈ ਸੀ । ਉਸ ਦੀਆਂ ਉਪਲਭਦੀਆਂ ਤੇ ਕਾਰਜਾਂ ਨ੍ਹ ਨੂੰਧਿਆਨਡਚ ਰੱਖਦੇ ਹੋਏ, 2003 ਵਿਚ, ਯੂਨੀਵਰਸਿਟੀ ਨੇ ਉਸਨੂੰ ”ਮਾਸਟਰਜ਼ ਆਫ ਸਾਇੰਸ ਇਨ ਮੈਡੀਸਨ” ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਸੀ । 1993 ਵਿਚ ਡਾ. ਬਰਨਾਰਡ ਨੇ ਅਸੋਸੀਏਟਡ ਪ੍ਰੈਸ ਨੂੰ ਕਿਹਾ ਸੀ, ”ਡਾ. ਹਮਿਲਟਨ ਨੂੰ ਜੇਕਰ ਅਜ਼ਾਦਾਨਾ ਤੌਰ ’ਤੇ ਓਪ੍ਰੇਸ਼ਨ ਕਰਨ ਮੌਕਾ ਮਿਲਦਾ ਤਾਂ ਉਹ ਇਕ ਬਹੁਤ ਹੀ ਵਧੀਆ ਸਰਜਨ ਬਣ ਸਕਦਾ ਸੀ ।”ਲੰਡਨ ਵਿਚ ਡੇਲੀ ਟੈਲੀਗਰਾਫ ਨੂੰ ਇੰਟਰਵਿਊ ਦੌਰਾਨ ਡਾ. ਬਰਨਾਰਡ ਨੇ ਕਿਹਾ ਸੀ, ”ਹਮਿਲਟਨ ਕੋਲ ਮੇਰੇ ਨਾਲੋਂ ਵਧੇਰੇ ਤਕਨੀਕੀ ਮੁਹਾਰਤ ਹੈ, ਮੇਰੇ ਨਾਲੋਂ ਵਧੀਆ ਘਾੜਤ ਘੜਨ ਵਾਲਾ ਵਿਆਕਤੀ ਹੈ ਖ਼ਾਸ ਕਰਕੇ ਓਪ੍ਰੇਸ਼ਨ ਦੌਰਾਨ ਜਦ ਜ਼ਖਮ ਨੂੰ ਟਾਂਕੇ ਲਗਾਉਣ ਦਾ ਪੜਾਅ ਆਉਂਦਾ ਹੈ । ਉਹਦੀ ਨਸਲ /ਜਾਤੀ ਕਰਕੇ, ਦੁਨੀਆਂ ਦੇ ਪਹਿਲੇ ਹਾਰਟ ਟਰਾਂਸਪਲਾਂਟ ਵੇਲੇ, ਹਮਿਲਟਨ ਦੀ ਭੂਮਿਕਾ ਕਈ ਸਾਲ ਉਜਾਗਰ ਨਾ ਹੋ ਸਕੀ।

ਯੂਨੀਵਰਸਿਟੀ ਦੇ ਸੇਵਾ-ਕਾਲ ਦੌਰਾਨ ਡਾ. ਹਮਿਲਟਨ ਕੇਪ ਟਾਊਨ ਦੀ ਇਕ ਬਾਹਰਲੀ ਅਬਾਦੀ ਵਿਚ, ਬਿਨਾਂ ਬਿਜਲੀ ਤੇ ਪਾਨੀ ਵਾਲੇ ਘਰ ਵਿਚ ਰਹਿੰਦਾ ਰਿਹਾ; ਤੇ ਸੇਵਾ ਮੁਕਤੀ ’ਤੇ ਉਹਨੂੰ ਇਕ ਮਾਲੀ ਦੀ ਪੈਂਨਸ਼ਨ ਹੀ ਦਿੱਤੀ ਗਈ ਜੋ ਕਿ ਇਕ ਲੈਬ. ਟੈਕਨੀਸ਼ੀਅਨ ਤੋਂ ਵੀ ਘੱਟ ਸੀ ।

ਸੰਨ 2002 ਵਿਚ ਮੈਡੀਕਲ ਸਾਇੰਸ ਵਿਚ ਉਸਦੀਆਂ ਉਪਲਭਦੀਆਂ ਤੇ ਪ੍ਰਾਪਤੀਆਂ ਬਾਰੇ ਹਮਿਲਟਨ ਨੂੰ, ਦੱਖਣੀ ਅਫਰੀਕਾਦੀ ਉਚੀ ਉਪਾਧੀ, ”ਮਾਪੁੰਗੁਬਵੇ” ਨਾਲ ਸਨਮਾਨਤ ਕੀਤਾ ਗਿਆ । ”ਗਾਰਡੀਅਨ ਆਫ ਲੰਡਨ” ਨਾਲ 2003 ਵਿਚ ਇਕ ਮੁਲਾਕਾਤ ਦੌਰਾਨ ਨਸਲ-ਭੇਦ ਕਾਰਣ ਹੋਏ ਵਤੀਰੇ ਬਾਰੇ ਹਮਿਲਟਨ ਨੇ ਦੱਸਿਆ ਸੀ, ”ਜੋ ਕੁਝ ਮੈਂ ਕੀਤਾ, ਉਹ ਸਭ ਦੇ ਸਾਹਮਣੇ ਹੈ ਪਰ ਮੈਨੂੰ ਹਮੇਸ਼ਾ ਗੋਰਿਆਂ ਦੇ ਪਿੱਛੇ ਹੀ ਰੱਖਿਆ ਜਾਂਦਾ ਸੀ । ਮੈਨੂੰ ’ਬੈਕ ਰੂਮ ਬੁਆਇ’ ਕਿਹਾ ਜਾਂਦਾ ਸੀ, ਮੇਰੀ ਫੋਟੋ ਨਹੀਂ ਸੀ ਆਉਣ ਦਿੱਤੀ ਜਾਂਦੀ । ਗੋਰੇ, ਮੇਰੇ ਅੱਗੇ ਖੜੇ ਹੋ ਜਾਂਦੇ ਸਨ ।” ਜਾਂਦਾ ਹੈ ਕਿ ਉਹਦੀ ਮੌਤ, 78 ਸਾਲ ਦੀ ਉਮਰ ’ਚ ਹੋਈ ਸੀ ।

ਅਗਸਤ 27, 2005 ਦੇ ਸੰਪਾਦਕੀ ਨੋਟ ਵਿਚ ਲਿਖਿਆ ਹੈ, ”11 ਜੂਨ ਨੂੰ ਡਾ. ਨਾਕੀ ਦੇ ਸ਼ੋਕ ਸਮਾਚਾਰ ਵਿਚ ਦੱਸਿਆ ਗਿਆ ਸੀ ਕਿ ਦੁਨੀਆਂ ਦੇ ਪਹਿਲੇ ਹਾਰਟ ਟਰਾਂਸਪਾਂਟ ਵਿਚ, ਯੂਨੀਵਰਸਿਟੀ ਆਫ ਕੇਪ ਟਾਊਨ ਦੇ ਹਬਸ਼ੀ ਮੁਲਾਜ਼ਮ, ’ਹਮਿਲਟਨ ਨਾਕੀ’ ਦੀ, ਮੁੱਖ ਭੂਮਿਕਾ ਸੀ ਜੋ, ਡਾ. ਕ੍ਰਿਸਟਨ ਬਰਨਾਰਡ ਦਾ ਮੁੱਖ ਸਹਾਇਕ ਸਰਜਨ ਸੀ”।

---

## ਥੋੜ੍ਹਾ ਇਨਸੂਲਿਨ ਬਾਰੇ

**ਦੂਜੀ-ਕਿਸ਼ਤ**

ਇਨਸੂਲਿਨ ਫੈਟ ਦੀ ਜਮ੍ਹਾਂਖੋਰੀ ਨੂੰ ਉਤਸ਼ਾਹਿਤ ਕਰਨ ਵਾਲਾ (fat storing) ਇੱਕ ਉਤੇਜਕ ਰਸ ਹੈ। ਜੋ ਪੈਨਕਰੀਆਜ ਨਾਮ ਦੀ ਰਸ ਗ੍ਰੰਥੀ ’ਚੋਂ ਭਰਪੂਰ ਮਾਤਰਾ ਵਿੱਚ ਉਦੋਂ ਹੀ ਨਿੱਕਲਦਾ ਹੈ ਜਦੋਂ ਸਾਡੇ ਖ਼ੂਨ ਵਿਚਲੀ ਮਿਠਾਸ ਦਾ ਪੱਧਰ ਵਧ ਜਾਵੇ। ਸਾਡੇ ਖ਼ੂਨ ਵਿਚਲੀ ਮਿਠਾਸ ਦਾ ਪੱਧਰ ਕਾਰਬੋਹਾਈਡਰੇਟ ਯੁਕਤ ਭੋਜਨ ਖਾਣ ਉਪਰੰਤ ਵਧਦਾ ਹੈ। ਇਸ ਵਧੇ ਹੋਏ ਗੁਲੂਕੋਜ ਦੇ ਥੋੜੇ ਹਿੱਸੇ ਨੂੰ ਗਲਾਈਕੋਜਨ (ਸਿਰਫ 600 ਗ੍ਰਾਮ) ਦੇ ਰੂਪ ਵਿੱਚ ਸਾਂਭਣ (glycogenesis) ਅਤੇ ਬਾਕੀ ਮੁੱਖ ਹਿੱਸੇ ਨੂੰ ਫੈਟੀ ਐਸਿਡਾਂ ਵਿੱਚ ਤਬਦੀਲ ਕਰਨ (lipogenesis) ਦਾ ਕੰਮ ਇਨਸੂਲਿਨ ਹੀ ਕਰਦਾ ਹੈ। ਉਤੇਜਕ ਰਸਾਂ ਦੇ ਮਾਹਿਰ ਐਡਵਿਨ ਐਸਟਵੁੱਡ ਦੇ ਸ਼ਬਦਾਂ ’ਚ ‘‘**ਇਨਸੂਲਿਨ ਮੋਟਾਪੇ ਨੂੰ ਬਹੁਤ ਹੀ ਜੋਰਦਾਰ ਤਰੀਕੇ ਨਾਲ ਉਤਸ਼ਾਹਿਤ ਕਰਦਾ ਹੈ**’’। ਇਸ ਲਈ ਮੋਟਾਪੇ ਅਤੇ ਇਸ ਨਾਲ ਸੰਬੰਧਿਤ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਅਪਣੇ ਖ਼ੂਨ ਵਿੱਚ ਇਨਸੂਲਿਨ ਦਾ ਪੱਧਰ ਸੰਭਵ ਹੱਦ ਤੱਕ ਘੱਟ ਰੱਖਣਾ ਚਾਹੀਦਾ ਹੈ। ਇਸ ਨੂੰ ਘੱਟ ਰੱਖਣ ਲਈ ਮਾੜੇ ਕਾਰਬੋਹਾਈਡਰੇਟ ਛੱਡ ਕੇ ਫੈਟ ਅਤੇ ਪ੍ਰੋਟੀਨ ਜਿਆਦਾ ਛਕਣੇ ਚਾਹੀਦੇ ਹਨ।

ਭਾਵ ਸਾਨੂੰ ਕਾਰਬਹਾਰੀ (carboholic) ਘੱਟ ਪ੍ਰੰਤੂ ਪ੍ਰੋਫੈਟਹਾਰੀ ਵਧੇਰੇ ਹੋਣਾ ਚਾਹੀਦਾ ਹੈ। ਕਿਉਂਕਿ ਜਿਵੇਂ ਕਿ ਹੇਠਾਂ ਦਿੱਤੇ ਗ੍ਰਾਫ ਤੋਂ ਸਪਸ਼ਟ ਹੈ ਕਿ ਪ੍ਰੋਟੀਨ ਅਤੇ ਫੈਟ ਖਾਣ ਉਪਰੰਤ ਖ਼ੂਨ ਵਿਚਲੀ ਮਿਠਾਸ ਦਾ ਪੱਧਰ ਓਨਾ ਜਿਆਦਾ ਅਤੇ ਤੇਜੀ ਨਾਲ ਨਹੀਂ ਵਧਦਾ ਜਿੰਨਾਂ ਕਿ ਕਾਬੋਹਾਈਡਰੇਟ ਖਾਣ ਉਪਰੰਤ। ਇਸ ਲਈ ਪ੍ਰੋਟੀਨ ਅਤੇ ਫੈਟ ਯੁਕਤ ਭੋਜਨ ਖਾਣ ਤੋਂ ਬਾਅਦ ਸਾਡੇ ਖ਼ੂਨ ਵਿੱਚ ਇਨਸੂਲਿਨ ਦਾ ਪੱਧਰ ਵੀ ਇਸ ਹੱਦ ਤੱਕ ਨਹੀਂ ਵਧਦਾ ਕਿ ਗੁਲੂਕੋਜ ਦਾ ਫੈਟ ਬਣਨਾ ਸ਼ੁਰੂ ਹੋ ਜਾਵੇ।

### ਤਰਲ ਕਾਰਬੋਹਾਈਡਰੇਟਸ

ਜਿਵੇਂ ਬੀਅਰ, ਗੰਨੇ ਦਾ ਰਸ, ਅੰਬ ਅਤੇ ਕੇਲੇ ਦਾ ਸ਼ੇਕ, ਫਲਾਂ ਦਾ ਜੂਸ (ਫਲ਼ ਨਹੀਂ), ਮਿੱਠੇ ਵਾਲਾ ਕੋਈ ਵੀ ਤਰਲ ਪਦਾਰਥ ਅਤੇ ਸ਼ਰਬਤੀ ਠੰਢੇ ਤਾਂ ਬਿਲਕੁਲ ਵੀ ਨਹੀਂ ਪੀਣੇ ਚਾਹੀਦੇ। ਕਿਉਂਕਿ ਇਹ ਤੁਰੰਤ ਹੀ ਤੁਹਾਡੇ ਖ਼ੂਨ ਦਾ ਗੁਲੂਕੋਜ ਪੱਧਰ ਵਧਾ ਕੇ ਇਨਸੂਲਿਨ ਨੂੰ ਸੱਦਾ ਦਿੰਦੇ ਹਨ। ਇਨਸੂਲਿਨ ਫਿਰ ਅਚਤਨਚੇਤ ਆਈ ਗੁਲੂਕੋਜ ਦੀ ਇਸ ਬੁਛਾੜ ਦਾ ਫੈਟ ਬਣਾ ਕੇ ਸਾਡੇ ਫੈਟ ਸੈਲਾਂ ਵਿੱਚ ਜਮਾਂ ਕਰ ਦਿੰਦੀ ਹੈ। ਹਾਰਵਰਡ ਮੈਡੀਕਲ ਸਕੂਲ ਦੇ ਸਾਬਕਾ ਪ੍ਰੋਫੈਸਰ ਜਾਰਜ ਕਾਹਿੱਲ ਦੇ ਸ਼ਬਦਾਂ ਵਿੱਚ, ‘‘**ਕਾਰਬੋਹਾਈਡਰੇਟਸ ਇਨਸੂਲਿਨ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇਨਸੂਲਿਨ ਫੈਟ ਨੂੰ**’’।

### ਸ਼ੂਗਰ ਬਾਰੇ ਗਲਤ ਧਾਰਨਾ

ਸ਼ੂਗਰ ਬਾਰੇ ਇੱਕ ਹੋਰ ਬੁਨਿਆਦੀ ਸਕੰਲਪ ਨੂੰ ਸਮਝਣਾ ਬੇਹੱਦ




ਜਰੂਰੀ ਹੈ। ਆਮ ਲੋਕਾਂ ਵਿੱਚ ਸ਼ੂਗਰ ਬਾਰੇ ਇਹੋ ਧਾਰਨਾ ਹੈ ਕਿ ਮਿੱਠੀ ਚੀਜ ਹੀ ਸ਼ੂਗਰ ਯੁਕਤ ਹੁੰਦੀ ਹੈ। ਜਦੋਂ ਕਿ ਵਿਗਿਆਨਿਕ ਤੌਰ ’ਤੇ ਸ਼ੂਗਰ ਦੀ ਪ੍ਰੀਭਾਸ਼ਾ ਇਹ ਨਹੀਂ। ਵਿਗਿਆਨ ਅਨੁਸਾਰ ਸਾਰੇ ਕਾਰਬੋਹਾਈਡਰੇਟ ਹੀ ਸ਼ੂਗਰ ਹਨ ਕਿਉਂਕਿ ਇਹ ਬਣਦੇ ਹੀ ਗੁਲੂਕੋਜ ਤੋਂ ਹਨ। ਇਹਨਾਂ ਨੇ ਮਨੁੱਖ ਦੀ ਪਾਚਣ ਪ੍ਰਣਾਲੀ ਵਿੱਚ ਪਹੁੰਚ ਕੇ ਜੀਵ-ਰਸਾਇਣਿਕ ਕ੍ਰਿਆਵਾਂ ਰਾਂਹੀ ਹਰ ਹਾਲ ਗੁਲੂਕੋਜ ਭਾਵ ਸ਼ੂਗਰ ਵਿੱਚ ਹੀ ਵਿਖੰਡਤ ਹੋਣਾ ਹੁੰਦਾ ਹੈ। ਹਰ ਤਰ੍ਹਾਂ ਦੇ ਕਾਰਬੋਹਾਈਡਰੇਟ ਦੀ ਅੰਤਲੀ ਹੋਣੀ ਅਪਣੇ ਆਪ ਨੂੰ ਗੁਲੂਕੋਜ ਵਿੱਚ ਤਬਦੀਲ ਕਰਨਾ ਹੀ ਹੁੰਦੀ ਹੈ। ਕਿਉਂਕਿ ਮਨੁੱਖੀ ਸਰੀਰ ਕਾਰਬੋਹਾਈਡਰੇਟ ਨੂੰ ਸਿਰਫ ਤੇ ਸਿਰਫ ਗੁਲੂਕੋਜ ਦੇ ਰੂਪ ਵਿੱਚ ਹੀ ਜਜਬ ਕਰ ਸਕਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਹਰ ਉਹ ਭੋਜਨ ਪਦਾਰਥ ਜਿਸ ਵਿੱਚ ਕਾਰਬੋਹਾਈਡਰੇਟ ਹਨ ਸਿਧਾਂਤਕ ਤੌਰ ’ਤੇ ਸ਼ੂਗਰ ਯੁਕਤ ਹੈ ਤੇ ਇਸੇ ਲਈ ਉਹ ਹਜ਼ਮ ਹੋਣ ਤੋਂ ਬਾਅਦ ਮਨੁੱਖ ਦੀ ਬਲੱਡ ਸ਼ੂਗਰ ਵਧਾਉਣ ਲਈ ਪਾਬੰਦ ਹੈ। ਹਾਂ, ਏਨਾ ਜਰੂਰ ਹੈ ਕਿ ਸਿੱਧਾ ਮਿੱਠਾ, ਮਠਿਆਈਆਂ, ਮਿੱਠੇ ਫਲ਼, ਬੀਅਰ, ਆਈਸ ਕਰੀਮ, ਚਾਕਲੇਟ, ਸ਼ਰਬਤੀ ਠੰਡੇ, ਅਨਾਜੀ ਅੰਨ ਅਤੇ ਇਨ੍ਹਾਂ ਤੋਂ ਬਣੇ ਸਾਰੇ ਪਕਵਾਨ ਸਾਡੀ ਬਲੱਡ ਸ਼ੂਗਰ ਦਾ ਪੱਧਰ ਛੇਤੀ ਉੱਚਾ ਚੁੱਕਦੇ ਹਨ ਜਦੋਂ ਕਿ ਦਾਲ਼ਾਂ, ਸਬਜੀਆਂ, ਸ਼ਕਰਕੰਦੀਆਂ ਅਤੇ ਖਟ ਮਿੱਠੇ ਫਲ਼ਾਂ ਤੋਂ ਮਿਲਣ ਵਾਲੇ ਕਾਰਬੋਹਾਈਡਰੇਟ ਬਲੱਡ ਸ਼ੂਗਰ ਦਾ ਪੱਧਰ ਇੰਨੀ ਛੇਤੀ ਉੱਚਾ ਨਹੀਂ ਚੁੱਕਦੇ। ਕਿਉਂਕਿ ਇਹ ਹੌਲ਼ੀ ਹੌਲ਼ੀ ਹਜ਼ਮ ਹੁੰਦੇ ਹਨ।

ਸ਼ੂਗਰ ਦੇ ਕਈਂ ਮਰੀਜ ਅਪਣੀ ਬਲੱਡ ਸ਼ੂਗਰ ਠੀਕ ਕਰਨ ਲਈ ਕੱਚੇ ਕਰੇਲਿਆਂ (ਕੌੜੇ ਹੋਣ ਕਰਕੇ) ਦਾ ਸੇਵਨ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਇਹ ਮਰੀਜ ਸ਼ੂਗਰ ਬਾਰੇ ਅਪਣੀ ਗਲਤ ਧਾਰਨਾ ਕਾਰਨ ਹੀ ਖ਼ੂਨ ਵਿਚਲੀ ਮਿਠਾਸ ਨੂੰ ਕਰੇਲਿਆਂ ਦੀ ਕੁੜੱਤਣ ਨਾਲ ਸਾਵਾਂ ਕਰਨ ਦੀ ਬਚਕਾਨਾ ਕੋਸ਼ਿਸ਼ ਕਰਦੇ ਹਨ। ਜਦੋਂ ਕਿ ਸ਼ੂਗਰ ਦਾ ਸਬੰਧ ਮਹਿਜ ਮਿਠਾਸ ਨਾਲ ਨਹੀਂ ਸਗੋਂ ਗੁਲੂਕੋਜ ਭਾਵ ਕਾਰਬੋਹਾਈਡਰੇਟ ਨਾਲ ਹੈ। ਇਹ ਕਾਰਬੋਹਾਈਡਰੇਟ ਉਪਰੋਕਤ ਖਾਧ ਪਦਾਰਥਾਂ ਤੋਂ ਇਲਾਵਾ ਆਮ ਹੀ ਖਾਧੇ ਜਾਂਦੇ ਨਮਕੀਨ ਪਕਵਾਨਾਂ ਜਿਵੇਂ, ਡੋਸਾ, ਪਾਪੜੀ, ਦਹੀਂ ਭੱਲੇ, ਟਿੱਕੀਆਂ, ਭੁਜੀਆ, ਪਕੌੜੇ, ਸਮੋਸੇ, ਪੀਜਾ, ਬਰਗਰ, ਨੂਡਲਜ, ਮੱਠੀਆਂ, ਪਾਸਤਾ, ਪੂੜੀਆਂ, ਆਲੂ ਚਿਪਸ ਅਤੇ ਬਰੈਡ ਪਕੌੜਾ ਆਦਿ ਵਿੱਚ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਇਸ ਲਈ ਕਿਸੇ ਖਾਹਮ ਖਿਆਲੀ ਦਾ ਸ਼ਿਕਾਰ ਹੋ ਕੇ ਅਪਣੀ ਸ਼ੂਗਰ ਠੀਕ ਕਰਨ ਲਈ ਇਨ੍ਹਾਂ ਦਾ ਸੇਵਨ ਬਿਲਕੁੱਲ ਵੀ ਨਹੀਂ ਕਰਨਾ ਚਾਹੀਦਾ। ਉਂਝ ਵੀ ਰਿਫਾਈਂਡ ਤੇਲਾਂ ਵਿੱਚ ਤਲ਼ੇ ਹੋਣ ਅਤੇ ਮਾੜੀ ਕਿਸਮ ਦੇ ਕਾਰਬੋਹਾਈਡਰੇਟਸ ਤੋਂ ਬਣੇ ਹੋਣ ਕਾਰਨ ਇਹ ਸਿਹਤ ਲਈ ਚੰਗੇ ਨਹੀਂ ਹੁੰਦੇ।

(ਚਲਦਾ)

**ਡਾ. ਦਰਸ਼ਨ ਖੇੜੀ**
**ਮੋਬਾਈਲ** : 98159-08088
**ਵੱਟਸਐਪ** : 96465-31323
drdarshankheri@gmail.com

# ਬਜ਼ੁਰਗ–ਹੁਣ ਜਾਣ ਕਿਹੜੇ ਸੁਰਗ ?



ਹਰੀਪਾਲ
403-714-4816



ਗੱਲਾਂ ਤਾਂ ਅਸੀਂ ਬੜੀਆਂ ਵੱਡੀਆਂ ਵੱਡੀਆਂ ਕਰਦੇ ਹਾਂ, ਮਾਂ ਤੇਰੇ ਕਦਮਾਂ ਵਿੱਚ ਜੰਨਤ ਹੁੰਦੀ ਹੈ, ਮਾਂ ਤੇਰੇ ਚਰਨਾਂ ਵਿੱਚ ਸੁਰਗ ਹੁੰਦਾ ਹੈ। ਕਦੇ ਕਦੇ ਕੁਲਦੀਪ ਮਾਣਕ ਦੇ ਗੀਤ 'ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਓ' ਤੇ ਅਸੀਂ ਬੜੇ ਭਾਵਿਕ ਹੋ ਜਾਂਦੇ ਹਾਂ, ਪਰ ਪ੍ਰੈਕਟੀਕਲੀ ਅਸੀਂ ਬਿੱਲਕੁਲ ਉਹ ਨਹੀਂ ਹਾਂ ਜੋ ਕਹਿੰਦੇ ਹਾਂ। ਅਸੀਂ ਮੰਨੀਏ ਚਾਹੇ ਨਾਂ ਮੰਨੀਏ, ਸੋਚਦੇ, ਕਰਦੇ ਸਭ ਅਸੀਂ ਆਰਥਿਕਤਾ ਦੇ ਹਿਸਾਬ ਨਾਲ਼ ਹੀ ਹਾਂ। ਜਾਂ ਮੰਨੀਏ ਅਸੀਂ ਪੂੰਜੀਵਾਦੀ ਸਿਸਟਮ ਵਿੱਚ ਬੁਰੀ ਤਰਾਂ ਗਰੱਸੇ ਹੋਏ ਹਾਂ। ਦੁਨੀਆਂ ਦਾ ਜਿਹੜਾ ਮਰਜ਼ੀ ਏਅਰਪੋਰਟ ਦੇਖ ਲਉ, ਇੱਕ ਚੀਜ਼ ਤੁਹਾਨੂੰ ਆਮ ਦੇਖਣ ਲਈ ਮਿਲ ਸਕਦੀ ਹੈ, ਪੰਜਾਬੀ ਬਜ਼ੁਰਗ ਸਫਾਈ ਕਰਨ ਵਾਲ਼ੀ ਰੇੜੀ ਖਿੱਚੀ ਫਿਰਦਾ ਹੈ। ਜਾਣੀ ਕਿ ਸਾਰੀ ਦੁਨੀਆਂ ਦੇ ਹਵਾਈ ਅੱਡਿਆਂ ਨੂੰ ਸਾਫ ਕਰਨ ਦਾ ਠੇਕਾ ਸਾਡੇ ਹੀ ਬਜ਼ੁਰਗਾਂ ਨੇ ਲੈ ਰੱਖਿਆ ਹੈ। ਕੈਨੇਡਾ ਦੇ ਜੇਕਰ ਐਬਟਸਫੋਰਡ ਦੇ ਇਲਾਕੇ ਵਿੱਚ ਦੇਖੋਂ ਤਾਂ ਸਾਰੇ ਨਹੀਂ ਬਹੁਤੇ ਫਾਰਮਾਂ ਵਿੱਚ ਪੰਜਾਬੀ ਬਜ਼ੁਰਗ ਦਿਹਾੜੀ ਕਰਦੇ ਦੇਖੇ ਜਾ ਸਕਦੇ ਹਨ। ਕਦੇ ਦੇਖਿਆ ਹੈ ਕਿ ਫਾਰਮਾਂ ਦੇ ਮਾਲਕ ਇਹਨਾਂ ਬਜ਼ੁਰਗਾਂ ਨਾਲ਼ ਕਿਸ ਤਰ੍ਹਾਂ ਦਾ ਸਲੂਕ ਕਰਦੇ ਹਨ। ਉਹ ਇਹਨਾਂ ਨਾਲ਼ ਬਿੱਲਕੁਲ ਉਹੀ ਸਲੂਕ ਕਰਦੇ ਹਨ ਜੋ ਪਿੰਡਾਂ ਵਿੱਚ ਦਲਿਤ ਲੋਕਾਂ ਨਾਲ਼ ਕੀਤਾ ਜਾਂਦਾ ਹੈ। ਇਹਨਾਂ ਨਾਲ਼ ਬਦਤਮੀਜੀ ਕਰਨੀ ਇਹਨਾਂ ਦੇ ਪੈਸੇ ਤੱਕ ਮਾਰਨੇ ਆਮ ਵਰਤਾਰਾ ਹੈ। ਠੇਕੇਦਾਰ ਸਵੇਰੇ ਚਾਰ ਪੰਜ ਵਜੇ ਇਹਨਾਂ ਨੂੰ ਆਪਦੀਆਂ ਟਰੱਕੀਆਂ ਵਿੱਚ ਤੂੜੀ ਵਾਂਗੂ ਤੂੜ ਕੇ ਲੈ ਜਾਂਦੇ ਹਨ ਤੇ ਰਾਤ ਦੇ ਦਸ ਵਜੇ ਘਰੇ ਵਾੜਦੇ ਹਨ। ਇਹ ਸਾਰਾ ਵਰਤਾਰਾ ਇਹਨਾਂ ਸਤਰਾਂ ਦੇ ਲੇਖਕ ਨੇ ਦੇਖਿਆ ਹੀ ਨਹੀਂ ਹੰਢਾਇਆ ਵੀ ਹੈ। ਇਹਨਾਂ ਹੀ ਬਜ਼ੁਰਗਾਂ ਦੇ ਨੌਜੁਆਨ ਪੁੱਤਰ ਪੂਰੇ ਸਟੈਂਡਰਡ ਨਾਲ਼ ਰਹਿੰਦੇ ਦੇਖੇ ਜਾ ਸਕਦੇ ਹਨ। ਮੈਂ ਤੁਹਾਡੇ ਨਾਲ਼ ਇੱਕ ਛੋਟੀ ਜਿਹੀ ਘਟਨਾਂ ਸਾਂਝੀ ਕਰਦਾਂ, ਮੈਂ ਇੱਕ ਵਾਰ ਇੱਕ ਰੈਸਟੋਰੈਂਟ ਦੇ ਬਾਹਰ ਖੜਾ ਸੀ ਥੋੜੇ ਚਿਰ ਬਾਅਦ ਇੱਕ ਮੁੰਡਾ ਹਮਰੂ ਪੂਰਾ ਮਹਿੰਗਾ ਪਿੱਕ–ਅਪਜ਼ ਤੇ ਆਪਦੀ ਮਾਂ ਨੂੰ ਛੱਡਣ ਆਇਆ ਜਿਹੜੀ ਕਿ ਉਸ ਰੈਸਟੋਰੈਂਟ ਵਿੱਚ ਭਾਂਡੇ ਧੋਂਦੀ ਸੀ। ਕੀ ਸਾਨੂੰ ਕਚਿਆਣ ਜਿਹੀ ਨਹੀਂ ਆਂਉਦੀ ਕਿ ਮਾਂ ਹੋਟਲ਼ ਵਿੱਚ ਭਾਂਡੇ ਧੋਵੇ ਤੇ ਪੁੱਤਰ ਹਮਰ ਦੀ ਸਵਾਰੀ ਕਰੇ ? ਜੇਕਰ ਕਹੀਏ ਚੰਗਾ ਨਹੀਂ ਲੱਗਦਾ ਤਾਂ ਸਾਡੇ ਕਈ ਭੱਦਰ ਪੁਰਸ਼ ਕਹਿ ਦਿੰਦੇ ਹਨ, ਮਿਹਨਤ ਕਰਨੀ ਕੋਈ ਮਾੜੀ ਗੱਲ ਨਹੀਂ, ਬਿਲਕੁਲ ਠੀਕ ਹੈ ਮਾੜੀ ਗੱਲ ਨਹੀਂ ਹੈ, ਪਰ ਇਹ ਜੇਹੜਾ ਰੇੜੀ ਖਿੱਚੀ ਫਿਰਦਾ ਹੈ, ਤੁਸੀਂ ਕਿਵੇਂ ਭੁੱਲ ਗਏ ਕਿ ਕਿਵੇਂ ਇਸਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਤੁਹਾਨੂੰ ਪੜ੍ਹਾਇਆ ਹੈ, ਬਾਹਰ ਭੇਜਿਆ ਹੈ। ਤੁਸੀਂ ਪਤਾ ਕੀ ਕੀਤਾ 'ਬਾਪੂ ਘਰ ਦੀ ਕਿਸ਼ਤ ਬਹੁਤ ਜਿਆਦਾ ਹੈ, ਜੇ ਆਪਾਂ ਜ਼ਮੀਨ ਵੇਚ ਕੇ ਘਰ ਫਰੀ ਕਰਾ ਲਈਏ ਤਾਂ ਮੌਜ ਕਰਾਂਗੇ'। ਉਸ ਵਿਚਾਰੇ ਨੇ ਪਤਾ ਕੀ ਕੀਤਾ ਉਹ ਤੁਹਾਡੀਆਂ ਗੱਲਾਂ ਵਿੱਚ ਆ ਗਿਆ, ਤੁਸੀਂ ਉਸਨੂੰ ਪਹਿਲਾਂ ਵਰਗੇ ਹੀ ਭੋਲ਼ੇ ਭਾਲ਼ੇ ਜਿਹੇ ਲੱਗੇ, ਉਸ ਨੂੰ ਪਤਾ ਹੀ ਨਹੀਂ ਸੀ ਕਿ ਤੁਸੀਂ ਹੁਣ ਉਹ ਭੋਲੂ ਕਾਕੇ ਨਹੀਂ ਹੋ ਸਗੋਂ ਹੁਣ ਤੁਸੀਂ ਪੂੰਜੀਵਾਦੀ ਸਿਸਟਮ ਦੇ ਬਹੁਤ ਪਾਠ ਪੜ੍ਹ ਚੁੱਕੇ ਹੋ। ਉਹ ਵਿਚਾਰਾ ਵਾਪਸ ਹਿੰਦੁਸਤਾਨ ਗਿਆ, ਜਿਹੜੀ ਜ਼ਮੀਨ ਦੇ ਉਹ ਔਰੇ ਔਰੇ ਦੀ ਖਾਤਿਰ, ਉਹ ਮਰ ਵੀ ਸਕਦਾ ਸੀ ਜੇ ਸ਼ਰੀਕ ਵੱਟ ਹਿਲਾ ਦਿੰਦੇ ਸੀ, ਉਸ ਨੇ ਇੱਕ ਮਿੰਟ ਵੀ ਨਹੀਂ ਲਾਇਆ ਵੇਚ ਵੱਟ ਕੇ ਪੈਸੇ ਤੁਹਾਡੇ ਹਵਾਲੇ ਕਰ ਦਿੱਤੇ। ਉਸ ਵਿਚਾਰੇ ਨੇ ਇਹ ਵੀ ਨਹੀਂ ਸੋਚਿਆ ਕਿ ਘਰ ਵਿੱਚ ਮੈਂ ਆਪਦਾ ਨਾਂ ਹੀ ਪਵਾ ਲਵਾਂ, ਉਸ ਨੂੰ ਤੁਹਾਡੇ 'ਤੇ ਬੇਹੱਦ ਯਕੀਨ ਸੀ। ਤੁਸੀਂ ਕੁੱਝ ਚਿਰ ਉਸ ਘਰ ਰਹੇ ਜਦ ਤੁਹਾਡੇ ਗੁਆਂਢੀਆਂ ਨੇ ਵੱਡਾ ਘਰ ਲੈ ਲਿਆ ਫਿਰ ਤੁਹਨੂੰ ਵੀ ਅੱਚਵੀ ਜਿਹੀ ਲੱਗ ਗਈ, ਤੁਸੀਂ ਵੀ ਮੀਆਂ ਬੀਵੀ, ਮਾਂ ਬਾਪ ਤੋਂ ਚੋਰੀ ਚੋਰੀ ਮੀਟਿੰਗਾਂ ਕਰਨ ਲੱਗ ਪਏ। ਤੁਸੀਂ ਵੀ ਹੁਣ ਆਪਦਾ ਸਟੈਂਡਰਡ ਉਚਾ ਕਰਨ ਦੀ ਸੋਚਣ ਲੱਗ ਪਏ। ਘਰ ਦੀ ਵੱਡੀ ਕਿਸ਼ਤ ਦਾ ਭਾਰ ਸੋਚਿਆ ਬਾਪੂ ਵੀ ਚੱਕ ਸਕਦਾ ਹੈ। ਕਿਸੇ ਕਲੀਨ–ਅੱਪ ਦੇ ਠੇਕੇਦਾਰ ਨਾਲ਼ ਗੱਲ ਕਰਕੇ ਬਾਪੂ ਦੇ ਹੱਥ ਝਾੜੂ ਫੜਾ ਦਿੱਤਾ। ਵੱਡਾ ਘਰ, ਮਹਿੰਗਾ ਫਰਨੀਚਰ, ਮਹਿੰਗੀਆਂ ਕਾਰਾਂ, ਤੁਸੀਂ ਫਾਹਾ ਲੈ ਲਿਆ ਤੇ ਬਲੀ ਦਾ ਬੱਕਰਾ ਨਾਲ਼ ਬਾਪੂ ਨੂੰ ਵੀ ਬਣਾ ਲਿਆ। ਵੱਡਾ ਘਰ, ਵੱਡੀਆਂ ਕਿਸ਼ਤਾਂ, ਜੁਆਕਾਂ ਦੀ ਪੜ੍ਹਾਈ, ਤੁਸੀਂ ਪੈ ਗਏ ਚੁਰਾਸੀ ਦੇ ਚੱਕਰ ਵਿੱਚ, ਇਹੀ ਪੂੰਜੀਵਾਦੀ ਸਿਸਟਮ ਚਾਹੁੰਦਾ ਹੈ ਕਿ ਕਿਰਤੀ ਲੋਕ ਕੰਮਾਂ ਅਤੇ ਕਿਸ਼ਤਾਂ ਦੇ ਚੱਕਰ ਵਿੱਚ ਭੱਜੇ ਫਿਰਨ ਤੇ ਸਿਸਟਮ ਜਿਹੜੀ ਉਹਨਾਂ ਦੀ ਲੁੱਟ ਕਰ ਰਿਹਾ ਹੈ ਉਸ ਬਾਰੇ ਨਾਂ ਸੋਚਣ ਤੇ ਘਰ ਵਿੱਚ ਬੈਠੀ ਬੇਬੇ ਦੀ ਆਪਾਂ ਅਜੇ ਗੱਲ ਨਹੀਂ ਕੀਤੀ। ਬੇਬੇ ਜਿਹੜੀ ਕਪਾਹਾਂ ਚੁੱਗਦੀ ਰਹੀ, ਥੱਬਾ ਥੱਬਾ ਰੋਟੀਆਂ ਦਾ ਪਕਾਉਂਦੀ ਰਹੀ, ਡੰਗਰ ਸਾਂਭਣੇ, ਧਾਰਾਂ ਚੋਣੀਆਂ, ਗੱਲ ਕੀ ਬੇਬੇ ਦੀ ਸ਼ਿਫਟ ਸਵੇਰੇ ਪਾਠੀ ਲੱਗਣ ਨਾਲ਼ ਸ਼ੁਰੂ ਹੋ ਕੇ ਅੱਧੀ ਰਾਤ ਨੂੰ ਮੁਕਦੀ ਸੀ। ਜਦੋਂ ਤੁਸੀਂ ਕਾਲਜ ਪੜਦੇ ਸੀ, ਤੁਸੀਂ ਕਿੰਨੀ ਵਾਰੀ ਬਾਪੂ ਤੋਂ ਚੋਰੀ ਬੇਬੇ ਤੋਂ ਪੈਸੇ ਲੈ ਜਾਂਦੇ ਨੂੰ ਫਿਲਮਾਂ ਦਾ ਝੱਸ ਪੂਰਾ ਕਰਨ ਲਈ, ਉਹਨਾਂ ਪੈਸਿਆਂ ਦੀ ਖਾਤਿਰ ਬੇਬੇ ਨੇ ਬਾਪੂ ਸਾਹਮਣੇ ਨੇ ਕਿੰਨੀ ਵਾਰੀ ਝੂਠ ਬੋਲਿਆ ਹੋਵੇਗਾ ਤੇ ਕਿੰਨੀ ਵਾਰੀ ਬਾਪੂ ਤੋ ਝਿੜਕਾਂ ਖਾਧੀਆਂ ਹੋਣਗੀਆਂ, ਤੁਸੀਂ ਬਿਲਕੁੱਲ ਭੁੱਲ ਗਏ ਹੋ । ਬੇਬੇ ਬਾਪੂ ਨੂੰ ਤੁਸੀਂ ਕੋਈ ਕਨੇਡਾ ਸੈਰ ਕਰਨ ਲਈ ਨਹੀਂ ਮੰਗਾਇਆ ਬਲਕਿ ਤੁਸੀਂ ਹਿਸਾਬ ਲਾਇਆ ਜੇਕਰ ਬੱਚੇ ਕਿਸੇ ਹੋਰ ਕੋਲ਼ ਸੰਭਾਵਾਂਗੇ ਤਾਂ ਬੇਬੀ ਸਿੱਟਰ ਬਹੁਤ ਮਹਿੰਗੀ ਪੈਂਦੀ ਹੈ। ਬੇਬੇ ਬਾਪੂ ਨੂੰ ਜਹਾਜ਼ ਵਿੱਚ ਝੂਟੇ ਲੈਣ ਦਾ ਅਤੇ ਆਪਦੇ ਪੁੱਤ ਪੋਤਰਿਆਂ ਕੋਲ਼ ਔਣ ਦਾ ਚਾਅ ਚੜ ਗਿਆ। ਉਹਨਾਂ ਨੂੰ ਪਤਾ ਹੀ ਨਹੀਂ ਸੀ ਕਿ ਇੱਥੇ ਤਾਂ ਇਕਨੌਮਿਕਸ ਹੋਰ ਹੀ ਚੱਲ ਰਹੀ ਹੈ। ਹੁਣ ਇੱਥੇ ਆ ਕੇ ਬੇਬੇ ਸਾਰਾ ਦਿਨ ਘਰ ਦਾ ਕੰਮ ਕਰਦੀ ਹੈ ਬੱਚਿਆਂ ਨੂੰ ਸਾਂਭਦੀ ਹੈ, ਕਿਉਂਕਿ ਤੁਸੀਂ ਦੋਵੇਂ ਜੀਅ ਕੰਮਾਂ ਤੇ ਚਲੇ ਜਾਂਦੇ ਹੋ। ਘਰ ਦੀ ਸਫਾਈ ਕਰਦੀ ਹੈ ਤੇ ਆਪਦੀ ਨੂੰਹ ਕੋਲ਼ ਨੰਬਰ ਬਣਾਉਣ ਲਈ ਇੱਕ ਅੱਧੀ ਦਾਲ਼ ਸਬਜ਼ੀ ਵੀ ਬਣਾ ਕੇ ਰੱਖਦੀ ਹੈ। ਵੀਕ–ਐਂਡ ਤੇ ਤੁਸੀਂ ਕਿਸੇ ਦੇ ਘਰੇ ਜਾਣਾਂ ਹੁੰਦਾ ਹੈ ਜਾਂ ਤੁਹਾਡੇ ਕਿਸੇ ਨੇ ਆਉਣਾ ਹੁੰਦਾ ਹੈ, ਜੇਕਰ ਤਾਂ ਤੁਸੀਂ ਕਿਸੇ ਦੇ ਜਾਣਾ ਹੁੰਦਾ ਫੇਰ ਤਾਂ ਤੁਸੀਂ ਬੇਬੇ ਬਾਪੂ ਨੂੰ ਘਰੇ ਹੀ ਛੱਡ ਜਾਂਦੇ ਹੋ, ਪਰ ਜੇਕਰ ਤੁਹਾਡੇ ਘਰੇ ਕਿਸੇ ਨੇ ਆਉਣਾ ਹੁੰਦਾ ਹੈ, ਫੇਰ ਤੁਸੀਂ ਬੇਬੇ ਨੂੰ ਕੁੱਕ ਕਰਨ ਦੀ ਲਿਸਟ ਫੜਾ ਜਾਂਦੇ ਹੋ। ਬੇਬੇ ਸਾਰਾ ਦਿਨ ਬੜੀ ਖੁਸ਼ੀ ਨਾਲ਼ ਕੰਮ ਕਰਦੀ ਹੈ ਤਾਂ ਕਿ ਤੁਹਾਡੇ ਦੋਸਤਾਂ ਦੀ ਦੇਖ਼ਭਾਲ਼ ਵਿੱਚ ਕੋਈ ਕਮੀਂ ਨਾਂ ਰਹਿ ਜਾਵੇ ।

ਜਦ ਬੇਬੇ ਬਾਪੂ ਪੈਂਹਠਾਂ ਨੂੰ ਪਾਰ ਕਰ ਗਏ, ਫਿਰ ਉਹਨਾਂ ਦੀ ਪੈਨਸ਼ਨ ਸ਼ੁਰੂ ਹੋ ਗਈ, ਬੇਬੇ ਬਾਪੂ ਪੈਨਸ਼ਨ ਦੀ ਚੈਕ ਵੀ ਤੁਹਾਨੂੰ ਹੀ ਫੜਾਉਣ ਲੱਗ ਪਏ ਹੁਣ ਤਕਲੀਫ ਉਦੋਂ ਸ਼ੁਰੂ ਹੋਈ ਜਦੋਂ ਬੇਬੇ ਬਾਪੂ ਨੇ ਕਦੇ ਕਦੇ ਥੋੜ੍ਹੇ ਬਹੁਤੇ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ ਫੇਰ ਤੁਹਾਡੀ ਨਾਂਹ ਨੁੱਕਰ ਵੀ ਸ਼ੁਰੂ ਹੋ ਗਈ। ਬੱਚੇ ਪਲ਼ ਗਏ, ਵੱਡੇ ਹੋ ਗਏ, ਬੇਬੇ ਬਾਪੂ ਦੀ ਲੋੜ ਨਹੀਂ ਰਹੀ ਤੇ ਤੁਹਾਨੂੰ ਤੁਹਾਡੀ ਪਰਾਈਵੇਸੀ ਵੀ ਯਾਦ ਆ ਗਈ। ਹੁਣ ਤੁਹਾਡੇ ਦਿਮਾਗ ਵਿੱਚ ਇਹ ਖ਼ਿਆਲ ਵੀ ਆਉਣ ਲੱਗ ਗਿਆ ਕਿ ਕਿਵੇਂ ਨਾਂ ਕਿਵੇਂ ਬਜ਼ੁਰਗਾਂ ਤੋਂ ਖਹਿੜਾ ਛੁਡਵਾਈਏ। ਹੌਲੀ ਸਮੇਂ ਨਾਲ਼ ਇੱਕ ਬਜ਼ੁਰਗ ਫ਼ਰਜ਼ ਕਰੋ ਰੱਬ ਨੂੰ ਪਿਆਰਾ ਹੋ ਗਿਆ, ਫਰਜ਼ ਕਰੋ ਬਾਪੂ ਤੁਰ ਗਿਆ ਬੇਬੇ ਇਕੱਲੀ ਰਹਿ ਗਈ। ਬੇਬੇ ਚੀਜ਼ਾਂ ਵਸਤਾਂ ਗੱਲਾਂ ਬਾਤਾਂ ਭੁੱਲਣ ਲੱਗ ਗਈ, ਚਲੋ ਜੀ ਤੁਸੀਂ ਕੀ ਕੀਤਾ ਬੇਬੇ ਨੂੰ ਗੋਰਿਆਂ ਦੇ ਸੀਨੀਅਰ ਹੋਮ ਵਿੱਚ ਛੱਡ ਆਏ। ਸੀਨੀਅਰ ਹੋਮ ਵਿੱਚ ਨਾਂ ਬੇਬੇ ਨੂੰ ਗੋਰਿਆਂ ਦੀ ਬੋਲੀ ਸਮਝ ਆਉਂਦੀ ਹੈ, ਨਾ ਹੀ ਗੋਰਿਆਂ ਵਾਲ਼ਾ ਖਾਣਾ ਚੰਗਾ ਲਗਦਾ ਹੈ, ਤੁਹਾਡੀ ਦਿੱਤੀ ਕੈਦ ਵਿੱਚ ਬੇਬੇ ਫਸ ਕੇ ਰਹਿ ਗਈ। ਜੇ ਤੁਹਾਨੂੰ ਕਿਸੇ ਯਾਰ ਦੋਸਤ ਨੇ ਕਹਿ ਦਿੱਤਾ ਤਾਂ ਤੁਹਾਡਾ ਜਵਾਬ ਸੀ ਬੇਬੇ ਨੂੰ ਭੁੱਲਣ ਦੀ ਬਿਮਾਰੀ ਹੈ ਯਾਰ ਘਰ ਨੂੰ ਅੱਗ ਨਾਂ ਲਾ ਲਵੇ ਇਸ ਕਰਕੇ ਇੱਥੇ ਛੱਡ ਗਏ ਹਾਂ। ਤੁਸੀਂ ਆਪਦੀਆਂ ਭੁੱਲਣ ਵਾਲ਼ੀਆਂ ਬਿਮਾਰੀਆਂ ਭੁੱਲ ਹੀ ਗਏ। ਯਾਦ ਰੱਖੋ ਇਹ ਉਹੀ ਮਾਂ ਹੈ ਜਦ ਤੁਸੀਂ ਬਿਸਤਰਾ ਗਿੱਲਾ ਕਰ ਦਿੰਦੇ ਸੀ ਤਾਂ ਇਹ ਆਪ ਗਿੱਲੇ ਥਾਂ ਹੋ ਜਾਂਦੀ ਸੀ ਅਤੇ ਤੁਹਾਨੂੰ ਸੁੱਕੇ ਥਾਂ ਪਾ ਕੇ ਰੱਖਦੀ ਸੀ। ਬਹੁਤ ਵਾਰ ਇੰਡੀਆ ਵਿੱਚ ਬੈਠੇ ਬਿਮਾਰ ਮਾਂ ਬਾਪ ਤੁਹਾਨੂੰ ਆਖਰੀ ਵਾਰ ਮਿਲਣ ਨੂੰ ਤਰਸਦੇ ਇਸ ਦੁਨੀਆਂ ਤੋਂ ਕਿਨਾਰਾ ਕਰ ਪਰ ਤੁਸੀਂ ਜਕੋ ਤਕੀ ਕਰਦੇ ਲਰਦੇ ਬਹੁਤ ਲੇਟ ਹੋ ਗਏ। ਕਈ ਵਾਰ ਗਰੈਂਡ ਕਿੱਡਜ ਲੇਟ ਘਰ ਆਏ ਤੇ ਦਾਦਾ ਦਾਦੀ ਨੇ ਥੋੜਾ ਜਿਹਾ ਇਤਰਾਜ ਕਰ ਦਿੱਤਾ ਤਾਂ ਬੱਸ ਤੁਸੀਂ ਫੱਟ ਕਹਿ ਦਿੱਤਾ 'ਡੈਡ ਮਾਈਂਡ ਯੂਅਰ ਓਨ ਬਿਜਨੈਸ'। ਦਾਦਾ ਦਾਦੀ ਇਸਤੋਂ ਬਾਅਦ ਘਰ ਵਿੱਚ ਆਪਦੇ ਆਪ ਨੂੰ ਅਨਵਾਂਟਡ ਮਹਿਸੂਸ ਕਰਨ ਲੱਗ ਪਏ। ਬਹੁਤ ਵਾਰੀ ਉਹ ਪਛਤਾਉਂਦੇ ਹਨ ਕਿ ਉਹ ਕਿਉਂ ਆਪਦਾ ਘਰ ਬਾਰ ਵੇਚ ਆਏ ਹਨ। ਚਲੋ ਹੁਣ ਵਾਪਸ ਸੀਨੀਅਰ ਹੋਮ ਵਿੱਚ ਬੈਠੇ ਬੇਬੇ ਬਾਪੂ ਦੀ ਗੱਲ ਕਰਦੇ ਹਾਂ, ਤੁਸੀਂ ਹੈਰਾਨ ਨਾਂ ਹੋਣਾ ਇਹ ਸੁਣ ਕੇ ਕਿ ਬਿਰਧ–ਆਸ਼ਰਮਾਂ ਵਿੱਚ ਬੈਠੇ ਬਜ਼ੁਰਗਾਂ ਨੂੰ ਕੋਈ ਮਿਲਣ ਨਹੀਂ ਆਉਂਦਾ, ਉਹਨਾਂ ਦੀ ਹਾਲਤ ਤਾਂ ਬਿਲਕੁੱਲ ਉਸ ਡੰਗਰ ਪਸ਼ੂ ਵਰਗੀ ਹੁੰਦੀ ਹੈ ਜੋ ਜਿਉਂਦੇ ਜੀਅ ਹੱਡਾ ਰੋੜੀ ਵਿੱਚ ਬੈਠਾ ਮੌਤ ਦਾ ਇੰਤਜ਼ਾਰ ਕਰ ਰਿਹਾ ਹੋਵੇ। ਇੰਡੀਆ ਵਰਗੇ ਗਰੀਬ ਮੁਲਕਾਂ ਵਿੱਚ ਤਾਂ ਬਜ਼ੁਰਗਾਂ ਦੀ ਜੋ ਹਾਲਤ ਹੈ ਉਸਦਾ ਅੰਦਾਜ਼ਾ ਤਾਂ ਹੋ ਸਕਦਾ ਹੈ ਪਰ ਕੈਨੇਡਾ ਵਰਗੇ ਮੁਲਕਾਂ ਵਿੱਚ ਬਜ਼ੁਰਗ ਨਰਕ ਹੰਢਾ ਰਹੇ ਹਨ ਇਸ ਗੱਲ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਿਲ ਹੈ। ਅਸੀਂ ਹਜ਼ਾਰਾਂ ਮੀਲ ਦੂਰ ਵੈਨਕੂਵਰ ਜਾਂ ਟੋਰਾਂਟੋ ਵਗੈਰਾ ਵਿੱਚ ਨਗਰ ਕੀਰਤਨ ਦੇਖਣ ਜਾ ਸਕਦੇ ਹਾਂ ਪਰ ਚਾਰ ਮੀਲ ਦੂਰ ਫਾਰੈਸਟ ਲਾਅਨ ਵਿੱਚ ਸੀਨੀਅਰ ਕੇਅਰ ਹੋਮ ਵਿੱਚ ਬੈਠੇ ਆਪਦੇ ਬਜ਼ੁਰਗਾਂ ਨੂੰ ਮਿਲਣ ਲਈ ਸਾਡੇ ਪਾਸ ਟਾਈਮ ਨਹੀਂ। ਬਹੁਤ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਬਜ਼ੁਰਗ ਦੇ ਸਾਹ ਪੂਰੇ ਵੀ ਨਹੀਂ ਹੋਏ ਹੁੰਦੇ ਕਿ ਬਜ਼ੁਰਗ ਦੀ ਵਸੀਅਤ ਦੀ ਫਰੋਲਾ ਫਰਾਲੀ ਸ਼ੁਰੂ ਹੋ ਜਾਂਦੀ ਹੈ। ਹੁਣ ਤਾਂ ਬਹੁਤ ਬਜ਼ੁਰਗ ਆਪਦੇ ਸਸਕਾਰ ਤੇ ਹੋਣ ਵਾਲ਼ੇ ਖਰਚ ਦਾ ਬੀਮਾ ਵੀ ਕਰਵਾਉਣ ਲੱਗ ਪਏ ਹਨ ਕਿਉਂਕਿ ਉਹਨਾਂ ਨੂੰ ਡਰ ਹੈ ਕਿ ਉਹਨਾਂ ਦੇ ਸਸਕਾਰ ਦੇ ਖਰਚੇ ਤੋਂ ਕਿਤੇ ਧੀਆਂ ਪੁੱਤਰ ਆਪਦੇ ਹੱਥ ਹੀ ਪਰਾਂ ਨਾਂ ਖਿੱਚ ਲੈਣ, ਮਤੇ ਉਹਨਾਂ ਦੀ ਡੈਢ ਬੌਡੀ ਫਰੀਜਰਾਂ ਵਿੱਚ ਰੁਲ਼ਦੀ ਰਹੇ। ਇੱਕ ਘਟਨਾਂ ਮੇਰੇ ਯਾਦ ਹੈ, ਇੱਕ ਬਜ਼ੁਰਗ ਨੂੰ ਲੱਗਿਆ ਕਿ ਉਸਦਾ ਅੰਤ ਸਮਾਂ ਨੇੜੇ ਆ ਗਿਆ ਹੈ, ਉਸਨੇ ਦਸ ਹਜ਼ਾਰ ਡਾਲਰ ਆਪਦੇ ਪੋਤੇ ਨੂੰ ਆਪਦੇ ਹੋਣ ਵਾਲੇ ਸਸਕਾਰ ਦੇ ਖਰਚੇ ਲਈ ਦੇ ਦਿੱਤਾ। ਜਦ ਉਸ ਬਜ਼ੁਰਗ ਦੀ ਡੈਥ ਹੋ ਗਈ ਤਾਂ ਪੋਤੇ ਨੇ ਆਪਦੇ ਚਾਚੇ ਨੂੰ ਕਿਹਾ ਕੇ ਸਸਕਾਰ ਦਾ ਖਰਚ ਕਰਨ ਲਈ ਮੇਰੇ ਕੋਲ਼ ਪੈਸੇ ਨਹੀਂ ਹਨ ਕਿਉਂਕਿ ਦਾਦੇ ਦੇ ਪੈਸਿਆਂ ਦੀ ਮੈਂ ਕਾਰ ਲੈ ਲਈ ਹੈ। ਇਹ ਸਾਡੀ ਹਾਲਤ ਹੋਈ ਪਈ ਹੈ, ਸਾਡੀ ਹਾਲਤ ਇਸ ਤਰ੍ਹਾਂ ਕਿਉਂ ਹੋਈ ਇਹ ਇੱਕ ਸੋਚਣ ਵਾਲ਼ਾ ਸਵਾਲ ਹੈ। ਬਜ਼ੁਰਗ ਤਾਂ ਸਭ ਨੇ ਹੋਣਾ ਹੈ, ਜਿਹਨਾਂ ਦੀ ਖਾਤਰ ਤੁਸੀਂ ਭੱਜੇ ਫਿਰਦੇ ਹੋ ਉਹ ਵੀ ਸਭ ਕੁੱਝ ਦੇਖ ਰਹੇ ਹਨ, ਫਿਰ ਪਛਤਾਵਾ ਨਾ ਕਰਨਾ। ਇਹ ਠੀਕ ਹੈ ਪੂੰਜੀਵਾਦੀ ਸਮਾਜ ਵਿੱਚ ਪੈਸਾ ਸਮਾਜ ਦਾ ਚਾਲਕ ਹੈ ਪਰ ਪੈਸਾ ਹੀ ਸਭ ਕੁੱਝ ਨਹੀਂ ਹੈ। ਦੁਨੀਆਂ ਪੈਸੇ ਦੀ ਖਾਤਰ ਭੱਜੀ ਫਿਰਦੀ ਹੈ, ਕਿਸੇ ਅਣਦਿਸਦੀ ਗੈਬੀ ਸ਼ਕਤੀ ਦੀ ਖਾਤਰ ਭੱਜੀ ਫਿਰਦੀ ਹੈ, ਪਰ ਘਰ ਵਿੱਚ ਬੈਠਾ ਰੱਬ ਕਿਸੇ ਨੂੰ ਨਹੀਂ ਦਿਸਦਾ। ਅਣਦਿਸਦੇ ਰੱਬ ਨੂੰ ਕੁੱਝ ਦਿੰਦੇ ਹੀ ਹੋ ਪਰ ਫਿਰ ਵੀ ਕਹਿ ਦਿੰਦੇ ਹੋ ਤੇਰਾ ਦਿੱਤਾ ਖਾਂਦੇ ਹਾਂ ਅਤੇ ਇਹ ਜਿਹੜਾ ਰੱਬ ਘਰ ਵਿੱਚ ਬੈਠਾ ਹੈ ਜਿਸਨੇ ਤੁਹਾਥੋਂ ਲਿਆ ਕੁੱਝ ਨਹੀਂ ਬੱਸ ਦਿੱਤਾ ਹੀ ਹੈ ਉਸਦੀ ਕੋਈ ਕਦਰ ਨਹੀਂ। ਮੰਨੋ ਜਾਂ ਨਾ ਮੰਨੋ ਸਾਡਾ ਸਾਰਾ ਜੋਰ ਉਸ ਅਣਦਿਸਦੀ ਗੈਬੀ ਸ਼ਕਤੀ ਦੀ ਪੂਜਾ ਕਰਨ ਵਿੱਚ ਲੱਗਿਆ ਪਿਆ ਹੈ, ਜਿਸ ਨੂੰ ਵਿਗਿਆਨ ਨੇ ਬਿੱਲਕੁਲ ਨਕਾਰ ਦਿੱਤਾ ਹੈ। ਉਸ ਨੂੰ ਖੁਸ਼ ਕਰਨ ਲਈ ਵੱਡੇ ਵੱਡੇ ਧਾਰਮਿਕ ਕੇਂਦਰ ਉਸਾਰ ਜਾ ਰਹੇ ਹਨ, ਚਲਾਕ ਸਿਆਸਤ ਦਾਨ ਉਹਨਾਂ ਧਾਰਮਿਕ ਕੇਂਦਰਾਂ ਦੀ ਉਸਾਰੀ ਲਈ ਟੈਕਸ–ਪੇਅਰ ਦੇ ਪੈਸੇ ਦੀਆਂ ਗਰਾਂਟਾਂ ਬਖ਼ਸ਼ ਰਹੇ ਹਨ। ਅਸੀਂ ਬੜੇ ਖੁਸ਼ ਹਾਂ ਕਿ ਪਾਰਲੀਮੈਂਟ ਵਿੱਚ ਵਿਸਾਖੀ ਮਨਾਈ ਜਾ ਰਹੀ ਹੈ, ਈਦ ਮਨਾਈ ਜਾ ਰਹੀ ਹੈ, ਜਨਮ–ਅਸ਼ਟਮੀ ਮਨਾਈ ਜਾ ਰਹੀ ਹੈ। ਕਦੇ ਦੇਖਿਆ ਸਰਕਾਰ ਨੇ ਬਜ਼ੁਰਗਾਂ ਦੀ ਪੈਂਨਸ਼ਨ ਨੂੰ ਕਿੰਨੀ ਰੇਂਜ ਦਿੱਤੀ ਹੈ, ਸਾਡੇ ਪਿਆਰੇ ਟਰੂਡੋ ਨੇ ਬੁਡਾਪਾ ਪੈਨਸ਼ਨ ਨੂੰ ਜ਼ੀਰੋ ਪੁਆਇੰਟ ਜ਼ੀਰੋ ਇੱਕ ਪਰਸੈਂਟ ਰੇਂਜ ਦਿੱਤੀ ਹੈ, ਯਾਨੀਕਿ ਬੁਢਾਪਾ ਪੈਨਸ਼ਨ ਹੁਣ 600 ਡਾਲਰ ਦੀ ਜਗਾਹ 601 ਡਾਲਰ ਹੋ ਗਈ ਹੈ, ਇਸ ਤੋਂ ਵੱਡਾ ਮਖੌਲ ਹੋਰ ਕੀ ਹੋ ਸਕਦਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਇਹਨਾਂ ਕਾਰਪੋਰੇਟ ਸਰਕਾਰਾਂ ਦੀਆਂ ਚਾਲਾਂ ਸਮਝੀਏ, ਅਸੀਂ ਇਸ ਇਹਨਾਂ ਸਿਆਸਤਦਾਨਾਂ ਤੇ ਜ਼ੋਰ ਪਾਈਏ, ਕਿ ਇਸਤਰਾਂ ਦਾ ਸਮਾਜ ਸਿਰਜਿਆ ਜਾਵੇ ਜਿੱਥੇ ਜਿੰਦਗੀ ਦੇ ਇਹ ਗੋਲਡਨ ਯੀਅਰਜ ਮਾਣੇ ਜਾ ਸਕਣ। ਸਾਡੇ ਬਟੂਏ ਵਿੱਚ ਸਿਰਫ ਸਾਡੇ ਬੀਵੀ ਬੱਚਿਆਂ ਦੀ ਫੋਟੋ ਹੀ ਨਾਂ ਹੋਵੇ ਸਗੋਂ ਸਾਡੇ ਮਾਂ ਬਾਪ ਦੀ ਵੀ ਹੋਵੇ ਜੋ ਕੇ ਅਸਲ ਵਿੱਚ ਸਾਡਾ ਰੱਬ ਹਨ।










HOMELIFE SILVERCITY
REALTY INC.,BROKERAGE
#7 CANADA WIDE
BROKERAGE WITH HOMELIFE BRAND
2017 GROSS COMMISSION WISE
New Head Office
905-913-8500
TEAM OF OVER 450 REALTORS
HOMELIFE SILVERCITY
REALTY INC.,BROKERAGE (INDEPENDENTLY OWNED & OPERATED)
NOW HIRING NEW / EXPERIENCED REAL ESTATE PROFESSIONALS
JOIN ONE OF FASTEST GROWING BROKERAGE
CALL HEAD OFFICE TODAY
905.913.8500
www.HomelifeSilvercityTeam.com
BALJIT GARCHA
BROKER OF RECORD
647.500.6500
AJIT GARCHA
647.204.9500
Address
11775 Bramalea Rd. Brampton
Team over 450
SILVERCITY

## ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਸਮਰਪਿਤ



# ਨਾਟਕ ਮੇਲਾ

26 ਮਈ, 2019 ਨੂੰ 2:00 ਵਜੇ
1:30 ਵਜੇ ਡੋਰ ਖੁੱਲ੍ਹਣਗੇ।
ਨੌਰਥ ਡੈਲਟਾ ਹਾਇਰ ਸੰਕੈਡਰੀ ਸਕੂਲ

*ਨਾਟਕ ਗੋਲਡਨ ਟਰੀ ( ਲੇਖਕ ਕੁਲਵਿੰਦਰ ਖੈਰਾ ਅਤੇ ਡਾਇਰੈਕਟਰ ਜਸਕਰਨ ਤੇ ਪਰਮਿੰਦਰ ਸਵੈਚ) ਤੇ ਗੀਤ ਸੰਗੀਤ ਤੇ ਕੋਰਿਓਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ ।*

**ਪੇਸ਼ ਕਰਤਾ : ਪ੍ਰੋਗਰੈਸਿਵ ਆਰਟਸ ਕਲੱਬ ਸਰੀ**


## Commercial Land for sale in Calgary




Car wash For Sale In great Location in Calgary (under Construction)
14000 Sq FT Plaza for sale ,building is under construction, Cap rate will be 6.5 % with A class tenants.
8000 Sq Ft Plaza for sale , building is under construction ,cap rate will be 6.5 % with A class tenants. 3800 Sq Ft Plaza for sale , building is under construction, cap rate will be 6.5% with A class tenants. 1.8 Acres Land for a Conference Hall for sale in Great location in Calgary with approved plans , development permits and services in, asking $2.5 Million.
Condo Bays for sale in NE Calgary starting from $500 sq ft . (Sold)
Pizza Restaurants and Subway franchises for sale in Calgary.
New sites For gas stations available. (Sold)

Century 21 Bravo Realty 3009 23 Street NE, Calgary
# 1 Commercial Canada - For Century 21 2014
Cell :403-831-5000 Office:403 539-9980 Fax:403-476-5368
Email :sidhugurprit@hotmail.com

## Hans
Demolition & Excavating




* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

## SHAAN CONSTRUCTION LTD.



• General Contracting
• Quality Custom Homes
• Quality Framing
• 2-5-10 Year Warranty

2-5-10 New Home Warranty
25+ years of experience
Call for a Free Estimate
MALKIT SWAICH
778.889.9526

## CARE Inc.
Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪੈਰਾਂਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜ਼ਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233

## FIVE STAR INSURANCE

Save up to 51%
• Auto • Home • Business
Get the best rates with us!
FIVE STAR
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555